ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

8-14 ਨਵੰਬਰ 2023

ਸਾਲ 14ਵਾਂ - ਅੰਕ 46

email : info@sadelok.com

Ph. : 510-706-1300

Fax : 925-373-1300



(ਵਿਸ਼ੇਸ਼ ਅੰਕ ਅੰਦਰ ਪੜ੍ਹੋ)

ਆਪ ਅਤੇ ਆਪ ਜੀ ਦੇ ਪਰਿਵਾਰ ਨੂੰ ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ

## ਲੱਖ ਲੱਖ ਵਧਾਈਆਂ

ਇਹ ਰੌਸ਼ਨੀ ਭਰਿਆ ਤਿਉਹਾਰ ਤੁਹਾਡੀ ਜ਼ਿੰਦਗੀ ਵਿਚ ਖੁਸ਼ੀਆਂ ਨਾਲ ਭਰੀ ਰੌਸ਼ਨੀ ਲਿਆਵੇ

# ਯੂਬਾ ਸਿਟੀ, ਕੈਲੀਫੋਰਨੀਆ 'ਚ ਵਿਸ਼ਾਲ ਨਗਰ ਕੀਰਤਨ ਦੌਰਾਨ ਵੱਖ-ਵੱਖ ਧਾਰਮਿਕ ਦੀਵਾਨ ਸਜਾਏ

## ਨਗਰ ਕੀਰਤਨ 'ਚ ਇੱਕ ਲੱਖ ਤੋਂ ਵੱਧ ਲੋਕਾਂ ਨੇ ਕੀਤੀ ਸ਼ਮੂਲੀਅਤ



(ਦੇਖੋ ਸਫ਼ਾ 22-27 'ਤੇ)

## ਗੁਰਦੁਆਰਿਆਂ ਨੂੰ ਕੈਂਸਰ ਕਹਿਣ ਵਾਲੇ ਭਾਜਪਾ ਆਗੂ ਖ਼ਿਲਾਫ਼ ਕਾਰਵਾਈ: ਸੰਦੀਪ ਦਾਇਮਾ ਨੂੰ ਪਾਰਟੀ 'ਚੋਂ ਕੱਢਿਆ



ਨਵੀਂ ਦਿੱਲੀ : ਗੁਰਦੁਆਰੇ ਤੇ ਮਜਸਿਦ ਸਬੰਧੀ ਇਤਰਾਜ਼ਯੋਗ ਬਿਆਨ ਦੇਣ ਵਾਲੇ ਰਾਜਸਥਾਨਦ ਦੇ ਭਾਜਪਾ ਨੇਤਾ ਖਿਲਾਫ਼ ਹਾਈ ਕਮਾਂਡ ਨੇ ਵੱਡੀ ਕਾਰਵਾਈ ਕੀਤੀ ਹੈ। ਪਾਰਟੀ ਹਾਈ ਕਮਾਂਡ ਨੇ ਰੋਸ ਨੂੰ ਵੇਖਦੇ ਹੋਏ ਭਾਜਪਾ ਆਗੂ ਸੰਦੀਪ ਦਾਇਮਾ ਨੂੰ ਪਾਰਟੀ ਵਿਚੋਂ ਬਰਖ਼ਾਸਤ ਕਰ ਦਿੱਤਾ ਹੈ। ਕਾਬਿਲੇਗੌਰ ਹੈ ਕਿ ਪੰਜਾਬ ਭਾਜਪਾ ਨੇ ਮੋਰਚਾ ਖੋਲ੍ਹ ਦਿੱਤਾ ਹੈ। ਪੰਜਾਬ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਤੇ ਓਬੀਸੀ ਮੋਰਚਾ ਦੇ ਪ੍ਰਧਾਨ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਨੇ ਐਤਵਾਰ ਨੂੰ ਗੁਰਦੁਆਰਿਆਂ ਸਾਹਿਬ ਇਤਰਾਜ਼ਯੋਗ ਬਿਆਨ ਦੇਣ ਵਾਲੇ ਭਾਜਪਾ ਆਗੂ ਸੰਦੀਪ ਦਾਇਮਾ ਖਿਲਾਫ ਥਾਣਾ 39 ਪੁਲਿਸ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਆਪਣੀ ਹੀ ਪਾਰਟੀ ਖਿਲਾਫ਼ ਦਿੱਤੀ ਸ਼ਿਕਾਇਤ 'ਚ ਇਨ੍ਹਾਂ ਆਗੂਆਂ ਨੇ ਇਲਜ਼ਾਮ ਲਗਾਇਆ ਹੈ ਕਿ ਕਿ ਰਾਜਸਥਾਨ ਦੇ ਭਾਜਪਾ ਆਗੂ ਸੰਦੀਪ ਦਾਇਮਾ ਨੇ ਗੁਰਦੁਆਰਿਆਂ ਤੇ ਮਸਜਿਦਾਂ ਖਿਲਾਫ਼ ਗਲਤ ਟਿੱਪਣੀ ਕੀਤੀ ਹੈ ਜਿਸ ਨਾਲ ਸਿੱਖਾਂ ਤੇ ਮੁਸਲਮਾਨ ਭਾਈਚਾਰੇ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਉਨ੍ਹਾਂ ਸੰਦੀਪ ਦਾਇਮਾ ਖਿਲਾਫ਼ ਸਖ਼ਤ ਕਨੂੰਨੀ ਕਾਰਵਾਈ ਦੀ ਮੰਗ ਕੀਤੀ। ਕਾਬਿਲੇਗੌਰ ਹੈ ਕਿ ਬੀਤੇ ਦਿਨ ਸਾਬਕਾ ਮੁੱਖ ਮੰਤਰੀ ਕੈਪਟਨ

(ਦੇਖੋ ਸਫ਼ਾ 47 'ਤੇ)

## ਜੇਕਰ ਗੁਰਦੁਆਰਾ ਸਾਹਿਬਾਨ ਨਾ ਹੁੰਦੇ ਤਾਂ ਭਾਰਤ ਲਗਭਗ ਮੁਸਲਮਾਨ ਹੋਣਾ ਸੀ: ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ


## ਹਰਜਿੰਦਰ ਸਿੰਘ ਧਾਮੀ ਤੀਜੀ ਵਾਰ ਬਣੇ ਐਸਜੀਪੀਸੀ ਪ੍ਰਧਾਨ

ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਹੋਈ ਸਾਲਾਨਾ ਚੋਣ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਤੀਸਰੀ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ ਹਨ। ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਹੋਏ ਜਨਰਲ ਇਜਲਾਸ ਦੌਰਾਨ ਹੋਈ ਚੋਣ ਮੌਕੇ ਕੁੱਲ ਪਈਆਂ 137 ਵੋਟਾਂ ਵਿੱਚੋਂ 118 ਵੋਟਾਂ ਪ੍ਰਾਪਤ ਕਰਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਿੱਤ ਹਾਸਲ

(ਦੇਖੋ ਸਫ਼ਾ 33 'ਤੇ)



## ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ...



ਦੀਵਾਲੀ ਉਹ ਜੋ ਦਿਲਾਂ ਦੇ ਹਨ੍ਹੇਰੇ ਮਿਟਾਵੇ, ਦੀਵਾਲੀ ਉਹ ਜੋ ਗਿਆਨ ਦੇ ਦੀਵੇ ਬਾਲ਼ੇ, ਦੀਵਾਲੀ ਉਹ ਜੋ ਏਕਤਾ ਦਾ ਚਾਨਣ ਫੈਲਾਵੇ, ਦੀਵਾਲੀ ਦਾ ਮਤਲਬ ਸਿਰਫ਼ ਲਾਈਟਾਂ ਜਗਾਉਣੀਆਂ, ਲੜੀਆਂ ਲਗਾਉਣੀਆਂ, ਬੰਬ-ਪਟਾਕੇ ਚਲਾਉਣੇ ਤੇ ਗਿਫ਼ਟ ਅਤੇ ਮਠਿਆਈਆਂ ਦਾ ਅਦਾਨ-ਪ੍ਰਦਾਨ ਹੀ ਨਹੀਂ ਦੀਵਾਲੀ ਦੇ ਅਨੇਕਾਂ ਮਤਲਬ ਹਨ। ਕੁਝ ਇਤਿਹਾਸਕ, ਕੁਝ ਸੰਕੇਤਕ ਤੇ ਕੁਝ ਸੋਝੀ ਅਨੁਸਾਰ। ਦੀਵਾਲੀ ਮਤਲਬ ਰੌਸ਼ਨੀਆਂ, ਖੁਸ਼ੀਆਂ, ਚਾਵਾਂ ਤੇ ਮਲਾਰਾਂ ਦਾ ਤਿਉਹਾਰ। ਦੀਵਾਲੀ ਮਤਲਬ ਰਾਮ ਦੀ ਘਰ ਵਾਪਸੀ ਦੀ ਖ਼ੁਸ਼ੀ ਦਾ ਤਿਉਹਾਰ, ਦੀਵਾਲੀ ਮਤਲਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਰਿਹਾਅ ਕਰਵਾਏ 52 ਰਾਜਿਆਂ ਦੀ ਰਿਹਾਈ ਦੀ ਖ਼ੁਸ਼ੀ 'ਤੇ ਬੰਦੀ ਛੋੜ ਦਿਵਸ ਵਜੋਂ ਜਸ਼ਨ ਮਨਾਏ ਜਾਣ ਦਾ ਤਿਉਹਾਰ। ਇੰਝ ਹੀ ਹੋਰ ਪਤਾ ਨਹੀਂ ਕਿੰਨੇ ਹੀ ਇਤਿਹਾਸ, ਕਿੰਨੀਆਂ ਹੀ ਕਹਾਣੀਆਂ, ਕਿੰਨੇ ਹੀ ਬਿਰਤਾਂਤ ਇਸ ਦਿਨ ਨਾਲ ਜੁੜ ਗਏ ਕਿ ਦੀਵਾਲੀ ਭਾਰਤੀਆਂ ਦਾ ਸਭ ਤੋਂ ਵੱਡਾ ਤੇ ਸਾਝਾਂ ਤਿਉਹਾਰ ਬਣ ਗਿਆ। ਦੀਵਾਲੀ ਪ੍ਰਤੀਕ ਹੈ ਸਭਨਾਂ ਦੀ ਸਾਂਝੀ ਖ਼ੁਸ਼ੀ ਦਾ, ਦੀਵਾਲੀ ਪ੍ਰਤੀਕ ਹੈ ਸਭਨਾਂ ਦੀ ਏਕਤਾ ਦਾ, ਦੀਵਾਲੀ ਪ੍ਰਤੀਕ ਹੈ ਸਾਡੀ ਭਾਈਚਾਰਕ ਸਾਂਝ ਦਾ, ਦੀਵਾਲੀ ਪ੍ਰਤੀਕ ਹੈ ਮਿਲ ਕੇ ਵੰਡ ਛਕਣ ਦਾ, ਦੀਵਾਲੀ ਪ੍ਰਤੀਕ ਹੈ ਇਕ-ਦੂਜੇ ਨਾਲ ਖ਼ੁਸ਼ੀਆਂ ਵੰਡਣ ਦਾ ਤੇ ਸਾਂਝ ਗੂੜ੍ਹੀ ਕਰਨ ਦਾ। ਦਿਵਾਲੀ ਨਵੇਂ ਰੰਗ ਨਾਲ ਕਲੀ ਕੀਤੀਆਂ ਕੰਧਾਂ ਉਪਰ ਨਵੇਂ ਕੱਲੈਂਡਰ ਟੰਗਣ ਦਾ ਦਿਨ ਹੈ, ਦੀਵਾਲੀ ਇੱਕ ਦੂਜੇ ਨੂੰ ਗਲ ਨਾਲ ਲਾਉਣ ਤੇ ਰੁੱਸਿਆਂ ਨੂੰ ਮਨਾਉਣ ਦਾ ਦਿਨ ਹੈ। ਬੜਾ ਚੰਗਾ ਲੱਗਦਾ ਹੈ ਜਦੋਂ ਘਰਾਂ ਦੇ ਉਤੇ ਰੌਸ਼ਨੀਆਂ ਫੈਲਾਈਆਂ ਹੁੰਦੀਆਂ ਹਨ। ਬੜਾ ਚੰਗਾ ਲੱਗਦਾ ਹੈ ਜਦੋਂ ਬੱਚਿਆਂ ਦੇ ਨਵੇਂ ਲੀੜੇ ਪਾਏ ਹੁੰਦੇ ਹਨ, ਬੜਾ ਚੰਗਾ ਲੱਗਦਾ ਹੈ ਜਦੋਂ ਅਕਾਸ਼ ਰੰਗ-ਬਿਰੰਗੀਆਂ ਆਤਿਸ਼ਬਾਜ਼ੀਆਂ ਨਾਲ ਭਰ ਜਾਂਦਾ ਹੈ। ਪਰ ਅਜੇ ਵੀ ਕਿੰਨੇ ਵਿਹੜੇ, ਕਿੰਨ੍ਹੇ ਬਨੇਰੇ, ਕਿੰਨੇ ਘਰ ਤੇ ਕਿੰਨੇ ਦਰ ਅਜਿਹੇ ਹਨ ਜਿਥੇ ਦੀਵਾ ਨਹੀਂ ਬਲਦਾ ਤੇ ਖ਼ੁਸ਼ੀਆਂ ਦੇਹਲੀ ਨਹੀਂ ਟੱਪਦੀਆਂ। ਨਵੇਂ ਤਾਂ ਕੀ ਪੁਰਾਣੇ ਲੀੜੇ ਵੀ ਕਈ ਤਨਾਂ 'ਤੇ ਨਹੀਂ ਮਿਲਦੇ। ਆਓ ਇਸ ਦੀਵਾਲੀ 'ਤੇ ਉਨ੍ਹਾਂ ਸੱਖਣੇ ਬਨ੍ਹੇਰਿਆਂ 'ਤੇ ਵੀ ਦੀਵੇ ਬਾਲੀਏ ਤੇ ਹਰ ਤਨ 'ਤੇ ਲੀੜਾ ਹੋਵੇ ਇਸ ਲਈ ਉਪਰਾਲਾ ਕਰੀਏ ਫਿਰ ਹੀ ਸਾਡੀ ਦੀਵਾਲੀ ਸਾਰਥਿਕ ਹੈ। ਹਰ ਦਿਲ ਰੌਸ਼ਨ ਹੋਵੇ, ਹਰ ਵਿਹੜਾ ਰੁਸ਼ਨਾਵੇ, ਇਹੋ ਅਰਦਾਸ ਕਰੀਏ ਦੀਵਾਲੀ ਸਭਨਾਂ ਲਈ ਖ਼ੁਸ਼ੀਆਂ ਲੈ ਕੇ ਆਵੇ।

**ਹਰ ਦਿਲ ਰੌਸ਼ਨ, ਹਰ ਵਿਹੜਾ ਰੁਸ਼ਨਾਵੇ,**
**ਦੀਵਾਲੀ ਸਭਨਾਂ ਲਈ ਖ਼ੁਸ਼ੀਆਂ ਲੈ ਕੇ ਆਵੇ**

**ਅਦਾਰਾ ਸਾਡੇ ਲੋਕ ਦੇ ਸਮੂਹ ਪ੍ਰਵਾਰ ਵਲੋਂ ਪਵਿੱਤਰ ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆ ਲੱਖ ਲੱਖ ਵਧਾਈਆਂ**

**- ਸਤਨਾਮ ਸਿੰਘ ਖਾਲਸਾ**


















# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਫਰਿਜ਼ਨੋ ਵਿੱਚ 11 ਨਵੰਬਰ ਨੂੰ 'ਵੈਟਰਨ ਡੇ' ਪਰੇਡ 'ਚ ਸਿੱਖ ਕੌਸ਼ਲ ਵੱਲੋਂ ਲੱਗੇਗਾ ਫਲੋਟ



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਕੈਲੇਫੋਰਨੀਆਂ ਵਿੱਚ ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਵਾਲਾ ਸ਼ਹਿਰ ਫਰਿਜ਼ਨੋ ਆਪਣੇ ਸਿੱਖ ਧਰਮ ਦੀ ਪਹਿਚਾਣ ਬਣਾਉਣ ਲਈ ਹਮੇਸ਼ਾ ਸਰਗਰਮ ਰਿਹਾ ਹੈ। ਜਿਸ ਵਿੱਚ ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ, ਜੈਕਾਰਾ ਮੂਵਮੈਂਟ ਅਤੇ ਹੋਰ ਸਥਾਨਿਕ ਸੰਸਥਾਵਾਂ ਰਲ ਮਿਲ ਕੇ ਸਫਲ ਹੰਭਲੇ ਮਾਰ ਰਹੀਆਂ ਹਨ। ਇਸੇ ਲੜੀ ਤਹਿਤ ਬੀਤੇ ਦਿਨੀ ਸਿਟੀ ਹਾਲ ਫਰਿਜ਼ਨੋ ਵਿੱਚ ਵਿਸ਼ੇਸ਼ ਮੀਟਿੰਗ ਦੌਰਾਨ ਸਮੂੰਹ ਭਾਈਚਾਰੇ ਦੇ ਸਹਿਯੋਗ ਨਾਲ ਸਿਟੀ ਕੌਸ਼ਲ ਫਰਿਜ਼ਨੋ ਵੱਲੋਂ ਨਵੰਬਰ ਮਹੀਨੇ ਨੂੰ ਸਿੱਖ ਇਤਿਹਾਸ ਨਾਲ ਜੁੜਿਆ ਹੋਇਆ ਮੰਨਦੇ ਹੋਏ "ਸਿੱਖ ਹੈਰੀਟੇਜ਼ ਮਹੀਨਾ" ਮਨਾਉਣ ਦਾ ਪ੍ਰਸਤਾਵ ਪਾਸ ਕੀਤਾ ਗਿਆ। ਜਿਸ ਦੀ ਸਿੱਖ ਸੰਗਤਾਂ ਵਿੱਚ ਬਹੁਤ ਖਸ਼ੀ ਹੈ। ਇਸੇ ਪਹਿਚਾਣ ਦੇ ਮੁੱਦੇ ਨੂੰ ਅੱਗੇ ਤੋਰਦੇ ਹੋਏ ਸਿੱਖ ਕੌਸ਼ਲ ਆਫ ਸ਼ੈਟਰਲ ਕੈਲੇਫੋਰਨੀਆਂ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾ ਨੇ ਦੱਸਿਆ ਕਿ ਇਸ ਸਾਲ ਸਿੱਖ ਕੌਸ਼ਲ ਵੱਲੋਂ ਮਤਾ ਪਾਸ ਕੀਤਾ ਗਿਆ ਹੈ ਕਿ 11 ਨਵੰਬਰ, ਦਿਨ ਸ਼ਨੀਵਾਰ ਸਵੇਰ 10 ਵਜੇ ਤੋਂ ਬਾਅਦ ਦੁਪਿਹਰ 2 ਵਜ਼ੇ ਤੱਕ ਫਰਿਜ਼ਨੋ ਦੇ ਡਾਊਨ ਟਾਊਨ ਵਿੱਚ ਹੋਣ ਵਾਲੀ 'ਵੈਟਰਨ ਡੇ' ਪਰੇਡ ਵਿੱਚ ਸਿੱਖ ਕੌਸ਼ਲ ਆਫ ਸ਼ੈਟਰਲ ਕੈਲੇਫੋਰਨੀਆਂ ਸਿੱਖੀ ਦੀ ਪਹਿਚਾਣ ਬਣਾਉਂਦਾ ਆਪਣਾ ਫਲੋਟ (ਡਵੀਜ਼ਨ ਨੰਬਰ 5) ਸ਼ਾਮਲ ਕਰੇਗੀ। ਜਿਸ ਦੀ ਮਨਜ਼ੂਰੀ ਲੈ ਲਈ ਗਈ ਹੈ। ਇਸ ਦੇ ਨਾਲ-ਨਾਲ ਹਮੇਸ਼ਾ ਵਾਂਗ ਸਿੱਖ ਸੰਗਤਾਂ ਵੱਲੋਂ ਲੰਗਰ ਵੀ ਲਾਇਆ ਜਾਵੇਗਾ। ਇਸ ਪਰੇਡ ਵਿੱਚ ਸਮੂੰਹ ਸਿੱਖ ਵੈਟਰਨਜ਼ ਅਤੇ ਸਮੁੱਚੇ ਭਾਈਚਾਰੇ ਨੂੰ ਪਹੁੰਚਣ ਦੀ ਅਪੀਲ ਕੀਤੀ ਗਈ। ਅਜਿਹੇ ਕਾਰਜ ਜਿੱਥੇ ਸਿੱਖ ਭਾਈਚਾਰੇ ਦਾ ਮਾਣ ਵਧਾਉਂਦੇ ਹਨ, ਉੱਥੇ ਸਿੱਖਾਂ ਦੀ ਪਹਿਚਾਣ ਬਣਾਉਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।

# 'ਸਿੱਖ ਕੌਂਸਲ ਆਫ਼ ਸੈਂਟਰਲ ਕੈਲੀਫੋਰਨੀਆਂ' ਵੱਲੋਂ ਭਾਰਤੀ ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਦਾ ਸਨਮਾਨ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਭਾਰਤ ਦੇ ਕਿਰਸਾਨੀ ਸੰਘਰਸ਼ ਵਿੱਚ ਆਪਣੀ ਸਿਆਣਪ ਨਾਲ ਅਹਿਮ ਭੂਮਿਕਾ ਨਿਭਾਉਣ ਵਾਲੇ ਸੁਲਝੇ ਹੋਏ ਸੀਨੀਅਰ ਕਿਸਾਨ ਆਗੂ ਸ੍ਰ. ਬਲਬੀਰ ਸਿੰਘ ਰਾਜੇਵਾਲ ਆਪਣੀ ਅਮਰੀਕਾ ਦੀ ਫੇਰੀ ਦੌਰਾਨ ਵੱਖ-ਵੱਖ ਮੀਟਿੰਗਾਂ ਰਾਹੀਂ ਭਾਰਤ ਵਿੱਚ ਕਿਸਾਨ ਸੰਘਰਸ਼ ਵਿੱਚ ਦਿੱਤੇ ਵੱਡਮੁੱਲੇ ਯੋਗਦਾਨ ਬਦਲੇ ਸਮੁੱਚੇ ਭਾਈਚਾਰੇ ਦਾ ਧੰਨਵਾਦ ਕਰ ਰਹੇ ਹਨ।

ਇਸੇ ਲੜੀ ਤਹਿਤ ਫਰਿਜ਼ਨੋ ਵਿਖੇ 'ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ' ਵੱਲੋਂ ਉਨ੍ਹਾਂ ਦੇ ਸਤਿਕਾਰ ਵਿੱਚ ਦੁਪਹਿਰ ਦੀ ਖਾਣੇ ਦੀ ਦਾਅਵਤ ਦਿੱਤੀ ਗਈ। ਜਿੱਥੇ ਸਿੱਖ ਕੌਂਸਲ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾ ਨੇ ਸ. ਰਾਜੇਵਾਲ ਨੂੰ ਜੀ ਆਇਆਂ ਕਹਿੰਦੇ ਹੋਏ ਨਿੱਘਾ ਸੁਆਗਤ ਕੀਤਾ ਅਤੇ ਇੰਨੇ ਛੋਟੇ ਨੋਟਿਸ 'ਤੇ ਸਾਡਾ ਸੱਦਾ ਸਵੀਕਾਰ ਕਰਨ ਲਈ ਸਮੂੰਹ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਸਮੇਂ ਰਾਜੇਵਾਲ ਨੇ ਪੰਜਾਬ ਅਤੇ ਖਾਸ ਕਰਕੇ ਕਿਸਾਨ ਭਾਈਚਾਰੇ



ਦੀ ਮੌਜੂਦਾ ਸਥਿਤੀ ਬਾਰੇ ਕੌਂਸਲ ਮੈਂਬਰਾਂ ਨਾਲ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਭਾਰਤ ਦੀ ਕਿਸਾਨੀ ਵਿਸ਼ੇ 'ਤੇ ਮੈਂਬਰਾਂ ਦੇ ਵੱਖ-ਵੱਖ ਸਵਾਲਾਂ ਦੇ ਜਵਾਬ ਦਿੱਤੇ।

ਇਸ ਸਮੇਂ ਸਿੱਖ ਕੌਂਸਲ ਦੇ ਮੈਂਬਰ, ਗੁਰਜੰਟ ਸਿੰਘ ਗਿੱਲ, ਸ੍ਰ: ਰਾਜਵਿੰਦਰ ਪਾਲ ਸਿੰਘ ਬਰਾੜ, ਸ੍ਰ: ਗੁਰਬਚਨ ਸਿੰਘ, ਸ੍ਰ: ਚਰਨਜੀਤ ਸਿੰਘ ਬਾਠ, ਸ੍ਰ: ਜਸਦੀਪ ਸਿੰਘ ਸ਼ੋਕਰ, ਸ੍ਰ: ਸੁਖਵਿੰਦਰ ਕੌਰ ਸਰਾਂ (ਪਰਿਵਾਰ ਸਮੇਤ), ਸ੍ਰ: ਚਰਨਜੀਤ ਸਿੰਘ ਸਿਹੋਤਾ, ਸ੍ਰ. ਭਰਪੂਰ ਸਿੰਘ ਧਾਲੀਵਾਲ, ਸ੍ਰ. ਪਸ਼ੌਰਾ ਸਿੰਘ ਢਿੱਲੋਂ, ਸ੍ਰ: ਗੁਰਦੀਪ ਸਿੰਘ ਸ਼ੇਰਗਿੱਲ, ਸ੍ਰ: ਸਤਵਿੰਦਰ ਸਿੰਘ ਬਲੱਗਣ, ਸ੍ਰ: ਦਵਿੰਦਰਪਾਲ ਸਿੰਘ ਸ਼ੇਰਗਿੱਲ, ਸ੍ਰ: ਕੇਵਲ ਸਿੰਘ ਹੁੰਦਲ, ਸ੍ਰ. ਗੁਰਪ੍ਰੀਤ ਸਿੰਘ ਬਰਾੜ, ਸ੍ਰ.ਪਰਮਪਾਲ ਸਿੰਘ ਅਤੇ ਮੀਟਿੰਗ ਵਿੱਚ ਕਮਿਊਨਿਟੀ ਮੈਂਬਰ ਸ੍ਰੀ ਕੁਲਦੀਪ ਸਿੰਘ ਨੰਬਰਦਾਰ, ਸ੍ਰੀ ਅਮਨਪ੍ਰੀਤ ਸਿੰਘ ਧਾਲੀਵਾਲ, ਸ੍ਰੀ ਕੁਲਦੀਪ ਸਿੰਘ ਕਾਲੇਕਾ ਅਤੇ ਡਾ: ਅਰਜੁਨ ਜੋਸ਼ਨ ਆਦਿਕ ਹਾਜ਼ਰ ਹੋਏ। ਅੰਤ ਵਿੱਚ ਸ. ਜਸਦੀਪ ਸਿੰਘ ਸ਼ੋਕਰ ਨੇ ਮੀਟਿੰਗ ਵਿੱਚ ਸਮੂੰਹ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਆਪਣੇ ਭਾਈਚਾਰਕ ਕਾਰਜਾ ਵਿੱਚ ਵੱਧ ਚੜ ਕੇ ਸਹਿਯੋਗ ਦੇਣ ਦੀ ਵਚਨਬੱਧਤਾ ਪ੍ਰਗਟਾਈ।

# ਅਮਰੀਕੀ ਰਾਸ਼ਟਰਪਤੀ ਚੋਣਾਂ : ਹੇਲੀ ਤੇ ਰਾਮਾਸਵਾਮੀ ਇਕ-ਦੂਜੇ ਨੂੰ ਦੇ ਰਹੇ ਸਖ਼ਤ ਟੱਕਰ

ਵਾਸ਼ਿੰਗਟਨ : ਅਮਰੀਕਾ 'ਚ ਅਗਲੇ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਦੀ ਉਮੀਦਵਾਰੀ ਦੀ ਦੌੜ 'ਚ ਭਾਰਤੀ ਮੂਲ ਦੀ ਨਿੱਕੀ ਹੇਲੀ ਤੇ ਵਿਵੇਕ ਰਾਮਾਸਵਾਮੀ ਇਕ-ਦੂਜੇ ਨੂੰ ਸਖ਼ਤ ਚੁਣੌਤੀ ਦੇ ਰਹੇ ਹਨ। ਦੋਵਾਂ ਨੇਤਾਵਾਂ ਵਿਚਾਲੇ ਤਣਾਅ ਨੂੰ ਨਜ਼ਰਅੰਦਾਜ਼ ਕਰਨਾ ਮੁਸ਼ਕਿਲ ਸੀ, ਜਦੋਂ ਉਹ ਆਖਰੀ ਵਾਰ ਬਹਿਸ ਦੇ ਮੰਚ



'ਤੇ ਆਹਮੋ-ਸਾਹਮਣੇ ਸਨ।

ਬਹਿਸ ਦੌਰਾਨ ਹੇਲੀ ਨੇ ਰਾਮਾਸਵਾਮੀ ਨੂੰ ਕਿਹਾ ਕਿ ਹਰ ਵਾਰ ਜਦੋਂ ਮੈਂ ਤੁਹਾਨੂੰ ਸੁਣਦੀ ਹਾਂ ਤਾਂ ਤੁਹਾਡੀਆਂ ਗੱਲਾਂ 'ਚੋਂ ਥੋੜ੍ਹੀ ਬੇਵਕੂਫੀ ਝਲਕਦੀ ਹੈ। ਇਸ 'ਤੇ ਰਾਮਾਸਵਾਮੀ ਨੇ ਕਿਹਾ ਕਿ ਜੇ ਅਸੀਂ ਇਥੇ ਬੈਠ ਕੇ ਨਿੱਜੀ ਟਿੱਪਣੀਆਂ ਨਾ ਕਰੀਏ ਤਾਂ ਰਿਪਬਲਿਕਨ ਪਾਰਟੀ 'ਚ ਸਾਡੀ ਬਿਹਤਰ ਸੇਵਾ ਹੋਵੇਗੀ।

ਦੋਵੇਂ ਪਾਰਟੀ ਵਲੋਂ ਰਾਸ਼ਟਰਪਤੀ ਅਹੁਦੇ ਦੀ ਉਮੀਦਵਾਰੀ ਨੂੰ ਲੈ ਕੇ ਤੀਜੀ ਬਹਿਸ ਲਈ ਫਿਰ ਤੋਂ ਇਕ-ਦੂਜੇ ਦੇ ਆਹਮੋ-ਸਾਹਮਣੇ ਹੋਣਗੇ।

# ਸਿੱਖਸ ਆਫ਼ ਅਮੈਰਿਕਾ ਤੇ ਹੋਰ ਸਮਾਜਿਕ ਸੰਸਥਾਵਾਂ ਨੇ ਕਰਵਾਇਆ 'ਦੀਵਾਲੀ ਨਾਈਟ' ਸੱਭਿਆਚਾਰਕ ਮੇਲਾ



ਮੈਰੀਲੈਂਡ : ਸਿੱਖਸ ਆਫ਼ ਅਮੈਰਿਕਾ, ਸਿੱਖਸ ਆਫ਼ ਯੂ.ਐੱਸ.ਏ ਅਤੇ ਹੋਰ ਸਮਾਜਿਕ ਸੰਸਥਾਵਾਂ ਵੱਲੋਂ ਅਮਰੀਕਾ ਦੇ ਸੂਬੇ ਮੈਰੀਲੈਂਡ 'ਚ ਸਾਂਝੇ ਤੌਰ 'ਤੇ 'ਦੀਵਾਲੀ ਨਾਈਟ' ਨਾਂ ਦਾ ਇਕ ਸੱਭਿਆਚਾਰਕ ਮੇਲਾ ਕਰਵਾਇਆ ਗਿਆ। ਇਸ ਮੇਲੇ ਵਿਚ ਸਿੱਖਸ ਆਫ ਅਮੈਰਿਕਾ ਵੱਲੋਂ ਜਸਦੀਪ ਸਿੰਘ ਜੱਸੀ ਚੇਅਰਮੈਨ, ਬਲਜਿੰਦਰ ਸਿੰਘ ਸ਼ੰਮੀ ਵਾਈਸ ਪ੍ਰਧਾਨ, ਹਰਬੀਰ ਬਤਰਾ, ਸਾਜਿਦ ਤਰਾਰ, ਇੰਦਰਜੀਤ ਗੁਜਰਾਲ, ਗੁਰਵਿੰਦਰ ਸਿੰਘ ਸੇਠੀ, ਮਨਿੰਦਰ ਸਿੰਘ ਸੇਠੀ, ਪ੍ਰਿਤਪਾਲ ਸਿੰਘ ਲੱਕੀ ਅਤੇ ਜਸਵਿੰਦਰ ਸਿੰਘ ਜਾਨੀ ਵਰਿੰਦਰ ਸਿੰਘ ਅਤੇ ਸਿੱਖਸ ਆਫ਼ ਯੂ.ਐੱਸ.ਏ ਵਲੋਂ ਪਰਵਿੰਦਰ ਸਿੰਘ ਹੈਪੀ ਚੇਅਰਮੈਨ, ਗੁਰਦਿਆਲ ਸਿੰਘ ਭੁੱਲਾ, ਗੁਰਪ੍ਰੀਤ ਸਿੰਘ ਸੰਨੀ, ਪ੍ਰਧਾਨ ਗੁਰਦੁਆਰਾ ਸਿੱਖ ਐਸੋਸੀਏਸ਼ਨ ਆਫ਼ ਬਾਲਟੀਮੋਰ ਅਤੇ ਚੇਅਰਮੈਨ ਚਰਨਜੀਤ ਸਿੰਘ ਸਰਪੰਚ ਵੱਲੋਂ ਮੇਲੇ ਦੇ ਪ੍ਰਬੰਧਾਂ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ ਗਈਆਂ। ਪੰਜਾਬੀ ਭਾਈਚਾਰੇ ਵਲੋਂ ਦਲਵੀਰ ਸਿੰਘ ਬੀਰਾ, ਜਸਵੰਤ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ ਘੋਗਾ, ਜਰਨੈਲ ਸਿੰਘ ਟੀਟੂ, ਸਤਪਾਲ ਸਿੰਘ, ਸੁਰਜੀਤ ਸਿੰਘ ਗੋਲਡੀ, ਅਰਜਿੰਦਰ ਸਿੰਘ ਲਾਡੀ, ਚੰਚਲ ਸਿੰਘ, ਮਨਜੀਤ ਸਿੰਘ, ਜਾਨੀ ਸਿੰਘ, ਗੁਰਦੇਵ ਘੋਤੜਾ ਮੇਲੇ ਦੀ ਰੌਣਕ ਵਧਾਉਣ ਲਈ ਵਿਸ਼ੇਸ ਤੌਰ 'ਤੇ ਪਹੁੰਚੇ। ਇਸ ਮੌਕੇ ਵਿਸ਼ਵ ਪ੍ਰਸਿੱਧ ਪੰਜਾਬੀ ਸੱਭਿਆਚਾਰਕ ਦੇ ਨਾਮਵਰ ਲੋਕ ਗਾਇਕ ਸਰਬਜੀਤ ਚੀਮਾ ਵਲੋਂ ਆਪਣੀ ਗਾਇਕੀ ਦਾ ਅਖਾੜਾ ਲਗਾਇਆ ਗਿਆ। ਉਹਨਾਂ 'ਰੰਗਲੇ ਪੰਜਾਬ ਦੀ ਸਿਫ਼ਤ ਸੁਣਾਵਾਂ' ਸਮੇਤ ਆਪਣੇ ਸਭ ਨਵੇਂ ਪੁਰਾਣੇ ਹਿੱਟ ਗੀਤ ਗਾ ਕੇ ਆਏ ਹੋਏ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੌਕੇ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਸ: ਜਸਦੀਪ ਸਿੰਘ ਸਿੰਘ ਜੱਸੀ ਵਲੋਂ ਹਾਜ਼ਰੀਨ ਨਾਲ ਵਿਚਾਰ ਸਾਂਝੇ ਕੀਤੇ ਗਏ। ਉਹਨਾਂ ਕਿਹਾ ਕਿ ਆਪਸੀ ਇਕਜੁੱਟਤਾ ਹਮੇਸ਼ਾ ਤਾਕਤ, ਸਕੂਨ ਅਤੇ ਆਨੰਦ ਦਿੰਦੀ ਹੈ। ਉਹਨਾਂ ਕਿਹਾ ਕਿ ਇਸ ਮੇਲੇ ਦਾ ਸੰਦੇਸ਼ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਹੈ। ਇਸ ਮੌਕੇ ਸਿੱਖਸ ਆਫ ਯੂ.ਐੱਸ.ਏ ਚੇਅਰਮੈਨ ਪਰਵਿੰਦਰ ਸਿੰਘ ਹੈਪੀ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਹਨਾਂ ਨੂੰ ਬੜੀ ਖ਼ੁਸ਼ੀ ਹੋਈ ਹੈ ਕਿ ਅੱਜ ਸਮੁੱਚਾ ਭਾਈਚਾਰਾ ਇਕ ਮੰਚ 'ਤੇ ਇਕੱਠਾ ਹੈ। ਉਹਨਾਂ ਕਿਹਾ ਕਿ ਭਵਿੱਖ ਵਿੱਚ ਵੀ ਸਾਡੀ ਕੋਸ਼ਿਸ਼ ਰਹੇਗੀ ਕਿ ਆਪਸੀ ਪਿਆਰ ਸਾਂਝ ਹੋਰ ਵਧੇ ਅਤੇ ਸਭ ਰਲ ਮਿਲ ਕੇ ਸਮਾਜ ਸੇਵਾ ਵਿਚ ਹਿੱਸਾ ਪਾਉਣ। ਇਸ ਮੌਕੇ ਮੇਲੇ ਦੇ ਪ੍ਰਬੰਧਕਾਂ ਵਲੋਂ ਟੋਟਲ ਮਲਟੀਮੀਡੀਆ ਦੇ ਸਨ੍ਹੀ ਮੱਲ੍ਹੀ ਦਾ ਇਸ ਮੇਲੇ ਲਈ ਸਰਬਜੀਤ ਚੀਮਾ ਅਤੇ ਮੰਚ ਸੰਚਾਲਕ ਨੂੰ ਬੁਲਾਉਣ ਸਟੇਜ ਤੇ ਐੱਲ.ਈ.ਡੀ. ਦਾ ਪ੍ਰਬੰਧਕ ਕਰ ਕੇ ਦੇਣ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।ਇਸ ਮੌਕੇ ਸਿੱਖਸ ਆਫ਼ ਅਮੈਰਿਕਾ ਅਤੇ ਸਿੱਖਸ ਆਫ਼ ਯੂ.ਐੱਸ.ਏ ਦੇ ਸਮਾਜ ਸੇਵਾ 'ਚ ਅਹਿਮ ਯੋਗਦਾਨ ਪਾਉਣ ਵਾਲੇ ਅਹੁਦੇਦਾਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਹਨਾਂ ਵਿਚ ਪਾਕਿਸਤਾਨ ਭਾਈਚਾਰੇ ਦੇ ਆਗੂ ਅਤੇ ਕਰਤਾਰਪੁਰ ਲਾਂਘਾ ਖੁਲਵਾਉਣ ਲਈ ਵਿਸ਼ੇਸ਼ ਚਾਰਾਜੋਈ ਕਰਨ ਵਾਲੇ ਸਾਜਿਦ ਤਰਾਰ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਸਮੁੱਚੇ ਮੇਲੇ ਦੀ ਅਮੇਜ਼ਿੰਗ ਟੀ.ਵੀ. ਅਤੇ ਰਘਵੀਰ ਗੋਇਲ ਵਲੋਂ ਵਿਸ਼ੇਸ਼ ਤੌਰ 'ਤੇ ਕਵਰੇਜ ਕੀਤੀ। ਅਤੇ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਮੇਲਾ ਬੜੀ ਧੂਮ ਧਾਮ ਨਾਲ ਸੰਪੰਨ ਹੋਇਆ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS at No Cost $0 Premium



Rakhra Tax & Immigration

3073 W Ashlan Ave <> Fresno, CA 93722

Ph. (559) 243-9200,

Fax (559) 549-6211

or visit

www.rakhrataxservice.com

or avtar06@gmail.com

# ਬਾਈਡੇਨ ਅਤੇ ਜਿਨਪਿੰਗ 15 ਨਵੰਬਰ ਨੂੰ ਸਨਫਰਾਂਸਿਸਕੋ 'ਚ ਕਰ ਸਕਦੇ ਹਨ ਮੁਲਾਕਾਤ





ਸਨ ਫਰਾਂਸਿਸਕੋ : ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ 15 ਨਵੰਬਰ ਨੂੰ ਸਾਨ ਫਰਾਂਸਿਸਕੋ ਵਿਚ ਦੁਵੱਲੀ ਬੈਠਕ ਕਰਨ ਦੀ ਯੋਜਨਾ ਬਣਾ ਰਹੇ ਹਨ। ਜਾਪਾਨੀ ਸਮਾਚਾਰ ਏਜੰਸੀ ਕਯੋਡੋ ਨੇ ਬੁੱਧਵਾਰ ਨੂੰ ਇਕ ਸੀਨੀਅਰ ਅਮਰੀਕੀ ਅਧਿਕਾਰੀ ਦੇ ਹਵਾਲੇ ਨਾਲ ਆਪਣੀ ਰਿਪੋਰਟ ਵਿਚ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਏਜੰਸੀ ਨੂੰ ਦੱਸਿਆ ਕਿ ਦੋਵੇਂ ਨੇਤਾ ਏਸ਼ੀਆ-ਪ੍ਰਸ਼ਾਂਤ ਆਰਥਿਕ ਸਹਿਯੋਗ (ਏਪੇਕ) ਦੇ ਵਿੱਤ ਮੰਤਰੀਆਂ ਦੀ ਬੈਠਕ ਤੋਂ ਇਲਾਵਾ ਮਿਲਣ ਦੀ ਯੋਜਨਾ ਬਣਾ ਰਹੇ ਸਨ।

ਚੀਨ ਨੇ ਹਾਲਾਂਕਿ ਸ਼ਿਖਰ ਸੰਮੇਲਨ 'ਚ ਸ਼ੀ ਦੀ ਸ਼ਮੂਲੀਅਤ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਕੀਤੀ ਹੈ। ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਵ੍ਹਾਈਟ ਹਾਊਸ ਦੀ ਡਿਪਟੀ ਪ੍ਰੈੱਸ ਸਕੱਤਰ ਐਮਿਲੀ ਸਿਮੰਸ ਨੇ ਕਿਹਾ ਸੀ ਕਿ ਅਮਰੀਕਾ ਅਤੇ ਚੀਨ ਸਾਨ ਫਰਾਂਸਿਸਕੋ 'ਚ APEC ਸੰਮੇਲਨ ਤੋਂ ਇਲਾਵਾ ਬਾਈਡੇਨ ਅਤੇ ਜਿਨਪਿੰਗ ਵਿਚਾਲੇ ਬੈਠਕ ਆਯੋਜਿਤ ਕਰਨ ਲਈ ਸਿਧਾਂਤਕ ਤੌਰ 'ਤੇ ਸਹਿਮਤ ਹੋ ਗਏ ਹਨ। ਮੀਟਿੰਗ ਦੀ ਵਿਉਂਤਬੰਦੀ ਨਾਲ ਜੁੜੇ ਇੱਕ ਜਾਣਕਾਰ ਨੇ ਦੱਸਿਆ ਕਿ ਰਾਸ਼ਟਰਪਤੀ ਬਾਈਡੇਨ ਅਤੇ ਚੀਨ ਦੇ ਚੋਟੀ ਦੇ ਨੇਤਾ ਸ਼ੀ ਜਿਨਪਿੰਗ ਵਿਚਾਲੇ ਹੋਣ ਵਾਲੀ ਸੰਭਾਵਿਤ ਬੈਠਕ ਦੀਆਂ ਤਿਆਰੀਆਂ ਭਾਵੇਂ ਸਹੀ ਦਿਸ਼ਾ 'ਚ ਵਧ ਰਹੀਆਂ ਹਨ ਪਰ ਵ੍ਹਾਈਟ ਹਾਊਸ ਨੂੰ ਇਸ ਬੈਠਕ ਤੋਂ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ 'ਚ ਕੋਈ ਵੱਡਾ ਬਦਲਾਅ ਆਉਣ ਦੀ ਉਮੀਦ ਨਹੀਂ ਹੈ।

# ਨਿਊਜਰਸੀ 'ਚ ਭਾਰਤੀ ਮੂਲ ਦੇ ਸੈਨੇਟਰ ਵਿਨ ਗੋਪਾਲ ਦੀ ਲਗਾਤਾਰ ਤੀਜੀ ਜਿੱਤ

ਨਿਊਜਰਸੀ : ਅਮਰੀਕਾ ਵਿੱਚ ਭਾਰਤੀ ਮੂਲ ਦੇ ਸੈਨੇਟਰ ਵਿਨ ਗੋਪਾਲ ਨੇ ਕਰੀਬੀ ਮੁਕਾਬਲੇ ਵਿੱਚ ਜਿੱਤ ਦਰਜ ਕੀਤੀ ਹੈ। ਨਿਊਜਰਸੀ ਦਾ ਸੈਨੇਟਰ ਲਗਾਤਾਰ ਤੀਜੀ ਵਾਰ ਚੁਣਿਆ ਗਿਆ ਹੈ। ਨਿਊਜਰਸੀ ਦੇ 11ਵੇਂ ਕਾਂਗਰੇਸ਼ਨਲ ਡਿਸਟ੍ਰਿਕਟ ਲਈ ਮੰਗਲਵਾਰ ਨੂੰ ਚੁਣੇ ਗਏ ਵਿਨ ਗੋਪਾਲ ਨੇ ਇਤਿਹਾਸ ਦੀ ਸਭ ਤੋਂ ਮਹਿੰਗੀ ਵਿਧਾਨ ਸਭਾ ਦੌੜ ਜਿੱਤ ਲਈ ਹੈ। 38 ਸਾਲਾ ਡੈਮੋਕਰੇਟ ਸੈਨੇਟਰ ਗੋਪਾਲ ਨੇ ਰਿਪਬਲਿਕਨ ਚੈਲੇਂਜਰ ਸਟੀਵ ਡੇਨਿਸਟ੍ਰੀਅਨ ਨੂੰ ਹਰਾਇਆ। ਗੋਪਾਲ, ਜਿਸ ਨੇ ਡਿਨਸਟ੍ਰੀਅਨ ਖਿਲਾਫ ਲਗਭਗ 60 ਪ੍ਰਤੀਸ਼ਤ ਵੋਟ ਪ੍ਰਾਪਤ ਕੀਤੇ, ਇਸ ਸਮੇਂ ਨਿਊਜਰਸੀ ਸਟੇਟ ਸੈਨੇਟ ਦੇ ਸਭ ਤੋਂ ਨੌਜਵਾਨ ਮੈਂਬਰ ਹਨ। ਉਸ ਨੂੰ ਸੂਬੇ ਦੇ ਇਤਿਹਾਸ ਵਿੱਚ ਸੈਨੇਟ ਲਈ ਚੁਣੇ ਜਾਣ ਵਾਲੇ ਪਹਿਲੇ ਦੱਖਣੀ-ਏਸ਼ਿਆਈ ਅਮਰੀਕੀ ਹੋਣ ਦਾ ਮਾਣ ਵੀ ਹਾਸਲ ਹੈ।

ਨਿਊਜਰਸੀ ਵਿੱਚ ਜੰਮੇ ਅਤੇ ਵੱਡੇ ਹੋਏ ਗੋਪਾਲ ਨੇ ਰਟਗਰਜ਼ ਯੂਨੀਵਰਸਿਟੀ ਤੋਂ ਪਬਲਿਕ ਐਡਮਿਨਿਸਟ੍ਰੇਸ਼ਨ ਵਿੱਚ ਮਾਸਟਰ ਅਤੇ ਪੈਨਸਿਲਵੇਨੀਆ ਸਟੇਟ ਯੂਨੀਵਰਸਿਟੀ ਤੋਂ ਬੈਚਲਰ ਦੀ ਡਿਗਰੀ ਹਾਸਲ ਕੀਤੀ ਹੈ। ਗੋਪਾਲ, ਪਹਿਲੀ ਵਾਰ 2017 ਵਿੱਚ ਚੁਣੇ ਗਏ ਸਨ। ਗੋਪਾਲ, ਜੋ 2021 ਵਿੱਚ ਦੁਬਾਰਾ ਚੁਣੇ ਗਏ ਸਨ, ਨੂੰ 2023 ਦੀਆਂ ਚੋਣਾਂ ਵਿੱਚ 58 ਪ੍ਰਤੀਸ਼ਤ ਵੋਟਾਂ ਮਿਲੀਆਂ ਸਨ, ਜਦੋਂ ਕਿ ਵਿਰੋਧੀ ਡਿਨਸਟ੍ਰੀਅਨ ਨੂੰ 38 ਪ੍ਰਤੀਸ਼ਤ ਵੋਟਾਂ ਮਿਲੀਆਂ ਸਨ। ਉਸ ਨੇ ਆਪਣੀ ਸਫਲਤਾ ਦਾ ਸਿਹਰਾ ਆਪਣੀਆਂ ਸੰਵਿਧਾਨਕ ਸੇਵਾਵਾਂ ਅਤੇ ਦੋ-ਪੱਖੀ ਹੋਣ ਨੂੰ ਦਿੱਤਾ। ਨਤੀਜੇ ਘੋਸ਼ਿਤ ਹੋਣ ਤੋਂ ਬਾਅਦ ਉਸਨੇ ਕਿਹਾ, 'ਤੁਸੀਂ ਸਾਰਿਆਂ ਨੇ ਅੱਜ ਰਾਤ ਇਤਿਹਾਸ ਰਚ ਦਿੱਤਾ!'



ਇਸ ਜਿੱਤ ਨਾਲ ਜ਼ਿਲ੍ਹੇ ਦੀਆਂ ਦੋਵੇਂ ਵਿਧਾਨ ਸਭਾ ਸੀਟਾਂ 'ਤੇ ਡੈਮੋਕਰੇਟਸ ਦਾ ਕਬਜ਼ਾ ਹੋ ਗਿਆ। ਰਿਪੋਰਟਾਂ ਮੁਤਾਬਕ ਮੰਗਲਵਾਰ ਨੂੰ ਅਮਰੀਕਾ ਦੇ ਘੱਟੋ-ਘੱਟ 37 ਸੂਬਿਆਂ 'ਚ ਵੋਟਿੰਗ ਹੋਈ। ਨਿਊਜਰਸੀ ਦੀ ਵਿਧਾਨ ਸਭਾ ਵਿੱਚ ਰਾਜ ਸੈਨੇਟ ਅਤੇ ਅਸੈਂਬਲੀ ਦੋਵੇਂ ਸ਼ਾਮਲ ਹਨ। ਇਸ ਦੇ 40 ਜ਼ਿਲ੍ਹਿਆਂ ਤੋਂ 120 ਮੈਂਬਰ ਹਨ। ਹਰੇਕ ਜ਼ਿਲ੍ਹੇ ਦਾ ਸੈਨੇਟ ਵਿੱਚ ਇੱਕ ਪ੍ਰਤੀਨਿਧੀ ਤੇ ਅਸੈਂਬਲੀ ਵਿੱਚ ਦੋ ਪ੍ਰਤੀਨਿਧ ਹੁੰਦੇ ਹਨ। ਉਹ ਚਾਰ ਅਤੇ ਦੋ ਸਾਲਾਂ ਦੀ ਮਿਆਦ ਲਈ ਚੁਣੇ ਜਾਂਦੇ ਹਨ। ਨਿਊਜ਼ ਏਜੰਸੀ ਨੇ ਫਿਲਾਡੇਲਫੀਆ ਇਨਕਵਾਇਰਰ ਅਖਬਾਰ ਦੇ ਹਵਾਲੇ ਨਾਲ ਕਿਹਾ ਕਿ ਨਵੰਬਰ ਦੀਆਂ ਆਮ ਚੋਣਾਂ ਵਿਚ ਸਾਰੀਆਂ 120 ਸੀਟਾਂ 'ਤੇ ਵੋਟਿੰਗ ਹੋਵੇਗੀ। ਨਿਊਜਰਸੀ ਮਾਨੀਟਰ ਨਿਊਜ਼ ਪੋਰਟਲ ਅਨੁਸਾਰ 11ਵਾਂ ਕਾਂਗਰੇਸ਼ਨਲ ਡਿਸਟ੍ਰਿਕਟ, ਜਿਸ ਵਿੱਚ ਰਿਪਬਲਿਕਨ ਸਮਰਥਕ ਹਨ, ਇਸ ਸਾਲ ਵੀ ਫੋਕਸ ਵਿੱਚ ਸਨ। ਰਿਪਬਲਿਕਨਾਂ ਨੂੰ ਉਮੀਦ ਸੀ ਕਿ ਸਕੂਲਾਂ ਵਿੱਚ ਆਫਸ਼ੋਰ ਵਿੰਡ ਅਤੇ LGBTQ ਮੁੱਦਿਆਂ 'ਤੇ ਕੇਂਦ੍ਰਿਤ ਇੱਕ ਮੁਹਿੰਮ ਡੈਮੋਕਰੇਟਸ ਦੀ ਮਦਦ ਨਹੀਂ ਕਰੇਗੀ, ਪਰ ਵਿਨ ਗੋਪਾਲ ਦੀ ਜਿੱਤ ਨੇ ਉਨ੍ਹਾਂ ਸਾਰੀਆਂ ਅਟਕਲਾਂ ਨੂੰ ਖ਼ਤਮ ਕਰ ਦਿੱਤਾ।

## ਇਤਿਹਾਸ ਦੀ ਸਭ ਤੋਂ ਮਹਿੰਗੀ ਲੜਾਈ

ਰਿਪੋਰਟਾਂ ਮੁਤਾਬਕ ਗੋਪਾਲ ਦੀ ਸੀਟ ਇਸ ਸਾਲ ਰਿਪਬਲਿਕਨ ਪਾਰਟੀ ਦੇ ਚੋਟੀ ਦੇ ਨਿਸ਼ਾਨੇ 'ਚੋਂ ਇਕ ਹੈ। ਅਮਰੀਕੀ ਨਿਊਜ਼ ਪੋਰਟਲ NJ.com ਦੇ ਅਨੁਸਾਰ ਮੁਕਾਬਲਾ, ਜੋ ਵਿਨ ਗੋਪਾਲ ਨੇ ਜਿੱਤਿਆ, ਨਿਊਜਰਸੀ ਦੇ ਇਤਿਹਾਸ ਵਿੱਚ ਸਭ ਤੋਂ ਮਹਿੰਗੀਆਂ ਵਿਧਾਨਕ ਦੌੜਾਂ ਵਿੱਚੋਂ ਇੱਕ ਸੀ। ਅਕਤੂਬਰ ਤੱਕ ਡੈਮੋਕਰੇਟਸ ਨੇ 3.4 ਮਿਲੀਅਨ ਅਮਰੀਕੀ ਡਾਲਰ ਇਕੱਠੇ ਕੀਤੇ ਸਨ ਅਤੇ 3.5 ਮਿਲੀਅਨ ਡਾਲਰ ਖਰਚ ਕੀਤੇ ਸਨ, ਜਦੋਂ ਕਿ ਰਿਪਬਲਿਕਨ ਸਿਰਫ 460,339 ਡਾਲਰ ਇਕੱਠੇ ਕਰਨ ਵਿੱਚ ਕਾਮਯਾਬ ਰਹੇ ਸਨ। ਉਸਨੇ ਚੋਣ ਪ੍ਰਚਾਰ 'ਤੇ 4,44,970 ਅਮਰੀਕੀ ਡਾਲਰ ਖਰਚ ਕੀਤੇ। ਰਿਪੋਰਟ ਮੁਤਾਬਕ ਕਈ ਬਾਹਰੀ ਗਰੁੱਪਾਂ ਨੇ ਵੀ ਲੜਾਈ 'ਚ ਪੈਸਾ ਵਹਾਇਆ।

ਗੋਪਾਲ ਵਰਤਮਾਨ ਵਿੱਚ ਸੈਨੇਟ ਸਿੱਖਿਆ ਕਮੇਟੀ ਦੇ ਚੇਅਰਮੈਨ ਅਤੇ ਸੈਨੇਟ ਦੇ ਬਹੁਮਤ ਕਾਨਫਰੰਸ ਦੇ ਨੇਤਾ ਹਨ। ਆਪਣੀ ਮੁਹਿੰਮ ਅਨੁਸਾਰ ਉਸਨੇ ਪਹਿਲਾਂ ਸੈਨੇਟ ਦੀ ਮਿਲਟਰੀ ਅਤੇ ਵੈਟਰਨਜ਼ ਅਫੇਅਰਜ਼ ਕਮੇਟੀ ਦੇ ਚੇਅਰਮੈਨ ਵਜੋਂ ਕੰਮ ਕੀਤਾ। ਉਹ ਸੈਨੇਟ ਸਰਕਾਰ, ਵੈਜਿੰਗ, ਸੈਰ-ਸਪਾਟਾ ਅਤੇ ਇਤਿਹਾਸਕ ਸੰਭਾਲ ਕਮੇਟੀ ਦਾ ਉਪ ਚੇਅਰ ਅਤੇ ਸਿਹਤ, ਮਨੁੱਖੀ ਸੇਵਾਵਾਂ ਅਤੇ ਸੀਨੀਅਰ ਸਿਟੀਜ਼ਨ ਕਮੇਟੀ ਦਾ ਮੈਂਬਰ ਵੀ ਹੈ। ਕੋਵਿਡ-19 ਮਹਾਮਾਰੀ ਦੌਰਾਨ ਉਸਨੇ ਸਥਾਨਕ ਆਰਥਿਕਤਾ ਲਈ ਕੋਰੋਨਾਵਾਇਰਸ ਚੁਣੌਤੀਆਂ ਨੂੰ ਹੱਲ ਕਰਨ ਲਈ ਕਾਰੋਬਾਰ, ਭਾਈਚਾਰੇ, ਚਰਚ ਅਤੇ ਗੈਰ-ਲਾਭਕਾਰੀ ਨੇਤਾਵਾਂ ਦੀ ਇੱਕ ਜ਼ਿਲ੍ਹਾ ਵਿਆਪੀ ਸੰਸਥਾ ਬਣਾਈ।


American Freight Corp.
ਡਰਾਈਵਰਾਂ ਅਤੇ ਆਨਰ ਅਪ੍ਰੇਟਰਾਂ (Owner-Operator) ਦੀ ਜ਼ਰੂਰਤ ਹੈ
ਕੈਲੀਫੋਰਨੀਆ ਤੋਂ ਮਿਡਵੈਸਟ, ਕੈਲੀਫੋਰਨੀਆ ਤੋਂ ਈਸਟ ਕੋਸਟ, ਕੈਲੀਫੋਰਨੀਆ ਤੋਂ ਟੈਕਸਸ (Texas)
ਡਰਾਈਵਰ ਦਾ ਘੱਟੋ ਘੱਟ ਦੋ ਸਾਲ ਦਾ ਤਜਰਬਾ ਹੋਵੇ
ਡਰਾਈਵਰਾਂ ਦੀ ਜ਼ਰੂਰਤ ਹੈ
Need Team & Solo Driver
With 2 Year Experience




(209) 405-1544
127 Darcy Parkway, Lathrop, CA 95330

# BASRA

## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




Basra Heating & Air Conditioning has trained technicians and the right equipment to solve the problem fast and at a reasonable price.

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਬਲੈਕ ਪੈਂਥਰ ਸਟੰਟਮੈਨ ਤਾਰਾਜਾ ਰਾਮਸੇਸ ਤੇ ਉਸ ਦੇ 3 ਬੱਚਿਆਂ ਦੀ ਕਾਰ ਹਾਦਸੇ 'ਚ ਮੌਤ




ਨਿਊਯਾਰਕ : ਬੀਤੇ ਦਿਨ "ਬਲੈਕ ਪੈਂਥਰ" ਅਤੇ 'ਐਵੇਂਜਰਸ' ਫਿਲਮਾਂ 'ਚ ਕੰਮ ਕਰਨ ਵਾਲੇ ਸਟੰਟਮੈਨ ਅਤੇ ਅਦਾਕਾਰ ਤਾਰਾਜਾ ਰਾਮਸੇਸ ਦੀ ਜਾਰਜੀਆ ਵਿੱਚ ਇੱਕ ਕਾਰ ਹਾਦਸੇ ਵਿੱਚ ਆਪਣੇ ਤਿੰਨ ਬੱਚਿਆਂ ਸਮੇਤ ਮੌਤ ਹੋ ਗਈ। 41 ਸਾਲਾ ਰੈਮਸੇਸ ਅਤੇ ਉਸ ਦੇ ਪੰਜ ਬੱਚੇ ਰਾਤ ਨੂੰ ਅਟਲਾਂਟਾ ਨੇੜੇ ਇੰਟਰਸਟੇਟ 20 'ਤੇ ਸਫ਼ਰ ਕਰ ਰਹੇ ਸਨ, ਜਦੋਂ ਉਹ ਇੱਕ ਟਰੈਕਟਰ-ਟਰੇਲਰ ਨਾਲ ਟਕਰਾ ਗਏ।

ਉਹਨਾਂ ਦੀ ਮੌਤ ਗੱਡੀ ਟਰੈਕਟਰ ਟ ?ਰੇਲਰ ਵਿੱਚ ਵੱਜਣ ਕਾਰਨ ਹੋਈ। ਰਾਮਸੇਸ ਦੀ ਮਾਂ ਅਕੀਲੀ ਰਾਮਸੇਸ, ਜੋ ਕਿ ਨੈਸ਼ਨਲ ਪ੍ਰੈਸ ਫੋਟੋਗ੍ਰਾਫਰ ਐਸੋਸੀਏਸ਼ਨ ਦੀ ਕਾਰਜਕਾਰੀ ਨਿਰਦੇਸ਼ਕ ਹੈ, ਨੇ ਇੱਕ ਇੰਸਟਾਗ੍ਰਾਮ ਪੋਸਟ ਵਿੱਚ ਆਪਣੇ ਪੁੱਤਰ ਦੀ ਮੌਤ ਦੀ ਪੁਸ਼ਟੀ ਕਰਦਿਆਂ ਲਿਖਿਆ ਕਿ ਉਸ ਦੀਆਂ ਦੋ ਪੋਤੀਆਂ ਸੁੰਦਰੀ (13) ਅਤੇ ਫੁਜੀਬੋ, ਜੋ ਸਿਰਫ 8 ਹਫਤਿਆਂ ਦੀ ਸੀ, ਦੀ ਵੀ ਮੌਤ ਹੋ ਗਈ। ਹੋਰ ਦੋ ਧੀਆਂ ਹਾਦਸੇ ਵਿੱਚ ਬਚ ਗਈਆਂ। ਅਤੇ ਦੋ ਦਿਨਾਂ ਬਾਅਦ ਅਕੀਲੀ ਨੇ ਲਿਖਿਆ ਕਿ ਉਸ ਦਾ 10 ਸਾਲਾ ਦਾ ਪੋਤਾ ਕਿਸਾਸੀ ਹਸਪਤਾਲ ਵਿੱਚ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਦਮ ਤੋੜ ਗਿਆ। ਮਾਂ ਅਕੀਲੀ ਨੇ ਲਿਖਿਆ ਕਿ ਉਹਨਾਂ ਦੇ ਪੁੱਤਰ 'ਕਿਸਾਸੀ ਰਾਮਸੇਸ' ਨੇ 'ਐਵੇਂਜਰਜ਼: ਐਂਡ ਗੇਮ', 'ਬਲੈਕ ਪੈਂਥਰ: ਵਾਕੰਡਾ ਫਾਰਐਵਰ', 'ਕ੍ਰੀਡ ਸਮੇਤ ਕਈ ਫਿਲਮਾਂ ਵਿੱਚ ਇੱਕ ਸਟੰਟਮੈਨ, ਅਭਿਨੇਤਾ ਅਤੇ ਮਾਰਸ਼ਲ ਕਲਾਕਾਰ ਵਜੋਂ ਕੰਮ ਕੀਤਾ।

# ਧੋਖਾਧੜੀ ਮਾਮਲੇ ਦੀ ਸੁਣਵਾਈ ਲਈ ਅਦਾਲਤ ਪਹੁੰਚੇ ਟਰੰਪ, ਆਪਣੇ ਤੇ ਲੱਗੇ ਦੋਸ਼ਾਂ ਨੂੰ ਨਕਾਰਿਆ

ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਮੁਸ਼ਕਲਾਂ ਲਗਾਤਾਰ ਵੱਧਦੀਆਂ ਜਾ ਰਹੀਆਂ ਹਨ। ਸੋਮਵਾਰ ਨੂੰ ਸਾਬਕਾ ਰਾਸ਼ਟਰਪਤੀ ਟਰੰਪ ਧੋਖਾਧੜੀ ਦੇ ਮਾਮਲੇ ਵਿਚ ਗਵਾਹੀ ਦੇਣ ਨਿਊਯਾਰਕ ਸੁਪਰੀਮ ਕੋਰਟ ਪਹੁੰਚੇ। ਇੱਥੇ ਸੁਣਵਾਈ ਦੌਰਾਨ ਉਹ ਜੱਜ ਨਾਲ ਹੀ ਭਿੜ ਗਏ। ਰਿਪਬਲਿਕਨ ਪਾਰਟੀ ਵਲੋਂ ਰਾਸ਼ਟਰਪਤੀ ਅਹੁਦੇ ਦੀ ਦੌੜ ਵਿਚ ਸ਼ਾਮਲ ਟਰੰਪ ਨੇ ਖ਼ੁਦ 'ਤੇ ਲੱਗੇ ਦੋਸ਼ਾਂ ਦਾ ਜ਼ੋਰਦਾਰ ਖੰਡਨ ਕੀਤਾ। ਟਰੰਪ ਨੇ ਆਪਣੀ ਜਾਇਦਾਦ ਵਿਚ ਬੇਤਹਾਸ਼ਾ ਵਾਧੇ ਦੇ ਦੋਸ਼ਾਂ ਤੋਂ ਵੀ ਇਨਕਾਰ ਕੀਤਾ। ਨਾਲ ਹੀ ਇਸ ਦੋਸ਼ ਨੂੰ ਵੀ ਨਕਾਰ ਦਿੱਤਾ ਕਿ ਉਨ੍ਹਾਂ ਨੇ ਬੈਂਕ ਨੂੰ ਆਪਣੀ ਸੰਪਤੀ ਬਾਰੇ ਗਲਤ ਜਾਣਕਾਰੀ ਦਿੱਤੀ ਸੀ। ਅਦਾਲਤੀ ਕਾਰਵਾਈ ਦੌਰਾਨ ਟਰੰਪ ਨੇ ਪਾਬੰਦੀ ਦੇ ਹੁਕਮ ਦੀ ਉਲੰਘਣਾ ਕਰਨ ਦੇ ਦੋਸ਼ਾਂ ਤੋਂ ਇਨਕਾਰ ਕੀਤਾ। ਹਾਲਾਂਕਿ ਜੱਜ ਨੇ ਉਨ੍ਹਾਂ ਨੂੰ ਜੁਰਮਾਨਾ ਕੀਤਾ ਹੈ। ਟਰੰਪ ਨੇ ਕੋਰਟ ਰੂਮ ਦੇ ਬਾਹਰ ਮੀਡੀਆ ਨਾਲ ਗੱਲ ਕਰਦੇ ਹੋਏ ਜ਼ਿਆਦਾਤਰ ਆਪਣੇ ਪੱਖ 'ਚ ਗੱਲ ਕੀਤੀ ਅਤੇ ਆਪਣਾ ਗੁੱਸਾ ਜ਼ਾਹਰ ਕੀਤਾ। ਟਰੰਪ ਨੇ ਅਦਾਲਤ ਤੋਂ ਬਾਹਰ ਨਿਕਲ ਕੇ ਦੋ ਮਿੰਟ ਲਈ ਕੈਮਰਿਆਂ ਨੂੰ ਸੰਬੋਧਨ ਕੀਤਾ ਅਤੇ ਇਸ ਨੂੰ



ਅਮਰੀਕਾ ਲਈ ਦੁਖਦਾਈ ਦਿਨ ਦੱਸਿਆ। ਆਪਣੇ ਵਕੀਲਾਂ ਦੇ ਨਾਲ ਖੜ੍ਹੇ ਹੋਏ, ਟਰੰਪ ਨੇ ਕਿਹਾ ਕਿ ਇਸ ਕੇਸ ਨੂੰ ਤੁਰੰਤ ਖਾਰਜ ਕੀਤਾ ਜਾਣਾ ਚਾਹੀਦਾ ਹੈ।

ਅਟਾਰਨੀ ਜਨਰਲ ਦਾ ਦੋਸ਼ ਹੈ ਕਿ ਟਰੰਪ ਅਤੇ ਹੋਰ ਸਹਿ-ਦੋਸ਼ੀਆਂ ਨੇ ਆਪਣੀਆਂ ਜਾਇਦਾਦਾਂ ਦੀ ਕੀਮਤ ਦਾ ਗਲਤ ਮੁਲਾਂਕਣ ਦਰਸਾ ਕੇ ਕਰਜ਼ ਅਤੇ ਇੰਸ਼ਯੋਰੈਂਸ ਪਾਲਿਸੀ ਦਾ ਫਾਇਦਾ ਲਿਆ। ਬੀਤੇ ਮਹੀਨੇ ਦੀ ਸ਼ੁਰੂਆਤ ਵਿਚ ਇਸ ਮਾਮਲੇ ਦੀ ਸੁਣਵਾਈ ਸ਼ੁਰੂ ਹੋਈ। ਇਸ ਮਾਮਲੇ ਵਿਚ ਟਰੰਪ ਅਤੇ ਉਨ੍ਹਾਂ ਦੇ ਦੋਹਾਂ ਪੁੱਤਾਂ ਨੂੰ ਵੀ ਦੋਸ਼ੀ ਬਣਾਇਆ ਗਿਆ ਹੈ। ਅਟਾਰਨੀ ਜਨਰਲ ਨੇ ਟਰੰਪ 'ਤੇ ਗਲਤ ਵਿੱਤੀ ਦਸਤਾਵੇਜ਼ ਬਣਾਉਣ, ਧੋਖਾਧੜੀ ਦੀ ਸਾਜ਼ਿਸ਼ ਰਚਣ ਅਤੇ ਗਲਤ ਫਾਈਨੈਂਸ਼ੀਅ ਸਟੇਟਮੈਂਟ ਜਾਰੀ ਕਰਨ, ਬੀਮਾ 'ਚ ਧੋਖਾਧੜੀ ਤੇ ਸਾਜ਼ਿਸ਼ ਰਚਣ ਵਰਗੇ ਦੋਸ਼ ਵੀ ਲਾਏ ਹਨ। ਸੁਣਵਾਈ ਦੌਰਾਨ ਡੋਨਾਲਡ ਟਰੰਪ ਨੇ ਜੱਜ ਆਰਥਰ ਐਂਗੋਰੋਨ 'ਤੇ ਕਈ ਵਾਰ ਸ਼ਬਦੀ ਹਮਲਾ ਕੀਤਾ। ਇਸ ਦੌਰਾਨ ਟਰੰਪ ਨੇ ਕਿਹਾ ਕਿ ਮੈਨੂੰ ਯਕੀਨ ਹੈ ਕਿ ਜੱਜ ਐਂਗੋਰੋਨ ਮੇਰੇ ਖਿਲਾਫ ਫੈਸਲਾ ਸੁਣਾਉਣਗੇ, ਕਿਉਂਕਿ ਉਹ ਹਮੇਸ਼ਾ ਮੇਰੇ ਖਿਲਾਫ ਫੈਸਲਾ ਸੁਣਾਉਂਦੇ ਹਨ। ਟਰੰਪ ਸੁਣਵਾਈ ਦੌਰਾਨ ਪੁੱਛੇ ਜਾ ਰਹੇ ਸਵਾਲਾਂ ਦੇ ਲੰਬੇ-ਲੰਬੇ ਜਵਾਬ ਦੇ ਰਹੇ ਸਨ, ਜਿਸ ਕਾਰਨ ਜੱਜ ਪਰੇਸ਼ਾਨ ਹੋ ਗਏ। ਇਸ ਦੌਰਾਨ ਟਰੰਪ ਦੇ ਵਕੀਲ ਕ੍ਰਿਸਟੋਫਰ ਕਿੱਸ ਨੇ ਆਪਣੇ ਤਰੀਕੇ ਨਾਲ ਜਵਾਬ ਦੇਣ ਦੀ ਇਜਾਜ਼ਤ ਮੰਗੀ। ਕੁਝ ਸਮੇਂ ਬਾਅਦ ਜੱਜ ਵੀ ਗੁੱਸੇ ਵਿਚ ਆ ਗਏ। ਉਨ੍ਹਾਂ ਕਿਹਾ ਕਿ ਮੈਂ ਇੱਥੇ ਇਹ ਸੁਣਨ ਲਈ ਨਹੀਂ ਹਾਂ ਕਿ ਟਰੰਪ ਨੂੰ ਕੀ ਕਹਿਣਾ ਹੈ। ਮੈਂ ਇਨ੍ਹਾਂ ਸਵਾਲਾਂ ਦੇ ਜਵਾਬ ਸੁਣਨ ਆਇਆ ਹਾਂ।

# ਅਮਰੀਕਾ 'ਚ ਭਾਰਤੀਆਂ ਨੂੰ ਮਿਲੇ ਸਭ ਤੋਂ ਵੱਧ ਗੋਲਡਨ ਵੀਜ਼ੇ

ਨਵੀਂ ਦਿੱਲੀ : ਭਾਰਤੀਆਂ ਨੇ ਵੱਡੀ ਗਿਣਤੀ ਵਿਚ ਅਮਰੀਕਾ ਵਿੱਚ ਗੋਲਡਨ ਵੀਜ਼ਾ (52-5) ਪ੍ਰਾਪਤ ਕੀਤਾ ਹੈ। 2021 ਵਿੱਚ 876 ਭਾਰਤੀਆਂ ਨੂੰ ਗੋਲਡਨ ਵੀਜ਼ਾ ਮਿਲਿਆ ਜਦੋਂ ਕਿ 2022 ਵਿੱਚ 1381 ਨੂੰ ਗੋਲਡਨ ਵੀਜ਼ਾ ਮਿਲਿਆ। ਸੰਭਾਵਨਾ ਹੈ ਕਿ 2023 ਵਿੱਚ ਲਗਭਗ 1600 ਭਾਰਤੀਆਂ ਨੂੰ ਗੋਲਡਨ ਵੀਜ਼ਾ ਮਿਲ ਜਾਵੇਗਾ। ਇਹ ਵੀਜ਼ਾ ਪ੍ਰਾਪਤ ਕਰਨ ਲਈ ਅਮਰੀਕਾ ਵਿੱਚ ਘੱਟੋ-ਘੱਟ 6.5 ਸਾਲ ਕਰੋੜਾਂ ਰੁਪਏ ਦਾ ਨਿਵੇਸ਼ ਕਰਨਾ ਪੈਂਦਾ ਹੈ। ਯੂ.ਐਸ ਇਮੀਗ੍ਰੇਸ਼ਨ ਫੰਡ ਦੇ ਨਿਕੋਲਸ ਹੇਨਸ ਦਾ ਕਹਿਣਾ ਹੈ ਕਿ ਗ੍ਰੀਨ ਕਾਰਡ ਵਿੱਚ ਦੇਰੀ ਕਾਰਨ ਸੁਪਰ ਅਮੀਰ ਭਾਰਤੀਆਂ ਵਿੱਚ ਇਸ ਦਾ ਇੱਕ ਮਜ਼ਬੂਤ ਰੁਝਾਨ ਹੈ। ਚੰਗੀ ਗੱਲ ਇਹ ਹੈ ਕਿ ਗੋਲਡਨ ਵੀਜ਼ਾ ਲਈ ਕਿਸੇ ਸਪਾਂਸਰ ਜਾਂ ਪੇਸ਼ੇਵਰ ਡਿਗਰੀ ਦੀ ਲੋੜ ਨਹੀਂ ਹੁੰਦੀ। ਗੋਲਡਨ ਵੀਜ਼ਾ ਦੇ ਵੀ ਕਈ ਫ਼ਾਇਦੇ ਹਨ। ਇਸ ਤੋਂ ਬਾਅਦ ਅਮਰੀਕਾ ਦੀ ਨਾਗਰਿਕਤਾ ਮਿਲਣੀ ਬਹੁਤ ਆਸਾਨ ਹੋ ਜਾਂਦੀ




ਹੈ। ਨਾਲ ਹੀ ਇਸ ਨੂੰ ਅਪਲਾਈ ਕਰਨ ਵਾਲੇ ਦੇ ਪੂਰੇ ਪਰਿਵਾਰ ਨੂੰ ਅਮਰੀਕਾ ਵਿਚ ਸੈਟਲ ਹੋਣ ਦੀ ਇਜਾਜ਼ਤ ਮਿਲ ਜਾਂਦੀ ਹੈ।

**ਅਮਰੀਕੀ ਆਰਥਿਕਤਾ ਨੂੰ ਲਾਭ :** ਘੱਟੋ-ਘੱਟ 6.5 ਕਰੋੜ ਗੋਲਡਨ ਵੀਜ਼ਾ ਧਾਰਕਾਂ ਨੂੰ ਹਾਸਲ ਕਰਨ ਤੋਂ ਬਾਅਦ ਅਮਰੀਕਾ ਨੇ 20 ਬਿਨੈਕਾਰਾਂ ਦਾ ਪੂਲ ਬਣਾਇਆ ਹੋਵੇਗਾ। ਅਸਲ ਵਿਚ ਅਮਰੀਕੀ ਸਰਕਾਰ ਰੀਅਲ ਅਸਟੇਟ ਵਿੱਚ ਸ਼ਾਮਲ ਹੈ। ਬਦਲੇ ਵਿੱਚ ਅਮਰੀਕਾ ਨਿਯਮਤ ਵਿਆਜ ਕਮਾਉਣਾ ਜਾਰੀ ਰੱਖਦਾ ਹੈ। ਰੁਜ਼ਗਾਰ ਦੇ ਠੇਕੇ ਹੀ ਵਧਦੇ ਹਨ। ਇਸ ਨਾਲ ਅਮਰੀਕੀ ਅਰਥਵਿਵਸਥਾ ਨੂੰ ਵੱਡਾ ਲਾਭ ਮਿਲਦਾ ਹੈ। 2016 ਵਿੱਚ ਸ਼ੁਰੂ ਹੋਈ ਇਹ ਸਕੀਮ 2019 ਅਤੇ 2020 ਵਿੱਚ ਬੰਦ ਕਰ ਦਿੱਤੀ ਗਈ ਸੀ। ਉਦੋਂ ਘੱਟੋ-ਘੱਟ 4.5 ਕਰੋੜ ਰੁਪਏ ਦਾ ਨਿਵੇਸ਼ ਕਰਨਾ ਲਾਜ਼ਮੀ ਹੁੰਦਾ ਸੀ। ਜਦੋਂ ਇਹ 2021 ਵਿੱਚ ਦੁਬਾਰਾ ਸ਼ੁਰੂ ਹੋਇਆ, ਤਾਂ ਘੱਟੋ-ਘੱਟ ਰਕਮ ਵਧਾ ਕੇ 6.5 ਕਰੋੜ ਰੁਪਏ ਕਰ ਦਿੱਤੀ ਗਈ।

ਇਸ ਵੀਜ਼ੇ ਨੂੰ ਨਿਵੇਸ਼ ਦੁਆਰਾ ਨਿਵਾਸ ਜਾਂ ਨਿਵੇਸ਼ ਦੁਆਰਾ ਨਾਗਰਿਕਤਾ ਵਜੋਂ ਵੀ ਜਾਣਿਆ ਜਾਂਦਾ ਹੈ। ਗੋਲਡਨ ਵੀਜ਼ਾ ਕਈ ਦੇਸ਼ਾਂ ਦੁਆਰਾ ਪੇਸ਼ ਕੀਤਾ ਜਾਂਦਾ ਇੱਕ ਪ੍ਰੋਗਰਾਮ ਹੈ ਜੋ ਗੈਰ-ਨਿਵਾਸੀਆਂ ਨੂੰ ਵੀਜ਼ਾ ਦੇਣ ਵਾਲੇ ਦੇਸ਼ ਵਿੱਚ ਕੀਤੇ ਗਏ ਨਿਵੇਸ਼ਾਂ ਦੇ ਅਧਾਰ ਤੇ ਨਿਵਾਸ ਜਾਂ ਨਾਗਰਿਕਤਾ ਪ੍ਰਾਪਤ ਕਰਨ ਦੀ ਆਗਿਆ ਦਿੰਦਾ ਹੈ। ਇਹ ਵੀਜ਼ਾ ਪ੍ਰੋਗਰਾਮ ਲੋਕਾਂ ਨੂੰ ਆਪਣੀ ਪਸੰਦ ਦੇ ਦੇਸ਼ ਵਿੱਚ ਤਬਦੀਲ ਹੋਣ ਅਤੇ ਅੰਤ ਵਿੱਚ ਸਾਰੇ ਕਾਨੂੰਨੀ ਅਧਿਕਾਰਾਂ ਦੇ ਨਾਲ ਨਿਵਾਸੀ ਬਣਨ ਦਾ ਮੌਕਾ ਦਿੰਦਾ ਹੈ। ਪਰਿਵਾਰਕ ਮੈਂਬਰ ਵੀ ਗੋਲਡਨ ਵੀਜ਼ਾ ਰੂਟ ਰਾਹੀਂ ਅਪਲਾਈ ਕਰ ਸਕਦੇ ਹਨ।

# ਪਤਨੀ ਦਾ ਕਤਲ ਕਰਨ ਦੇ ਦੋਸ਼ੀ ਭਾਰਤੀ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ


ਹਿਊਸਟਨ : ਅਮਰੀਕਾ ਦੇ ਫਲੋਰੀਡਾ ਸੂਬੇ ਵਿਚ ਇਕ ਭਾਰਤੀ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਭਾਰਤੀ ਵਿਅਕਤੀ ਨੇ 2020 ਵਿਚ ਆਪਣੀ ਪਤਨੀ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਸੀ। ਇਕ ਮੀਡੀਆ ਰਿਪੋਰਟ ਮੁਤਾਬਕ ਦੋਸ਼ੀ ਨੇ ਇਕ ਹਸਪਤਾਲ ਦੇ ਪਾਰਕਿੰਗ ਖੇਤਰ ਵਿਚ ਆਪਣੀ ਪਤਨੀ ਦਾ ਕਤਲ ਕਰ ਦਿੱਤਾ ਸੀ, ਜਿੱਥੇ ਉਹ ਨਰਸ ਵਜੋਂ ਕੰਮ ਕਰਦੀ ਸੀ। 'ਦਿ ਸਨ ਸੈਂਟੀਨੇਲ' ਅਖ਼ਬਾਰ ਨੇ ਰਿਪੋਰਟ ਦਿੱਤੀ ਕਿ ਫਿਲਿਪ ਮੈਥਿਊਜ਼ ਨੇ ਮੈਰੀਅਨ ਜੋਏ ਦੇ ਕਤਲ ਦੇ ਦੋਸ਼ ਲਈ ਕੋਈ ਵਿਰੋਧ ਨਹੀਂ ਕੀਤਾ। ਮਾਰਿਨ ਜੋਏ ਆਪਣੇ ਪਤੀ ਨਾਲ ਤਣਾਅਪੂਰਨ ਅਤੇ ਅਪਮਾਨਜਨਕ ਰਿਸ਼ਤੇ ਨੂੰ ਖ਼ਤਮ ਕਰਨ ਬਾਰੇ ਵਿਚਾਰ ਕਰ ਰਹੀ ਸੀ। ਪੁਲਸ ਨੇ ਦੱਸਿਆ ਕਿ ਇਹ ਘਟਨਾ 2020 ਵਿੱਚ ਵਾਪਰੀ ਸੀ ਜਦੋਂ ਬ੍ਰੋਵਾਰਡ ਹੈਲਥ ਕੋਰਲ ਸਪ੍ਰਿੰਗਜ਼ ਵਿੱਚ ਨਰਸ ਵਜੋਂ ਕੰਮ ਕਰਦੇ ਜੋਏ (26) ਨੂੰ 17 ਵਾਰ ਚਾਕੂ ਮਾਰਿਆ ਗਿਆ ਸੀ। ਪੁਲਸ ਨੇ ਕਿਹਾ ਕਿ ਮੈਥਿਊ ਨੇ ਆਪਣੀ ਕਾਰ ਨਾਲ ਉਸਦੀ ਕਾਰ



ਨੂੰ ਰੋਕਿਆ, ਉਸਨੂੰ ਵਾਰ-ਵਾਰ ਟੱਕਰ ਮਾਰੀ ਅਤੇ ਫਿਰ ਜ਼ਮੀਨ 'ਤੇ ਡਿੱਗਣ ਤੋਂ ਬਾਅਦ ਉਸ ਨੂੰ ਗੱਡੀ ਨਾਲ ਕੁਚਲ ਦਿੱਤਾ। ਪੁਲਸ ਨੇ ਦੱਸਿਆ ਕਿ ਮਰਨ ਤੋਂ ਪਹਿਲਾਂ ਜੋਏ ਨੇ ਆਪਣੇ ਹਮਲਾਵਰ ਦੀ ਪਛਾਣ ਦੱਸੀ ਸੀ। ਜੋਏ ਦੇ ਰਿਸ਼ਤੇਦਾਰ ਜੋਬੀ ਫਿਲਿਪ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਜੋਏ ਦੀ ਮਾਂ 'ਇਹ ਜਾਣ ਕੇ ਖੁਸ਼ ਸੀ ਕਿ ਉਸਦੀ ਧੀ ਦਾ ਕਾਤਲ ਉਮਰ ਕੈਦ ਦੀ ਸਜ਼ਾ ਕੱਟੇਗਾ ਅਤੇ ਇਹ ਜਾਣ ਕੇ ਰਾਹਤ ਮਿਲੀ ਕਿ ਕਾਨੂੰਨੀ ਪ੍ਰਕਿਰਿਆ ਪੂਰੀ ਹੋ ਗਈ ਹੈ।'

# ਅਮਰੀਕਾ 'ਚ ਖਤਰੇ ਦੇ ਮੱਦੇਨਜਰ ਕਈ ਯਹੂਦੀ ਹਥਿਆਰ ਖਰੀਦਣ ਤੇ ਹਥਿਆਰ ਚਲਾਉਣ ਦੀ ਸਿਖਲਾਈ ਲੈਣ ਲੱਗੇ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਗਾਜ਼ਾ ਪੱਟੀ ਵਿਚ ਇਸਰਾਈਲ ਤੇ ਹਮਾਸ ਵਿਚਾਲੇ ਚੱਲ ਰਹੀ ਜੰਗ ਦੇ ਮੱਦੇਨਜਰ ਅਮਰੀਕਾ ਵਿਚ ਯਹੂਦੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਵਿਚ ਵਾਧਾ ਹੋਇਆ ਹੈ ਜਿਸ ਕਾਰਨ ਯਹੂਦੀ ਆਪਣੀ ਜਾਨ ਨੂੰ ਖਤਰਾ ਮਹਿਸੂਸ ਕਰ ਰਹੇ ਹਨ। ਐਂਟੀ ਡੈਫਾਮੇਸ਼ਨ ਲੀਗ ਅਨੁਸਾਰ ਇਸਰਾਈਲ ਤੇ ਫਲਸਤੀਨੀ ਅੱਤਵਾਦੀ ਗਰੁੱਪ ਹਮਾਸ ਵਿਚਾਲੇ ਜੰਗ ਦੇ ਪਹਿਲੇ 3 ਹਫਤਿਆਂ ਦੌਰਾਨ ਸਮੁੱਚੇ



ਅਮਰੀਕਾ ਵਿਚ ਯਹੂਦੀਆਂ ਨੂੰ ਤੰਗ ਪ੍ਰੇਸ਼ਾਨ ਕਰਨ ਸਮੇਤ ਹਮਲਿਆਂ ਦੀਆਂ 312 ਘਟਨਾਵਾਂ ਵਾਪਰੀਆਂ ਹਨ ਜਿਸ ਕਾਰਨ ਯਹੂਦੀਆਂ ਵਿਚ ਅਸੁਰੱਖਿਆ ਦੀ ਭਾਵਨਾ ਵਧੀ ਹੈ। ਹਾਲ ਹੀ ਵਿਚ ਗੰਨ ਰੇਂਜ ਆਪਰੇਟਰਜ, ਫਾਇਰ ਆਰਮਜ ਇੰਸਟਰਕਟਰਜ ਤੇ ਯਹੂਦੀਆਂ ਨਾਲ ਇਕ ਚੈਨਲ ਵੱਲੋਂ ਕੀਤੀ ਇੰਟਰਵਿਊ ਵਿਚ ਖੁਲਾਸਾ ਹੋਇਆ ਹੈ ਕਿ ਯਹੂਦੀਆਂ ਨੂੰ ਮਿਲ ਰਹੀਆਂ ਧਮਕੀਆਂ ਕਾਰਨ ਬਹੁਤ ਸਾਰੇ ਯਹੂਦੀ ਨੌਜਵਾਨ ਹਥਿਆਰ ਖਰੀਦਣ ਤੇ ਹਥਿਆਰ ਚਲਾਉਣ ਦੀ ਸਿਖਲਾਈ ਲੈਣ ਵਿਚ ਦਿਲਚਸਪੀ ਲੈਣ ਲੱਗੇ ਹਨ ਤਾਂ ਜੋ ਉਹ ਆਪਣੇ ਪਰਿਵਾਰ ਤੇ ਭਾਈਚਾਰੇ ਦੀ ਰਾਖੀ ਕਰ ਸਕਣ।

# ਗੁਰਮੁਖੀ ਦੀ ਬੇਟੀ !



ਪੰਜਾਬੀ ਦੇ ਨਾਮਵਰ ਸਾਹਿਤਕਾਰ ਸ੍ਰੀ ਨਿਰੰਜਣ ਬੋਹਾ ਜੀ ਕੁੱਝ ਦਿਨ ਪਹਿਲਾਂ ਪ੍ਰਵਾਰ ਸਮੇਤ ਤਖਤ ਸ੍ਰੀ ਦਮਦਮਾ ਸਾਹਿਬ ਸਾਬ ?ਹੋ ਕੀ ਤਲਵੰਡੀ ਦਰਸ਼ਨਾਂ ਵਾਸਤੇ ਗਏ ਤਾਂ ਦਸਮੇਸ਼ ਪਿਤਾ ਵਲੋਂ ਕਲਮਾਂ ਨੂੰ ਬਖਸ਼ੇ ਹੋਏ ਵਰੁ-

'ਤਿਨ ਕੇ ਕਾਰਨ ਕਲਮ ਗਢ
ਦੇਤ ਪ੍ਰਗਟ ਹਮ ਡਾਰ।
ਸਿੱਖ ਸਖਾ ਇਹ ਪੜ੍ਹੈਂ ਗੇ
ਹਮਰੇ ਕਈ ਹਜਾਰ।' (ਗੁਰ ਵਿਲਾਸ ੧੦)

ਇਸ ਮੌਕੇ ਗੁਰਦੁਆਰਾ ਲਿਖਣ ਸਰ ਵਿਖੇ ਬੋਹਾ ਜੀ ਦੀ ਪੋਤਰੀ ਰਹਿਮਤ ਰਾਵੀ ਵੱਡੇ ਚਾਅ ਨਾਲ ? ਗੁਰਮੁਖੀ ਦੇ ਖੁਸ਼ਖਤ ਅੱਖਰ ਲਿਖ ਕੇ ਗੁਰੂ ਪਾਤਸ਼ਾਹ ਪਾਸੋਂ ਵਿੱਦਿਆ ਦਾਨ ਦੀ ਪਾਤਰ ਬਣੀ ਹੋਈ ਜਾਪਦੀ ਹੈ !

ਪੇਸ਼ਕਸ਼-ਤਰਲੋਚਨ ਸਿੰਘ 'ਦੁਪਾਲ ਪੁਰ'

# ਦੋ ਸਿੱਖ ਵਿਦਵਾਨਾਂ ਨੂੰ ਖਤ !

ੴ ਸਤਿਗੁਰ ਪ੍ਰਸਾਦ
ਮਾਨਯੋਗ ਡਾਕਟਰ ਬਲਕਾਰ ਸਿੰਘ ਜੀ
ਅਤੇ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਜੀ
ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹਿ ॥

ਸਰਦਾਰ ਸਾਹਿਬ ਜੀ ਬੇਨਤੀ ਹੈ ਕਿ 'ਪੰਜਾਬੀ ਟ੍ਰਿਬਿਊਨ' (1 ਨਵੰਬਰ 2023) ਦੇ ਸਫਾ ਨੰਬਰ 2 ਉੱਤੇ ਛਪੀ ਇੱਕ ਖਬਰ ਅਨੁਸਾਰ ਕੁੱਝ ਸਿੱਖ ਬੁੱਧੀ ਜੀਵੀਆਂ ਨੇ ਸੁਖਬੀਰ ਸਿੰਘ ਬਾਦਲ ਨਾਲ ਮੀਟਿੰਗ ਕਰਕੇ ਅਕਾਲੀ ਦਲ ਨੂੰ ਅਪੀਲ ਕੀਤੀ ਹੈ ਕਿ ਉਹ ਐੱਸ.ਵਾਈ.ਐੱਲ ਅਤੇ ਹੋਰ ਮਸਲਿਆਂ ਬਾਰੇ ਸਰਬ ਪਾਰਟੀ ਮੀਟਿੰਗ ਦੀ ਪਹਿਲ ਕਦਮੀਂ ਕਰੇ!

ਇਸ ਖਬਰ ਵਿੱਚ ਆਪ ਜੀ ਦਾ ਨਾਮ ਵੀ ਹੈ। ਜੇ ਇਹ ਖਬਰ ਸੱਚ ਹੈ ਤਾਂ ਮੈਂ ਨਿਮਾਣਾ ਜਿਹਾ ਪੰਥ ਦਰਦੀ ਹੋਣ ਨਾਤੇ ਆਪ ਜੀ ਨੂੰ ਸਨਿਮਰ ਅਰਜ ਕਰਦਾ ਹਾਂ ਕਿ ਵਰਤਮਾਨ ਸਮੇਂ ਅਕਾਲੀ ਦਲ ਨੂੰ ਕੋਈ ਸਲਾਹ ਮਸ਼ਵਰਾ ਦੇਣ ਤੋਂ ਪਹਿਲਾਂ ਇਸ ਪਾਰਟੀ ਤੋਂ ਚੰਦਰੀ ਬਾਦਲੀ-ਪੰਜਾਲੀ ਲਾਹੁਣ ਦਾ ਕੋਈ ਹੀਲਾ-ਵਸੀਲਾ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ!

ਜੇ ਸੁਖਬੀਰ ਬਾਦਲ ਦੇ ਪ੍ਰਧਾਨ ਹੁੰਦਿਆਂ ਆਪ ਜੈਸੇ ਸਿੱਖ ਚਿੰਤਕ ਉਸ ਨਾਲ ਕੋਈ ਮੀਟਿੰਗਾਂ ਵਗੈਰਾ ਕਰਦੇ ਹਨ ਤਾਂ ਆਮ ਸਿੱਖਾਂ ਵਿੱਚ ਇਹ ਪ੍ਰਭਾਵ ਜਾਵੇ ਗਾ ਕਿ ਤੁਸੀਂ ਵੀ ਉਸਨੂੰ ਪ੍ਰਧਾਨ ਵਜੋਂ ਮਾਨਤਾ ਦੇ ਰਹੇ ਹੋ !

ਆਪ ਜੀ ਨੂੰ ਇਹ ਦੱਸਣ ਦੀ ਤਾਂ ਲੋੜ ਨਹੀਂ ਕਿ ਪੰਥਕ ਜਮਾਤ ਸ਼੍ਰੋਮਣੀ ਅਕਾਲੀ ਦਲ ਨੂੰ 'ਬਾਦਲ ਦਲ' ਫਿਰ ਬਿਅਦਬੀ ਦਲ ਬਣਾ ਦੇਣ ਦਾ ਗੁਨਾਹਗਾਰ ਏਹੀ ਬਾਦਲ ਟੱਬਰ ਹੈ !

ਸੋ ਬਰਾਏ ਮਿਹਰਬਾਨੀ ਜੇ ਤੁਹਾਡਾ ਨਾਂ ਇਸ ਸੂਚੀ ਵਿੱਚ ਬਿਨ-ਪੁੱਛਿਆਂ ਪਾਇਆ ਗਿਆ ਹੈ ਤਾਂ ਆਪ ਜੀ ਨੂੰ ਇਸ ਖਬਰ ਦੀ ਤਰਦੀਦ ਕਰ ਦੇਣੀ ਚਾਹੀਦੀ ਹੈ ਜੀ!

ਸਤਿਕਾਰਿਤ ਸਰਦਾਰ ਸਾਹਬ ਜੀਓ
ਇਹ ਸਤਰਾਂ ਮੇਰੇ ਦਿਲ ਦਾ ਦਰਦ ਹਨ !
ਬਹੁਤ ਬਹੁਤ ਧੰਨਵਾਦ
ਆਪ ਦਾ ਸ਼ੁੱਭਚਿੰਤਕ,
-ਤਰਲੋਚਨ ਸਿੰਘ ਦੁਪਾਲ ਪੁਰ
ਸਾਬਕਾ ਮੈਂਬਰ S.G.P.C
ਕੈਲੇਫੋਰਨੀਆਂ, U.S.A
001-408-915-1268



# ਈਰਾਨ ’ਚ ਵਿਭਚਾਰ ਦੇ ਦੋਸ਼ ’ਚ ਔਰਤ ਨੂੰ ਮੌਤ ਦੀ ਸਜ਼ਾ



ਤਹਿਰਾਨ : ਈਰਾਨ ਦੀ ਇੱਕ ਅਦਾਲਤ ਨੇ ਵਿਭਚਾਰ ਦੇ ਦੋਸ਼ ਵਿੱਚ ਇੱਕ ਔਰਤ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਈਰਾਨ ਦੇ ਸਰਕਾਰੀ ਮੀਡੀਆ ਨੇ ਇਹ ਜਾਣਕਾਰੀ ਦਿੱਤੀ। ਈਰਾਨ ਦੇ ਇਕ ਅਖ਼ਬਾਰ ਨੇ ਇਕ ਰਿਪੋਰਟ ’ਚ ਕਿਹਾ ਕਿ ਦੋਸ਼ੀ ਇਕ ਮਹਿਲਾ ਜਿਮ ’ਚ ਟਰੇਨਰ ਦੇ ਤੌਰ ’ਤੇ ਕੰਮ ਕਰਦੀ ਸੀ। ਖ਼ਬਰਾਂ ਮੁਤਾਬਕ ਉਸ ਦੇ ਪਤੀ ਨੇ 2022 ’ਚ ਪੁਲਸ ਨਾਲ ਸੰਪਰਕ ਕਰਕੇ ਸ਼ਿਕਾਇਤ ਕੀਤੀ ਸੀ। ਪਤੀ ਦਾ ਦੋਸ਼ ਸੀ ਕਿ ਉਸ ਨੇ ਆਪਣੀ ਪਤਨੀ ਨੂੰ ਉਨ੍ਹਾਂ ਦੇ ਘਰ ਕਿਸੇ ਹੋਰ ਵਿਅਕਤੀ ਨਾਲ ਦੇਖਿਆ ਸੀ। ਸ਼ਿਕਾਇਤ ਅਨੁਸਾਰ ਪਤੀ ਨੂੰ ਨਿਗਰਾਨੀ ਕੈਮਰਿਆਂ ਤੋਂ ਪਤਾ ਲੱਗਾ ਕਿ ਉਸਦੇ ਦੂਜੇ ਮਰਦਾਂ ਨਾਲ ਸਬੰਧ ਹਨ।

ਈਰਾਨ ਦੇ ਕਾਨੂੰਨ ਮੁਤਾਬਕ ਔਰਤ ਇਸ ਸਬੰਧੀ ਅਪੀਲ ਕਰ ਸਕਦੀ ਹੈ। ਈਰਾਨੀ ਅਦਾਲਤਾਂ ਕਈ ਵਾਰ ਵਿਭਚਾਰ ਲਈ ਲੋਕਾਂ ਨੂੰ ਪੱਥਰ ਮਾਰ ਕੇ ਮੌਤ ਦੀ ਸਜ਼ਾ ਸੁਣਾਉਂਦੀਆਂ ਹਨ। ਅਪੀਲ ’ਤੇ ਅਜਿਹੀ ਸਜ਼ਾ ਵਿਚ ਨਰਮੀ ਵਰਤੀ ਜਾ ਸਕਦੀ ਹੈ। ਮੌਤ ਦੀ ਸਜ਼ਾ ਨੂੰ ਲੈ ਕੇ ਈਰਾਨ ’ਤੇ ਅੰਤਰਰਾਸ਼ਟਰੀ ਦਬਾਅ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਸ ਨੇ ਕਿਹਾ ਕਿ ਈਰਾਨ ਵਿੱਚ ਲੋਕਾਂ ਨੂੰ ਫਾਂਸੀ ਦੇਣ ਦੀ ਦਰ ਚਿੰਤਾਜਨਕ ਪੱਧਰ ’ਤੇ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਪਹਿਲੇ ਸੱਤ ਮਹੀਨਿਆਂ ਵਿੱਚ ਘੱਟੋ-ਘੱਟ 419 ਲੋਕਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ, ਜੋ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 30 ਫੀਸਦੀ ਵੱਧ ਹੈ। 2017 ਵਿੱਚ ਇੱਕ ਈਰਾਨੀ ਅਦਾਲਤ ਨੇ ਇੱਕ ਔਰਤ ਨੂੰ ਵਿਭਚਾਰ ਲਈ ਮੌਤ ਦੀ ਸਜ਼ਾ ਸੁਣਾਈ ਸੀ। ਹਾਲਾਂਕਿ ਉਸ ਦੀ ਸਜ਼ਾ ਬਾਰੇ ਕੋਈ ਖ਼ਬਰ ਨਹੀਂ ਮਿਲੀ ਹੈ। ਮੌਤ ਦੀ ਸਜ਼ਾ ਵਾਲੇ ਅਪਰਾਧਾਂ ਵਿੱਚ ਵਿਭਚਾਰ, ਗੈਰ-ਕੁਦਰਤੀ ਸੈਕਸ, ਕਤਲ, ਬਲਾਤਕਾਰ, ਹਥਿਆਰਬੰਦ ਡਕੈਤੀ, ਅਗਵਾ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਸ਼ਾਮਲ ਹਨ। ਈਰਾਨ ਵਿੱਚ 2022 ਵਿੱਚ ਦੋ ਸਮਲਿੰਗੀ ਪੁਰਸ਼ਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ।

# ਅਮਰੀਕਾ ’ਚ ਗ਼ੈਰ ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ’ਤੇ 97 ਹਜ਼ਾਰ ਭਾਰਤੀ ਗ੍ਰਿਫ਼ਤਾਰ, ਵਧੇਰੇ ਪੰਜਾਬੀ

ਵਾਸ਼ਿੰਗਟਨ : ਅਕਤੂਬਰ 2022 ਤੋਂ ਸਤੰਬਰ 2023 ਦਰਮਿਆਨ ਰਿਕਾਰਡ 96,917 ਭਾਰਤੀ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੁੰਦੇ ਹੋਏ ਫੜੇ ਗਏ। ਯੂ.ਐੱਸ ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਦੇ ਅੰਕੜਿਆਂ ਵਿਚ ਇਹ ਜਾਣਕਾਰੀ ਸਾਹਮਣੇ ਆਈ ਹੈ। ਅੰਕੜਿਆਂ ਅਨੁਸਾਰ ਅਮਰੀਕਾ ਦੀਆਂ ਦੱਖਣੀ ਸਰਹੱਦਾਂ ਦੇ ਨਾਲ-ਨਾਲ ਉੱਤਰੀ ਸਰਹੱਦਾਂ ’ਤੇ ਜਾਨ-ਮਾਲ ਦੇ ਦੁਖਦਾਈ ਨੁਕਸਾਨ ਦੇ ਬਾਵਜੂਦ ਲਗਭਗ 97,000 ਭਾਰਤੀਆਂ ਨੇ ਅਮਰੀਕਾ ਵਿਚ ਦਾਖਲ ਹੋਣ ਲਈ ਇਹ ਖ਼ਤਰਨਾਕ ਰਸਤੇ ਚੁਣੇ ਹਨ। 96,917 ਭਾਰਤੀਆਂ ਵਿੱਚੋਂ 30,010 ਕੈਨੇਡਾ ਦੀ ਸਰਹੱਦ ਰਾਹੀਂ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ ਅਤੇ 41,770 ਮੈਕਸੀਕਨ ਸਰਹੱਦ ਰਾਹੀਂ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ।

‘ਟਾਈਮਜ਼ ਆਫ ਇੰਡੀਆ’ ਦੀ ਇਕ ਰਿਪੋਰਟ ਵਿਚ ਕਿਹਾ ਗਿਆ ਕਿ ਇਨ੍ਹਾਂ ਵਿਚੋਂ ਬਾਕੀਆਂ ਨੂੰ ਅਮਰੀਕਾ ਦੀ ਮੁੱਖ ਭੂਮੀ ਪਾਰ ਕਰਨ ਤੋਂ ਬਾਅਦ ਫੜਿਆ ਗਿਆ। 2019-2020 ਤੋਂ ਬਾਅਦ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਭਾਰਤੀਆਂ ਦੀ ਗਿਣਤੀ ਵਿਚ ਪੰਜ ਗੁਣਾ ਵਾਧਾ ਹੋਇਆ ਹੈ, ਜਦੋਂ 19,883 ਭਾਰਤੀਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਫੜਿਆ ਗਿਆ ਸੀ। ਇਸ ਦੇ ਨਾਲ ਹੀ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਲੋਕਾਂ



ਦੀ ਗਿਣਤੀ ਬਹੁਤ ਜ਼ਿਆਦਾ ਹੋ ਸਕਦੀ ਹੈ। ਇਕ ਪੁਲਸ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਗਿਆ ਕਿ ਸਰਹੱਦ ’ਤੇ ਫੜੇ ਗਏ ਹਰੇਕ ਵਿਅਕਤੀ ਦੀ ਤੁਲਨਾ ਵਿਚ ਔਸਤਨ 10 ਅਜਿਹੇ ਹੋਰ ਲੋਕ ਹੋ ਸਕਦੇ ਹਨ ਜੋ ਅਮਰੀਕਾ ਵਿਚ ਦਾਖਲ ਹੋਣ ਵਿਚ ਕਾਮਯਾਬ ਹੋਏ ਹਨ। ਪੁਲਸ ਅਧਿਕਾਰੀ ਨੇ ਇਹ ਵੀ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਜ਼ਿਆਦਾਤਰ ਲੋਕ ਗੁਜਰਾਤ ਅਤੇ ਪੰਜਾਬ ਦੇ ਵਸਨੀਕ ਹਨ, ਜੋ ਅਮਰੀਕਾ ਜਾ ਕੇ ਵਸਣਾ ਚਾਹੁੰਦੇ ਹਨ। ਗ੍ਰਿਫ਼ਤਾਰ ਕੀਤੇ ਗਏ ਲੋਕਾਂ ਨੂੰ ਚਾਰ ਸ਼੍ਰੇਣੀਆਂ ਵਿੱਚ ਰੱਖਿਆ ਗਿਆ ਹੈ- ਅਣਪਛਾਤੇ ਬੱਚੇ, ਪਰਿਵਾਰਕ ਮੈਂਬਰਾਂ ਵਾਲੇ ਬੱਚੇ ਅਤੇ ਪੂਰਾ ਪਰਿਵਾਰ। ਸਿੰਗਲ ਬਾਲਗ ਸਭ ਤੋਂ ਵੱਡੀ ਸ਼੍ਰੇਣੀ ਹਨ। ਰਿਪੋਰਟ ’ਚ ਕਿਹਾ ਗਿਆ ਹੈ ਕਿ ਹਾਲ ਹੀ ’ਚ ਅਮਰੀਕਾ ਦੀ ਸਰਹੱਦ ’ਤੇ 84,000 ਲਾਵਾਰਸ ਬਾਲਗ ਫੜੇ ਗਏ ਹਨ। ਇਸ ਤੋਂ ਇਲਾਵਾ ਘੱਟੋ-ਘੱਟ 730 ਲਾਵਾਰਸ ਬੱਚਿਆਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਅਮਰੀਕਾ ਵਿੱਚ ਬਹੁਤ ਸਾਰੇ ਭਾਰਤੀ ਬੱਚੇ ਹਨ ਜੋ ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ਆਈਸੀਈ) ਦੀ ਹਿਰਾਸਤ ਵਿੱਚ ਹਨ। ਮਈ ਵਿੱਚ ਮਹਾਮਾਰੀ-ਯੁੱਗ ਦੀ ਸਰਹੱਦ ਨੀਤੀ ਟਾਈਟਲ 42 ਦੇ ਅੰਤ ਨੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਵਿੱਚ ਵਾਧਾ ਕੀਤਾ। ਇਸ ਨੂੰ ਪਹਿਲਾਂ ਦੇ ਫ਼ੈਸਲੇ ਦੁਆਰਾ ਰੋਕਿਆ ਗਿਆ ਸੀ ਜਿਸ ਨੇ ਅਮਰੀਕਾ ਨੂੰ ਬਿਨਾਂ ਸ਼ਰਣ ਦੀ ਸੁਣਵਾਈ ਦੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੀ ਆਗਿਆ ਦਿੱਤੀ ਸੀ। ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਹਰ ਸਾਲ ਕਈ ਭਾਰਤੀ ਅਮਰੀਕਾ ’ਚ ਫੜੇ ਜਾਂਦੇ ਹਨ। ਪਰ ਸਿਰਫ ਕੁਝ ਕੁ ਨੂੰ ਹੀ ਦੇਸ਼ ਨਿਕਾਲਾ ਦਿੱਤਾ ਜਾਂਦਾ ਹੈ ਕਿਉਂਕਿ ਉਹ ਮਨੁੱਖੀ ਆਧਾਰਾਂ ਦਾ ਹਵਾਲਾ ਦਿੰਦੇ ਹੋਏ ਉੱਥੇ ਸ਼ਰਨ ਮੰਗਦੇ ਹਨ।




# ਪੁਆੜਿਆਂ ਦੀ ਜੜ੍ਹ ਹੈ ਆਰਥਿਕ ਪਾੜਾ

ਅੱਜ-ਕੱਲ੍ਹ ਕੁਝ ਘਰੇਲੂ ਆਮਦਨ ਦੇ ਹਿਸਾਬ ਨਾਲ ਭਾਵੇਂ ਭਾਰਤ ਦੁਨੀਆ ਦੀ ਪੰਜਵੀਂ ਵਿੱਤੀ ਆਰਥਿਕਤਾ ਬਣ ਚੁੱਕਾ ਹੈ ਅਤੇ ਛੇਤੀ ਹੀ ਇਹ ਤੀਸਰੀ ਅਰਥ-ਵਿਵਸਥਾ ਵੀ ਬਣ ਜਾਵੇਗਾ ਪਰ ਆਮ ਵਿਅਕਤੀ ਗ਼ਰੀਬੀ ਦੇ ਬੁਰੇ ਚੱਕਰ ਵਿਚ ਫਸਿਆ ਹੋਇਆ ਹੈ। ਇਹ ਚੱਕਰ ਤੋੜਨਾ ਸਰਕਾਰ ਅਤੇ ਨੀਤੀਆਂ ਘੜਨ ਵਾਲਿਆਂ ਲਈ ਵੱਡੀ ਚੁਣੌਤੀ ਬਣੀ ਹੋਈ ਹੈ। ਇਹ ਗ਼ਰੀਬੀ ਚੱਕਰ ਗ਼ਰੀਬੀ ਤੋਂ ਸ਼ੁਰੂ ਹੋ ਕੇ ਉਸ 'ਤੇ ਹੀ ਖ਼ਤਮ ਹੁੰਦਾ ਹੈ।

ਗ਼ਰੀਬੀ ਹੋਣ ਕਰਕੇ ਵਸਤਾਂ ਅਤੇ ਸੇਵਾਵਾਂ ਵਿਕਦੀਆਂ ਨਹੀਂ ਤਾਂ ਨਵੀਆਂ ਬਣਾਉਣ ਦੀ ਲੋੜ ਨਹੀਂ ਪੈਂਦੀ ਜਿਸ ਕਰਕੇ ਨਿਵੇਸ਼ ਨਹੀਂ ਹੁੰਦਾ। ਨਿਵੇਸ਼ ਨਾ ਹੋਣ ਕਾਰਨ ਬੇਰੁਜ਼ਗਾਰੀ ਵਧਦੀ ਹੈ। ਬੇਰੁਜਗਾਰੀ ਨਾਲ ਆਮਦਨ ਘਟਦੀ ਹੈ ਅਤੇ ਗ਼ਰੀਬੀ ਪੈਦਾ ਹੁੰਦੀ ਹੈ। ਭਾਵੇਂ ਹੁਣ ਕੈਨੇਡਾ, ਆਸਟ੍ਰੇਲੀਆ ਅਤੇ ਇੰਗਲੈਂਡ ਜਿਸ ਨੂੰ ਹੁਣੇ ਹੀ ਪਛਾੜ ਕੇ ਭਾਰਤ ਪੰਜਵੀਂ ਵੱਡੀ ਆਰਥਿਕਤਾ ਬਣਿਆ ਹੈ, ਕੀ ਉਸ ਦੇ ਆਮ ਵਿਅਕਤੀ ਦਾ ਰਹਿਣ-ਸਹਿਣ ਵੀ ਭਾਰਤ ਦੇ ਆਮ ਵਿਅਕਤੀ ਦੇ ਬਰਾਬਰ ਹੈ। ਬਿਲਕੁਲ ਨਹੀਂ ਸਗੋਂ ਉੱਥੋਂ ਦੇ ਆਮ ਵਿਅਕਤੀ ਦਾ ਰਹਿਣ-ਸਹਿਣ ਭਾਰਤ ਦੇ ਵਿਅਕਤੀ ਤੋਂ ਕਿਤੇ ਉੱਚਾ ਹੈ ਅਤੇ ਭਾਰਤ ਵਿਚ ਆਮ ਵਿਅਕਤੀ ਦੇ ਮਾੜੇ ਰਹਿਣ-ਸਹਿਣ ਦੀ ਵਜ੍ਹਾ ਇਸ ਦੀ ਧਨ ਅਤੇ ਆਮਦਨ ਨਾ-ਬਰਾਬਰੀ ਹੈ ਅਤੇ ਉੱਥੋਂ ਦੇ ਆਮ ਵਿਅਕਤੀ ਦੇ ਉੱਪਰ ਦੇ ਰਹਿਣ-ਸਹਿਣ ਦੀ ਵਜ੍ਹਾ ਉੱਥੇ ਆਮਦਨ ਦੀ ਬਰਾਬਰੀ ਹੈ। ਜਿੰਨਾ ਚਿਰ ਭਾਰਤ ਵਿਚ ਆਮਦਨ ਬਰਾਬਰੀ ਪੈਦਾ ਨਹੀਂ ਹੋਵੇਗੀ, ਭਾਰਤ ਦੀ ਬੇਰੁਜ਼ਗਾਰੀ ਅਤੇ ਗ਼ਰੀਬੀ ਦੀ ਸਮੱਸਿਆ ਦਾ ਹੱਲ ਨਹੀਂ ਹੋ ਸਕਦਾ। ਅਮਰੀਕਾ, ਕੈਨੇਡਾ, ਆਸਟ੍ਰੇਲੀਆ ਆਦਿ ਵਿਚ ਕਈ ਮੰਤਰੀਆਂ ਕੋਲ ਵੀ ਡਰਾਈਵਰ ਨਹੀਂ ਕਿਉਂ ਜੋ ਡਰਾਈਵਰ ਦੀ ਤਨਖ਼ਾਹ ਅਤੇ ਵੱਡੇ ਤੋਂ ਵੱਡੇ ਅਫ਼ਸਰ ਦੀ ਤਨਖ਼ਾਹ ਵੀ ਬਰਾਬਰ ਹੈ। ਉੱਥੋਂ ਦੇ ਘਰਾਂ ਵਿਚ ਵੀ ਨੌਕਰ ਨਹੀਂ। ਉਨ੍ਹਾਂ ਸਾਰੇ ਦੇਸ਼ਾਂ ਜਿਨ੍ਹਾਂ ਨੂੰ ਭਾਰਤ ਪਛਾੜ ਕੇ ਪੰਜਵੀਂ ਅਰਥ-ਵਿਵਸਥਾ ਬਣਿਆ ਹੈ ਉੱਥੇ ਇਕ ਵੀ ਬਾਲ ਮਜ਼ਦੂਰ ਨਹੀਂ ਜਦਕਿ ਭਾਰਤ ਵਿਚ ਇਸ ਵਕਤ 3 ਕਰੋੜ ਬੱਚੇ ਬਾਲ ਕਿਰਤ ਕਰਨ ਲਈ ਮਜਬੂਰ ਹਨ ਅਤੇ ਇਸ ਬੁਰਾਈ ਦੀ ਜੜ੍ਹ ਆਮਦਨ ਦੀ ਨਾਬਰਾਬਰੀ ਹੈ। ਭਾਰਤ ਦੀ ਸੁਤੰਤਰਤਾ ਤੋਂ ਬਾਅਦ ਭਾਰਤ ਵਿਚ ਖ਼ੁਸ਼ਹਾਲੀ ਦੀਆਂ ਵੱਡੀਆਂ ਉਮੀਦਾਂ ਸਨ ਪਰ ਨਾਲ ਹੀ ਭਾਰਤ ਦੇ ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਵਿਚ ਦੇਸ਼ ਵਿਚ ਸਮਾਜਵਾਦੀ ਢਾਂਚਾ ਸਥਾਪਤ ਕਰਨ ਦੀ ਗੱਲ ਕੀਤੀ ਗਈ ਸੀ ਜਿਸ ਦਾ ਅਰਥ ਹੈ ਆਮਦਨ ਬਰਾਬਰੀ। ਇਸ ਲਈ ਜ਼ਮੀਨ ਦੀ ਉੱਪਰਲੀ ਹੱਦ ਵੀ ਲਾਈ ਗਈ ਕਿਉਂ ਜੋ ਉਸ ਸਮੇਂ ਖੇਤੀ ਦੇਸ਼ ਦੀ 75 ਫ਼ੀਸਦੀ ਵਸੋਂ ਦਾ ਪੇਸ਼ਾ ਸੀ ਅਤੇ ਜੇ ਖੇਤੀ ਵਿਚ ਆਮਦਨ ਬਰਾਬਰੀ ਹੋ ਜਾਂਦੀ ਹੈ ਤਾਂ ਵੱਡੀ ਵਸੋਂ ਵਿਚ ਬਰਾਬਰੀ ਹੋ ਜਾਂਦੀ। ਉਸ ਸਮੇਂ ਇਹ ਮੰਗ ਵੀ ਬੜੇ ਜ਼ੋਰ ਨਾਲ ਉੱਠੀ ਸੀ ਕਿ ਜੇ ਖੇਤੀ ਜੋਤਾਂ ਦੀ ਉੱਪਰਲੀ ਹੱਦ ਮਿੱਥੀ ਗਈ ਹੈ ਤਾਂ ਸ਼ਹਿਰੀ ਜਾਇਦਾਦ ਜਾਂ ਉਦਯੋਗਾਂ 'ਤੇ ਉੱਪਰਲੀ ਹੱਦ ਵੀ ਹੋਣੀ ਚਾਹੀਦੀ ਹੈ ਪਰ ਇਸ ਗੱਲ ਨੂੰ ਇਸ ਕਰਕੇ ਨਕਾਰਿਆ ਗਿਆ ਸੀ ਕਿ ਉਸ ਵਕਤ ਭਾਰਤ ਉਦਯੋਗਿਕ ਵਿਕਾਸ ਵਿਚ ਬਹੁਤ ਮਗਰ ਸੀ ਅਤੇ ਜੇ ਇਸ ਤਰ੍ਹਾਂ ਦੀ ਹੱਦ ਲਾਈ ਜਾਂਦੀ ਤਾਂ ਉਦਯੋਗਿਕ ਵਿਕਾਸ ਹੋਰ ਘਟ ਜਾਣਾ ਸੀ। ਪਰ ਇੱਥੇ ਇਹ ਗੱਲ ਵਰਣਨਯੋਗ ਹੈ ਕਿ ਯੂਰਪੀ ਅਤੇ ਵਿਕਸਤ ਦੇਸ਼ਾਂ ਵਿਚ ਵੀ ਭਾਵੇਂ ਉਦਯੋਗ ਦੇ ਖੇਤਰ ਵਿਚ ਕੋਈ ਉੱਪਰਲੀ ਸੀਮਾ ਨਹੀਂ ਪਰ ਉਨ੍ਹਾਂ ਦੇਸ਼ਾਂ ਵਿਚ ਜਾਇਦਾਦ ਦੀ ਤਾਂ ਨਾਬਰਾਬਰੀ ਹੈ ਪਰ ਆਮਦਨ ਦੀ ਨਾਬਰਾਬਰੀ ਨਹੀਂ। ਇਹੋ ਵਜ੍ਹਾ ਹੈ ਕਿ ਉੱਥੇ ਨਾ ਕੋਈ ਡਰਾਈਵਰ ਰੱਖਦਾ ਹੈ ਅਤੇ ਨਾ ਵੱਖਰਾ ਨੌਕਰ। ਜੇ ਆਮਦਨ ਦੀ ਨਾਬਰਾਬਰੀ ਹੈ ਤਾਂ ਉਹ ਨਾਮਾਤਰ ਹੀ ਹੈ। ਇਕ ਫੈਕਟਰੀ ਵਿਚ ਕੰਮ ਕਰਨ ਵਾਲੇ ਕਿਰਤੀ, ਸੁਪਰਵਾਈਜ਼ਰ ਅਤੇ ਮੈਨੇਜਰ ਦੀ ਆਮਦਨ ਵਿਚ ਮਾਮੂਲੀ ਫ਼ਰਕ ਹੈ। ਇਹ ਗੱਲ ਵੀ ਵੇਖੀ ਗਈ ਹੈ ਕਿ ਹੱਥੀਂ ਕਿਰਤ ਕਰਨ ਵਾਲਿਆਂ ਦੀ ਕਈ ਥਾਵਾਂ 'ਤੇ ਸਗੋਂ ਸਰਕਾਰੀ ਬਾਊਆਂ ਨਾਲੋਂ ਜ਼ਿਆਦਾ ਤਨਖ਼ਾਹ ਹੈ। ਇਸ ਤਰ੍ਹਾਂ ਦੀ ਆਮਦਨ ਬਰਾਬਰੀ ਤੋਂ ਬਗੈਰ ਵਿਕਾਸ ਹੋ ਹੀ ਨਹੀਂ ਸਕਦਾ ਜਿਹੜਾ ਠੋਸ ਤਰਕ 'ਤੇ ਆਧਾਰਤ ਹੈ। ਜਦੋਂ ਇਕ ਤਰਫ਼ ਥੋੜ੍ਹੀ ਗਿਣਤੀ ਵਿਚ ਬਹੁਤ ਅਮੀਰ ਅਤੇ ਦੂਸਰੀ ਤਰਫ਼ ਬਹੁਤ ਵੱਡੀ ਗਿਣਤੀ ਵਿਚ ਗ਼ਰੀਬ ਲੋਕ ਹੁੰਦੇ ਹਨ ਤਾਂ ਅਮੀਰਾਂ ਕੋਲ ਤਾਂ ਇੰਨੀ ਆਮਦਨ ਹੁੰਦੀ ਹੈ ਕਿ ਉਹ ਆਪਣੀ ਥੋੜ੍ਹੀ ਜਹੀ ਆਮਦਨ ਨਾਲ ਆਪਣੀਆਂ ਲੋੜਾਂ ਪੂਰੀਆਂ ਕਰ ਲੈਂਦੇ ਹਨ ਅਤੇ ਬਾਕੀ ਧਨ ਜਮ੍ਹਾ ਪਿਆ ਰਹਿੰਦਾ ਹੈ। ਜਿਹੜਾ ਧਨ ਨਹੀਂ ਵਰਤਿਆ ਜਾਂਦਾ ਉਸ ਨਾਲ ਵਸਤਾਂ ਅਤੇ ਸੇਵਾਵਾਂ ਖ਼ਰੀਦੀਆਂ ਨਹੀਂ ਜਾਂਦੀਆਂ। ਜਦੋਂ ਪਹਿਲੀਆਂ ਵਸਤਾਂ ਅਤੇ ਸੇਵਾਵਾਂ ਹੀ ਨਹੀਂ ਖ਼ਰੀਦੀਆਂ ਗਈਆਂ ਜਾ ਨਹੀਂ ਵਿਕੀਆਂ ਤਾਂ ਨਵੀਆਂ ਬਣਾਉਣ ਦੀ ਲੋੜ ਹੀ ਨਹੀਂ ਰਹਿੰਦੀ।

ਇਸ ਲਈ ਕਿਸੇ ਨਵੇਂ ਰੁਜ਼ਗਾਰ ਪੈਦਾ ਹੋਣ ਦੀ ਲੋੜ ਹੀ ਨਹੀਂ ਰਹਿੰਦੀ। ਸਗੋਂ ਪਹਿਲਾਂ ਰੁਜ਼ਗਾਰ 'ਤੇ ਲੱਗੇ ਲੋਕਾਂ ਦੀ ਗਿਣਤੀ ਘਟਾਈ ਜਾਵੇਗੀ ਜਾਂ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਵੇਗਾ, ਤਨਖ਼ਾਹਾਂ ਘਟਾਈਆਂ ਜਾਣਗੀਆਂ ਜਿਸ ਨਾਲ ਜਿੱਥੇ ਪਹਿਲਾਂ ਹੀ ਉਹ ਆਪਣੀਆਂ ਜ਼ਰੂਰਤਾਂ ਮੁਸ਼ਕਲ ਨਾਲ ਪੂਰੀਆਂ ਕਰਦੇ ਸਨ, ਉਹ ਹੋਰ ਘੱਟ ਵਸਤਾਂ ਅਤੇ ਸੇਵਾਵਾਂ ਖ਼ਰੀਦਣਗੇ ਕਿਉਂ ਜੋ ਉਨ੍ਹਾਂ ਦੀ ਆਮਦਨ ਘਟ ਗਈ ਹੈ। ਇਸ ਪ੍ਰਕਾਰ ਇਸ ਤਰ੍ਹਾਂ ਦੀ ਨਾਬਰਾਬਰੀ ਵਾਲੀ ਅਰਥ-ਵਿਵਸਥਾ ਵਿਚ ਨਾ ਰੁਜ਼ਗਾਰ ਵਧੇਗਾ, ਨਾ ਵਸਤਾਂ ਅਤੇ ਸੇਵਾਵਾਂ ਦਾ ਉਤਪਾਦਨ ਹੋਵੇਗਾ ਅਤੇ ਨਾ ਖ਼ੁਸ਼ਹਾਲੀ ਆਵੇਗੀ ਤੇ ਨਾ ਹੀ ਵਿਕਾਸ ਹੋਵੇਗਾ। ਇਹ ਆਮਦਨ ਨਾਬਰਾਬਰੀ ਜਿੱਥੇ ਵਿਕਾਸ ਵਿਚ ਰੁਕਾਵਟ ਹੈ ਉੱਥੇ ਇਹ ਸਮਾਜਿਕ ਬੁਰਾਈਆਂ ਦੀ ਜੜ੍ਹ ਹੈ। ਸਮਾਜਿਕ ਬੁਰਾਈਆਂ ਘਟਣ ਦੀ ਬਜਾਏ ਵਧਦੀਆਂ ਜਾ ਰਹੀਆਂ ਹਨ।

ਭਾਰਤ ਵਿਚ ਦੁਨੀਆ ਭਰ ਤੋਂ ਵੱਧ ਬੱਚੇ ਬਾਲ ਕਿਰਤ ਕਰਦੇ ਹਨ ਜਿਹੜੀ ਉਨ੍ਹਾਂ ਦੀ ਮਜਬੂਰੀ ਬਣੀ ਹੋਈ ਹੈ ਕਿਉਂਕਿ ਬਾਲਗਾਂ ਲਈ ਤਾਂ ਰੁਜ਼ਗਾਰ ਨਹੀਂ ਹੈ ਜਦਕਿ ਬੱਚਿਆਂ ਲਈ ਵਾਧੂ ਰੁਜ਼ਗਾਰ ਹੈ। ਅਸਲ ਵਿਚ ਇਨ੍ਹਾਂ ਬੱਚਿਆਂ ਕੋਲੋਂ ਵੀ ਬਾਲਗਾ ਜਿੰਨਾ ਕੰਮ ਲੈ ਲਿਆ ਜਾਂਦਾ ਹੈ ਜਦਕਿ ਨਿਗੂਣੀ ਜਿਹੀ ਤਨਖ਼ਾਹ ਹੀ ਦਿਤਿ ਜਾਂਦੀ ਹੈ। ਇਸ ਤਰ੍ਹਾਂ ਦੀਆਂ ਗੱਲਾਂ ਵੀ ਸਾਹਮਣੇ ਆਈਆਂ ਹਨ ਕਿ ਕਈ ਬੱਚੇ ਬਾਪ ਵੱਲੋਂ ਲਏ ਕਰਜ਼ੇ ਦੇ ਵਿਆਜ ਵਿਚ ਵੀ ਕੰਮ ਕਰਦੇ ਜਾਂਦੇ ਹਨ। ਬੱਚਿਆਂ ਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦੀ ਕਿੰਨੀ ਤਨਖ਼ਾਹ ਹੈ। ਉਹ ਸੂਰਜ ਚੜ੍ਹਨ ਤੋਂ ਪਹਿਲਾਂ ਤੋਂ ਲੈ ਕੇ ਦੇਰ ਰਾਤ ਤੱਕ ਕੰਮ ਕਰਦੇ ਹਨ ਤੇ ਇਹ ਚੱਕਰ ਪੀੜ੍ਹੀ ਦਰ ਪੀੜ੍ਹੀ ਚੱਲਦਾ ਜਾ ਰਿਹਾ ਹੈ। ਸੁਤੰਤਰਤਾ ਦੇ ਸਮੇਂ ਭਾਰਤ ਵਿਚ ਕੋਈ ਇਕ ਕਰੋੜ ਬੱਚੇ ਕਿਰਤ ਕਰਦੇ ਸਨ ਜਿਹੜੇ ਹੁਣ 3 ਕਰੋੜ ਹੋ ਗਏ ਹਨ ਅਤੇ ਵਧਦੇ ਹੀ ਜਾ ਰਹੇ ਹਨ। ਭਾਰਤ ਵਿਚ 76 ਸਾਲਾਂ ਦੀ ਸੁਤੰਤਰਤਾ ਤੋਂ ਬਾਅਦ ਵੀ 100 ਫ਼ੀਸਦੀ ਸਾਖ਼ਰਤਾ ਦਰ ਨਹੀਂ ਹੋ ਸਕੀ। ਅਜੇ ਵੀ 100 ਵਿੱਚੋਂ 26 ਬੱਚੇ 8ਵੀਂ ਜਮਾਤ ਤੋਂ ਪਹਿਲਾਂ ਹੀ ਵਿੱਦਿਆ ਛੱਡ ਜਾਂਦੇ ਹਨ ਭਾਵੇਂ ਕਿ 8ਵੀਂ ਜਮਾਤ ਜਾਂ 14 ਸਾਲ ਦੀ ਉਮਰ ਤੱਕ ਵਿੱਦਿਆ ਮੁਫ਼ਤ ਵੀ ਹੈ ਅਤੇ ਲਾਜ਼ਮੀ ਵੀ। ਜਿਹੜੇ ਬੱਚੇ ਵਿੱਦਿਆ ਵਿਚਾਲੇ ਛੱਡ ਜਾਂਦੇ ਹਨ ਉਹ ਘਰਾਂ ਵਿਚ ਜਾ ਕੇ ਮੌਜ-ਮੇਲਾ ਨਹੀਂ ਕਰਦੇ। ਉਹ ਸਭ ਕਿਸੇ ਨਾ ਕਿਸੇ ਕੰਮ 'ਤੇ ਲੱਗ ਜਾਂਦੇ ਹਨ। ਇਹੋ ਬੱਚੇ ਭੱਠਿਆਂ 'ਤੇ, ਘਰਾਂ ਵਿਚ, ਫੈਕਟਰੀਆਂ ਅਤੇ ਢਾਬਿਆਂ 'ਤੇ ਲੱਗੇ ਆਮ ਵੇਖੇ ਜਾ ਸਕਦੇ ਹਨ। ਇਹ ਬਾਲ ਕਿਰਤ ਦੀ ਬੁਰਾਈ ਜਿਸ ਵਿਚ ਵੱਡਾ ਸ਼ੋਸ਼ਣ ਕੀਤਾ ਜਾਂਦਾ ਹੈ, ਉਹ ਆਮਦਨ ਨਾਬਰਾਬਰੀ ਦੀ ਉਪਜ ਹੈ। ਕਿਰਤ ਦੇ ਸ਼ੋਸ਼ਣ ਦੀ ਜੜ੍ਹ ਨਾਬਰਾਬਰੀ ਹੈ।

ਨਸ਼ੇ, ਚੋਰੀ, ਠੱਗੀ ਆਦਿ ਬੁਰਾਈਆਂ ਵੀ ਆਮਦਨ ਨਾਬਰਾਬਰੀ ਕਰਕੇ ਜ਼ਿਆਦਾ ਵਧਦੀਆਂ ਹਨ। ਆਮ ਤੌਰ 'ਤੇ ਨੌਜਵਾਨ ਜਦੋਂ ਬੇਰੁਜ਼ਗਾਰ ਹੋ ਜਾਂਦੇ ਹਨ ਤਾਂ ਉਹ ਨਸ਼ਿਆਂ ਨੂੰ ਇਕ ਸਹਾਰਾ ਸਮਝਦੇ ਹਨ। ਇਹ ਗੱਲ ਬਹੁਤੀ ਵਾਰ ਕਈ ਸੈਮੀਨਾਰਾਂ, ਗੋਸ਼ਟੀਆਂ ਤੇ ਲਿਖਤਾਂ ਵਿਚ ਆਈ ਹੈ ਕਿ ਨਸ਼ੇ ਦੀ ਬੁਰਾਈ ਦੀ ਵੱਡੀ ਜੜ੍ਹ ਬੇਰੁਜ਼ਗਾਰੀ ਹੈ। ਭਾਵੇਂ ਭਾਰਤ ਵਿਚ ਆਮਦਨ ਬਰਾਬਰੀ ਵਾਲੇ ਸਮਾਜ ਦਾ ਸੁਪਨਾ ਵੇਖਿਆ ਗਿਆ ਸੀ ਪਰ ਇਹ ਨਾਬਰਾਬਰੀ ਸਮੇਂ ਨਾਲ ਵਧੀ ਹੈ। ਇਕ ਰਿਪੋਰਟ ਅਨੁਸਾਰ ਉੱਪਰ ਦੀ ਆਮਦਨ ਵਾਲੀ 10 ਫ਼ੀਸਦੀ ਵਸੋਂ ਕੋਲ ਦੇਸ਼ ਦਾ 75 ਫ਼ੀਸਦੀ ਧਨ ਹੈ। ਨੌਂ ਅਰਬਪਤੀਆਂ ਕੋਲ ਜਿੰਨਾ ਧਨ ਹੈ ਓਨਾ ਹੇਠਾਂ ਦੀ ਆਮਦਨ ਵਾਲੀ 50 ਫ਼ੀਸਦੀ ਵਸੋਂ ਕੋਲ ਹੈ। ਇਕ ਹੋਰ ਰਿਪੋਰਟ ਵਿਚ ਇਹ ਆਇਆ ਹੈ ਕਿ ਉੱਪਰ ਦੀ ਆਮਦਨ ਵਾਲੀ ਇਕ ਪ੍ਰਤੀਸ਼ਤ ਵਸੋਂ ਕੋਲ 45% ਧਨ ਹੈ। ਵਿਕਸਤ ਦੇਸ਼ਾਂ ਵਿਚ ਜਿੱਥੇ ਸਮਾਜਵਾਦੀ ਪ੍ਰਬੰਧ ਨਹੀਂ ਅਪਣਾਇਆ ਗਿਆ, ਉੱਥੇ ਆਮਦਨ ਬਰਾਬਰੀ ਟੈਕਸ ਪ੍ਰਣਾਲੀ ਨਾਲ ਪੈਦਾ ਕੀਤੀ ਗਈ ਹੈ। ਉੱਪਰਲੀ ਆਮਦਨ ਦੀਆਂ ਸਲੈਬਾਂ 'ਤੇ 90 ਫ਼ੀਸਦੀ ਤੋਂ ਵੱਧ ਟੈਕਸ ਹੈ। ਟੈਕਸੇਸ਼ਨ ਪ੍ਰਣਾਲੀ ਨੂੰ ਇੰਨਾ ਪੱਕਾ ਅਤੇ ਪ੍ਰਭਾਵਸ਼ਾਲੀ ਬਣਾਇਆ ਹੋਇਆ ਹੈ ਕਿ ਟੈਕਸ ਚੋਰੀ ਦੇ ਮੌਕੇ ਪੈਦਾ ਨਹੀਂ ਹੋਣ ਦਿੱਤੇ ਜਾਂਦੇ। ਇਸ ਤਰ੍ਹਾਂ ਦੇ ਪ੍ਰਬੰਧ ਹੋਣੇ ਚਾਹੀਦੇ ਹਨ ਜਿਸ ਨਾਲ ਆਮਦਨ ਨਾਬਰਾਬਰੀ ਪੈਦਾ ਹੀ ਨਾ ਹੋਵੇ।

-ਡਾ. ਸ. ਸ. ਛੀਨਾ

# ਭਾਰਤ ਦੇ ਸਿੱਖਿਆ ਖੇਤਰ ਦਾ ਬਦਲ ਰਿਹਾ ਮੁਹਾਂਦਰਾ

**-ਡਾ. ਅਰਵਿੰਦਰ ਸਿੰਘ ਭੱਲਾ**



ਸਰਕਾਰਾਂ ਸਿੱਖਿਆ ਲਈ ਬਜਟ ਨੂੰ ਘਟਾ ਰਹੀਆਂ ਹਨ। ਸਮੁੱਚਾ ਸਿੱਖਿਆ ਤੰਤਰ ਵਿਦਿਆਰਥੀਆਂ ਨੂੰ ਠੀਕ-ਗਲਤ ਅਤੇ ਸੱਚ-ਝੂਠ ਵਿਚਲੇ ਅੰਤਰ ਨੂੰ ਸਮਝਾਉਣ ਦੀ ਬਜਾਏ ਵਿਦਿਆਰਥੀਆਂ ਤੋਂ ਮੋਟੀਆਂ ਫੀਸਾਂ ਉਗਰਾਹੁਣ ਤੱਕ ਮਹਿਦੂਦ ਹੋ ਗਿਆ ਜਾਪਦਾ ਹੈ। ਅਜੋਕੇ ਸਮੇਂ ਵਿਚ ਭਾਰਤ ਦੇ ਸਿੱਖਿਆ ਖੇਤਰ ਨਾਲ ਸਬੰਧਤ ਵੱਖ-ਵੱਖ ਧਿਰਾਂ ਦੀਆਂ ਨਿਰੰਤਰ ਬਦਲ ਰਹੀਆਂ ਤਰਜੀਹਾਂ, ਲੋੜਾਂ ਅਤੇ ਸਰੋਕਾਰ ਪ੍ਰਤੱਖ ਰੂਪ ਵਿਚ ਇਹ ਦਰਸਾਉਂਦੇ ਹਨ ਕਿ ਮੌਜੂਦਾ ਸਿੱਖਿਆ ਪ੍ਰਣਾਲੀ ਆਪਣੇ ਪੁਰਾਣੇ ਸਰੂਪ 'ਚ ਸਮਕਾਲੀ ਸਮਾਜ ਦੀਆਂ ਲੋੜਾਂ ਨੂੰ ਪੂਰਾ ਕਰਨ 'ਚ ਕਿਤੇ ਨਾ ਕਿਤੇ ਨਾਕਾਮ ਰਹੀ ਹੈ। ਅੱਜ ਲੋੜ ਇਸ ਗੱਲ ਨੂੰ ਮਹਿਸੂਸ ਕਰਨ ਦੀ ਹੈ ਕਿ ਸਮਕਾਲੀ ਸਿੱਖਿਆ ਪ੍ਰਣਾਲੀ ਵਿਦਿਆਰਥੀਆਂ ਨੂੰ ਨਾ ਸਿਰਫ਼ ਅਕਾਦਮਿਕ ਸਫਲਤਾ ਲਈ ਸਗੋਂ 21ਵੀਂ ਸਦੀ ਦੀਆਂ ਚੁਣੌਤੀਆਂ ਨੂੰ ਖਿੜੇ ਮੱਥੇ ਪ੍ਰਵਾਨ ਕਰਨ ਲਈ ਤਿਆਰ ਕਰੇ।

ਅਸੀਂ ਸਭ ਇਹ ਭਲੀਭਾਂਤ ਜਾਣਦੇ ਹਾਂ ਕਿ ਭਾਰਤ ਵਿੰਭਿਨਤਾਵਾਂ ਵਾਲਾ ਦੇਸ਼ ਹੈ। ਸਿੱਖਿਆ ਦੇ ਖੇਤਰ ਵਿਚ ਵੀ ਪਾਠਕ੍ਰਮ ਅਤੇ ਅਧਿਆਪਨ ਵਿਧੀਆਂ ਨਾਲ ਸਬੰਧਤ ਅਨੇਕਾਂ ਵਿੰਭਿਨਤਾਵਾਂ ਦੇਖਣ ਨੂੰ ਮਿਲਦੀਆਂ ਹਨ। ਸਮਾਜ ਦੇ ਹਰੇਕ ਵਰਗ ਦੀ ਪ੍ਰਾਇਮਰੀ, ਸੈਕੰਡਰੀ ਤੇ ਉਚੇਰੀ ਸਿੱਖਿਆ ਤੱਕ ਪਹੁੰਚ ਨੂੰ ਵਧਾਉਣ 'ਚ ਮਹੱਤਵਪੂਰਨ ਤਰੱਕੀ ਕੀਤੀ ਗਈ ਹੈ। ਸਾਖਰਤਾ ਦਰ ਵਿਚ ਵੀ ਜ਼ਿਕਰਯੋਗ ਸੁਧਾਰ ਹੋਇਆ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਦੀ ਗਿਣਤੀ ਵਿਚ ਵੀ ਚੋਖਾ ਵਾਧਾ ਹੋਇਆ ਹੈ। ਲੇਕਿਨ ਦੂਜੀ ਤਰਫ਼ ਭਾਰਤ ਵਿਚ ਸਿੱਖਿਆ ਦੀ ਗੁਣਵੱਤਾ ਅੱਜ ਵੀ ਇਕ ਬਹੁਤ ਵੱਡੀ ਚਿੰਤਾ ਬਣੀ ਹੋਈ ਹੈ। ਭਾਰਤ ਵਿਚ ਵਿਦਿਆਰਥੀ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਤੋਂ ਸਰਟੀਫਿਕੇਟ ਅਤੇ ਡਿਗਰੀਆਂ ਹਾਸਲ ਕਰ ਕੇ ਵੀ ਗਿਆਨ ਅਤੇ ਹੁਨਰ ਵਿਹੂਣੇ ਬਣ ਕੇ ਆਪਣੀ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀਆਂ ਪੂਰਤੀ ਲਈ ਦਰ-ਦਰ ਠੋਕਰਾਂ ਖਾਣ ਲਈ ਮਜਬੂਰ ਹੋ ਰਹੇ ਹਨ। ਭਾਰਤ ਵਿਚ ਵੱਖ-ਵੱਖ ਪੱਧਰਾਂ 'ਤੇ ਪਾਈਆਂ ਜਾ ਰਹੀਆਂ ਸਮਾਜਿਕ ਤੇ ਆਰਥਿਕ ਅਸਮਾਨਤਾਵਾਂ ਦੇ ਸਿੱਟੇ ਵਜੋਂ ਸਿੱਖਿਆ ਪ੍ਰਣਾਲੀ ਵਿਚ ਵੀ ਬਹੁਤ ਸਾਰੀਆਂ ਅਸਮਾਨਤਾਵਾਂ ਪਾਈਆਂ ਜਾਂਦੀਆਂ ਹਨ। ਦੇਸ਼ ਦੀ ਆਜ਼ਾਦੀ ਤੋਂ 75 ਸਾਲਾਂ ਤੋਂ ਵੱਧ ਸਮਾਂ ਗੁਜ਼ਰਨ ਤੋਂ ਬਾਅਦ ਵੀ ਅਜੋਕੇ ਸਮੇਂ ਵਿਚ ਭਾਰਤ ਦੇ ਕਈ ਸੂਬਿਆਂ ਵਿਚ ਪੱਛੜੇ ਸਮੂਹਾਂ ਜਿਵੇਂ ਕਿ ਲੜਕੀਆਂ, ਦਲਿਤਾਂ ਅਤੇ ਆਦਿਵਾਸੀ ਕਬੀਲਿਆਂ ਨਾਲ ਸਬੰਧਤ ਵਿਦਿਆਰਥੀਆਂ ਦੀ ਮਿਆਰੀ ਤੇ ਸਸਤੀ ਸਿੱਖਿਆ ਤੱਕ ਬਹੁਤ ਘੱਟ ਪਹੁੰਚ ਹੈ। ਭਾਰਤ ਦੇ ਬਹੁਤ ਸਾਰੇ ਸਕੂਲਾਂ ਤੇ ਕਾਲਜਾਂ ਵਿਚ ਅਜੇ ਵੀ ਬੁਨਿਆਦੀ ਸਰੋਤਾਂ ਦੀ ਘਾਟ ਪਾਈ ਜਾਂਦੀ ਹੈ ਜਿਵੇਂ ਕਿ ਕਲਾਸਰੂਮ, ਲਾਇਬ੍ਰੇਰੀਆਂ, ਪ੍ਰਯੋਗਸ਼ਾਲਾਵਾਂ ਅਤੇ ਯੋਗ ਅਧਿਆਪਕਾਂ ਦੀ ਘਾਟ।

ਭਾਰਤੀ ਸਿੱਖਿਆ ਪ੍ਰਣਾਲੀ 'ਤੇ ਅਕਸਰ ਇਹ ਦੋਸ਼ ਲੱਗਦਾ ਹੈ ਕਿ ਸਾਡੇ ਵਿੱਦਿਅਕ ਅਦਾਰਿਆਂ ਵਿਚ ਆਲੋਚਨਾਤਮਕ ਦ੍ਰਿਸ਼ਟੀਕੋਣ ਅਤੇ ਰਚਨਾਤਮਿਕਤਾ ਦੇ ਵਿਕਾਸ ਵੱਲ ਤਵੱਜੋ ਨਹੀਂ ਦਿੱਤੀ ਜਾਂਦੀ ਹੈ। ਬਹੁਤ ਸਾਰੀਆਂ ਵਿੱਦਿਅਕ ਸੰਸਥਾਵਾਂ 'ਚ ਪੜ੍ਹਾਇਆ ਜਾਂਦਾ ਪਾਠਕ੍ਰਮ ਸਮੇਂ ਦਾ ਹਾਣੀ ਨਹੀਂ ਹੈ ਅਤੇ 21ਵੀਂ ਸਦੀ ਵਿਚ ਵਿਦਿਆਰਥੀਆਂ ਦੀਆਂ ਮੌਜੂਦਾ ਲੋੜਾਂ ਦੇ ਲਿਹਾਜ਼ ਨਾਲ ਅਪ੍ਰਸੰਗਿਕ ਹੈ। ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਭਾਰਤ 'ਚ ਪ੍ਰਾਇਮਰੀ ਤੋਂ ਉਚੇਰੀ ਸਿੱਖਿਆ ਦੇ ਪੱਧਰ ਤੱਕ ਸਿੱਖਿਆ ਪ੍ਰਣਾਲੀ ਵਿਚ ਸੁਧਾਰ ਲਿਆਉਣ ਦੀ ਮਨਸ਼ਾ ਨਾਲ ਅਨੇਕਾਂ ਕਿਸਮਾਂ ਦੇ ਤਜਰਬੇ ਕੀਤੇ ਗਏ ਹਨ। ਉਦਾਹਰਨ ਵਜੋਂ ਵੱਖ-ਵੱਖ ਸਮਿਆਂ 'ਤੇ ਕਈ ਸਰਕਾਰਾਂ ਨੇ ਸਿੱਖਿਆ ਦੀ ਗੁਣਵੱਤਾ ਵਿਚ ਸੁਧਾਰ ਲਈ ਕਈ ਪਹਿਲਕਦਮੀਆਂ ਕੀਤੀਆਂ ਜਿਵੇਂ ਕਿ ਸਰਵ ਸਿੱਖਿਆ ਅਭਿਆਨ, ਰਾਸ਼ਟਰੀ ਮਾਧਿਅਮਿਕ ਸਿੱਖਿਆ ਅਭਿਆਨ ਆਦਿ। ਇਸ ਤੋਂ ਇਲਾਵਾ ਕਿੱਤਾਮੁਖੀ ਸਿੱਖਿਆ ਤੇ ਸਿਖਲਾਈ, ਆਧੁਨਿਕ ਤਕਨਾਲੋਜੀ ਦੀ ਵਰਤੋਂ ਲਈ ਉਤਸ਼ਾਹਤ ਕੀਤਾ ਜਾਣਾ ਤੇ ਅਧਿਆਪਨ ਤੇ ਖੋਜ ਕਾਰਜਾਂ ਨੂੰ ਬੜਾਵਾ ਦੇਣਾ ਸਰਕਾਰਾਂ ਦੀਆਂ ਬਦਲ ਰਹੀਆਂ ਤਰਜੀਹਾਂ ਦੀ ਤਰਜਮਾਨੀ ਕਰਦੀਆਂ ਹਨ। ਵਰਤਮਾਨ ਸਮੇਂ ਵਿਚ ਜੀਵਨ ਦੇ ਹਰੇਕ ਖੇਤਰ 'ਚ ਤਕਨਾਲੋਜੀ ਦੀ ਵਧਦੀ ਹੋਈ ਭੂਮਿਕਾ ਦੇ ਮੱਦੇਨਜ਼ਰ ਡਿਜੀਟਲ ਸਾਖਰਤਾ 'ਤੇ ਵਧੇਰੇ ਜ਼ੋਰ ਦਿੱਤਾ ਜਾ ਰਿਹਾ ਹੈ। ਸਕੂਲ, ਕਾਲਜ ਤੇ 'ਵਰਸਿਟੀਆਂ ਆਪੋ-ਆਪਣੇ ਪੱਧਰ 'ਤੇ ਵਿਦਿਆਰਥੀਆਂ ਨੂੰ ਡਿਜੀਟਲ ਟੂਲ ਦੀ ਵਰਤੋਂ ਕਰਨ, ਆਨਲਾਈਨ ਜਾਣਕਾਰੀ ਹਾਸਲ ਕਰਨ ਤੇ ਡਿਜੀਟਲ ਯੁੱਗ ਲਈ ਹੁਨਰ ਵਿਕਸਤ ਕਰਨ ਬਾਰੇ ਸਿਖਾਉਣ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ। ਕੁਝ ਵਿਸ਼ੇ ਜਿਵੇਂ ਕਿ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਤੇ ਗਣਿਤ ਨੇ ਖ਼ਾਸ ਤੌਰ 'ਤੇ ਵਿਦਿਆਰਥੀਆਂ ਨੂੰ ਆਪਣੇ ਵੱਲ ਖਿੱਚਿਆ ਹੈ।

ਭਾਰਤ ਵਿਚ ਬਹੁਤ ਸਾਰੀਆਂ ਨਿੱਜੀ ਵਿੱਦਿਅਕ ਸੰਸਥਾਵਾਂ ਡੇਟਾ ਸਾਇੰਸ, ਇੰਜੀਨੀਅਰਿੰਗ ਤੇ ਕੰਪਿਊਟਰ ਸਾਇੰਸ ਵਰਗੇ ਖੇਤਰਾਂ 'ਚ ਕਰੀਅਰ ਲਈ ਵਿਦਿਆਰਥੀਆਂ ਨੂੰ ਤਿਆਰ ਕਰਨ ਲਈ ਪ੍ਰੋਗਰਾਮਾਂ 'ਚ ਨਿਵੇਸ਼ ਕਰ ਰਹੀਆਂ ਹਨ। ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿਚ ਸਿੱਖਿਆ ਦਾ ਮੌਜੂਦਾ ਨਿਜ਼ਾਮ ਹੁਣ ਆਲੋਚਨਾਤਮਕ ਸੋਚ ਅਤੇ ਰੋਜ਼ਮੱਰਾ ਜੀਵਨ ਦੀਆਂ ਵਿਵਹਾਰਕ ਸਮੱਸਿਆਵਾਂ ਹੱਲ ਕਰਨ ਦੇ ਹੁਨਰ ਨੂੰ ਵਿਕਸਤ ਕਰਨ 'ਤੇ ਵਧੇਰੇ ਜ਼ੋਰ ਦਿੰਦਾ ਹੋਇਆ ਦਿਖਾਈ ਦੇ ਰਿਹਾ ਹੈ। ਇਨ੍ਹਾਂ ਹੁਨਰਾਂ ਨੂੰ ਤੇਜ਼ੀ ਨਾਲ ਬਦਲ ਰਹੀ ਦੁਨੀਆ ਦੇ ਅਨੁਕੂਲ ਹੋਣ ਲਈ ਜ਼ਰੂਰੀ ਸਮਝਿਆ ਜਾ ਰਿਹਾ ਹੈ। ਸਿੱਖਿਆ 'ਚ ਸਮਾਵੇਸ਼ ਤੇ ਵਿਭਿੰਨਤਾਵਾਂ ਦੇ ਮਹੱਤਵ ਦੀ ਮਾਨਤਾ ਵਧ ਰਹੀ ਹੈ। ਕੋਵਿਡ-19 ਮਹਾਮਾਰੀ ਨੇ ਆਨਲਾਈਨ ਤੇ ਮਿਸ਼ਰਤ ਸਿੱਖਿਆ (ਆਨਲਾਈਨ ਤੇ ਆਫਲਾਈਨ ਸਿੱਖਿਆ ਦਾ ਸੁਮੇਲ) ਨੂੰ ਅਪਣਾਉਣ ਵਿਚ ਤੇਜ਼ੀ ਲਿਆਂਦੀ ਹੈ। ਸਿੱਖਣ ਦੇ ਵਿਕਲਪਾਂ ਪ੍ਰਤੀ ਲਚਕਦਾਰ ਦ੍ਰਿਸ਼ਟੀਕੋਣ ਹੁਣ ਇਕ ਅਹਿਮ ਤਰਜੀਹ ਹੈ ਜਿਸ ਨਾਲ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਲੋੜਾਂ ਮੁਤਾਬਕ ਵੱਖ-ਵੱਖ ਤਰੀਕਿਆਂ ਨਾਲ ਗਿਆਨ ਹਾਸਲ ਕਰਨ ਦਾ ਅਵਸਰ ਪ੍ਰਾਪਤ ਹੁੰਦਾ ਹੈ। ਵਰਤਮਾਨ ਸਮੇਂ 'ਚ ਅਕਾਦਮਿਕ ਗਿਆਨ ਤੋਂ ਇਲਾਵਾ ਸਾਫਟ ਸਕਿੱਲਜ਼ ਜਿਵੇਂ ਕਿ ਸੰਚਾਰ, ਟੀਮ ਵਰਕ, ਅਨੁਕੂਲਤਾ ਅਤੇ ਭਾਵਨਾਤਮਕ ਬੁੱਧੀ ਨੂੰ ਰੁਜ਼ਗਾਰਦਾਤਾਵਾਂ ਦੁਆਰਾ ਵੱਧ ਤੋਂ ਵੱਧ ਅਹਿਮੀਅਤ ਦਿੱਤੀ ਜਾ ਰਹੀ ਹੈ।

ਵਾਤਾਵਰਨ ਬਾਰੇ ਮੁੱਦਿਆਂ ਤੇ ਟਿਕਾਊ ਵਿਕਾਸ ਦੀ ਲੋੜ ਬਾਰੇ ਜਾਗਰੂਕਤਾ ਪਹਿਲਾਂ ਨਾਲੋਂ ਵਧੀ ਹੈ। ਪਿਛਲੇ ਕੁਝ ਦਹਾਕਿਆਂ ਤੋਂ ਸਿੱਖਿਆ ਦੇ ਨਿੱਜੀਕਰਨ ਦੇ ਨਤੀਜੇ ਵਜੋਂ ਸਿੱਖਿਆ ਦੇ ਖੇਤਰ ਵਿਚ ਨਵੇਂ-ਨਵੇਂ ਹੱਥਕੰਡੇ ਅਪਣਾਏ ਜਾ ਰਹੇ ਹਨ। ਪ੍ਰਾਈਵੇਟ ਕਾਲਜਾਂ ਤੇ ਖ਼ਾਸ ਤੌਰ 'ਤੇ ਪ੍ਰਾਈਵੇਟ ਯੂਨੀਵਰਸਿਟੀਆਂ ਵੱਲੋਂ ਆਪੋ-ਆਪਣੇ ਪੱਧਰ 'ਤੇ ਵਿਦਿਆਰਥੀਆਂ ਦੀ ਗਿਣਤੀ ਨੂੰ ਵਧਾਉਣ ਲਈ ਅਨੇਕਾਂ ਪ੍ਰਾਈਵੇਟ ਪੇਸ਼ਾਵਰ ਏਜੰਸੀਆਂ ਦੀ ਮਦਦ ਨਾਲ ਇਕ ਅਜਿਹਾ ਮਾਇਆਜਾਲ ਬੁਣਿਆ ਗਿਆ ਹੈ ਕਿ ਦੂਰ-ਦੁਰਾਡੇ ਦੇ ਸੂਬਿਆਂ ਤੇ ਦੂਜੇ ਮੁਲਕਾਂ ਦੇ ਬੱਚਿਆਂ ਨੂੰ ਭਰਮਾ ਕੇ ਦਾਖ਼ਲਾ ਦਿੱਤਾ ਜਾਂਦਾ ਹੈ। ਇਨ੍ਹਾਂ ਪ੍ਰਾਈਵੇਟ ਸੰਸਥਾਵਾਂ ਵੱਲੋਂ ਬਹੁ-ਰਾਸ਼ਟਰੀ ਕੰਪਨੀਆਂ ਤੇ ਭਾਰਤ ਦੇ ਕਾਰਪੋਰੇਟ ਜਗਤ ਨਾਲ ਤਾਲਮੇਲ ਸਥਾਪਤ ਕਰ ਕੇ ਆਪਣੇ ਕੁਝ ਮੁੱਠੀ ਭਰ ਹੋਣਹਾਰ ਵਿਦਿਆਰਥੀਆਂ ਨੂੰ ਵਕਤੀ ਤੌਰ 'ਤੇ ਉਚੇਰੇ ਪੇਅ-ਪੈਕੇਜ ਦਿਵਾ ਕੇ ਇਹ ਭਰਮ ਸਿਰਜਿਆ ਜਾ ਰਿਹਾ ਹੈ ਕਿ ਜਿਵੇਂ ਇਨ੍ਹਾਂ ਸੰਸਥਾਵਾਂ ਦੇ ਵਿਦਿਆਰਥੀ ਹੀ ਕੇਵਲ ਨੌਕਰੀਆਂ ਹਾਸਲ ਕਰਨ ਦੇ ਸਮਰੱਥ ਹਨ। ਇਹ ਵੀ ਕੌੜਾ ਸੱਚ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਉੱਚੀਆਂ ਤਨਖ਼ਾਹਾਂ ਦਿਵਾਉਣ ਦਾ ਇਨ੍ਹਾਂ ਸੰਸਥਾਵਾਂ ਵੱਲੋਂ ਦਾਅਵਾ ਅਤੇ ਪ੍ਰਚਾਰ ਕਰ ਕੇ ਹਰ ਸਾਲ ਆਪਣੀਆਂ ਸੰਸਥਾਵਾਂ 'ਚ ਵਿਦਿਆਰਥੀਆਂ ਦੀ ਗਿਣਤੀ ਨੂੰ ਵਧਾਉਣ ਦਾ ਯਤਨ ਕੀਤਾ ਜਾਂਦਾ ਹੈ, ਉਨ੍ਹਾਂ ਵਿਦਿਆਰਥੀਆਂ ਨੂੰ ਵੱਖ-ਵੱਖ ਕਾਰਨਾਂ ਕਰ ਕੇ ਨਿੱਜੀ ਕੰਪਨੀਆਂ ਵੱਲੋਂ ਛੇਤੀ ਹੀ ਨੌਕਰੀ ਤੋਂ ਫ਼ਾਰਗ ਕਰ ਦਿੱਤਾ ਜਾਂਦਾ ਹੈ। ਇਸ ਸਾਰੀ ਸੋਚੀ-ਸਮਝੀ ਰਣਨੀਤੀ ਤਹਿਤ ਨਿੱਜੀ ਵਿੱਦਿਅਕ ਸੰਸਥਾਵਾਂ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਵਧੀਆ ਮੌਕਿਆਂ ਦੇ ਆਕਰਸ਼ਣ ਤਹਿਤ ਭਰਮਜਾਲ 'ਚ ਫਸਾ ਰਹੀਆਂ ਹਨ।

ਭਾਰਤ ਵਿਚ ਸਿੱਖਿਆ ਜਗਤ ਨਾਲ ਸਬੰਧਤ ਨੀਤੀ ਘਾੜਿਆਂ ਨੂੰ ਅਜੋਕੇ ਸਮੇਂ ਵਿਚ ਇਹ ਗੱਲ ਸਪਸ਼ਟ ਤੌਰ 'ਤੇ ਸਮਝਣ ਦੀ ਲੋੜ ਹੈ ਕਿ ਵਿੰਭਿਨਤਾਵਾਂ ਤੇ ਅਸਮਾਨਤਾਵਾਂ ਭਰਪੂਰ ਭਾਰਤ ਵਿਚ ਇਕ ਸੱਭਿਅਕ, ਸੁਹਿਰਦ, ਜਾਗਰੂਕ, ਬਹੁ-ਸੱਭਿਆਚਾਰਕ ਤੇ ਨਿਆਂਪੂਰਨ ਸਮਾਜ ਨੂੰ ਸਥਾਪਤ ਕਰਨ ਦਾ ਸੁਪਨਾ ਕੇਵਲ ਉਸ ਸਮੇਂ ਹੀ ਸਾਕਾਰ ਹੋ ਸਕਦਾ ਹੈ ਜਦੋਂ ਸਾਡਾ ਸਿੱਖਿਆ ਦਾ ਨਿਜ਼ਾਮ ਭਾਰਤ ਦੇ ਨਿਮਨ ਤੇ ਮੱਧ ਵਰਗ ਨਾਲ ਸਬੰਧਤ ਵਿਦਿਆਰਥੀਆਂ ਦੀ ਆਰਥਿਕ ਮੰਦਹਾਲੀ ਨੂੰ ਧਿਆਨ ਰੱਖੇ। ਅਧਿਆਪਕ ਵਰਗ ਨੂੰ ਸ਼ੋਸ਼ਣ ਤੋਂ ਛੁਟਕਾਰਾ ਦਿਵਾਉਂਦੇ ਹੋਏ ਵਿਦਿਆਰਥੀਆਂ ਦੇ ਉਜਵਲ ਭਵਿੱਖ ਨੂੰ ਯਕੀਨੀ ਬਣਾਉਣ ਲਈ ਕੌਮਾਂਤਰੀ ਪੱਧਰ ਦੀ ਸਿੱਖਿਆ ਦੇਣਾ ਯਕੀਨੀ ਬਣਾਉਣ ਲਈ ਕਾਰਗਰ ਕਦਮ ਚੁੱਕੇਗਾ। ਸਿੱਖਿਆ ਨੂੰ ਮੁਨਾਫ਼ਾ ਕਮਾਉਣ ਦਾ ਸਾਧਨ ਸਮਝਦੇ ਹੋਏ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਆਰਥਿਕ ਲੁੱਟ 'ਤੇ ਆਧਾਰਤ ਮੌਜੂਦਾ ਦਿਸ਼ਾਹੀਣ ਸਿੱਖਿਆ ਪ੍ਰਣਾਲੀ ਕਿਸੇ ਵੀ ਲਿਹਾਜ਼ ਨਾਲ ਦੇਸ਼ ਦੇ ਦੀਰਘਕਾਲੀ ਹਿੱਤਾਂ, ਏਕਤਾ, ਅਖੰਡਤਾ, ਵਿਕਾਸ, ਸਥਿਰਤਾ ਤੇ ਸੁਰੱਖਿਆ ਦੇ ਦ੍ਰਿਸ਼ਟੀਕੋਣ ਨਾਲ ਅਨੁਕੂਲ ਨਹੀਂ ਹੈ।

ਮੁੱਖ ਸੰਪਾਦਕ: **ਸਤਨਾਮ ਸਿੰਘ ਖਾਲਸਾ**, ਸਟੂਡੈਂਟ ਐਡੀਟਰ: **ਹਰਕਰਨ ਸਿੰਘ**,
ਅਸਿਸਟੈਂਟ ਸੰਪਾਦਕ: **ਰਵਿੰਦਰ ਸਿੰਘ ਟਾਂਡਾ**, ਜਨਰਲ ਮੈਨੇਜਰ: **ਹਰਪਾਲ ਸਿੰਘ**

ਸਾਡੇ ਲੋਕ SADE LOK

Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Printing in California and Distributed all over the USA. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।



ਸਿਹਤ ਵਿਗਿਆਨ
ਡਾ.ਗੁਰਦੀਪ ਸਿੰਘ ਸੰਧੂ

**Gurdip Singh Sandhu** Homeopathic Consultant
Experienced since 1973 as prof principal chief medical office in homeopathic medical college in india. Host various news papers tv and radio station all over world for "SEHAT VIGYAN" a lecture series of creation of "life from life" and it's health problems/ diseases begining to end of life.
Dublin ca 94568 Ph. : (408) 687-1899
Email: homeomedicine@yahoo.com
http://www.homeomedicineatoz.com



**ਮੈਂ ਗੁਰਦੀਪ ਸਿੰਘ ਸੰਧੂ ਸਿਹਤ ਵਿਗਿਆਨ ਦੇ ਲੈਕਚਰਾਂ ਦੀ ਅਗਲੀ ਕਿਸ਼ਤ ਲੈ ਕੇ ਹਾਜ਼ਰ ਹਾਂ**

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ-92

**ਗਲੇ ਦਾ ਕਾ, ਘੁਰਾੜੇ, ਸਾਈਨਸ ਅਤੇ ਵਧੀਆ ਨੀਂਦ ਲਈ ਸਰੀਰਕ ਪੁਜ਼ੀਸ਼ਨ**

ਗਲੇ ਵਿੱਚ ਜੀਭ ਦੇ ਪਿਛਲੇ ਆਖਰੀ ਹਿੱਸੇ ਦੇ ਉੱਪਰ ਵੱਲੋਂ ਯਾਨੀ ਛੱਤ ਵੱਲੋਂ ਲਟਕਦਾ ਮਾਸ ਦਾ ਟੁਕੜਾ ਜਿਸ ਨੂੰ ਓਵਲਾ ਜਾ ਕਾਕਹਿੰਦੇ ਹਨ ਕਿਉਂਕਿ ਕਾਂ ਦੀ ਚੁੰਝ ਵਾਂਗ ਹੇਠਾਂ ਲਟਕ ਰਿਹਾ ਹੈ। ਪਿਛਲੇ ਪਾਸੇ ਜਿਥੇ ਮੂੰਹ ਦੀ ਛੱਤ ਨਰਮ ਹੁੰਦੀ ਹੈ ਜਿਸਨੂੰ ਸੌਫਟ ਪਲੇਟਆਫ ਮਾਊਥ ਯਾਨੀ ਪਿਛਲੇ ਪਾਸੇ ਨਰਮ ਮਾਸ ਦੀ ਬਣੀ ਛੱਤ ਹੁੰਦੀ ਹੈ ਉਹੀ ਮਾਸਪੇਸੀ ਆਖਰ ਵਿੱਚ ਇਸ ਦੇ ਵਿਚਕਾਰੋ ਹੇਠਾ ਲਟਕ ਰਹੀ ਹੁੰਦੀ ਹੈ।

ਇਹ ਮੂੰਹ ਨੂੰ ਗਿਲਾ ਰੱਖਣ ਲਈ ਮੁਆਦ ਵੀ ਪੈਦਾ ਕਰਦੀ ਹੈ ਤੇ ਸਭ ਤੋਂ ਜ਼ਰੂਰੀ ਕੰਮ ਇਹ ਖ਼ੁਰਾਕ ਦੀ ਬੁਰਕੀ ਅੰਦਰ ਲੰਘਾਉਂਦੇ ਸਮੇਂ ਨੱਕ ਵਿੱਚ ਜਾਣ ਤੋਂ ਵੀ ਰੋਕਦਾ ਹੈ ਕਿਉਂਕਿ ਇਸਦੇ ਠੀਕ ਪਿਛਲੇ ਪਾਸੇ ਨੱਕ ਦੇ ਪਿਛਲੇ ਹੀਲੇ ਦੇ ਸੁਰਾਖ ਖੁਲਦੇ ਹਨ। ਜਦ ਅਸੀਂ ਬੁਰਕੀ ਜਾ ਪਾਣੀ ਦੀ ਘੁੱਟ ਮੂੰਹ ਤੋਂ ਅੰਦਰ ਲੰਘਾਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਸ ਕਾਂ ਤੋਂ ਤਿਲਕ ਕੇ ਅੰਦਰ ਲੰਘਾਈ ਜਾਣ ਵਾਲੀ ਬੁਰਕੀ ਜਾਂ ਖ਼ੁਰਾਕ ਹੇਠਾਂ ਵੱਲ ਗਲੇ ਤੋਂ ਖ਼ੁਰਾਕ ਨਲੀ ਦੀ ਢਲਾਣ ਵਿੱਚ ਤਿਲਕ ਜਾਂਦੀ ਹੈ ਤੇ ਨੱਕ ਦੇ ਸੁਰਾਖ ਵਿੱਚ ਨਹੀਂ ਜਾਂਦੀ। ਇਹ ਕੁਦਰਤ ਵੱਲੋਂ ਸਿਰਜਿਆ ਰੋਜ਼ਾਨਾ ਹਰ ਵਕਤ ਇਸਤੇਮਾਲ ਹੋਣ ਵਾਲਾ ਸਾਡੇ ਬਚਾਅ ਦਾ ਸਾਧਨ ਹੈ। ਜਿਸ ਕਰਕੇ ਖਾਂਦਿਆ ਤੇ ਪੀਂਦਿਆਂ ਸਾਡੇ ਪਲਚ ਜਾਣ ਯਾਨੀ ਚੌਕਿੰਗ ਤੋ ਬਚਾਅ ਕਰਦਾ ਹੈ।

ਦੂਸਰਾ ਕੰਮ ਸਾਹ ਕਿਰਿਆ ਰਾਹੀਂ ਜਦ ਨੱਕ ਵਿੱਚ ਆਉਂਦਾ ਜਾਂਦਾ ਸਾਹ ਕਾਂ ਨੂੰ ਛੂਹ ਕੇ ਲੰਘਦਾ ਹੈ ਤਾਂ ਮੂੰਹ ਵਿੱਚ ਹਵਾ ਭਰਨ ਦੀ ਬਜਾਏ ਇਹਦੇ ਪਿਛਲੇ ਪਾਸਿਓਂ ਹੇਠਾਂ ਫੇਫੜਿਆਂ ਵਿੱਚ ਉਤਰ ਜਾਂਦੀ ਹੈ। ਕਿਉਂਕਿ ਐਕਸ਼ਨ ਜਾ ਬਾਹਰੋਂ ਜਾ ਰਹੀ ਹਵਾ ਭਾਰੀ ਹੋਣ ਕਰਕੇ ਹੇਠਾਂ ਫੇਫੜਿਆਂ ਵਿੱਚ ਉਤਰ ਜਾਂਦੀ ਹੈ ਅਤੇ ਹੇਠੋਂ ਫੇਫੜਿਆਂ ਵਿਚੋਂ ਹਲਕੀਆਂ ਗੈਸਾਂ ਕਾਰਬਨ ਵਗੈਰਾ ਫੇਫੜਿਆਂ ਤੋਂ ਬਾਹਰ ਸਿੱਧੀਆਂ ਨੱਕ ਵੱਲ ਨੂੰ ਹੋ ਕੇ ਨਿਕਲ ਜਾਂਦੀਆ ਹਨ ਤੇ ਉਹ ਮੂੰਹ ਦਾ ਨੁਕਸਾਨ ਨਹੀਂ ਕਰਦੀਆਂ। ਪਰ ਜੇ ਕਿਸੇ ਕਾਰਨ ਨੱਕ ਵਾਲਾ ਰਸਤਾ ਬੜਦ ਹੋ ਜਾਵੇ ਜਿਵੇਂਕਿ ਸਾਈਨਸ ਹੋਣ ਸਮੇਂ ਹੋ ਹੀ ਜਾਂਦਾ ਹੈ। ਤੁਸਾਂ ਵੇਖਿਆ ਹੋਵੇਗਾ ਅੰਦਰਲੀਆਂ ਗਰਮ ਤੇ ਸਾਰੇ ਸਰੀਰ ਦਾ ਫੇਫੜਿਆਂ ਰਾਹੀਂ ਇਕੱਠਾ ਕਰਕੇ ਜ਼ਹਿਰੀਲਾ ਮਾਦਾ ਬਾਹਰ ਕੱਢਣ ਦੀ ਕੋਸ਼ਿਸ਼ ਨੱਕ ਰਾਹੀਂ ਸਰੀਰ ਦੀ ਹੁੰਦੀ ਪਰ ਜੇ ਇਹ ਨੱਕ ਵਾਲਾ ਰਸਤਾ ਬਲੌਕ ਹੋਵੇ ਤਾਂ ਮੂੰਹ ਵਿੱਚ ਇਕੱਠੀਆਂ ਹੋਈਆਂ ਇਹ ਗੈਸਾਂ ਕਈ ਤਰ੍ਹਾਂ ਦੇ ਮੂੰਹ ਦੇ ਵਿਕਾਰ ਜ਼ਖ਼ਮ ਛਾਲੇ ਬੁੱਟਾਂ ਦੀਆਂ ਤਕਲੀਫ ਪੈਦਾ ਕਰਦੀਆਂ ਹਨ ਤੇ ਜਦ ਤੱਕ ਇਹਦੇ ਅਸਲ ਕਾਰਨ ਫੇਫੜਿਆਂ ਵਿੱਚੋਂ ਮਿਹਦੇ ਵਿਚੋਂ ਜਾ ਸਰੀਰ ਦੇ ਕਿਸੇ ਹੋਰ ਅੰਗ ਵਿਚੋਂ ਜਿਨ੍ਹਾਂ ਦੇ ਜ਼ਹਿਰੀਲੇ ਮਾਦੇ ਦਾ ਨਿਕਾਸ ਮੂੰਹ ਤੇ ਨੱਕ ਰਾਹੀਂ ਹੋ ਰਿਹਾ ਹੁੰਦਾ ਹੈ ਉਹ ਸਾਰੇ ਵਿਕਾਰ ਠੀਕ ਨਹੀਂ ਹੁੰਦੇ ਮੂੰਹ ਵਿਚ ਬੁੱਟਾਂ ਦੇ ਜੀਭ ਦੇ ਵਿਕਾਰ ਨੱਕ ਦੇ ਵਿਕਾਰ ਠੀਕ ਹੀ ਨਹੀਂ ਹੋ ਸਕਦੇ ਤਾਹੇ ਲੱਖ ਸਿੱਧੇ ਤੌਰ 'ਤੇ ਜੀਭ ਮੂੰਹ ਮਸੂਹੜੇ ਨੱਕ ਦੇ ਜ਼ਖ਼ਮ ਠੀਕ ਹੀ ਨਹੀਂ ਹੋ ਸਕਦੇ ਜਦ ਤੱਕ ਅੰਦਰੋਂ ਬਾਹਰ ਆ ਰਹੇ ਜ਼ਹਿਰੀਲੇ ਮਾਦੇ ਦੇ ਕਾਰਨ ਜਾਣਕੇ ਉਹਨਾ ਨੂੰ ਸਹੀ ਨਹੀਂ ਕੀਤਾ ਜਾਂਦਾ।

ਯਾਦ ਕਰਾ ਦਿਆਂ ਇਸੇ ਤਰ੍ਹਾਂ ਦਾ ਹੀ ਇਕ ਹੋਰ ਦੂਹਰਾ ਬਚਾਅ ਕਰਨ ਵਾਲਾ ਜੰਕਸ਼ਨ ਇਸ ਤੋਂ ਹੇਠਾਂ ਹੈ ਜਿਥੇ ਨੱਕ ਤੇ ਮੂੰਹ ਵੱਲੋਂ ਆਵਾਜਾਈ ਯਾਨੀ ਖ਼ੁਰਾਕ ਪਾਣੀ ਜਾਂ ਸਾਹ ਲਈ ਹਵਾ ਦੀ ਨਿਕਾਸੀ ਲਈ ਰਸਤਿਆਂ ਨੂੰ ਸਹੀ ਦਿਸ਼ਾ ਵੱਲ ਮੋੜਿਆ ਜਾਂਦਾ ਹੈ ਭਾਵ ਖ਼ੁਰਾਕ ਤੇ ਪਾਣੀ ਮਿਹਦੇ ਵਾਲੇ ਪਾਸੇ ਖ਼ੁਰਾਕ ਨਲੀ ਵੱਲ ਭੇਜੇ ਜਾਂਦੇ ਹਨ ਤੇ ਸਾਹ ਕਿਰਿਆ ਲਈ ਹਵਾ ਫੇਫੜਿਆਂ ਵੱਲ ਭੇਜੀ ਜਾਂਦੀ ਹੈ। ਇਸ ਜੰਕਸ਼ਨ ਨੂੰ ਐਪੀਗਲੋਟਿਸ ਕਹਿੰਦੇ ਹਨ ਜਿਹੜਾ ਇਕ ਆਟੋਮੈਟਿਕ ਵਾਲਵ ਰਾਹੀਂ ਕੰਟਰੋਲ ਕੀਤਾ ਜਾਂਦਾ ਹੈ। ਬਾਹਰੀ ਤੌਰ 'ਤੇ ਜਿਥੇ ਘੰਡੀ ਵਾਲੀ ਹੱਡੀ ਹੁੰਦੀ ਹੈ ਉਸ ਦੇ ਅੰਦਰਵਾਰ ਗਲੇ 'ਚ ਇਹ ਐਪੀਗਲੋਟਿਸ ਨਾ ਦਾ ਜੰਕਸ਼ਨ ਹੁੰਦਾ ਹੈ। ਕਈ ਵੇਰਾ ਊਵਲਾ ਯਾਨੀ ਕਾ ਦਾ ਕੰਟਰੋਲ ਫੇਲ੍ਹ ਹੋਣ ਕਰਕੇ ਖਾਧੀ ਖ਼ੁਰਾਕ ਜਾ ਪੀਤਾ ਪਾਣੀ ਨੱਕ ਵਿੱਚ ਆ ਜਾਂਦਾ ਹੈ ਅਤੇ ਇਸੇ ਤਰ੍ਹਾਂ ਐਪੀਗਲੋਟਿਸ ਦਾ ਕੰਟਰੋਲ ਫੇਲ੍ਹ ਹੋਣ ਕਰਕੇ ਖ਼ੁਰਾਕ ਦੇ ਕਣ ਫੇਫੜਿਆਂ ਵੱਲ ਚਲੇ ਜਾਂਦੇ ਹਨ ਜੋ ਬਹੁਤ ਹੀ ਤਕਲੀਫ ਦੇਣ ਵਾਲੀ ਹਾਲਤ ਹੈ ਜਿਸ ਨਾਲ ਜ਼ੋਰਦਾਰ ਖੰਘ ਪੈਦਾ ਹੁੰਦੀ ਹੈ ਤੇ ਕਈ ਵੇਰ ਕਾਫੀ ਦੇਰ ਤੱਕ ਸਾਹ ਨਾ ਆਉਣ ਕਰਕੇ ਮੌਤ ਵੀ ਹੋ ਸਕਦੀ ਹੈ। ਬੱਚਿਆਂ ਵਿੱਚ ਬਲੂ ਬੇਬੀ ਵਰਗੀ ਹਾਲਤ ਬਣ ਜਾਂਦੀ ਹੈ। ਇਸੇ ਵਈ ਛੋਟੇ ਬੱਚਿਆਂ ਨੂੰ ਕਦੀ ਵੀ ਲੇਟ ਕੇ ਦੁੱਧ ਨਹੀਂ ਪਿਲਾਉਣਾ ਚਾਹੀਦਾ ਤੇ ਦੁੱਧ ਪਿਲਾਉਣ ਬਾਅਦ ਡਕਾਰ ਜ਼ਰੂਰ ਦਿਵਾਉਣਾ ਚਾਹੀਦਾ ਹੈ। ਖ਼ਾਸ ਕਰ ਜਦ ਮਿਹਦੇ ਦੀ ਖ਼ੁਰਾਕ ਉੱਪਰ ਵੱਲ ਉਬਾਲਾ ਮਾਰੇ ਜਿਸ ਨੂੰ ਰੀਗਰਜੀਟੇਸਨ ਆਫ ਫੂਡ ਕਹਿੰਦੇ ਹਨ ਯਾਨੀ ਚੌਕਿੰਗ ਮਤਲਬ ਉੱਥੂ ਆਉਣਾ ਕਹਿੰਦੇ ਹਨ ਬੜੀ ਤਕਲੀਫ ਦੇਹ ਹਾਲਤ ਹੋ ਸਕਦੀ ਹੈ ਤੇ ਕਦੀ ਲੋੜੀਦੇ ਉਪਰਾਲਿਆ ਦੀ ਘਾਟ ਕਰਕੇ ਜਾਂ ਮੈਡੀਕਲ ਸਹਾਇਤਾ ਸਮੇਂ ਸਿਰ ਨਾ ਮਿਲਣ ਕਰਕੇ ਇਸ ਸਥਿਤੀ ਵਿੱਚ ਮੌਤ ਵੀ ਹੋ ਸਕਦੀ ਹੈ। ਖ਼ਾਸ ਕਰ ਨੀਂਦ ਵਿੱਚ ਜਦ ਅਜੇਹਾ ਕੁਝ ਵਾਪਰੇ ਤਾ ਮੌਤ ਵੀ ਹੋ ਸਕਦੀ ਹੈ।

ਜ਼ਿਆਦਾ ਲੰਬੇ ਸਮੇਂ ਦੀ ਬਦਹਜਮੀ ਦਾ ਤੇਜ਼ਾਬੀ ਮਾਦੇ ਦੀ ਜ਼ਿਆਦਤੀ ਕਰਕੇ ਇਹ ਹਾਲਾਤ ਰਾਤ ਸਮੇਂ ਆਮ ਹੀ ਬਣ ਸਕਦੇ ਹਨ। ਧਿਆਨ ਰੱਖਣ ਦੀ ਲੋੜ ਹੈ।

ਆਉ ਫਿਰ ਆਪਣੇ ਅੱਜ ਦੇ ਲੈਕਚਰ ਵੱਲ ਆਉਂਦੇ ਹਾਂ। ਅਸੀਂ ਗੱਲ ਊਵਲਾ ਯਾਨੀ ਕਾਂ ਦੀ ਕਰ ਰਹੇ ਹਾਂ ਜਿਸ ਵਿੱਚ ਬਦਹਜਮੀ ਦੇ ਕਾਰਨ ਸੋਜ ਵੀ ਹੋ ਸਕਦੀ ਹੈ ਤੇ ਰਾਤ ਸਮੇਂ ਜਦ ਗਰਮ ਹਵਾ ਕਾਂ ਦੇ ਕੰਟਰੋਲ ਨਾਲ ਨੱਕ ਰਾਹੀਂ ਨਿਕਲਦੀ ਰਹਿੰਦੀ ਹੈ ਤਾਂ ਨੱਕ ਦੇ ਅੰਦਰ ਦੀ ਝਿੱਲੀ ਦੀ ਵੀ ਆਪਣੀ ਇਕ ਸਮਰੱਥਾ ਹੈ ਗਰਮੀ ਸਹਿਣ ਦੀ। ਜਦ ਲਗਾਤਾਰ ਨੀਂਦ ਵਿੱਚ ਮੂੰਹ ਬੰਦ ਹੋਣ ਕਰਕੇ ਨੱਕ ਰਾਹੀਂ ਗਰਮ ਹਵਾ ਨਿਕਲਦੀ ਰਹਿੰਦੀ ਹੈ ਤਾਂ ਨੱਕ ਦੇ ਅੰਦਰ ਦੀ ਝਿੱਲੀ ਵਿੱਚ ਇਸ ਗਰਮ ਨਿਕਲਦੀ ਹਵਾ ਦੀ ਗਰਮੀ ਕਰਕੇ ਸੋਜ ਪੈ ਜਾਂਦੀ ਹੈ। ਜਿਸ ਰਾਹੀਂ ਫੇਫੜਿਆਂ ਵਿਚੋਂ ਪ੍ਰੈਸ਼ਰ ਨਾਲ ਹਵਾ ਨਿਕਲਣ ਕਰਕੇ ਇਕ ਅਜੀਬ ਕਿਸਮ ਦੀ ਅਵਾਜ਼ ਨਿਕਲਦੀ ਹੈ ਜਿਸਨੂੰ ਸਨੋਰਿੰਗ ਕਹਿੰਦੇ ਹਨ ਯਾਨੀ ਘੁਰਾੜੇ ਮਾਰਨਾ ਕਹਿੰਦੇ ਹਨ। ਨੱਕ ਦੇ ਬੰਦ ਸੁਰਾਖ ਜਾ ਊਵਲਾ ਦੇ ਗੈਸਾਂ ਕਰਕੇ ਜਾ ਤੇਜ਼ਾਬੀ ਮਾਦੇ ਦੀ ਜ਼ਿਆਦਤੀ ਕਰਕੇ ਸੁੱਜ ਜਾਣ ਕਰਕੇ।

(ਚੱਲਦਾ)

HOMEOPATHIC NATURAL MEDICINES
When Tired of All Treatments, For any Disease, At any Age
Try Alternative Treatment
Safe and Effective Medicines without any Side Effects



GURDIP S SANDHU
(408) 687-1899 (925) 999-8278
7021 Village Parkway, Dublin, CA 94568

CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਰਜਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੀ 23ਵੀਂ ਦੋ ਰੋਜ਼ਾ ਪੰਜਾਬੀ ਸਾਹਿਤਕ ਕਾਨਫਰੰਸ ਸਫਲ ਰਹੀ




## ਲੇਖਕਾਂ, ਵਿਦਵਾਨਾਂ ਅਤੇ ਸ਼ਾਇਰਾਂ ਵਲੋਂ ਭਰਵੀਂ ਸ਼ਿਰਕਤ

ਵਿਸ਼ਵ ਪੰਜਾਬੀ ਸਾਹਿਤਕ ਅਕਾਦਮੀ (ਵਿਪਸਾਅ) ਕੈਲੀਫ਼ੋਰਨੀਆ ਵਲੋਂ ਹੇਅਵਰਡ ਸ਼ਹਿਰ 'ਚ ਆਯੋਜਿਤ ਦੋ ਰੋਜ਼ਾ 23ਵੀਂ ਪੰਜਾਬੀ ਸਾਹਿਤਕ ਕਾਨਫਰੰਸ ਵਿਚ ਪੰਜਾਬੀ ਜ਼ੁਬਾਨ, ਭਾਸ਼ਾ, ਸਾਹਿਤ, ਸਭਿਆਚਾਰ ਅਤੇ ਇਸ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਸਫ਼ਲਤਾ ਨਾਲ ਇਕ ਨਵਾਂ ਇਤਿਹਾਸ ਸਿਰਜਦਿਆਂ ਉੱਤਰੀ ਅਮਰੀਕਾ 'ਚ ਆਉਣ ਵਾਲੇ ਸਮੇਂ 'ਚ ਇਸ ਦੀ ਚੜਦੀ ਕਲਾ ਲਈ ਨਵਾਂ ਮੰਚ ਵੀ ਪ੍ਰਦਾਨ ਕੀਤਾ ਗਿਆ। ਇਸ ਕਾਨਫਰੰਸ ਵਿਚ ਜਿੱਥੇ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਵਟਾਂਦਰਾ, ਨਵ-ਪ੍ਰਕਾਸ਼ਿਤ ਪੁਸਤਕਾਂ ਦਾ ਲੋਕ ਅਰਪਣ, ਕਵਿਤਾ ਪਾਠ, ਗੀਤ ਸੰਗੀਤ ਹੀ ਨਹੀਂ ਹੋਇਆ ਸਗੋਂ ਭਾਰਤੀ ਸਾਹਿਤ ਅਕਾਦਮੀ ਅਵਾਰਡ ਹਾਸਲ ਕਰਨ ਵਾਲੇ ਵਰਿਆਮ ਸਿੰਘ ਸੰਧੂ, ਜਸਵਿੰਦਰ, ਦਰਸ਼ਨ ਬੁੱਟਰ ਅਤੇ ਡਾ: ਆਤਮਜੀਤ ਸਮੇਤ ਜਸਵੰਤ ਜ਼ਫ਼ਰ, ਡਾ. ਆਤਮ ਰੰਧਾਵਾ, ਡਾ. ਰਾਜੇਸ਼ ਸ਼ਰਮਾ, ਦਲਵੀਰ ਕੌਰ, ਡਾ. ਮੋਨੋਜੀਤ, ਸੁਸ਼ੀਲ ਦੁਸਾਂਝ, ਰਵਿੰਦਰ ਸਹਿਰਾਅ, ਸਤੀਸ਼ ਗੁਲਾਟੀ, ਸੁਹਿਦਰਬੀਰ, ਸੁਰਿੰਦਰ ਸੋਹਲ, ਪ੍ਰੀਤ ਮਨਪ੍ਰੀਤ, ਹਰਦਮ ਸਿੰਘ ਮਾਨ, ਮਨਜੀਤ ਕੌਰ ਗਿੱਲ ਅਤੇ ਰਾਕਿੰਦ ਕੌਰ ਵਰਗੇ ਪੰਜਾਬੀ ਲੇਖਕ ਅਤੇ ਬੁੱਧੀਜੀਵੀ ਉਚੇਚੇ ਤੌਰ 'ਤੇ ਸ਼ਾਮਿਲ ਹੋਣ ਲਈ ਪਹੁੰਚੇ। ਵਿਪਸਾਅ ਦੇ ਸੁਰਿੰਦਰ ਸੀਰਤ, ਸੁਖਵਿੰਦਰ ਕੰਬੋਜ, ਪ੍ਰਧਾਨ ਕੁਲਵਿੰਦਰ, ਜਨਰਲ ਸਕੱਤਰ ਜਗਜੀਤ ਨੌਸ਼ਹਿਰਵੀ, ਗੁਲਸ਼ਨ ਦਿਆਲ, ਅਮਰਜੀਤ ਕੌਰ ਪੰਨੂੰ, ਚਰਨਜੀਤ ਸਿੰਘ ਪੰਨੂ, ਸੁਰਜੀਤ ਸਖੀ, ਲਾਜ ਨੀਲਮ ਸੈਣੀ, ਹਰਭਜਨ ਢਿੱਲੋਂ, ਸੁਖਦੇਵ ਸਾਹਿਲ, ਕਵੀ ਐਸ਼, ਹਰਜਿੰਦਰ ਕੰਗ, ਡਾ. ਗੁਰਪ੍ਰੀਤ ਧੁੱਗਾ, ਗਗਨਦੀਪ ਮਾਹਲ, ਤਾਰਾ ਸਾਗਰ, ਪ੍ਰਿੰ ਹਜ਼ੂਰਾ ਸਿੰਘ ਅਤੇ ਮੁਕੇਸ਼ ਸ਼ਰਮਾ ਦੇ ਖਾਤੇ 'ਚ ਇਸ ਕਾਨਫਰੰਸ ਦੀ ਸਫ਼ਲਤਾ ਦਾ ਮਾਣ ਪਾਇਆ ਜਾ ਸਕਦਾ ਹੈ।

ਸੁਰੀਲੇ ਗਾਇਕ ਸੁਖਦੇਵ ਸਾਹਿਲ ਦੇ ਸ਼ਬਦ ਗਾਇਨ ਨਾਲ ਕਾਨਫਰੰਸ ਦੀ ਸ਼ੁਰੂਆਤ ਹੋਈ। ਸਵਾਗਤੀ ਸੈਸ਼ਨ ਦੀ ਪ੍ਰਧਾਨਗੀ ਵਿਪਸਾਅ ਦੇ ਸਪਾਂਸਰ ਉੱਘੇ ਕਾਰੋਬਾਰੀ ਜਸਵੀਰ ਗਿੱਲ, ਬਲਵਿੰਦਰ ਸਿੰਘ ਧਨੋਆ, ਪੰਜਾਬ ਲੋਕ ਰੰਗ ਦੇ ਸੁਰਿੰਦਰ ਧਨੋਆ, ਕੁਲਵਿੰਦਰ ਅਤੇ ਕਵੀ ਐਸ਼ ਨੇ ਕੀਤੀ। ਪ੍ਰਧਾਨ ਕੁਲਵਿੰਦਰ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਅਤੇ ਕਾਨਫਰੰਸ ਦੇ ਮਨੋਰਥ ਬਾਰੇ ਬੋਲਦਿਆਂ ਇਸ ਮਸ਼ੀਨੀ ਯੁੱਗ ਵਿਚ ਸਾਹਿਤ ਨਾਲ ਜੁੜਨ ਨੂੰ ਹੋਰ ਵੀ ਜ਼ਰੂਰੀ ਦੱਸਿਆ। ਉਹਨਾਂ ਨੇ ਇਹ ਕਾਨਫ਼ਰੰਸ ਵਿਪਸਾਅ ਦੇ ਸੰਸਥਾਪਕ ਮੈਂਬਰ ਸਵ: ਡਾ: ਗੁਰੂਮੇਲ ਸਿੱਧੂ ਦੀ ਯਾਦ ਨੂੰ ਸਮਰਪਿਤ ਕਰਦਿਆਂ ਡਾ: ਸਿੱਧੂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਭਾ ਦੀ ਸਲਾਨਾ ਰਿਪੋਰਟ ਸਾਹਿਤ ਸਕੱਤਰ ਲਾਜ ਨੀਲਮ ਸੈਣੀ ਨੇ ਪੜ੍ਹੀ ਅਤੇ ਕਰੋਨਾ ਕਾਲ ਤੋਂ ਬਾਅਦ ਹੋਏ ਸਾਹਿਤਕ ਸਮਾਗਮਾਂ ਦਾ ਵੇਰਵੇ ਸਹਿਤ ਜ਼ਿਕਰ ਕੀਤਾ।

'ਅਮਰੀਕੀ ਪੰਜਾਬੀ ਕਵਿਤਾ ਸਮਕਾਲ ਦੇ ਸੰਦਰਭ' ਵਿਚ ਵਾਚਦਿਆਂ ਡਾ. ਆਤਮ ਸਿੰਘ ਰੰਧਾਵਾ ਨੇ ਆਪਣੇ ਪਰਚੇ ਵਿਚ ਕਵਿਤਾ ਰਾਹੀਂ ਵਿਸ਼ਵ ਵਿਚ ਵਸਦੇ ਪੰਜਾਬੀਆਂ ਦੀ ਰੂਹ ਨੂੰ ਪੰਜਾਬ ਨਾਲ ਜੁੜੇ ਹੋਣ ਦੀ ਗੱਲ ਕਰਦਿਆਂ ਕਵਿਤਾ ਪ੍ਰਤੀ ਸ਼ਾਇਰਾਂ ਦੀ ਸੁਹਿਰਦਤਾ, ਵਿਸ਼ਿਆਂ ਤੇ ਹਾਲਾਤਾਂ ਦਾ ਚਿਤਰਣ ਬਿਆਨਦਿਆਂ ਚੰਗੀਆਂ ਪ੍ਰਾਪਤੀਆਂ ਦੱਸਿਆ। ਉਹਨਾਂ ਨਵੀਂ ਦ੍ਰਿਸ਼ਟੀ ਤੋਂ ਪਰਵਾਸ ਤੇ ਪਰਵਾਸੀ ਕਵਿਤਾ ਨੂੰ ਪਰਿਭਾਸ਼ਿਤ ਕਰਨ ਉਪਰੰਤ ਅਮਰੀਕਾ ਵਿਚ ਲਿਖੀ ਜਾ ਰਹੀ ਸਮੁੱਚੀ ਪੰਜਾਬੀ ਕਵਿਤਾ ਦੇ ਮੁੱਖ ਪਛਾਣ-ਚਿੰਨ੍ਹ ਅਤੇ ਉਨ੍ਹਾਂ ਦੇ ਵਿਚਾਰਧਾਰਾਈ ਆਧਾਰ ਨਿਰਧਾਰਤ ਕੀਤੇ। ਉਹਨਾਂ ਕਿਹਾ ਕਿ ਅਮਰੀਕਾ ਤੇ ਮੂਲ-ਦੇਸ ਵਿਚ ਸਮੇਂ ਸਮੇਂ ਚੱਲੀਆਂ ਲਹਿਰਾਂ, ਪਰਵਾਸ ਦਾ ਕਠੋਰ ਯਥਾਰਥ ਤੇ ਵਿਸ਼ਵ ਪੱਧਰ ਤੇ 1990 ਤੋਂ ਬਾਅਦ ਵਾਪਰੇ ਬਦਲਾਅ ਚੋਂ ਲੰਘਦਿਆਂ ਇਹ ਕਵਿਤਾ ਚੇਤਨਤਾ, ਭਾਵੁਕਤਾ ਅਤੇ ਸਮਕਾਲ ਤਕ ਪਹੁੰਚਦਿਆਂ ਦਾਰਸ਼ਨਿਕਤਾ ਦੇ ਪੱਧਰ ਵੱਲ ਰੁਖ਼ ਕਰਦੀ ਹੈ। ਇਸ ਚਰਚਾ ਸੈਸ਼ਨ ਦੇ ਮੁੱਖ ਮਹਿਮਾਨ ਰਹੇ ਵਰਿਆਮ ਸਿੰਘ ਸੰਧੂ ਅਤੇ ਪ੍ਰਧਾਨਗੀ ਦਰਸ਼ਨ ਬੁੱਟਰ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਸੁਸ਼ੀਲ ਦੁਸਾਂਝ, ਜਸਵਿੰਦਰ ਅਤੇ ਡਾ: ਰਾਜੇਸ਼ ਸ਼ਰਮਾ ਨੇ ਵੀ ਇਸ ਵਿਸ਼ੇ ਤੇ ਆਪਣੇ ਵਿਚਾਰ ਪੇਸ਼ ਕੀਤੇ।

'ਅਮਰੀਕੀ ਪੰਜਾਬੀ ਕਹਾਣੀ ਸਮਕਾਲ ਦੇ ਸੰਦਰਭ ਵਿੱਚ' ਸੈਸ਼ਨ ਦੇ ਮੁੱਖ ਮਹਿਮਾਨ ਡਾ; ਮੋਨੋਜੀਤ ਅਤੇ ਪ੍ਰਧਾਨ ਵਰਿਆਮ ਸਿੰਘ ਸੰਧੂ ਸਨ। ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਨ ਸੁਰਿੰਦਰ ਸੋਹਲ, ਚਰਨਜੀਤ ਪੰਨੂ, ਸੁਖਵਿੰਦਰ ਕੰਬੋਜ ਅਤੇ ਅਮਰਜੀਤ ਕੌਰ ਪੰਨੂੰ। ਅਜਮੇਰ ਸਿੱਧੂ ਨੇ ਅਮਰੀਕੀ ਪੰਜਾਬੀ ਕਹਾਣੀ ਉੱਪਰ ਖੁੱਲ ਕੇ ਗੱਲ ਕਰਦਿਆਂ ਕਿਹਾ ਕਿ ਉਸ ਨੇ ਅਮਰੀਕਾ ਦੇ ਕਹਾਣੀਕਾਰਾਂ ਦੀਆਂ 35 ਕਹਾਣੀਆਂ ਪੜ੍ਹਦਿਆਂ ਖ਼ੁਸ਼ੀ ਮਹਿਸੂਸ ਕੀਤੀ ਹੈ ਕਿ ਪਰਵਾਸ 'ਚ ਰਹਿ ਕੇ ਵੀ ਪੰਜਾਬੀ ਕਹਾਣੀਕਾਰ ਆਪਣੀ ਮਿੱਟੀ ਤੇ ਸਾਹਿਤ ਨਾਲ ਗਹਿ ਗੱਚ ਜੁੜੇ ਹੋਏ ਹਨ। ਸਿੱਧੂ ਦੀ ਵਿਚਾਰ ਲੜੀ ਨੂੰ ਅੱਗੇ ਤੋਰਦਿਆਂ ਸੁਰਿੰਦਰ ਸੋਹਲ ਅਤੇ ਵਰਿਆਮ ਸਿੰਘ ਸੰਧੂ ਨੇ ਕਹਾਣੀ ਦੇ ਰੂਪ/ਵਿਸ਼ਾ ਵਸਤੂ ਬਾਰੇ ਅਮਰੀਕੀ ਪੰਜਾਬੀ ਕਹਾਣੀਆਂ ਵਿਚੋਂ ਮਿਸਾਲਾਂ ਸਹਿਤ ਬਹੁਤ ਵਿਸਥਾਰ ਵਿੱਚ ਚਾਨਣਾ ਪਾਇਆ। ਇਸ ਚਰਚਾ ਦਾ ਸੰਚਾਲਨ ਲੇਖਕਾ ਗੁਲਸ਼ਨ ਦਿਆਲ ਨੇ ਕੀਤਾ।

ਕਾਨਫ਼ਰੰਸ ਵਿੱਚ ਹਾਜ਼ਰ ਲੇਖਕਾਂ ਦੀਆਂ ਦਰਜਨ ਦੇ ਕਰੀਬ ਨਵ-ਪ੍ਰਕਾਸ਼ਿਤ ਕਿਤਾਬਾਂ ਰਿਲੀਜ਼ ਕੀਤੀਆਂ ਗਈਆਂ ਜਿੰਨਾਂ ਵਿੱਚ ਸ਼ਾਮਲ ਹਨ: ਕੁਲਵਿੰਦਰ ਅਤੇ ਸਤੀਸ਼ ਗੁਲਾਟੀ ਸੰਪਾਦਿਤ ਪਾਕਿਸਤਾਨ ਤੋਂ ਪੰਜਾਬੀ ਦੇ ਨਾਮਵਰ ਸ਼ਾਇਰ ਅਬਦੁਲ ਕਰੀਮ ਕੁਦਸੀ ਦੇ ਸ਼ਾਇਰੀ ਸੰਗ੍ਰਹਿ "ਆਪਣੇ ਘਰੀਂ ਪ੍ਰਾਉਣੇ" ਅਤੇ "ਬਿਰਹੋਂ ਦੀ ਰੜਕ, ਜਸਵੰਤ ਜ਼ਫ਼ਰ ਦੀ ਵਿਚਾਰ ਲੜੀ ਪੁਸਤਕ " ਚਮੇਲੀ ਦੇ ਫੁੱਲ, ਡਾ: ਮੋਨੋਜੀਤ ਦਾ ਕਵਿਤਾ ਸੰਗ੍ਰਹਿ "ਕਿਤਾਬ ਮੂਰਤੀ ਨਹੀਂ ਹੁੰਦੀ, ਡਾ: ਸ਼ਮਸ਼ੇਰ ਮੋਹੀ ਸੰਪਾਦਿਤ "ਸੁਰਜੀਤ ਸਖੀ ਕਾਵਿ ਵਸਤੂ, ਵਿਧੀ ਤੇ ਵਿਚਾਰਧਾਰਾ, ਅਮਰਜੀਤ ਕੌਰ ਪੰਨੂੰ ਦਾ ਕਹਾਣੀ ਸੰਗ੍ਰਹਿ " ਸੁੱਚਾ ਗੁਲਾਬ, ਐਸ਼ ਦੀਆਂ ਦੋ ਜੀਵਨੀ ਕਾਵਿ ਪੁਸਤਕਾਂ। ਸਵ: ਗੁਰੂਮੇਲ ਸਿੱਧੂ ਦੀ "ਗ਼ਦਰ ਲਹਿਰ ਦਾ ਦੂਜਾ ਪੱਖ' ਦਾ ਦੂਜਾ ਐਡੀਸ਼ਨ, ਸੁਖਵਿੰਦਰ ਕੰਬੋਜ ਦੀ "ਜੰਗ ਜਸ਼ਨ ਤੇ ਜੁਗਨੂੰ" ਦਾ ਨਵਾਂ ਐਡੀਸ਼ਨ, ਜਸਵਿੰਦਰ ਦੀ "ਅਗਰਬੱਤੀ" ਦਾ ਚੌਥਾ ਐਡੀਸ਼ਨ ਅਤੇ ਮੈਗਜ਼ੀਨ "ਹੁਣ', ਜੰਮੂ ਤੋਂ ਨਿਕਲਦੇ ਮੈਗਜ਼ੀਨ "ਆਬਰੂ" ਅਤੇ "ਏਕਮ" ਦੇ ਨਵੇਂ ਐਡੀਸ਼ਨ ਵੀ ਰਿਲੀਜ਼ ਕੀਤੇ ਗਏ। ਹਰਪ੍ਰੀਤ ਕੌਰ ਧੂਤ ਅਤੇ ਜਗਜੀਤ ਨੇ ਇਹਨਾਂ ਕਿਤਾਬਾਂ ਦੀ ਜਾਣ-ਪਛਾਣ ਦਰਸ਼ਕਾਂ ਨਾਲ ਕਰਾਈ।

ਕਾਨਫਰੰਸ ਦੇ ਪਹਿਲੇ ਦਿਨ ਵਿਸ਼ਾਲ ਕਵੀ ਦਰਬਾਰ ਆਯੋਜਨ ਕੀਤਾ ਗਿਆ ਜਿਸ ਵਿਚ 20 ਤੋਂ ਵੱਧ ਕਵੀਆਂ/ਕਵਿਤਰੀਆਂ ਨੇ ਆਪਣੀਆਂ ਕਵਿਤਾਵਾਂ ਨਾਲ ਹਾਜ਼ਰ ਸਰੋਤਿਆਂ ਨੂੰ ਸਾਹਿਤ ਦੇ ਲੜ ਬੰਨੀਂ ਰੱਖਿਆ। ਇਸ ਕਵੀ ਦਰਬਾਰ ਦੇ ਮੁੱਖ ਮਹਿਮਾਨ ਜਸਵੰਤ ਜ਼ਫ਼ਰ ਸਨ ਅਤੇ ਪ੍ਰਧਾਨਗੀ ਰਵਿੰਦਰ ਸਹਿਰਾਅ ਨੇ ਕੀਤੀ ਅਤੇ ਪ੍ਰਧਾਨਗੀ ਮੰਡਲ ਵਿੱਚ ਉਹਨਾਂ ਦਾ ਸਾਥ ਦਿੱਤਾ ਸੁਰਜੀਤ ਸਖੀ, ਸੁਹਿੰਦਰਬੀਰ, ਪ੍ਰੀਤ ਮਨਪ੍ਰੀਤ, ਗੁਲਸ਼ਨ ਦਿਆਲ, ਅਤੇ ਮਨਜੀਤ ਕੌਰ ਗਿੱਲ ਨੇ। ਕਵੀ ਦਰਬਾਰ ਦਾ ਆਗਾਜ਼ ਰਾਕਿੰਦ ਕੌਰ ਵਲੋਂ ਸ਼ਮਾ ਰੋਸ਼ਨ ਕਰਕੇ ਕੀਤਾ ਗਿਆ। ਸਭ ਤੋਂ ਪਹਿਲਾਂ ਅਮਰਜੀਤ ਜੌਹਲ ਨੇ ਮਾਂ ਬੋਲੀ ਅਤੇ ਪੰਜਾਬ ਨੂੰ ਸਮਰਪਿਤ ਗੀਤ ਤਰੰਨਮ ਵਿੱਚ ਗਾਇਆ ਅਤੇ ਸਮਾਪਤੀ ਰਵਿੰਦਰ ਸਹਿਰਾਅ ਦੀਆਂ ਨਜ਼ਮਾਂ "ਫ਼ਲਸਤੀਨੀ ਕੁੜੀ ਦੀ ਚੱਪਲ" ਅਤੇ "ਲਾਹੌਰ ਸ਼ਹਿਰ ਦੀਓ ਕੁੜੀਓ" ਨਾਲ ਹੋਈ। ਪ੍ਰਭਸ਼ਰਨਬੀਰ ਸਿੰਘ, ਸਤੀਸ਼ ਗੁਲਾਟੀ, ਕਵੀ ਐਸ਼, ਸੁਹਿੰਦਰਬੀਰ, ਹਰਜਿੰਦਰ ਕੰਗ, ਹਰਜਿੰਦਰ ਢੇਸੀ, ਸੰਤੋਖ ਮਿਨਹਾਸ, ਰਾਕਿੰਦ ਕੌਰ, ਸੁਰਿੰਦਰ ਸੋਹਲ ਅਤੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਕਵੀਆਂ ਨੇ ਆਪਣਾ ਕਲਾਮ ਸੁਣਾ ਕੇ ਸਰੋਤਿਆਂ ਵਲੋਂ ਪ੍ਰਸੰਸਾ ਹਾਸਲ ਕੀਤੀ। ਕਵੀ ਦਰਬਾਰ ਦੇ ਸੰਚਾਲਨ ਦੀ ਜ਼ਿੰਮੇਵਾਰੀ ਲਾਜ ਨੀਲਮ ਸੈਣੀ ਅਤੇ ਜਗਜੀਤ ਨੌਸ਼ਹਿਰਵੀ ਨੇ ਨਿਭਾਈ।

ਪਹਿਲੀ ਸ਼ਾਮ ਦਾ ਅੰਤ ਸੁਖਦੇਵ ਸਾਹਿਲ ਦੀ ਮੁਗਧ ਅਵਾਜ਼ ਵਿੱਚ ਸੂਫ਼ੀ ਅਤੇ ਆਧੁਨਿਕ ਸ਼ਾਇਰੀ ਦੇ ਜਾਦੂ-ਮਈ ਗਾਇਨ ਨਾਲ ਹੋਇਆ। ਸਾਹਿਲ ਨੇ ਹੀਰ ਵਾਰਿਸ, ਸ਼ਿਵ ਬਟਾਲਵੀ, ਜਸਵਿੰਦਰ, ਹਰਜਿੰਦਰ ਕੰਗ, ਕੁਲਵਿੰਦਰ ਅਤੇ ਹੋਰ ਸਮਕਾਲੀ ਸ਼ਾਇਰਾਂ ਦਾ ਕਲਾਮ ਗਾ ਕੇ ਹਾਜ਼ਰ ਰੂਹਾਂ ਨੂੰ ਅਨੰਦਿਤ ਕੀਤਾ।

ਕਾਨ.ਫ਼ਰੰਸ ਦੇ ਦੂਜੇ ਤੇ ਆਖਰੀ ਦਿਨ ਪੰਜਾਬੀ ਯੂਨੀਵਰਸਿਟੀ ਦੇ ਡਾ. ਰਾਜੇਸ਼ ਸ਼ਰਮਾ ਨੇ ਪੰਜਾਬੀ ਸਾਹਿਤ ਦੇ ਵਿਸ਼ਵ ਸਾਹਿਤ ਵਿਚ ਸਥਾਨ, ਰੁਤਬਾ, ਅਨੁਵਾਦ ਅਤੇ ਅਦਾਨ ਪ੍ਰਦਾਨ ਦੇ ਵਿਸ਼ੇ ਉੱਤੇ ਏਨੀਆਂ ਭਾਵਪੂਰਤ ਟਿੱਪਣੀਆਂ ਕੀਤੀਆਂ ਕਿ ਕਾਨ.ਫ਼ਰੰਸ ਦਾ ਇਹ ਇਕ ਵਡਮੁੱਲਾ ਭਾਗ ਸਾਬਤ ਹੋਇਆ। ਡਾ. ਸ਼ਰਮਾ ਦੀਆਂ ਟਿੱਪਣੀਆਂ ਉੱਤਰੀ ਅਮਰੀਕਾ 'ਚ ਸਾਹਿਤਕਾਰਾਂ ਲਈ ਸਾਹਿਤ ਨੂੰ ਹੋਰ ਵੀ ਗੰਭੀਰਤਾ ਨਾਲ ਰਚਣ ਵਿਚ ਮਦਦਗਾਰ ਸਾਬਤ ਹੋਣਗੀਆਂ। ਉਹਨਾਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਪੰਜਾਬੀ ਸਾਹਿਤ ਦਾ ਦੂਜੀਆਂ ਭਾਸ਼ਾਵਾਂ ਵਿਚ ਅਨੁਵਾਦ ਹੋਣਾ ਚਾਹੀਦਾ ਹੈ ਤਾਂ ਕਿ ਅਸੀਂ ਕੌਮਾਂਤਰੀ ਸਾਹਿਤ ਵਿਚ ਆਪਣੀ ਚੰਗੀ ਥਾਂ ਬਣਾ ਸਕੀਏ। । ਡਾ: ਸ਼ਰਮਾ ਨੇ ਕਿਹਾ ਕਿ "ਪਰਵਾਸੀ ਇੱਕ ਤੀਰਥ ਯਾਤਰੀ ਹੈ, ਤੁਸੀਂ ਇੱਕ ਤੋਂ ਦੂਸਰੀ ਧਰਤੀ ਦਾ ਹੀ ਨਹੀਂ, ਇੱਕ ਤੋਂ ਦੂਸਰੇ ਪੱਧਰ ਦਾ, ਇੱਕ ਤੋਂ ਦੂਸਰੀ ਜ਼ਿੰਦਗੀ ਦਾ, ਇੱਕ ਤੋਂ ਦੂਸਰੀ ਚੇਤਨਾ ਧਾਰਾ ਦਾ ਸਫਰ ਤਹਿ ਕਰਨ ਦਾ ਮੌਕਾ ਲੈਂਦੇ ਹੋ। ਇਸ ਸੈਸ਼ਨ ਦੇ ਮੁੱਖ ਮਹਿਮਾਨ ਸਨ ਡਾ: ਆਤਮਜੀਤ ਅਤੇ ਪ੍ਰਧਾਨਗੀ ਡਾ: ਆਤਮ ਸਿੰਘ ਰੰਧਾਵਾ ਨੇ ਕੀਤੀ ਅਤੇ ਪ੍ਰਧਾਨਗੀ ਮੰਡਲ ਵਿੱਚ ਉਹਨਾਂ ਦਾ ਸਾਥ ਦਿੱਤਾ ਸੁਰਿੰਦਰ ਸੀਰਤ, ਹਰਦਮ ਮਾਨ, ਹਰਜਿੰਦਰ ਕੰਗ ਅਤੇ ਡਾ: ਕੁਲਬੀਰ ਸਿੰਘ ਥਿੰਦ ਨੇ। ਸਾਰੀ ਵਿਚਾਰ ਚਰਚਾ ਨੂੰ ਸੁਖਵਿੰਦਰ ਕੰਬੋਜ ਨੇ ਸੰਚਾਲਕ ਵਜੋਂ ਬਾਖ਼ੂਬੀ ਪਰੋਇਆ।

ਕਾਨਫਰੰਸ ਦਾ ਇਕ ਖ਼ਾਸ ਸੈਸ਼ਨ ਸੀ ਡਾ: ਗੁਰਪ੍ਰੀਤ ਧੁੱਗਾ ਦੇ ਬਹੁਚਰਚਿਤ ਨਾਵਲ 'ਚਾਲ਼ੀ ਦਿਨ' ਉੱਪਰ ਵਿਚਾਰ ਚਰਚਾ ਦਾ ਹੋਣਾ। ਇਸ ਚਰਚਾ ਦਾ ਸੰਚਾਲਨ ਅਸ਼ੋਕ ਭੌਰਾ ਨੇ ਕੀਤਾ। ਡਾ: ਵਰਿਆਮ ਸਿੰਘ ਸੰਧੂ, ਡਾ: ਆਤਮਜੀਤ, ਸੁਰਿੰਦਰ ਸੋਹਲ, ਜਸਵੰਤ ਜ਼ਫ਼ਰ, ਦਰਸ਼ਨ ਬੁੱਟਰ ਤੇ ਡਾ. ਰਜੇਸ਼ ਸ਼ਰਮਾ ਨੇ ਡਾ. ਧੁੱਗਾ ਦੀ ਨਿਵੇਕਲੀ ਸਾਹਿਤਕ ਕਿਰਤ 'ਚਾਲ਼ੀ ਦਿਨ' ਨੂੰ ਡਾ: ਗੁਰਪ੍ਰੀਤ ਧੁੱਗਾ ਦੀ ਇਕ ਵੱਡੀ ਸਾਹਿਤਕ ਪ੍ਰਾਪਤੀ ਦੱਸਿਆ। ਸੁਰਿੰਦਰ ਸੋਹਲ ਨੇ ਡਾ: ਧੁੱਗਾ ਤੋਂ ਆਉਣ ਵਾਲੀਆਂ ਕਿਰਤਾਂ ਵਿੱਚ ਹੋਰ ਵੀ ਨਿਖਰਨ ਦੀ ਆਸ ਪ੍ਰਗਟਾਈ। ਡਾ: ਸੰਧੂ ਨੇ ਇਸ ਲਿਖਤ ਦਾ ਰੂਪ ਬਾਬੇ ਨਾਨਕ ਦੀਆਂ ਉਦਾਸੀਆਂ ਦੌਰਾਨ ਵਾਪਰਦੀਆਂ ਸਾਖੀਆਂ ਨਾਲ ਮਿਲਦਾ ਦੱਸਿਆ। ਡਾ: ਰਾਜੇਸ਼ ਸ਼ਰਮਾ ਨੇ ਕਿਹਾ ਕਿ ਹੋਰ ਭਾਸ਼ਾਵਾਂ ਵਿੱਚ ਵੀ ਨਵੀਂ ਪੀੜ੍ਹੀ ਦੇ ਲੇਖਕ ਪ੍ਰਵਾਨਤ ਸਾਹਿਤ ਰੂਪਾਂ ਤੋਂ ਅੱਗੇ ਨਵੀਂਆਂ ਸਾਹਿਤਕ ਵੰਨਗੀਆਂ ਸਿਰਜ ਰਹੇ ਹਨ। "ਚਾਲ਼ੀ ਦਿਨ" ਵੀ 'ਪੋਸਟ-ਯੌਨਰ' ਹੈ ਅਤੇ ਪੰਜਾਬੀ ਸਾਹਿਤ ਵਿੱਚ ਚੰਗਾ ਵਾਧਾ ਹੈ। 'ਚਾਲ਼ੀ ਦਿਨ' ਬਾਰੇ ਇਸ ਦੇ ਲੇਖਕ ਡਾ: ਧੁੱਗਾ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਉਸ ਨੂੰ ਆਪਣੀ ਪ੍ਰਾਪਤੀ 'ਤੇ ਮਾਣ ਹੀ ਨਹੀਂ ਖ਼ੁਸ਼ੀ ਵੀ ਹੈ ਪਰ ਇਸ ਨਾਲ ਉਸ ਦੀਆਂ ਸਾਹਿਤਕ ਜ਼ਿੰਮੇਵਾਰੀਆਂ ਵੱਡੀਆਂ ਹੋ ਗਈਆਂ ਹਨ।

ਦੂਜੇ ਦਿਨ ਦਾ ਕਵੀ ਦਰਬਾਰ ਹੋਰ ਵੀ ਆਹਲਾ ਹੋ ਨਿਬੜਿਆ ਜਿਸਦੀ ਸੰਚਾਲਨਾ ਉੱਘੇ ਕਵੀ ਸੁਰਿੰਦਰ ਸੀਰਤ ਅਤੇ ਸ਼ਾਇਰਾ ਸੁਰਜੀਤ ਸਖੀ ਨੇ ਕੀਤੀ। ਕਵੀ ਦਰਬਾਰ ਦੀ ਸਦਾਰਤ ਜਸਵਿੰਦਰ ਨੇ ਕੀਤੀ ਅਤੇ ਮੁੱਖ ਮਹਿਮਾਨ ਸਨ ਦਰਸ਼ਨ ਬੁੱਟਰ। ਪ੍ਰਧਾਨਗੀ ਮੰਡਲ ਵਿੱਚ ਇਹਨਾਂ ਦੇ ਸਾਥੀ ਸਨ ਕੁਲਵਿੰਦਰ, ਦਲਵੀਰ ਕੌਰ, ਭੁਪਿੰਦਰ ਦਲੇਰ, ਗੁਲਸ਼ਨ ਦਿਆਲ, ਸਤੀਸ਼ ਗੁਲਾਟੀ, ਦਿਲ ਨਿੱਝਰ ਅਤੇ ਅਸ਼ੋਕ ਭੌਰਾ। ਹੋਰਨਾਂ ਤੋਂ ਇਲਾਵਾ ਇਸ ਕਵੀ ਦਰਬਾਰ ਵਿੱਚ ਦਰਸ਼ਨ ਬੁੱਟਰ, ਡਾ: ਗੁਰਪ੍ਰੀਤ ਧੁੱਗਾ, ਜਸਵਿੰਦਰ, ਲਖਵਿੰਦਰ ਲੱਕੀ, ਲਾਜ ਨੀਲਮ ਸੈਣੀ, ਡਾ: ਬਿਕਰਮ ਸੋਹੀ, ਪ੍ਰਿੰ ਹਜ਼ੂਰਾ ਸਿੰਘ, ਤਾਰਾ ਸਾਗਰ, ਸੁਖਪਾਲ ਸੰਘੇੜਾ, ਲਾਜ ਨੀਲਮ ਸੈਣੀ, ਗਗਨਦੀਪ ਮਾਹਲ, ਤਰਲੋਚਨ ਸਿੰਘ ਦੁਪਾਲਪੁਰੀ, ਦਲਵੀਰ ਕੌਰ, ਜਸਵੰਤ ਸ਼ਾਦ, ਹਰਜਿੰਦਰ ਕੰਗ, ਹਰਭਜਨ ਢਿੱਲੋਂ, ਕੁਲਵੰਤ ਸੇਖੋਂ ਨੇ ਆਪਣਾ ਕਲਾਮ ਪੇਸ਼ ਕੀਤਾ।

ਰੰਗ ਮੰਚ ਨੂੰ ਆਪਣੀ ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਪ੍ਰਦਾਨ ਕਰ ਕੇ ਇਸ ਖੇਤਰ ਦੀਆਂ ਨਵੀਆਂ ਸਿਖਰਾਂ ਸਿਰਜਣ ਵਾਲੇ ਡਾ: ਆਤਮਜੀਤ ਨੇ ਜਦੋਂ ਦੀਵਾਨ ਸਿੰਘ ਕਾਲੇਪਾਣੀ ਦੀ ਜ਼ਿੰਦਗੀ 'ਤੇ ਅਧਾਰਿਤ ਨਾਟਕ 'ਕਿਸ਼ਤੀਆਂ ਵਿਚ ਜਹਾਜ਼' ਦਾ ਨਾਟਕੀ ਪਾਠ ਦੇਰ ਰਾਤ ਦਰਸ਼ਕਾਂ ਨਾਲ ਸਾਂਝਾ ਕੀਤਾ ਤਾਂ ਇਸ ਚੁੱਪ 'ਚ ਹਰ ਅੱਖ ਜਜ਼ਬਾਤੀ, ਸਿੱਲੀ ਤੇ ਭਾਵਪੂਰਤ ਸੀ। ਇਹ ਪੇਸ਼ਕਾਰੀ ਦੋ ਦਿਨਾਂ ਕਾਨਫਰੰਸ ਦੀ ਇਕ ਤਰਾਂ ਨਾਲ ਇਤਿਹਾਸਕ ਸਿਖਰ ਮੰਨੀ ਜਾ ਸਕਦੀ ਹੈ। ਡਾ: ਕਾਲੇਪਾਣੀ ਦੀ ਪੋਤਰੀ ਅਨੁਰੰਜਨ ਕੌਰ ਆਪਣੇ ਪਰਵਾਰ ਨਾਲ ਹਾਜ਼ਰ ਸੀ। ਵਿਪਸਾਅ ਵਲੋਂ ਉਹਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

ਦੋਵੇਂ ਦਿਨ ਕਾਨਫਰੰਸ ਦਾ ਸਟੇਜ ਸੰਚਾਲਨ ਜਗਜੀਤ ਨੌਸ਼ਹਿਰਵੀ, ਲਾਜ ਨੀਲਮ ਸੈਣੀ, ਸੁਰਿੰਦਰ ਸੀਰਤ, ਗੁਲਸ਼ਨ ਦਿਆਲ, ਸੁਖਵਿੰਦਰ ਕੰਬੋਜ, ਅਸ਼ੋਕ ਭੌਰਾ ਅਤੇ ਹਰਪ੍ਰੀਤ ਕੌਰ ਧੂਤ ਨੇ ਕੀਤਾ। ਵਿਪਸਾਅ ਕਮੇਟੀ ਵਲੋਂ ਜਸਵੀਰ ਗਿੱਲ, ਡਾ: ਗੁਰਪ੍ਰੀਤ ਧੁੱਗਾ, ਡਾ: ਸਰਬਜੀਤ ਹੁੰਦਲ, ਬਲਵਿੰਦਰ ਧਨੋਆ, ਸੁਰਿੰਦਰ ਧਨੋਆ, ਡਾ: ਦਲਬੀਰ ਪੰਨੂੰ, ਪ੍ਰੋ ਸੁਖਦੇਵ ਸਿੰਘ, ਬਲਜਿੰਦਰ ਸਵੈਚ, ਸਤਵੰਤ ਸਿੰਘ, ਅਤੇ ਵਿਪਸਾਅ ਦੀ ਸਮੁੱਚੀ ਕਾਰਜਕਰਨੀ ਵਲੋਂ ਮਾਇਕ ਮਦਦ ਇਕੱਠੀ ਕਰਨ ਵਿੱਚ ਖ਼ਾਸ ਭੂਮਿਕਾ ਨਿਭਾਉਣ ਲਈ ਧੰਨਵਾਦ ਕੀਤਾ ਗਿਆ। ਪੰਜਾਬੀ ਰੇਡੀਓ ਯੂ ਐਸ ਏ ਦੇ ਹਰਜੋਤ ਸਿੰਘ ਖਾਲਸਾ ਅਤੇ ਰਾਜਕਰਨ ਸਿੰਘ ਨੇ ਸਾਰੇ ਪ੍ਰੋਗਰਾਮ ਦਾ ਲਾਈਵ ਪ੍ਰਸਾਰਣ ਕੀਤਾ।

**ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ**
**ਜਗਜੀਤ ਨੌਸ਼ਹਿਰਵੀ, ਜਰਨਲ ਸਕੱਤਰ**
510-676-1565

ਕੈਪਟਨ ਅਮਰਜੀਤ ਸਿੰਘ ਕਾਲੇਕਾ ਸਿੱਖ ਕੌਮ ਵਿੱਚ ਇੱਕ ਜਾਣਿਆ ਪਹਿਚਾਣਿਆ ਕੁਰਬਾਨੀ ਵਾਲਾ ਪ੍ਰਵਾਰ ਹੈ। ਪਟਿਆਲਾ ਰਿਆਸਤ ਦੇ ਨਾਮੀ ਪਰਿਵਾਰ ਵਿਚ ਜਨਮ ਅਤੇ ਪਰਵਿਰਸ਼ ਪਾਉਣ ਉਪਰੰਤ ਇਨ੍ਹਾਂ ਨੇ ਫੌਜ ਦੇ ਵਿਚ ਬੜੀ ਦਲੇਰੀ ਨਾਲ ਸਰਵਿਸ ਕੀਤੀ। ਉਸ ਤੋਂ ਬਾਅਦ ਬਤੌਰ ਲੈਕਚਰਾਰ ਸਰਕਾਰੀ ਕਾਲਜ ਵਿਚ ਇਮਾਨਦਾਰੀ ਨਾਲ ਸੇਵਾ ਨਿਭਾਈ, ਜਿਸ ਵੇਲੇ ਬਤੌਰ ਉਪ ਆਬਕਾਰੀ ਤੇ ਕਰ ਕਮਿਸ਼ਨਰ ਆਪਣੇ ਕੈਰੀਅਰ ਦੀਆਂ ਉਚਾਈਆਂ 'ਤੇ ਸਨ, ਪੰਜ ਸਾਲਾਂ ਦੀ ਛੁੱਟੀ ਲੈ ਕੇ ਆਪਣੀ ਜਾਇਦਾਦ ਵੇਚ ਕੇ, ਪਰਿਵਾਰ ਸਮੇਤ ਅਮਰੀਕਾ ਆ ਗਏ, ਜਿਥੇ ਜਾ ਕੇ ਮੁੜ ਤੋਂ ਸੰਘਰਸ਼ ਕਰਦੇ ਹੋਏ ਪ੍ਰਾਪਤੀਆਂ ਕੀਤੀਆਂ ਅਤੇ ਦੋਵੇਂ ਬੇਟਿਆਂ ਨੂੰ ਉਚੇਰੀ ਸਿੱਖਿਆ ਦਿਵਾਉਣ ਉਪਰੰਤ ਇਸ ਕਾਬਲ ਬਣਾਇਆ ਕਿ ਉਹ ਅੱਜ ਆਪਣੇ ਪਰਿਵਾਰਾਂ ਸਮੇਤ ਅਮਰੀਕਾ ਵਿਚ ਬਹੁਤ ਮਾਣ ਵਾਲੀਆਂ ਥਾਵਾ 'ਤੇ ਸੈਟਲ ਹਨ। ਇਹ ਸਭ ਕੁਝ ਹਾਸਲ ਕਰਨ ਉਪਰੰਤ ਮੁੜ ਭਾਰਤ ਪਰਤ ਕੇ ਬਤੌਰ ਐਡੀਸ਼ਨਲ ਆਬਕਾਰੀ ਤੇ ਕਰ ਕਮਿਸ਼ਨਰ ਪੰਜਾਬ ਰਿਟਾਇਰ ਹੋਏ। ਕੈਪਟਨ ਅਮਰਜੀਤ ਸਿੰਘ ਕਾਲੇਕਾ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਵਿਖੇ ਸ਼ਹੀਦ ਹੋਏ ਸ੍ਰ. ਸਤਵੰਤ ਸਿੰਘ ਕਾਲੇਕਾ ਦੇ ਵੱਡੇ ਭਰਾ ਹਨ। ਕਾਲੇਕਾ ਪ੍ਰਵਾਰ ਪੁਸ਼ਤਾਂ ਤੋਂ ਪੰਥ ਦੀ ਨਿਸ਼ਕਾਮ ਸੇਵਾ ਕਰਦੇ ਆ ਰਹੇ ਹਨ ਜਿਥੇ ਓਕ ਕਰੀਕ ਵਿਸਕਾਸਨ ਦੇ ਗੁਰਦੁਆਰਾ ਸਾਹਿਬ ਚ ਵਾਪਰੀ ਘਟਨਾ ਨੇ ਪੂਰੇ ਅਮਰੀਕਾ ਸਮੇਤ ਸਾਰੀ ਦੁਨੀਆ ਦੇ ਸਿੱਖਾਂ ਉਪਰ ਗਹਿਰਾ ਪ੍ਰਭਾਵ ਛੱਡਿਆ ਉਥੇ ਕੈਪਟਨ ਅਮਰਜੀਤ ਸਿੰਘ ਕਾਲੇਕਾ ਨੇ ਇਸ ਸ਼ਹਾਦਤ ਨੂੰ ਕਲਮਬੰਦ ਕਰਨ ਲਈ ਕੋਸਿਸ਼ ਅਰੰਭ ਕਰ ਦਿੱਤੀ। ਭਾਵੇਂ ਸਤਵੰਤ ਸਿੰਘ ਦੀ ਸ਼ਹੀਦੀ, ਉਨ੍ਹਾਂ ਦੇ ਪਰਿਵਾਰ, ਪਿੰਡ ਵਾਸੀਆਂ, ਸੱਜਣਾਂ-ਮਿੱਤਰਾਂ ਅਤੇ ਵਿਸ਼ੇਸ਼ ਕਰਕੇ ਸਮੂਹ ਨਾਨਕ ਨਾਮ ਲੇਵਾ ਮਨੁੱਖਾਂ ਲਈ ਇਕ ਨਾ-ਭੁਲਾਇਆ ਜਾਣ ਵਾਲਾ ਵਾਕਿਆ ਹੈ। ਪ੍ਰੰਤੂ ਫਿਰ ਵੀ ਉਨ੍ਹਾਂ ਦੇ ਮਨ ਵਿਚ ਇਹ ਇੱਛਾ ਸੀ ਕਿ ਉਨਾ ਤੋਂ 5 ਵਰ੍ਹੇ ਛੋਟੇ ਵੀਰ ਸਤਵੰਤ ਸਿੰਘ ਕਾਲੇਕਾ ਦੀ ਸ਼ਹੀਦੀ ਦੀ ਗੌਰਵਗਾਥਾ ਨੂੰ ਸ਼ਬਦਾਂ ਵਿਚ ਕਾਨੀਬੱਧ ਕੀਤਾ ਜਾਵੇ ਅਤੇ ਇਸ ਘਟਨਾ ਦੀ ਯਾਦ ਨੂੰ ਇਤਿਹਾਸਕ ਦਸਤਾਵੇਜ਼ ਦੇ ਰੂਪ ਵਿਚ ਸੰਭਾਲ ਕੇ ਰੱਖਿਆ ਜਾਵੇ ਕਿਉਂਕਿ ਆਮ ਕਹਾਵਤ ਹੈ ਕਿ ਸੀਨਾ-ਬਸੀਨਾ ਤੁਰਦੀਆਂ ਗਾਥਾਵਾਂ ਸਮਾਂ ਪਾ ਕੇ ਜਨ-ਚੇਤਨਾ ਵਿਚੋਂ ਲੁਪਤ ਹੋ ਜਾਂਦੀਆਂ ਹਨ ਪ੍ਰੰਤੂ ਸ਼ਾਬਦਿਕ ਰੂਪ ਵਿਚ ਚਿੱਤਰੀਆਂ ਵੀਰ-ਗਾਥਾਵਾਂ ਇਤਿਹਾਸ ਦਾ ਸਥਾਈ ਹਿੱਸਾ ਬਣ ਜਾਂਦੀਆਂ ਹਨ। ਇਸ ਪੁਸਤਕ ਦੀ ਰਚਨਾ ਕਰਦਿਆਂ ਉਨਾ ਕਿਸੇ ਇਤਿਹਾਸ, ਮਿਥਿਹਾਸ ਜਾਂ ਕਲਪਨਾ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਦਾ ਜ਼ਿਆਦਾ ਧਿਆਨ ਸ੍ਰ. ਸਤਵੰਤ ਸਿੰਘ ਅਤੇ ਉਸ ਦੇ ਜੀਵਨ ਨਾਲ ਸਬੰਧਤ ਵਾਸਤਵਿਕ ਘਟਨਾਵਾਂ ਨੂੰ ਚਿੱਤਰਣ 'ਤੇ ਹੀ ਕੇਂਦਰਤ ਰਿਹਾ ਹੈ। ਇਸ ਪੁਸਤਕ ਦੀ ਰਚਨਾ ਪ੍ਰਕਿਰਿਆ ਅਤੇ ਸੰਪੂਰਨਤਾ ਵਿਚ ਵੀ ਆਮ ਵਾਂਗ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਜਸਮਿੰਦਰ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਅਸੀਂ ਉਨ੍ਹਾਂ ਦੀ ਲਿਖੀ ਇਤਿਹਾਸਕ ਕਿਤਾਬ ਸ਼ਹੀਦ ਸਤਵੰਤ ਸਿੰਘ ਕਾਲੇਕੇ ਜਨਮ ਤੋਂ ਸ਼ਹੀਦੀ ਤੱਕ 'ਸਾਡੇ ਲੋਕ' ਅਖਬਾਰ ਵਿੱਚ ਲੜੀਵਾਰ ਛਾਪਕੇ ਮਾਣ ਮਹਿਸੂਸ ਕਰ ਰਹੇ ਹਾਂ : ਸਤਨਾਮ ਸਿੰਘ ਖਾਲਸਾ



ਕੈਪਟਨ ਅਮਰਜੀਤ ਸਿੰਘ ਕਾਲੇਕਾ

# ਵੱਡੇ ਭਰਾ ਦਾ ਅਸਰ

(**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**)

ਮੈਂ ਉਸ ਦੇ ਸਿਰ ਤੇ ਹੱਥਲਾਇਆ ਤੇ ਦੇਖਿਆ ਕਿ ਗੋਲੇ ਦੀ ਪੱਚਰ ਨਾਲ ਉਸ ਦਾ ਸਿਰ ਲਹੂ ਲੁਹਾਨ ਹੋਇਆ ਪਿਆ ਸੀ ਜਿਸ ਕਰਕੇ ਉਸ ਦੀ ਮੌਤ ਹੋ ਗਈ। ਸਾਡੇ ਜਵਾਨਾਂ ਨੇ ਅੰਧਾਧੁੰਦ ਗੋਲੀਬਾਰੀ ਸ਼ੁਰੂ ਕਰ ਦਿੱਤੀ। ਮੈਂ ਉਸ ਵੇਲੇ 30 ਬੰਦਿਆਂ ਦੀ ਪਲਾਟੂਨ ਦਾ ਕਮਾਂਡਰ ਸੀ। ਮੇਰੇ ਨੇੜੇ ਹੀ ਤਕਰੀਬਨ 20 ਫੌਜੀ ਤੇ ਕੰਪਨੀ ਕਮਾਂਡਰ ਮੇਜਰ ਕੁਲਵਿੰਦਰ ਸਿੰਘ ਬੈਠੇ ਸੀ। ਮੈਂ ਉਹਨਾਂ ਦੀ ਸੱਜੀ ਬਾਂਹ ਦੇਖੀ, ਉਹਨਾਂ ਦਾ ਕੁੜਤਾ ਗੋਲੀ ਲੱਗਣਨਾਲ ਸੜ ਗਿਆ ਸੀ। ਮੈਂ ਕਿਹਾ, "ਸਰ ਤੁਹਾਡਾ ਕੁੜਤਾ ਦੇਖੋ।" ਉਹ ਕਹਿਣ ਲੱਗੇ, "ਮੇਰੀ ਬਾਂਹ ਖਤਮ ਹੋ ਗਈ ਹੈ।" ਕੁਝ ਮਿੰਟਾ ਵਿਚ ਹੀ ਉਹਨਾਂ ਨੂੰ ਪਿਛੇ ਲਿਜਾਇਆ ਗਿਆ। ਕਰਨਲ ਬਖਸ਼ੀ ਨੇ ਮੈਨੂੰ ਪੁੱਛਿਆ ਕਿ ਤੁਸੀਂ ਕੰਪਨੀ ਕਮਾਂਡ ਕਰ ਸਕਦੇ ਹੋ। ਮੈਂ ਹੌਂਸਲੇ ਨਾਲ ਕਿਹਾ, "ਕਿਉਂ ਨਹੀਂ।"

ਮੈਨੂੰ ਕੰਪਨੀ ਕਮਾਂਡਰ ਬਣਾ ਦਿੱਤਾ ਗਿਆ। ਗੋਲਬਾਰੀ ਹੋ ਹੀ ਰਹੀ ਸੀ ਕਿ ਮੈਨੂੰ ਜਵਾਨਾਂ ਨੇ ਕਿਹਾ ਕਿ ਗੋਲੀਆਂ ਖ਼ਤਮ ਹੋ ਗਈਆਂ ਹਨ। ਕਰਨਲ ਬਖਸ਼ੀ ਕੋਈ 100 ਕੁ ਫੁੱਟ ਪਿੱਛੇ ਇਕ ਬੰਕਰ ਵਿਚ ਬੈਠੇ ਸਨ। ਮੈਂ ਉਹਨਾਂ ਕੋਲ ਜਾ ਕੇ ਅਸਲਾ ਮੰਗਿਆ। ਉਹਨਾਂ ਨੇ ਮੈਨੂੰ ਕੁਝ ਬੰਡੋਲੀਅਰ ਦਿੱਤੇ। ਨਾਲ ਹੀ ਕਹਿਣ ਲੱਗੇਕਿ ਗੋਲੀ ਬਹੁਤ ਚੱਲ ਰਹੀ ਹੈ ਪੁਜੀਸ਼ਨ ਲਓ। ਉਸ ਵੇਲੇ ਮੈਨੂੰ ਜ਼ਿਆਦਾ ਤਜ਼ਰਬਾ ਨਹੀਂ ਸੀ। ਮੈਂ ਕਿਹਾ, "ਸਰ ਜਿਸ ਗੋਲੀ 'ਤੇ ਅਮਰਜੀਤ ਸਿੰਘ ਲਿਖਿਆ ਹੈ ਉਸ ਨੇ ਹੀ ਮੇਰਾ ਨੁਕਸਾਨ ਕਰਨਾ ਹੈ ਜਿਸ ਗੋਲੀ 'ਤੇ ਮੇਰਾ ਨਾਮ ਨਹੀਂ ਲਿਖਿਆ ਮੈਂ ਉਸ ਦੀ ਪ੍ਰਵਾਹ ਨਹੀਂ ਕਰਦਾ। ਇੰਨੇ ਵਿਚ ਇਕ ਸਿਪਾਹੀ ਆਪਣੀ ਪੁਜੀਸ਼ਨ ਵਿਚੋਂ ਨਿਕਲ ਕੇ ਭੱਜਣ ਲੱਗਾ। ਮੈਂ ਉਸ ਦੇ ਗੋਲੀਮਾਰੀ, ਪਰ ਉਸ ਦੇ ਗੋਲੀ ਨਾ ਲੱਗੀ। ਕਰਨਲ ਬਖਸ਼ੀ ਥੋੜ੍ਹੇ ਗੁੱਸੇ ਵਿਚ ਕਹਿਣ ਲੱਗੇ, "ਇਹ ਕੀ ਕਰ ਰਿਹਾ ਹੈ?" ਮੈਂ ਕਿਹਾ ਸਰ ਜੇ ਇਕ ਭੱਜ ਗਿਆ ਤਾਂ ਇਥੇ ਕੋਈ ਵੀ ਨਹੀਂ ਰਹੇਗਾ। ਤੁਸੀਂ ਤੇ ਮੈਂ ਹੀ ਰਹਿ ਜਾਵਾਂਗੇ। ਜੇ ਮਰ ਗਏ ਤਾਂ ਵੀ ਲੋਕ ਬੇਵਕੂਫ ਕਹਿਣਗੇ। ਜੇ ਜਿੰਦਾ ਰਹੇ ਤਾਂ ਆਪਾਂ ਇਕੱਲੇ ਕਿਸ ਨਾਲ ਲੜਾਂਗੇ। ਮੈਨੂੰ ਉਹ ਮੇਰੀ ਗੱਲ ਨਾਲ ਸਹਿਮਤ ਲੱਗੇ। ਖੈਰ ਮੈਂ ਬੰਡੋਲੀਅਰ ਲੈ ਕੇ ਫਰੰਟ ਪੁਜੀਸ਼ਨ ਵਿਚ ਪਹੁੰਚਿਆ ਤੇ ਸਿਪਾਹੀਆਂ ਨੂੰ ਬੰਡੋਲੀਅਰ ਦੇ ਦਿੱਤੇ॥ ਬੰਡੋਲੀਅਰ ਸਿਪਾਹੀਆਂ ਵਿਚ ਵੰਡੇ। ਜਵਾਨ ਕਹਿਣ ਲੱਗੇ ਸਰ ਇਹ ਗੋਲੀ ਰਾਈਫਲ ਗਨ ਵਿਚ ਮੇਚ ਨਹੀਂ ਆਉਂਦੀ। ਗੱਲ ਅਸਲ ਵਿਚ ਇਹ ਸੀ ਕਿ ਅਸੀਂ ਪੁਰਾਣੇ ਅਸਲੇ ਤੇ ਸੀ। ਪੁਰਾਣਾ ਅਸਲਾ .303 ਸੀ ਤੇ ਨਵਾਂ ਅਸਲਾ 7.62 ਸੀ। ਫੋਰਮਾਊਂਟੈਨ ਡਵੀਜ਼ਨ ਜਿਸ ਵਿਚ ਅਸੀਂ ਹੁਣੇ ਆਏ ਸੀ ਉਸ ਕੋਲ ਪਹਿਲਾਂ ਹੀ ਨਵਾਂ ਅਸਲਾ ਸੀ। ਬੇਬਸੀ ਦੀ ਹਾਲਤ ਪੈਦਾ ਹੋ ਗਈ। ਹਥਿਆਰ ਤਾਂ ਸੀ ਪਰ ਅਸਲਾ ਨਹੀਂ ਸੀ। ਮੇਰੇ ਨੇੜੇ ਬੈਠੇ ਭੀਮ ਸੈਨ ਮੌਰੇ ਨੇ ਕਿਹਾ ਕਿ ਸਰ ਹੁਣ ਆਪਾਂ ਕੀ ਕਰ ਸਕਦੇ ਹਾਂ। ਉਹ ਕਹਿਣ ਲੱਗਾ ਕਿ ਆਪਾਂ ਪਿੱਛੇ ਚੱਲਦੇ ਹਾਂ। ਮੈਂ ਉਸ ਦੀ ਗੱਲ ਤੇ ਵਿਚਾਰ ਕੀਤੀ। ਇਕ ਦੋ ਮਿੰਟ ਵਿਚਾਰ ਕਰਕੇ ਉਨ੍ਹਾਂ ਨੂੰ ਦੱਸਿਆ ਕਿ ਸਾਡੀ ਜਗ੍ਹਾ ਇਹੀ ਹੈ। ਤੁਸੀਂ ਰੱਬ ਦਾ ਨਾਂ ਲਓ ਤੇ ਰਾਈਫਲਾਂ ਕੇ ਬੈਨਟ ਲਗਾ ਕੇ ਲੜਣ ਲਈ ਤਿਆਰ ਹੋ ਜਾਵੋ। ਉਨ੍ਹਾਂ ਦੋ ਕੁ ਮਿੰਟਾਂ ਵਿਚ ਮੈਂ ਜੋ ਸੋਚਿਆ ਉਹ ਇਹ ਸੀ:-




ਸਭ ਤੋਂ ਪਹਿਲਾਂ ਮੈਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਆਈ ਕਿ ਉਹ ਮੇਰੇ ਬਾਰੇ ਕੀ ਸੋਚਣਗੇ। ਖਾਲਸੇ ਨੂੰ ਤਾਂ ਮੈਂ ਸਵਾ ਲੱਖ ਸੇ ਏਕ ਲੜਾਊਂ ਦਾ ਅਹਿਸਾਸ ਕਰਵਾਇਆ ਸੀ ਇਹ ਵੀ ਮੇਰਾ ਖਾਲਸਾ ਹੈ ਤੇ ਇਹ ਜਾਨ ਬਚਾਉਣ ਵਾਸਤੇ ਕਿੱਧਰ ਜਾ ਰਿਹਾ ਹੈ।

ਫਿਰ ਮੈਨੂੰ ਮੇਰੀ ਮਾਤਾ ਜੀ ਦੀ ਯਾਦ ਆਈ। ਜਿਹਨਾਂ ਨੇ ਲੜਾਈ ਵਿਚ ਜਾਣ ਤੋਂ ਪਹਿਲਾਂ ਮੈਨੂੰ ਪਿੰਡ ਦੁਗਾਲ ਦੇ ਬੱਸ ਅੱਡੇ ਤੇ ਕਿਹਾ ਸੀ, "ਕਾਕਾ ਦੁੱਖ ਸੁੱਖ ਬੰਦਿਆਂ ਤੇ ਹੀ ਆਉਂਦੇ ਹਨ। ਚੰਗੀ ਤਰ੍ਹਾਂ ਕੰਮ ਕਰਨਾ ਹੈ।" ਇਸ ਗੱਲ ਤੇ ਮੈਂ ਜਵਾਬ ਦਿੱਤਾ ਸੀ ਕਿ ਮਾਤਾ ਜੀ ਮੈਂ ਤੁਹਾਡੇ ਦੁੱਧ ਦੀ ਲਾਜ ਰੱਖਾਂਗਾ, ਤੇ ਨਾਲ ਹੀ ਮੈਂ ਕਿਹਾ ਸੀ, "ਜੇ ਲੜਾਈ ਵਿਚ ਮੇਰਾ ਕੋਈ ਨੁਕਸਾਨ ਹੁੰਦਾ ਹੈ ਤਾਂ ਤੁਸੀਂ ਪਿੰਡ ਵਿਚ ਬਹਾਦਰੀ ਨਾਲ ਵਿਚਰਨਾ ਹੈ ਤੇ ਚੀਂ ਚੀਂ ਨਹੀਂ ਕਰਨੀ।" ਲੋਕ ਕਹਿਣਗੇ ਪਹਿਲਾਂ ਤਾਂ ਮੇਜਰਨੀ ਬੜੇ ਹੌਸਲੇ ਵਿਚ ਸੀ।

ਫਿਰ ਮੈਨੂੰ ਆਪਣੇ ਪਿਤਾ ਜੀ ਦੀ ਯਾਦ ਆਈ। ਪਿਤਾ ਜੀ ਦਾ ਨੇਕ ਅਤੇ ਚੰਗਾ ਸੁਭਾਅ ਹੋਣ ਕਰਕੇ ਪਿੰਡ ਵਿਚ ਉਨ੍ਹਾਂ ਦਾ ਬਹੁਤ ਮਾਣ ਸੀ। ਸਾਡਾ ਪਿੰਡ ਵੱਡਾ ਹੋਣ ਕਰਕੇ ਸਾਡੇ ਖੇਤ ਪਿੰਡ ਤੋਂ ਤਿੰਨ ਚਾਰ ਕਿਲੋਮੀਟਰ ਦੂਰ ਵੀ ਸਨ। ਜਦ ਵੀ ਪਿਤਾ ਜੀ ਖੇਤ ਤੋਂ ਆਉਂਦੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਕੁਝ ਸਮਾਂ ਰੁਕਦੇ ਸਨ। ਗੁਰਦੁਆਰਾ ਸਾਹਿਬ ਦੇ ਸਾਹਮਣੇ ਇਕ ਬਹੁਤ ਵੱਡਾ ਬੋਹੜ ਦਾ ਦਰਖਤ ਸੀ ਉਸ ਹੇਠਾਂ ਉਚਾ ਚੌਂਤਰਾ ਬਣਿਆ ਸੀ। ਚੌਂਤਰੇ ਤੇ ਕੁਝ ਵਿਅਕਤੀ ਬੈਠੇ ਰਹਿੰਦੇ, ਕੁਝ ਸੁਤੇ ਰਹਿੰਦੇ ਤੇ ਕੁਝ ਤਾਸ਼ ਆਦਿ ਖੇਡਦੇ ਰਹਿੰਦੇ। ਮੈਨੂੰ ਮਹਿਸੂਸ ਹੋਇਆ ਕਿ ਲੋਕੀ ਪਿਤਾ ਜੀ ਨੂੰ ਕਹਿ ਰਹੇ ਹਨ, "ਮੇਜਰ ਸਾਹਿਬ ਤੁਸੀਂ ਤਾਂ ਤੱਕੜੇ ਸੀ ਬਹਾਦਰ ਸੀ। ਕਾਕਾ ਅਮਰਜੀਤ ਸਿੰਘ ਕੁਝ ਕਮਜ਼ੋਰੀ ਦਿਖਾ ਗਿਆ ਹੈ। ਇਹ ਸੋਚ ਕੇ ਮੈਨੂੰ ਅਹਿਸਾਸ ਹੋਇਆ ਕਿ ਪਿਤਾ ਜੀ ਦਾ ਇਹ ਸੁਣ ਕੇ ਸਿਰ ਸ਼ਰਮ ਨਾਲ ਝੁਕ ਗਿਆ।"

(ਚਲਦਾ)





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਹਿਤ ਸਤਨਾਮ ਸਿੰਘ ਖਾਲਸਾ

### ਇਤਿਹਾਸ ਦੇ ਝਰੋਖੇ ਵਿਚੋਂ

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ! ਆਪ ਦੇ ਹਜ਼ੂਰ.... ਦੀ ਅਰਦਾਸ ਹੈ ਜੀ।

ਅੱਖਰ ਵਾਧਾ ਘਾਟਾ ਭੁੱਲ-ਚੁੱਕ ਮਾਫ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ। ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੈ।

ਨਾਨਕ ਨਾਮ ਚੜ੍ਹਦੀ ਕਲਾ,
ਤੇਰੇ ਭਾਣੇ ਸਰਬੱਤ ਦਾ ਭਲਾ।

ਇਸ ਤੋਂ ਉਪਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਦਬ ਨਾਲ ਮੱਥਾ ਟੇਕੇਅਤੇ ਫਿਰ ਖੜ੍ਹੇ ਹੋ ਕੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ। ਉਪ੍ਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

(ਸਿੱਖ ਰਹਿਤ ਮਰਯਾਦਾ, ਅਕਤੂਬਰ, ੨੦੧੫ ਪੰਨਾ ੧੧-੧੨)

**ਤਬਦੀਲੀ**

1. ਚਾਰ ਤਖ਼ਤਾਂ ਦੀ ਥਾਵੇਂ ਪੰਜ ਤਖਤ ਅਤੇ
2. ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਕਾ ਭਲਾ ਦੀ ਥਾਵੇਂ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ। ਕੀਤਾ ਗਿਆ ਹੈ।

**ਵਿਆਖਿਆ**

ਸਿੱਖ ਰਹਿਤ ਮਰਯਾਦਾ ਵਿਚ ਸ਼ਖ਼ਸੀ ਰਹਿਣੀ ਦੇ ਪਹਿਲੇ ਅੰਗ 'ਨਾਮ ਬਾਣੀ ਦਾ ਅਭਿਆਸ' ਵਿਚ ਅੰਮ੍ਰਿਤ ਵੇਲਾ ਅਤੇ ਨਿਤਨੇਮ ਉਪਰੰਤ ਤੀਸਰੀ ਮੱਦ ਹੈ ਅਰਦਾਸ। ਜਿਥੇ ਕਿਧਰੇ ਵੀ ਕੋਈ ਨਾਨਕ ਨਾਮ ਲੇਵਾ ਹੈ ਉਹ ਅਰਦਾਸ ਰਾਹੀਂ ਗੁਰੂ ਨਾਲ ਇਕਮਿਕ ਹੋ ਕੇ ਆਪਣੀ ਵੇਦਨਾ ਅਤੇ ਜੋਦੜੀਆਂ ਕਰਦਾ ਹੈ ਪਰ ਭਲਾ ਸਭਾ ਦਾ ਲੋਚਦਾ ਹੈ। ਅਰਦਾਸ ਦੀ ਗਠੀ ਹੋਈ ਸ਼ਬਦਾਵਲੀ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਂਗ ਹੈ। ਇਹ ਸਿੱਖੀ ਦਾ ਸੰਖੇਪ ਇਤਿਹਾਸ ਹੈ, ਇਸ ਵਿਚ ਕੁਰਬਾਨੀਆਂ ਹਨ, ਫ਼ਲਸਫ਼ਾ ਹੈ ਅਤੇ ਨਾਲ ਹੀ ਪੰਥਕ ਨਿਸ਼ਾਨੇ ਵੀ ਹਨ। ਲੋੜ ਹੈ ਜੁੜ ਕੇ ਅਰਦਾਸ ਕਰਨ ਦੇ ਨਾਲ ਨਾਲ ਇਸ ਸ਼ਬਦਾਵਲੀ 'ਤੇ ਡੂੰਘੀ ਵਿਚਾਰ ਵੀ ਕੀਤੀ ਜਾਏ। ਮਰਯਾਦਾ ਵਿਚ ਹੀ ਅੰਕਤ ਕੀਤਾ ਗਿਆ ਹੈ ਕਿ ਇਹ ਅਰਦਾਸ ਦਾ ਨਮੂਨਾ ਹੈ। ਪਰ 'ਪ੍ਰਿਥਮ ਭਗੌਤੀ' ਵਾਲੇ ਸ਼ਬਦ 'ਨਾਨਕ ਨਾਮ' ਵਾਲੀਆਂ ਅੰਤਲੀਆਂ ਦੋ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ। ਪਰ ਹੈਰਾਨੀ ਹੈ ਕਿ ਇਹ ਲਿਖਣ ਦੇ ਬਾਵਜੂਦ ਅੰਤਲੀਆਂ ਦੋ ਤੁਕਾਂ ਵਿਚ ਤਬਦੀਲੀ ਕਰ ਦਿੱਤੀ ਗਈ ਹੈ। ਇਸ ਵੱਲ ਓਚੇਚਾ ਧਿਆਨ ਦੇਣ ਦੀ ਲੋੜ ਹੈ।

ਅਰਦਾਸ ਨੂੰ ਛੋਟੇ ਛੋਟੇ ਬੰਦਾਂ ਵਿਚ ਵੰਡ ਕੇ ਇਸ ਕ੍ਰਮ ਵਿਚ ਇਸ ਦੀ ਸੰਖੇਪ ਵਿਚਾਰ ਇਸ ਤਰ੍ਹਾਂ ਹੈ :


1.

ੴ ਵਾਹਿਗੁਰੂ ਜੀ ਕੀ ਫ਼ਤਹ॥

ਸ੍ਰੀ ਭਗੌਤੀ ਜੀ ਸਹਾਇ॥ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ 10॥ ਪ੍ਰਿਥਮ ਭਗੌਤੀ ਸਿਮਰਿ ਕੈ ਗੁਰ ਨਾਨਕ ਲਈਂ ਧਿਆਇ॥ ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈਂ ਹੋਈਂ ਸਹਾਇ॥ ਅਰਜਨ ਹਰਗੋਬਿੰਦ ਨੋ ਸਿਮਰੌ ਸ੍ਰੀ ਹਰਿਰਾਇ॥ ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ॥ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਂਈ ਹੋਇ ਸਹਾਇ॥ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ! ਸਭ ਥਾਈਂ ਹੋਇ ਸਹਾਇ॥ ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੦)

ਇਹ ਅਰਦਾਸ ਦਾ ਪਹਿਲਾ ਬੰਦ ਹੈ। ਇਸ ਦੀ ਅਰੰਭਤਾ ੴ ਵਾਹਿਗੁਰੂ ਜੀ ਕੀ ਫ਼ਤਹ॥ ਦੇ ਮੰਗਲ ਉਪਰੰਤ ਸਾਹਿਬ ਸ੍ਰੀ ਗੁਰੂ ਗੋਬਿੰਦ




ਸਿੰਘ ਜੀ ਮਹਾਰਾਜ ਰਚਿਤ ਵਾਰ ਸ੍ਰੀ ਭਗੌਤੀ ਜੀ ਕੀ ਦੀ ਪਹਿਲੀ ਪਉੜੀ ਪ੍ਰਿਥਮ ਭਗੌਤੀ ਸਿਮਰਿ ਕੈ ਤੋਂ ਹੁੰਦੀ ਹੈ। ਸਾਰਾ ਹਿੰਦੂ ਜਗਤ ਕਿਸੇ ਵੀ ਕਾਰਜ ਦਾ ਅਰੰਭ ਪ੍ਰਿਥਮ ਗਣਪਤਿ ਗਣੇਸ਼ ਦੀ ਅਰਾਧਨਾ ਨਾਲ ਕਰਦਾ ਹੈ। ਪਰ ਕਲਗੀਧਰ ਪਿਤਾ ਨੇ ਬਚਨ ਕੀਤੇ, ਮੈ ਨ ਗਨੇਸਹਿ ਪ੍ਰਿਥਮ ਮਨਾਊ॥ ਕਿਸਨ ਬਿਸਨ ਕਬਹੁੰ ਨ ਧਿਆਊ॥ ਪ੍ਰਿਥਮ ਗਣੇਸ਼ ਦੀ ਥਾਵੇਂ ਸਤਿਗੁਰੂ ਜੀ ਨੇ ਬਚਨ ਕੀਤੇ ਪ੍ਰਿਥਮ ਭਗੌਤੀ ਸਿਮਰਿ ਕੈ। ਇਸ ਤਰ੍ਹਾਂ ਅਰਦਾਸ ਦੀ ਅਰੰਭਤਾ ਹੀ ਖਾਲਸੇ ਦੇ ਨਿਆਰੇਪਨ ਦੀ ਲਖਾਇਕ ਹੈ। ਇਹ ਪਉੜੀ ਸਚਿਖੰਡ ਸ੍ਰੀ ਹਰਿਮੰਦਰ ਜੀ ਸਾਹਿਬ ਦੀ ਪੱਛਮੀ ਬਾਹੀ ਦੇ ਦਰਵਾਜ਼ੇ 'ਤੇ ਉਤੇ ਅੰਕਤ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਹ ਪਉੜੀ ਗੁਰ ਨਾਨਕ ਲਈਂ ਧਿਆਇ॥ ਤੋਂ ਅਰੰਭ ਹੋ ਕੇ ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥ ਸਭ ਥਾਂਈ ਹੋਇ ਸਹਾਇ॥ ਤਕ ਰਚੀ ਹੈ। ਬਾਅਦ ਵਿਚ ਖਾਲੇ ਨੇ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ! ਸਭ ਥਾਈਂ ਹੋਇ ਸਹਾਇ॥ ਜੋੜ ਕੇ ਇਸ ਨੂੰ ਅਰਦਾਸ ਦਾ ਹਿੱਸਾ ਬਣਾਇਆ। ਸਿੱਖ ਰਹਿਤ ਮਰਯਾਦਾ ਵਿਚ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ! ਪਰ ਸਚਿਖੰਡ ਸ੍ਰੀ ਹਰਿਮੰਦਰ ਸਾਹਿਬ ਵਿਚ ਅਰਦਾਸ ਸਮੇਂ 'ਦਸਵੇਂ ਪਾਤਸ਼ਾਹ' ਪੜ੍ਹਿਆ ਜਾਂਦਾ ਹੈ। ਇਸ ਪਉੜੀ ਦੇ ਪਾਠ ਤੋਂ ਬਾਅਦ ਵਿਚ ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਵਾਹਿਗੁਰੂ ਜੀ ਦਾ ਜੈਕਾਰਾ ਕੀਤਾ ਜਾਂਦਾ ਹੈ।

2.

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ ਵਾਹਿਗੁਰੂ!

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੧੦)

**ਵਿਆਖਿਆ**

ਇਸ ਬੰਦ ਦੀ ਅਰੰਭਤਾ ਕਲਗੀਧਰ ਪਿਤਾ ਦੀ ਆਵਾਜ਼ 'ਤੇ ਸਭ ਤੋਂ ਪਹਿਲਾਂ ਸੀਸ ਭੇਟ ਕਰਨ ਵਾਲੇ ਪੰਜ ਪਿਆਰਿਆਂ ਤੋਂ ਹੁੰਦੀ ਹੈ। ਇਸ ਦੇ ਬਾਅਦ ਕ੍ਰਮਵਾਰ ਹਜ਼ੂਰ ਦੇ ਚਾਰੋਂ ਸਾਹਿਬਜ਼ਾਦਿਆਂ, ਮੁਕਤਸਰ ਸਾਹਿਬ ਦੀ ਜੰਗ ਵਿਚ ਬੇਦਾਵਾ ਪੜਵਾਉਣ ਵਾਲੇ ਚਾਲੀ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ ਦੀ ਕਮਾਈ ਦਾ ਧਿਆਨ ਧਰਵਾਹਿਗੁਰੂ ਦਾ ਜੈਕਾਰਾ ਕੀਤਾ ਜਾਂਦਾ ਹੈ।

**(ਚਲਦਾ)**

# ਇਤਿਹਾਸਕ ਫਿਲਮ 'ਸਰਾਭਾ' ਨੂੰ ਸਭ ਦੇਸ਼ਾਂ ਵਿੱਚ ਮਿਲ ਰਿਹਾ ਭਰਵਾਂ ਹੁੰਗਾਰਾ

### ਫਰਿਜ਼ਨੋ ਦੇ ਸਿਨੇਮਾ ਵਿੱਚ ਅਦਾਕਾਰ ਮਲਕੀਅਤ ਮੀਤ ਨਾਲ ਰਲ ਕੇ ਦੇਖੀ ਫਿਲਮ

ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ): ਭਾਰਤ ਦੀ ਫਿਲਮ ਇੰਡਸਟਰੀ ਵਿੱਚ ਬਹੁਤ ਸਾਰੀਆਂ ਇਤਿਹਾਸਕ ਫਿਲਮਾਂ ਦਾ ਨਿਰਮਾਣ ਹੋ ਰਿਹਾ ਹੈ। ਪਰ ਪੂਰੀ ਇਮਾਨਦਾਰੀ ਦੇ ਨਾਲ ਇਤਿਹਾਸ ਨੂੰ ਦਿਖਾਉਣ ਤੋਂ ਨਿਰਮਾਤਾ ਭਾਰਤੀ ਫਿਲਮ ਸ਼ੈਸ਼ਰ ਬੋਰਡ ਦੀਆਂ ਇੱਕ ਪਾਸੜ ਨੀਤੀਆਂ ਕਰਕੇ ਹਮੇਸ਼ਾ ਝਿਜਕਦੇ ਰਹਿੰਦੇ ਹਨ। ਇਸੇ ਕਰਕੇ ਨਿਰੋਲ ਸੱਚੇ ਇਤਿਹਾਸ ਨੂੰ ਬਣਾਉਣ ਵਾਲੇ ਨਿਰਮਾਤਾ ਬਹੁਤ ਥੋੜ੍ਹੇ ਹਨ।

ਪਰ ਬੜੇ ਮਾਣ ਵਾਲੀ ਗੱਲ ਹੈ ਕਿ ਭਾਰਤੀ ਸ਼ਹੀਦ ਸ. ਕਰਤਾਰ ਸਿੰਘ ਦੀ ਜ਼ਿੰਦਗੀ ਦੇ ਅਧਾਰਿਤ ਫ਼ਿਲਮ "ਸਰਾਭਾ"ਬੀਤੇ ਦਿਨੀ ਦੁਨੀਆਂ ਭਰ ਦੇ ਸਿਨੇਮਾਂ ਘਰਾਂ ਵਿੱਚ ਰਿਲੀਜ਼ ਹੋਈ। ਪਰ ਅਫਸ਼ੋਸ਼ ਭਾਰਤੀ ਸ਼ੈਸ਼ਰ ਬੋਰਡ ਵੱਲੋਂ ਇਸ ਫ਼ਿਲਮ ਵਿੱਚ ਕੁਝ ਦ੍ਰਿਸ਼ਾ 'ਤੇ ਇਤਰਾਜ਼ ਕਰਦੇ ਹੋਏ ਰੋਕ ਲਾ ਦਿੱਤੀ ਗਈ। ਜਦ ਕਿ ਸਾਡੇ ਮੀਡੀਏ ਦੀ ਟੀਮ ਵੱਲੋਂ ਇਹ ਫਿਲਮ ਫਰਿਜ਼ਨੋ ਦੇ "ਸੀਆਰਾ ਵੈਸਟਾ ਸਿਨੇਮਾ" ਵਿੱਚ ਅਦਾਕਾਰ ਅਤੇ ਇਸ ਫਿਲਮ ਦੇ ਅਸਿਸਟੈਂਟ ਡਾਇਰੈਕਟਰ ਮਲਕੀਅਤ ਮੀਤ ਨਾਲ ਸਰੋਤਿਆਂ ਦੇ ਭਰੇ ਹਾਲ ਵਿੱਚ ਦੇਖੀ ਗਈ। ਇਸ ਫਿਲਮ ਵਿੱਚ ਹਰ ਪਾਤਰ ਨੇ ਬਹੁਤ ਵਧੀਆਂ ਭੂਮਿਕਾਂ ਨਿਭਾਈ ਹੈ। ਇਸ ਫਿਲਮ ਦਾ ਫਿਲਮਾਂਕਣ ਵੀ ਉਸੇ ਪੁਰਾਤਨ ਸਮੇਂ ਅਤੇ ਗਦਰ ਲਹਿਰ ਦੇ ਸਾਰੇ ਸਰੋਤਾਂ ਨੂੰ ਲੈ ਕੇ ਇਸ ਤਰ੍ਹਾਂ ਕੀਤਾ ਗਿਆ ਹੈ, ਜਿਵੇਂ ਤੁਸੀਂ ਖੁਦ ਵੀ ਇਸੇ ਲਹਿਰ ਵਿੱਚ ਸ਼ਾਮਲ ਹੋ। ਦੇਸ਼ ਪ੍ਰੇਮ ਅਤੇ ਕੁਰਬਾਨੀ ਦਾ ਜ਼ਜ਼ਬਾ ਪੈਦਾ ਕਰਨ ਵਾਲੀ ਇਸ ਫਿਲਮ ਦੇ ਮੁੱਖ ਡਾਇਰੈਕਟਰ ਕਵੀ ਰਾਜ ਹਨ। ਜੋ ਇਸ ਤੋਂ ਪਹਿਲਾਂ ਵੀ ਇਤਿਹਾਸਕ ਫ਼ ?ਲਮਾਂ ਦਾ ਨਿਰਮਾਣ ਸਫਲਤਾ ਨਾਲ ਕਰ ਚੁੱਕੇ ਹਨ। ਇਸ ਫਿਲਮ ਦਾ ਨਿਰਮਾਣ ਕਨੇਡਾ, ਅਮਰੀਕਾ ਅਤੇ ਭਾਰਤ ਵਿੱਚ ਕੀਤਾ ਗਿਆ ਹੈ।

ਅੱਜ ਸਮੇਂ ਦੀ ਲੋੜ ਹੈ ਕਿ ਇਹੋ ਜਿਹੀਆਂ ਇਤਿਹਾਸਕ ਫ਼ ?ਲਮਾਂ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ। ਜਿਸ ਨਾਲ ਅਸੀ ਆਪਣੀ ਨਵੀ ਪੀੜੀ ਨੂੰ ਇਤਿਹਾਸ ਨਾਲ ਜੋੜਦੇ ਹੋਏ ਸਾਡੀਆਂ ਕੁਰਬਾਨੀਆਂ, ਪਿਛੋਕੜ ਅਤੇ ਸੱਭਿਆਚਾਰ ਬਾਰੇ ਦੱਸ ਸਕੀਏ।

ਦੁਨੀਆਂ ਭਰ ਵਿੱਚ ਗਦਰੀ ਬਾਬਿਆਂ ਨੂੰ ਯਾਦ ਕਰਦੇ ਹੋਏ ਸਲਾਨਾ ਮੇਲੇ ਲਾਉਣਾ ਅਤੇ ਸਰਧਾਜ਼ਲੀਆਂ ਭੇਟ ਕਰਨਾ ਚੰਗਾ ਕੰਮ ਹੈ। ਪਰ ਅੱਜ ਦੀ ਨਵੀਂ ਪੀੜੀ ਦੇ ਮੀਡੀਏ ਅਤੇ ਮਾਨਸਿਕ ਰੁਝਾਨ ਨੂੰ ਦੇਖਦੇ ਹੋਏ, ਉਨ੍ਹਾਂ ਨੂੰ ਆਪਣੇ ਪਿਛੋਕੜ ਨਾਲ ਜੋੜਨ ਅਤੇ ਇਤਿਹਾਸ ਪ੍ਰਤੀ ਜਾਗਰੂਕ ਕਰਨ ਵਿੱਚ ਇਹੋ ਜਿਹੀਆਂ ਫਿਲਮਾਂ ਬਹੁਤ ਵੱਡਾ ਯੋਗਦਾਨ ਪਾ ਸਕਦੀਆਂ ਹਨ। ਸੋ ਸਮੁੱਚੇ ਭਾਈਚਾਰੇ ਅਤੇ ਗਦਰ ਲਹਿਰ ਨਾਲ ਸੰਬੰਧਤ ਸੰਸਥਾਵਾਂ ਨੂੰ ਇਸ ਫਿਲਮ ਦਾ ਡਟ ਕੇ ਸਮਰਥਨ ਕਰਦੇ ਹੋਏ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਕਿ ਭਵਿੱਖ ਵਿੱਚ ਇਹੋ ਜਿਹੀਆਂ ਹੋਰ ਫਿਲਮਾਂ ਦਾ ਨਿਰਮਾਣ ਵੀ ਹੋ ਸਕੇ। ਸਾਡੇ ਵੱਲੋਂ ਸੁਭ ਇੱਛਾਵਾਂ ਅਤੇ "ਸਰਾਭਾ" ਫਿਲਮ ਦੀ ਸਫਲ ਪੇਸ਼ਕਾਰੀ ਲਈ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।




'ਸਰਾਭਾ' ਫਿਲਮ ਦੇ ਅਦਾਕਾਰ ਮਲਕੀਅਤ ਮੀਤ ਨਾਲ ਗੱਲਬਾਤ ਦੌਰਾਨ।

# ਇਜ਼ਰਾਈਲ-ਹਮਾਸ ਯੁੱਧ: ਹਜ਼ਾਰਾਂ ਲੋਕਾਂ ਨੇ ਫਲਸਤੀਨ ਦੇ ਸਮਰਥਨ 'ਚ ਵ੍ਹਾਈਟ ਹਾਊਸ ਦਾ ਕੀਤਾ ਘਿਰਾਉ






ਵਾਸ਼ਿੰਗਟਨ : ਫਲਸਤੀਨ ਸਮਰਥਕ ਪ੍ਰਦਰਸ਼ਨਕਾਰੀਆਂ ਨੇ ਵ੍ਹਾਈਟ ਹਾਊਸ ਵਾਸ਼ਿੰਗਟਨ ਡੀ.ਸੀ ਦੇ ਗੇਟਾਂ ਨੂੰ ਘੇਰ ਲਿਆ। ਦੱਸਣਯੋਗ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਹਮਾਸ ਅਤੇ ਇਜ਼ਰਾਈਲ ਵਿਚਕਾਰ ਭਿਆਨਕ ਯੁੱਧ ਚੱਲ ਰਿਹਾ ਹੈ। ਇਜ਼ਰਾਇਲੀ ਫੌਜ ਲਗਾਤਾਰ ਹਮਾਸ ਦੇ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਰਹੀ ਹੈ। ਇਸ ਦੌਰਾਨ ਫਲਸਤੀਨੀ ਸਮਰਥਕਾਂ ਨੇ ਅਮਰੀਕਾ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਹੈ ਅਤੇ ਵ੍ਹਾਈਟ ਹਾਊਸ ਨੂੰ ਘੇਰ ਲਿਆ। ਫਲਸਤੀਨੀ ਸਮਰਥਕਾਂ ਨੇ ਗਾਜ਼ਾ ਵਿੱਚ ਤੁਰੰਤ ਜੰਗਬੰਦੀ ਦੀ ਮੰਗ ਕੀਤੀ ਹੈ। ਪ੍ਰਦਰਸ਼ਨਕਾਰੀਆਂ ਨੇ ਇਜ਼ਰਾਈਲ ਨੂੰ ਅਮਰੀਕੀ ਸਹਾਇਤਾ ਬੰਦ ਕਰਨ ਦੀ ਮੰਗ ਵੀ ਕੀਤੀ ਹੈ। ਅਤੇ ਉਹਨਾਂ ਵਲੋਂ ਫਲਸਤੀਨ ਦੀ ਆਜ਼ਾਦੀ ਦੇ ਨਾਅਰੇ ਵੀ ਲਾਏ।

ਪ੍ਰਦਰਸ਼ਨਕਾਰੀਆਂ ਨੇ ਫਲਸਤੀਨ ਦੇ ਸਮਰਥਨ ਵਿੱਚ ਵ੍ਹਾਈਟ ਹਾਊਸ ਦੇ ਸਾਹਮਣੇ ਲਾਲ ਝੰਡੇ ਲਹਿਰਾਏ। ਇਸ ਦੌਰਾਨ ਇਸ ਧਰਨੇ ਕਾਰਨ ਸੜਕਾਂ 'ਤੇ ਲੰਮਾ ਟਰੈਫਿਕ ਅਤੇ ਜਾਮ ਵੀ ਲੱਗ ਗਿਆ। ਪ੍ਰਦਰਸ਼ਨਕਾਰੀਆਂ ਨੇ 'ਦਰਿਆ ਤੋਂ ਸਮੁੰਦਰ ਤੱਕ ਫਲਸਤੀਨ ਆਜ਼ਾਦ ਹੋਵੇਗਾ' ਦੇ ਨਾਅਰੇ ਲਾਏ। ਜ਼ਿਆਦਾਤਰ ਨੌਜਵਾਨ ਫਲਸਤੀਨੀ ਝੰਡਿਆਂ ਨਾਲ ਕਾਲੇ ਅਤੇ ਚਿੱਟੇ ਕੱਪੜੇ ਪਹਿਨੇ ਸੜਕਾਂ 'ਤੇ ਉਤਰ ਆਏ। ਗਾਜ਼ਾ ਵਿੱਚ ਬੇਕਸੂਰ ਲੋਕਾਂ ਦੇ ਖ਼ੂਨ ਵਹਿਣ ਦਾ ਵਿਰੋਧ ਕਰ ਰਹੇ ਪ੍ਰਦਰਸ਼ਨਕਾਰੀਆਂ ਦੁਆਰਾ ਵ ?ਹਾਈਟ ਹਾਊਸ ਦੇ ਗੇਟਾਂ 'ਤੇ ਲਾਲ ਰੰਗ ਦਾ ਛਿੜਕਾਅ ਵੀ ਕੀਤਾ ਗਿਆ ਸੀ।

ਇਜ਼ਰਾਈਲ ਅਤੇ ਹਮਾਸ ਵਿਚਕਾਰ ਲੰਬੇ ਸਮੇਂ ਤੋਂ ਚੱਲ ਰਹੀ ਜੰਗ ਵਿੱਚ ਪਹਿਲਾਂ ਹੀ ਕਈ ਜਾਨਾਂ ਜਾ ਚੁੱਕੀਆਂ ਹਨ। ਇਜ਼ਰਾਈਲ ਹਮਾਸ ਦੇ ਨਾਲ-ਨਾਲ ਅੱਤਵਾਦੀ ਸੰਗਠਨ ਹਿਜ਼ਬੁੱਲਾ ਦੇ ਨਾਲ-ਨਾਲ ਜੰਗ ਲੜ ਰਿਹਾ ਹੈ। ਇਜ਼ਰਾਈਲ ਨੇ ਬੀਤੀ ਰਾਤ ਇਕ ਸ਼ਰਨਾਰਥੀ ਕੈਂਪ 'ਤੇ ਇਕ ਹੋਰ ਹਵਾਈ ਹਮਲਾ ਕੀਤਾ, ਜਿਸ ਵਿਚ ਘੱਟੋ-ਘੱਟ 51 ਫਲਸਤੀਨੀ ਮਾਰੇ ਗਏ ਸਨ।ਅਤੇ ਕਈ ਹੋਰ ਜ਼ਖਮੀ ਹੋ ਗਏ ਸਨ। ਮਰਨ ਵਾਲਿਆਂ ਵਿੱਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਸ਼ਾਮਿਲ ਸਨ। ਇਸ ਹਮਲੇ 'ਚ ਕਈ ਮਕਾਨ ਵੀ ਢਹਿ-ਢੇਰੀ ਹੋ ਗਏ ਅਤੇ ਇਮਾਰਤਾਂ ਵੀ ਢਹਿ-ਢੇਰੀ ਹੋ ਗਈਆਂ। ਗਾਜ਼ਾ ਦੇ ਸਿਹਤ ਮੰਤਰਾਲੇ ਨੇ ਦਾਅਵਾ ਕੀਤਾ ਕਿ ਇਜ਼ਰਾਈਲੀ ਹਮਲੇ ਜਾਰੀ ਹਨ।ਅਤੇ ਹੁਣ ਤੱਕ 9,488 ਦੇ ਕਰੀਬ ਫਲਸਤੀਨੀ ਮਾਰੇ ਗਏ ਹਨ, ਜਿਨ੍ਹਾਂ ਵਿੱਚ 3,900 ਬੱਚੇ ਅਤੇ 2,509 ਔਰਤਾਂ ਸ਼ਾਮਲ ਹਨ। ਇਸ ਦੇ ਨਾਲ ਹੀ ਕਿਹਾ ਗਿਆ ਕਿ ਹਮਲੇ 'ਚ ਹੁਣ ਤੱਕ 24 ਹਜ਼ਾਰ ਤੋਂ ਵੱਧ ਲੋਕ ਜ਼ਖਮੀ ਹੋ ਚੁੱਕੇ ਹਨ।





Balsani Welders & Builders

We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh

844-573-3824 | 510 862 2332

433 W Scotts Ave Stockton, CA 95203

PH: (925) 487-7117

ਸਾਡੇ ਲੋਕ


ਹਰ ਘਰ 'ਚ ਖ਼ੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।
ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ
ਜਥੇਦਾਰ ਪਾਖਰ ਸਿੰਘ ਅਕਾਲੀ
Manhamir Singh Nijjar
ਜਥੇਦਾਰ ਸੌਦਾਗਰ ਸਿੰਘ ਅਕਾਲੀ
ਸ. ਅੰਮ੍ਰਿਤਪਾਲ ਸਿੰਘ ਨਿੱਝਰ, ਜਥੇਦਾਰ ਅਵਤਾਰ ਸਿੰਘ ਅਕਾਲੀ, ਸ. ਸੁਰਿੰਦਰ ਸਿੰਘ ਨਿੱਝਰ
Varinder Singh Nijjar Jagbir Singh Nijjar
ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ
ਟਕਸਾਲੀ ਅਕਾਲੀ ਆਗੂ, ਪਿੰਡ ਭਾਗ ਸਿੰਘਪੁਰਾ, ਫਿਲੌਰ, (ਜਲੰਧਰ)
ਪਿਛਲੀਆਂ ਚਾਰ ਪੀੜ੍ਹੀਆਂ ਤੋਂ ਪੰਥ ਦੇ ਵਫ਼ਾਦਾਰ ਸਿਪਾਹੀ ਜਿਨ੍ਹਾਂ ਜੈਤੋਂ ਦੇ ਮੋਰਚੇ ਤੋਂ ਲੈ ਕੇ ਧਰਮ ਯੁੱਧ ਅਤੇ ਪੰਜਾਬੀ ਸੂਬੇ ਲਈ ਜੇਲ੍ਹਾਂ ਕੱਟੀਆਂ। ਪਿੰਡ ਭਾਗਸਿੰਘ ਪੁਰਾ, ਹਲਕਾ ਫਿਲੌਰ ਦੇ ਜੰਮਪਲ ਜਥੇਦਾਰ ਸੌਦਾਗਰ ਸਿੰਘ ਅਕਾਲੀ, ਜਥੇਦਾਰ ਪਾਖਰ ਸਿੰਘ ਅਕਾਲੀ, ਜਥੇਦਾਰ ਅਵਤਾਰ ਸਿੰਘ ਅਕਾਲੀ ਦੇ ਵਾਰਸ
ਨਿੱਝਰ ਬ੍ਰਦਰਜ਼ ਤੇ ਪਰਿਵਾਰ
ਮਡੇਰਾ, ਫਰਿਜ਼ਨੋ, ਕੈਲੀਫੋਰਨੀਆ (ਅਮਰੀਕਾ) ਫੋਨ : 559-479-1804, 1-800-317-2577


ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।
ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ
CHARKHA's
ਦੀ ਚੇਨ ਦੇ ਮਾਲਕ
Pabla Beverages inc &
Pauls Liquors & Markets
Www.bevstore.com 408-515-5330,
San Jose Morgan Hill Gilroy California
Surinder Singh Pabla
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸਮਾਜ ਸੇਵਕ ਪੰਜਾਬੀ ਬੋਲੀ ਅਤੇ
ਖੇਡਾਂ ਨੂੰ ਪ੍ਰਮੋਟ ਕਰਨ ਵਾਲੇ ਉਘੇ ਨੌਜਵਾਨ ਆਗੂ
ਸ. ਜਰਨੈਲ ਸਿੰਘ ਮੌਜੀ, ਸ. ਬਲਵੀਰ ਸਿੰਘ ਪਾਬਲਾ, ਸ. ਸੁਰਿੰਦਰ ਸਿੰਘ ਪਾਬਲਾ, ਸ. ਐਮ.ਪੀ. ਸਿੰਘ ਪਾਬਲਾ

# ਪ੍ਰੀਤ ਕੌਰ ਮਿਸ ਪੰਜਾਬਣ ਬਣੀ-ਵਰਿੰਦਰ ਕੌਰ ਬੇਬੇ ਨੰਬਰ ਵੰਨ ਤੇ ਆਤਮਾ ਸਿੰਘ ਬਾਪੂ ਨੰਬਰ ਵੰਨ ਚੁਣੇ ਗਏ





ਹੁਸ਼ਿਆਰਪੁਰ (ਦਲਜੀਤ ਅਜਨੋਹਾ) : ਸਰੀ (ਕੈਨੇਡਾ) ਵਿਖੇ ਆਰ ਕੇ ਇੰਟਰਟੇਨਮੈਂਟ, ਮਹਿਫ਼ਲ ਮੀਡੀਆ ਅਤੇ ਐਨਆਰਆਈ ਟੀਵੀ ਦੇ ਸਾਂਝੇ ਉਪਰਾਲੇ ਤਹਿਤ ਕਰਵਾਏ ਜਾ ਰਹੇ 10 ਮੁਲਕਾਂ ਵਿਚ ਕਰਵਾਏ ਜਾ ਰਹੇ ਪੰਜਾਬੀਆਂ ਦੇ ਟੇਲੈਂਟ ਮੁਕਾਬਲੇ ਤਹਿਤ ਸਰੀ ਸ਼ਹਿਰ ਵਿਚ ਬਹੁਤ ਹੀ ਸ਼ਲਾਘਾਯੋਗ ਪ੍ਰੋਗਰਾਮ ਕਰਵਾਇਆ ਗਿਆ।

ਇਸ ਪ੍ਰੋਗਰਾਮ ਦੇ ਕਰਤਾ ਧਰਤਾ ਫਾਊਂਡਰ ਅਮਨਦੀਪ ਕੌਰ ਪੰਨੂ ਦੀ ਅਗਵਾਈ ਹੇਠ ਮਿਸ ਪੰਜਾਬਣ ਅਤੇ ਮਿਸਜ਼ ਪੰਜਾਬਣ ਅਤੇ ਬੇਬੇ ਨੰਬਰ ਵੰਨ ਅਤੇ ਬਾਪੂ ਨੰਬਰ ਵੰਨ ਪਰਫਾਰਮੈਂਸ ਨੂੰ ਸਰੀ ਦੇ ਬਾਲੀਵੁੱਡ ਹਾਲ ਵਿਖੇ ਕਰਵਾਇਆ ਗਿਆ। ਇਸ ਪ੍ਰੋਗਰਾਮ ਦੇ ਪ੍ਰਬੰਧਕ ਅਮਨਦੀਪ ਕੌਰ ਪੰਨੂ, ਜਸਵਿੰਦਰ ਖੋਸਾ ਅਤੇ ਪ੍ਰਦੀਪ ਬੈਂਸ ਸਨ। ਮੁਕਾਬਲਿਆਂ ਦੌਰਾਨ ਪ੍ਰੀਤ ਕੌਰ ਮਿਸ ਪੰਜਾਬਣ ਚੁਣੀ ਗਈ ਜਿਸਨੇ ਆਪਣੇ ਨਿਵੇਕਲੇ ਅੰਦਾਜ਼ ਨਾਲ ਲੋਕਾਂ ਦਾ ਦਿਲ ਜਿੱਤਿਆ। ਵਰਿੰਦਰ ਕੌਰ ਨੇ ਬੇਬੇ ਨੰਬਰ ਵੰਨ ਅਤੇ ਆਤਮਾ ਸਿੰਘ ਨੇ ਬਾਪੂ ਨੰਬਰ ਵੰਨ ਦਾ ਖਿਤਾਬ ਜਿੱਤਿਆ। ਪ੍ਰਬੰਧਕਾਂ ਨੇ ਦੱਸਿਆ ਕਿ ਜੇਤੂਆਂ ਨੂੰ ਸੈਮੀਫਾਈਨਲ 'ਚ ਐਂਟਰੀ ਦਿੱਤੀ ਜਾਵੇਗੀ। ਇਸ ਪ੍ਰੋਗਰਾਮ ਵਿਚ ਸਰੀ ਨਿਊਟਨ ਤੋਂ ਲਿਬਰਲ ਐਮ ਪੀ ਸੁੱਖ ਧਾਲੀਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ ਜਦੋਂਕਿ ਉਘੇ ਕਬੱਡੀ ਪ੍ਰਮੋਟਰ ਬਲਵੀਰ ਬੈਂਸ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਉਘੇ ਗਾਇਕ ਹਰਵਿੰਦਰ ਕਾਕੇ ਸ਼ਾਹ ਜਿਹੜੇ ਵਿਸ਼ੇਸ ਤੌਰ 'ਤੇ ਪੰਜਾਬ ਤੋਂ ਪਹੁੰਚੇ ਤੋਂ ਇਲਾਵਾ ਮਨਿੰਦਰ ਮੋਗਾ, ਟਵਿੰਕਲ, ਜੱਸ ਸਿੱਧੂ, ਲੱਖਾ ਸਿੱਧਵਾ, ਐੱਸ ਤਾਰੀ ਹਾਰਡੀ, ਚੰਨ ਕੌਰ, ਗੁਰਲਾਬ ਬਰਾੜ, ਹਰਮਨ ਬਲ, ਮਸ਼ਹੂਰ ਗਾਇਕਾ ਡੌਲੀ ਸਿੰਘ, ਕੁਲਵਿੰਦਰ ਮਾਨ (ਕਾਲਾ), ਅਰਸ਼ਦੀਪ ਖਹਿਰਾ, ਡਾਕਟਰ ਹਰਪ੍ਰੀਤ ਸੇਖੋਂ, ਸੀਨੀਅਰ ਕੋਆਰਡੀਨੇਟਰ ਰਸ਼ਪਾਲ ਗਿੱਲ, ਜੈਸ ਔਜਲਾ ਗ੍ਰੀਨ ਸਟੋਨ ਇਮੀਗ੍ਰੇਸ਼ਨ ਸਰੀ ਨੇ ਵਿਸ਼ੇਸ਼ ਸ਼ਮੂਲੀਅਤ ਕੀਤੀ। ਟਿੱਕਾ ਸਿੱਕਾ ਰੈਸਟੋਰੈਂਟ ਸਰੀ ਜਿਸਦੇ ਮਾਲਕ ਥਾਂਦੀ ਵਲੋਂ ਦਿੱਤੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਨੇ ਟੋਰਾਂਟੋ ਤੋਂ ਆਈ ਮਹਿਫ਼ਲ ਮੀਡੀਆ ਟੀਮ ਦਾ ਸਨਮਾਨ ਕੀਤਾ। ਇਸ ਪ੍ਰੋਗਰਾਮ ਦੇ ਮੁੱਖ ਸਪਾਂਸਰ ਅਜੈ ਖੋਸਾ, ਅੰਗਦ ਪੰਨੂ, ਹੈਰੀ ਬੈਂਸ, ਜਸਵਿੰਦਰ ਖੋਸਾ, ਅਮਨਦੀਪ ਪੰਨੂ ਪ੍ਰਦੀਪ ਬੈਂਸ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## 'ਕੇਜਰੀਵਾਲ ਪਤਨੀ ਸੁਨੀਤਾ ਨੂੰ ਮੁੱਖ ਮੰਤਰੀ ਬਣਾਉਣਾ ਚਾਹੁੰਦਾ ਸੀ, ਵਿਧਾਇਕਾਂ ਨੇ ਕੀਤਾ ਇਨਕਾਰ'

ਨਵੀਂ ਦਿੱਲੀ : ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਸ਼ਰਾਬ ਘੁਟਾਲੇ ਵਿੱਚ ਈਡੀ ਵੱਲੋਂ ਸੰਮਨ ਕੀਤੇ ਜਾਣ ਤੋਂ ਬਾਅਦ ਆਮ ਆਦਮੀ ਪਾਰਟੀ ਉਨ੍ਹਾਂ ਦੀ ਗ੍ਰਿਫ਼ਤਾਰੀ ਦਾ ਖ਼ਦਸ਼ਾ ਜ਼ਾਹਰ ਕਰ ਰਹੀ ਹੈ। ਪਾਰਟੀ ਇਸ ਗੱਲ 'ਤੇ ਵਿਚਾਰ ਕਰ ਰਹੀ ਹੈ ਕਿ ਜੇਕਰ ਕੇਜਰੀਵਾਲ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ ਤਾਂ ਉਹ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦੇਣ ਜਾਂ ਜੇਲ੍ਹ ਦੇ ਅੰਦਰੋਂ ਹੀ ਸਰਕਾਰ ਚਲਾਉਣ। ਇਸ ਦੌਰਾਨ ਭਾਜਪਾ ਦੇ ਇੱਕ ਵੱਡੇ ਨੇਤਾ ਨੇ ਸਨਸਨੀਖੇਜ਼ ਦਾਅਵਾ ਕੀਤਾ ਹੈ।



ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਇੰਕਸ਼ਾਫ਼ ਕੀਤਾ ਹੈ ਕਿ ਅਰਵਿੰਦ ਕੇਜਰੀਵਾਲ ਆਪਣੀ ਪਤਨੀ ਨੂੰ ਮੁੱਖ ਮੰਤਰੀ ਬਣਾਉਣਾ ਚਾਹੁੰਦੇ ਹਨ। ਸਿਰਸਾ, ਜੋ ਆਬਕਾਰੀ ਨੀਤੀ ਦੀ ਸ਼ੁਰੂਆਤੀ ਸ਼ਿਕਾਇਤਕਰਤਾਵਾਂ ਵਿੱਚੋਂ ਇੱਕ ਸਨ, ਨੇ ਕਿਹਾ ਕਿ ਇਹ ਗੱਲ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦੇ ਇੱਕ ਆਗੂ ਨੇ ਦੱਸੀ ਹੈ।

ਮਨਜਿੰਦਰ ਸਿੰਘ ਸਿਰਸਾ ਨੇ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਵਿਧਾਇਕਾਂ ਦੇ ਨਾਂਹ ਤੋਂ ਬਾਅਦ ਕੇਜਰੀਵਾਲ ਹੁਣ ਰਾਇਸ਼ੁਮਾਰੀ ਕਰਵਾਉਣ ਜਾ ਰਹੇ ਹਨ। ਸਿਰਸਾ ਨੇ ਕਿਹਾ, 'ਅਰਵਿੰਦ ਕੇਜਰੀਵਾਲ ਨੇ ਕੱਲ੍ਹ ਆਪਣੇ ਵਿਧਾਇਕਾਂ ਨਾਲ ਮੀਟਿੰਗ ਕੀਤੀ ਅਤੇ ਕਿਹਾ ਕਿ ਜੇਕਰ ਮੈਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਮੈਂ ਤਿਹਾੜ ਜੇਲ੍ਹ ਤੋਂ ਸਰਕਾਰ ਚਲਾ ਦਿਆਂਗਾ। ਚੋਰੀ ਦਾੜ੍ਹੀ ਵਿੱਚ ਤਿਣਕਾ। ਕੇਜਰੀਵਾਲ ਪਹਿਲੇ ਦਿਨ ਤੋਂ ਜਾਣਦਾ ਹੈ ਕਿ ਜੋ ਸਬੂਤ ਸਾਹਮਣੇ ਆਏ ਹਨ, ਉਨ੍ਹਾਂ ਤੋਂ 350 ਕਰੋੜ ਰੁਪਏ ਤੋਂ ਵੱਧ ਦੀ ਮਨੀ ਟ ?ਰੇਲ ਹੈ। ਸੁਪਰੀਮ ਕੋਰਟ ਨੇ ਵੀ ਇਸ ਗੱਲ ਦਾ ਜ਼ਿਕਰ ਕੀਤਾ ਅਤੇ ਸਿਸੋਦੀਆ ਨੂੰ ਜ਼ਮਾਨਤ ਨਾ ਦਿੱਤੀ, ਕੇਜਰੀਵਾਲ ਨੇ ਜੋ ਪੈਸੇ ਦੇ ਲੈਣ-ਦੇਣ ਕੀਤੇ ਹਨ, ਖਾਸ ਕਰਕੇ ਉਨ੍ਹਾਂ ਦਾ ਸ਼ੀਸ਼ਮਹਿਲ ਬਣਾਉਣ ਦਾ ਜੋ ਕੰਮ ਕੀਤਾ ਹੈ, ਉਹ ਜਾਣਦਾ ਹੈ ਕਿ ਉਹ ਜੇਲ੍ਹ ਜਾਵੇਗਾ।

ਭਾਜਪਾ ਆਗੂ ਸਿਰਸਾ ਨੇ ਅੱਗੇ ਕਿਹਾ, 'ਮੈਂ ਪਹਿਲਾਂ ਹੀ ਕਿਹਾ ਸੀ ਕਿ ਕੇਜਰੀਵਾਲ ਪੇਸ਼ ਨਹੀਂ ਹੋਣਗੇ, ਕਿਉਂਕਿ ਉਹ ਵਿਧਾਇਕਾਂ ਨੂੰ ਮਨਾਉਣਾ ਚਾਹੁੰਦੇ ਹਨ ਕਿ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਨੂੰ ਮੁੱਖ ਮੰਤਰੀ ਬਣਾਇਆ ਜਾਵੇ। ਇਹ ਕੱਲ੍ਹ ਸਪੱਸ਼ਟ ਹੋ ਗਿਆ। ਅਰਵਿੰਦ ਕੇਜਰੀਵਾਲ ਨੇ ਮੀਟਿੰਗ ਕੀਤੀ। ਆਮ ਆਦਮੀ ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਮੈਨੂੰ ਦੱਸਿਆ ਕਿ ਸਾਰੇ ਵਿਧਾਇਕਾਂ ਨੇ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਜੇਕਰ ਤੁਸੀਂ ਆਪਣੀ ਪਤਨੀ ਬਣਾਉਂਦੇ ਹੋ ਤਾਂ ਪਹਿਲਾਂ ਭ੍ਰਿਸ਼ਟਾਚਾਰ ਦਾ ਦਾਗ ਲੱਗੇਗਾ, ਫਿਰ ਪਰਿਵਾਰਵਾਦ ਦਾ ਦੋਸ਼ ਲੱਗੇਗਾ, ਜੇਕਰ ਤੁਸੀਂ ਵੀ ਅਜਿਹਾ ਕਰੋਗੇ ਤਾਂ ਬਰਬਾਦ ਹੋ ਜਾਵੇਗਾ। ਇਸ ਦਾ ਹੱਲ ਜਨਤਕ ਜਨਮਤ ਸੰਗ੍ਰਹਿ ਕਰਵਾਉਣਾ ਹੈ। ਲੋਕ ਕਹਿਣਗੇ ਕਿ ਅਸੀਂ ਕੇਜਰੀਵਾਲ ਜੀ ਨੂੰ ਵੋਟ ਪਾਈ ਹੈ, ਤਾਂ ਸੁਨੀਤਾ ਕੇਜਰੀਵਾਲ ਨੂੰ ਸੀ.ਐਮ. ਬਣਾ ਦਿੱਤਾ ਜਾਵੇਗਾ। ਆਮ ਆਦਮੀ ਪਾਰਟੀ ਨੇ ਅਰਵਿੰਦ ਕੇਜਰੀਵਾਲ ਨੂੰ ਲੈ ਕੇ ਲੋਕਾਂ ਵਿੱਚ ਮਤਦਾਨ ਕਰਾਉਣ ਦਾ ਫੈਸਲਾ ਕੀਤਾ ਹੈ। ਪਾਰਟੀ ਦਾ ਕਹਿਣਾ ਹੈ ਕਿ ਦਿੱਲੀ ਦੇ ਵਿਧਾਇਕਾਂ ਅਤੇ ਕੌਂਸਲਰਾਂ ਨੇ ਕੇਜਰੀਵਾਲ ਨੂੰ ਬੇਨਤੀ ਕੀਤੀ ਹੈ ਕਿ ਜੇਕਰ ਉਹ ਗ੍ਰਿਫਤਾਰ ਹੋ ਜਾਂਦੇ ਹਨ ਤਾਂ ਅਸਤੀਫਾ ਨਾ ਦੇਣ, ਸਗੋਂ ਜੇਲ ਤੋਂ ਹੀ ਸਰਕਾਰ ਚਲਾਉਣ। ਹੁਣ ਪਾਰਟੀ ਨੇ ਇਹ ਗੱਲ ਦੂਜੇ ਰਾਜਾਂ ਦੇ ਨੇਤਾਵਾਂ ਅਤੇ ਵਰਕਰਾਂ ਦੇ ਨਾਲ-ਨਾਲ ਦਿੱਲੀ ਦੇ ਲੋਕਾਂ ਨੂੰ ਵੀ ਪੁੱਛਣ ਦਾ ਫੈਸਲਾ ਕੀਤਾ ਹੈ। ਜੇਕਰ ਕੇਜਰੀਵਾਲ ਨੂੰ ਗ੍ਰਿਫਤਾਰ ਕਰ ਲਿਆ ਜਾਵੇ ਤਾਂ ਅਜਿਹੀ ਸਥਿਤੀ 'ਚ ਕੀ ਕੀਤਾ ਜਾਵੇ?

## ਅਸਟਰੇਲੀਆ ਦੇ ਉਘੇ ਕਾਰੋਬਾਰੀ ਸੋਨੂ ਮਿਨਹਾਸ ਨੇ ਕੀਤੀ ਮੈਂਬਰ ਪਾਰਲੀਮੈਂਟ ਮਿਸ਼ੇਲ ਲੈਂਡਰੀ ਨਾਲ ਮੁਲਾਕਾਤ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਰੋਕਹੈਪਟਨ- ਅਸਟ੍ਰੇਲੀਆ ਦੇ ਉਘੇ ਕਾਰੋਬਾਰੀ ਮਨਦੀਪ ਮਿਨਹਾਸ ਉਰਫ ਸੋਨੂ ਮਿਨਹਾਸ ਅਤੇ ਹਰਸ਼ਰਨ ਸਿੰਘ ਰੋਮਾਣਾ ਨੇ ਅਸਟਰੇਲੀਆ ਦੀ ਮਾਣਯੋਗ ਮਿਸ਼ੇਲ ਲੈਂਡਰੀ ਮੈਂਬਰ ਪਾਰਲੀਮੈਂਟ ਨਾਲ ਦੀਵਾਲੀ ਮੌਕੇ ਰੱਖੇ ਗਏ ਸਮਾਗਮ ਦੌਰਾਨ ਵਿਸ਼ੇਸ਼ ਮੁਲਾਕਾਤ ਕੀਤੀ, ਇਸ ਦੌਰਾਨ ਉਹਨਾਂ ਵਲੋਂ ਅਸਟਰੇਲੀਆ ਵਿੱਚ ਭਾਰਤੀਆਂ ਨੂੰ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਬਾਰੇ ਚਰਚਾ ਕੀਤੀ ਗਈ ਅਤੇ ਭਾਰਤ ਅਤੇ ਅਸਟਰੇਲੀਆ ਦੇ ਸਬੰਧ ਸੁਖਾਵੇਂ ਬਣਾਉਣ ਬਾਰੇ ਗੱਲਬਾਤ ਕੀਤੀ ਗਈ, ਇਸ ਦੌਰਾਨ ਮਾਣਯੋਗ ਮੈਂਬਰ ਪਾਰਲੀਮੈਂਟ ਵਲੋਂ ਵੀ ਪੂਰਨ ਭਰੋਸਾ ਦਿੱਤਾ ਗਿਆ ਅਤੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਾਡੇ ਦੇਸ਼ ਦੀ ਉਨਤੀ ਵਿੱਚ ਭਾਰਤੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ, ਇਹ ਲੋਕ ਮਿਹਨਤ ਅਤੇ ਇਮਾਨਦਾਰੀ ਨਾਲ ਕੰਮ ਕਰਕੇ ਸਾਡੇ ਦੇਸ਼ ਨੂੰ ਨਵੀਆਂ ਲੀਹਾਂ ਤੇ ਤੋਰ ਰਹੇ ਹਨ, ਇਸ ਦੌਰਾਨ ਵੱਡੀ ਗਿਣਤੀ ਵਿੱਚ ਭਾਰਤੀ ਅਤੇ ਅਸਟਰੇਲੀਅਨ ਨਾਗਰਿਕ ਹਾਜ਼ਰ ਹੋਏ।

## ਕੈਪਟਨ ਵਾਸੂਕੈਂਥ ਬੁੱਢਾ ਦਲ ਦੀ ਛਾਉਣੀ ਵਿਖੇ ਸਨਮਾਨਿਤ

### *ਅੰਮ੍ਰਿਤਸਰ ਸਾਹਿਬ ਦੀ ਧਰਤੀ ਵਰਗੀ ਕੋਈ ਧਰਤ ਨਹੀਂ: ਵਾਸੂਕੈਂਥ*



**ਮੁੰਬਈ ਨਿਵਾਸੀ ਨੇਵੀਂ ਮਾਰਚੈਂਟ ਕੈਪਟਨ ਵਾਸੂਕੈਂਥ ਨੂੰ ਗੁਰਦੁਆਰਾ ਮੱਲ ਅਖਾੜਾ ਸਾਹਿਬ ਵਿਖੇ ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ ਅਤੇ ਬਾਬਾ ਭਗਤ ਸਿੰਘ ਸਨਮਾਨਤ ਕਰਨ ਉਪਰੰਤ।**

ਅੰਮ੍ਰਿਤਸਰ : ਅੰਮ੍ਰਿਤਸਰ ਸਾਹਿਬ ਦੀ ਧਰਤੀ ਤੇ ਸਾਖਸ਼ਾਤ ਰੱਬ ਵਸਦਾ ਹੈ। ਏਥੋਂ ਦੇ ਗੁਰਧਾਮਾਂ ਪਰ ਕੀਤੀ ਸੱਚੇ ਦਿਲੋਂ ਅਰਦਾਸ ਬੇਨਤੀ ਨੂੰ ਪੂਰਨ ਰੂਪ ਵਿੱਚ ਫਲ ਲਗਦਾ ਹੈ। ਸੰਸਾਰ ਭਰ ਦੇ ਦੇਸ਼ਾਂ ਦੀ ਯਾਤਰਾ ਕੀਤੀ ਹੈ ਪਰ ਜੋ ਮਿਠੀ ਠੰਡੀ ਤੇ ਖੁਸ਼ਬੋਦਾਰ ਮਹਿਕ ਅੰਮ੍ਰਿਤਸਰ ਸਾਹਿਬ ਦੀ ਹੈ ਹੋਰ ਕਿਤੇ ਨਹੀਂ ਮਿਲਦੀ। ਇਹ ਵਿਚਾਰ ਮੁੰਬਈ ਨਿਵਾਸੀ ਭਾਰਤੀ ਨੇਵੀਂ ਮਾਰਚੈਂਟ ਦੇ ਕੈਪਟਨ ਵਾਸੂ ਕੈਂਥ ਨੇ ਗੁਰਦੁਆਰਾ ਮੱਲ ਅਖਾੜਾ ਸਾਹਿਬ ਪਾਤਸ਼ਾਹੀ ਛੇਵੀਂ, ਗੁ: ਬੁਰਜ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਨਤਮਸਤਕ ਹੋਣ ਉਪਰੰਤ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਮੈਂ ਜੋ ਵੀ ਅਰਦਾਸ ਕੀਤੀ ਉਹ ਪੂਰੀ ਹੋਈ ਹੈ। ਉਨ੍ਹਾਂ ਨੂੰ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ, ਮਹੰਤ ਬਾਬਾ ਭਗਤ ਸਿੰਘ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੀ ਹੋਈ ਤਰੱਕੀ ਦੇ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ। ਇਸ ਸਮੇਂ ਬਾਬਾ ਅਮਰੀਕ ਸਿੰਘ, ਸ. ਤਰਸੇਮ ਲਾਲ ਸਿੰਘ, ਡਾ. ਮਵਲੀਨ ਕੌਰ, ਬੀਬੀ ਵਰਿੰਦਰ ਕੌਰ ਅਤੇ ਸ. ਐਸ. ਪੀ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।


ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।
ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ
LTA BROS.
LIVINGSTON CALIFORNIA
ਸ. ਹੈਰੀ ਸਿੰਘ ਭੰਗੂ
L T A Bros
11145 E Clausen Road
Turlock, CA 95380
ਸ. ਰਾਜਾ ਧਾਮੀ

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ




# Fresno California

## ਵਿਚ ਖੁੱਲ੍ਹਾ ਰਿਹਾ ਨਵਾਂ ਦ.ਫਤਰ

### ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਇਕ ਛੱਤ ਥੱਲੇ

• ਪੋਲੀਟੀਕਲ ਅਸਾਈਲਮ • ਡਿਪ੍ਰੋਟੇਸ਼ਨ ਡਿਫੈਂਸ • BIA ਅਪੀਲ
• 9 Circuit ਅਪੀਲ • ਸਿਟੀਜਨਸ਼ਿਪ • ਗਰੀਨਕਾਰਡ

**ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕੋ ਛੱਤ ਥੱਲੇ**

## Law office of Anthony Nwosu

239 West Yosemite Ave Manteca CA 95336
ਸਾਡਾ ਆਫ਼ਿਸ਼ Oakland ਅਤੇ Sacramento ਵਿਚ ਵੀ ਹੈ।
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ
ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

**209-481-7750**
**510-472-0608**
**PH. : 209-624-3919**



ਸ੍ਰ. ਹਰਮਿੰਦਰ ਸਿੰਘ ਸਮਾਣਾ
ਆਫ਼ਿਸ ਮੈਨੇਜਰ



Anthony Nwosu
Attorney at Law

# ਕੀਨੀਆ ਤੇ ਸੋਮਾਲੀਆ 'ਚ ਭਾਰੀ ਮੀਂਹ ਤੇ ਹੜ੍ਹਾਂ ਕਾਰਨ 40 ਮੌਤਾਂ



ਨੈਰੋਬੀ : ਕੀਨੀਆ ਤੇ ਸੋਮਾਲੀਆ 'ਚ ਭਾਰੀ ਮੀਂਹ ਤੇ ਹੜ੍ਹਾਂ ਕਾਰਨ ਘੱਟੋ ਘੱਟ 40 ਵਿਅਕਤੀ ਮਾਰੇ ਗਏ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਹਨ। ਰਾਹਤ ਏਜੰਸੀਆਂ ਨੇ ਅੱਜ ਇਹ ਜਾਣਕਾਰੀ ਦਿੱਤੀ। ਸੋਮਾਲੀਆ ਸਰਕਾਰ ਨੇ ਇਸ ਆਫ਼ਤ ਕਾਰਨ ਘੱਟੋ ਘੱਟ 25 ਮੌਤਾਂ ਹੋਣ, ਵੱਡੀ ਗਿਣਤੀ 'ਚ ਮਕਾਨ, ਸੜਕਾਂ ਤੇ ਪੁਲ ਤਬਾਹ ਹੋਣ ਮਗਰੋਂ ਐਮਰਜੈਂਸੀ ਦਾ ਐਲਾਨ ਕੀਤਾ ਹੈ। ਐਮਰਜੈਂਸੀ ਅਤੇ ਬਚਾਅ ਵਰਕਰ ਸੋਮਾਲੀਆ ਦੇ ਜੁਬਾਲੈਂਡ ਸੂਬੇ ਦੇ ਲੂਕ ਜ਼ਿਲ੍ਹੇ 'ਚ ਹੜ੍ਹ ਦੇ ਪਾਣੀ 'ਚ ਫਸੇ ਲਗਪਗ 2400 ਲੋਕਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਹਨ। ਮਨੁੱਖੀ ਮਾਮਲਿਆਂ ਸਬੰਧੀ ਤਾਲਮੇਲ ਲਈ ਸੰਯੁਕਤ ਰਾਸ਼ਟਰ ਦਫ਼ਤਰ ਨੇ ਜੁਬਾ ਅਤੇ ਸ਼ਾਬੈਲੇ ਨਦੀਆਂ ਕੰਢੇ ਰਹਿਣ ਵਾਲੇ ਲੋਕਾਂ ਨੂੰ ਹੜ੍ਹ ਦੀ ਚਿਤਾਵਨੀ ਦਿੱਤੀ ਅਤੇ ਸਾਰਿਆਂ ਨੂੰ ਉਥੋਂ ਨਿਕਲਣ ਲਈ ਆਖਿਆ ਹੈ। ਸੋਮਾਲੀਆ ਆਫ਼ਤ ਪ੍ਰਬੰਧਨ ਏਜੰਸੀ ਦੇ ਮੈਨੇਜਿੰਗ ਡਾਇਰੈਕਟਰ ਹਸਨ ਇੱਸੇ ਨੇ ਦੱਸਿਆ ਕਿ ਏਜੰਸੀ ਸੰਕਟ ਨਾਲ ਨਜਿੱਠਣ ਲਈ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਅਗਲੇ ਕੁਝ ਦਿਨਾਂ 'ਚ ਹੜ੍ਹਾਂ ਦੀ ਸਥਿਤੀ ਵਿਗੜਨ ਦੀ ਸੰਭਾਵਨਾ ਹੈ।

# ਅਮਰੀਕਾ: ਕੈਂਟੁਕੀ ਦੇ ਗਵਰਨਰ ਐਂਡੀ ਬੇਸ਼ੀਅਰ ਵਲੋਂ ਮੁੜ ਚੋਣਾਂ ਜਿੱਤਣ ਦਾ ਅਨੁਮਾਨ

ਕੈਂਟੁਕੀ- ਅਮਰੀਕਾ ਦੇ ਸੂਬੇ ਕੈਂਟੁਕੀ ਦੇ ਗਵਰਨਰ ਐਂਡੀ ਬੇਸ਼ੀਅਰ ਦੇ ਦੂਜੇ ਕਾਰਜਕਾਲ ਲਈ ਮੁੜ ਚੋਣ ਜਿੱਤਣ ਦਾ ਅਨੁਮਾਨ ਹੈ। ਉਹ ਸੂਬੇ ਦੇ ਅਟਾਰਨੀ ਜਨਰਲ ਰਿਪਬਲਿਕਨ ਚੈਲੇਂਜਰ ਡੈਨੀਅਲ ਕੈਮਰਨ ਨੂੰ ਹਰਾ ਦੇਣਗੇ। 45 ਸਾਲਾ ਬੇਸ਼ੀਅਰ ਸਮਾਜਿਕ ਤੌਰ 'ਤੇ ਰੂੜੀਵਾਦੀ ਸੂਬੇ 'ਚ ਇਕ ਡੈਮੋਕਰੇਟ ਵਜੋਂ ਸ਼ਾਸਨ ਕਰਨ ਦੇ ਬਾਵਜੂਦ ਬੇਸ਼ੀਅਰ 60 ਫ਼ੀਸਦੀ ਪ੍ਰਵਾਨਗੀ ਰੇਟਿੰਗ ਦੇ ਨਾਲ ਵੋਟਰਾਂ ਵਿਚ ਵਿਆਪਕ ਤੌਰ 'ਤੇ ਪ੍ਰਸਿੱਧ ਹਨ। ਜਿੱਥੇ ਵੋਟਰਾਂ ਨੇ 2016 ਅਤੇ 2020 ਵਿਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਭਾਰੀ ਸਮਰਥਨ ਕੀਤਾ ਸੀ।

ਕੈਮਰਨ ਦੀ ਮੁਹਿੰਮ ਨੇ ਬੇਸ਼ੀਅਰ ਨੂੰ ਗਰਭਪਾਤ ਅਤੇ LGBTQ ਅਧਿਕਾਰਾਂ ਵਰਗੇ ਮੁੱਦਿਆਂ 'ਤੇ ਬਹੁਤ ਉਦਾਰਵਾਦੀ ਦੱਸ ਕੇ ਰੂੜੀਵਾਦੀਆਂ ਨੂੰ ਉਨ੍ਹਾਂ ਖ਼ਿਲਾਫ਼ ਵੋਟ ਪਾਉਣ ਲਈ ਇਕਜੁਟ ਕਰਨ ਦੀ ਉਮੀਦ ਕੀਤੀ ਸੀ ਪਰ ਮੰਗਲਵਾਰ ਨੂੰ ਕੈਮਰਨ ਦੀ ਹਾਰ ਦਾ ਪਤਾ ਲੱਗਦੇ ਹੀ ਸਮਾਜਿਕ ਮੁੱਦਿਆਂ ਖ਼ਾਸ ਕਰ ਕੇ ਗਰਭਪਾਤ, ਸੁਪਰੀਮ ਕੋਰਟ ਦੇ ਡੌਬਜ਼ ਫੈਸਲੇ ਦੇ ਇਕ ਸਾਲ ਤੋਂ ਵੱਧ ਸਮੇਂ ਬਾਅਦ ਡੈਮੋਕਰੇਟਜ਼ ਦੇ ਹੱਕ ਵਿਚ ਚੋਣਾਂ ਨੂੰ ਜਾਰੀ ਰੱਖ ਸਕਦੇ ਹਨ, ਜਿਸ ਨੇ ਗਰਭਪਾਤ ਦੇ ਸੰਵਿਧਾਨਕ ਅਧਿਕਾਰ ਨੂੰ ਔਰਤਾਂ ਤੋਂ ਖੋਹ ਲਿਆ ਸੀ।

ਬੇਸ਼ੀਅਰ ਨੇ ਰੂੜੀਵਾਦੀ ਵੋਟਰਾਂ ਨੂੰ ਇਹ ਯਕੀਨ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਪੱਖਪਾਤੀ ਰਾਜਨੀਤੀ ਤੋਂ ਉੱਪਰ ਉੱਠ ਕੇ ਸ਼ਾਸਨ ਕਰਦੇ ਹਨ। ਉਨ੍ਹਾਂ ਨੇ 2020 'ਚ ਕੋਵਿਡ -19 ਮਹਾਂਮਾਰੀ ਅਤੇ 2022 ਵਿਚ ਪੂਰਬੀ ਕੈਂਟੁਕੀ ਵਿਚ ਆਏ ਹੜ੍ਹਾਂ 'ਤੇ ਪ੍ਰਤੀਕਿਰਿਆ ਦਿੱਤੀ। ਗਵਰਨਰ ਨੇ ਕੈਂਟੁਕੀ ਦੀ ਆਰਥਿਕ ਕਾਰਗੁਜ਼ਾਰੀ ਦਾ ਵੀ ਜ਼ਿਕਰ ਕੀਤਾ। ਸੂਬੇ ਨੇ ਪਿਛਲੇ ਸਾਲ ਇਤਿਹਾਸ ਵਿਚ ਆਪਣੀ ਸਭ ਤੋਂ ਘੱਟ ਬੇਰੁਜ਼ਗਾਰੀ ਦਰ ਦਰਜ ਕੀਤੀ, ਹਾਲਾਂਕਿ ਉਦੋਂ ਤੋਂ ਬੇਰੁਜ਼ਗਾਰੀ ਵਿਚ ਥੋੜ੍ਹਾ ਜਿਹਾ ਵਾਧਾ ਹੋਇਆ ਹੈ।




ਬੇਸ਼ੀਅਰ ਨੇ ਪਿਛਲੇ ਸਾਲ ਕਾਨੂੰਨ ਨੂੰ ਵੀਟੋ ਕਰ ਦਿੱਤਾ ਸੀ, ਜਿਸ ਨੇ ਟਰਾਂਸਜੈਂਡਰ ਕੁੜੀਆਂ ਅਤੇ ਔਰਤਾਂ ਨੂੰ ਕਾਲਜ ਵਲੋਂ ਛੇਵੀਂ ਜਮਾਤ ਵਿਚ ਕੁੜੀਆਂ ਅਤੇ ਔਰਤਾਂ ਦੀਆਂ ਖੇਡਾਂ ਦੀਆਂ ਟੀਮਾਂ ਵਿਚ ਖੇਡਣ 'ਤੇ ਪਾਬੰਦੀ ਲਗਾ ਦਿੱਤੀ ਸੀ। ਮਾਰਚ ਵਿਚ ਰਾਜਪਾਲ ਨੇ ਇਕ ਹੋਰ ਬਿੱਲ ਨੂੰ ਵੀਟੋ ਕਰ ਦਿੱਤਾ, ਜਿਸ ਵਿਚ ਬੱਚਿਆਂ ਲਈ ਲਿੰਗ-ਪੁਸ਼ਟੀ ਕਰਨ ਵਾਲੀ ਦੇਖਭਾਲ 'ਤੇ ਪਾਬੰਦੀ ਲਗਾਈ ਗਈ ਸੀ।

ਬੇਸ਼ੀਅਰ ਨੇ ਕਿਹਾ ਕਿ 'ਮੇਰਾ ਵਿਸ਼ਵਾਸ ਮੈਨੂੰ ਸਿਖਾਉਂਦਾ ਹੈ ਕਿ ਸਾਰੇ ਬੱਚੇ ਰੱਬ ਦੇ ਬੱਚੇ ਹਨ' ਬੇਸ਼ੀਅਰ ਨੇ ਆਪਣੇ ਮਾਰਚ ਦੇ ਵੀਟੋ ਸੰਦੇਸ਼ ਵਿਚ ਲਿਖਿਆ ਅਤੇ ਚੇਤਾਵਨੀ ਦਿੱਤੀ ਕਿ ਲਿੰਗ-ਪੁਸ਼ਟੀ ਦੇਖਭਾਲ 'ਤੇ ਪਾਬੰਦੀ ਲਗਾਉਣ ਨਾਲ ਬੱਚਿਆਂ ਨੂੰ ਖ਼ਤਰਾ ਪੈਦਾ ਹੋਵੇਗਾ। ਬੇਸ਼ੀਅਰ ਮੁਤਾਬਕ ਲਿੰਗ-ਪੁਸ਼ਟੀ ਦੇਖਭਾਲ ਤੱਕ ਪਹੁੰਚ ਵਿਚ ਸੁਧਾਰ ਟਰਾਂਸਜੈਂਡਰ ਆਬਾਦੀ ਲਈ ਸਿਹਤ ਨਤੀਜਿਆਂ ਵਿਚ ਸੁਧਾਰ ਇਕ ਮਹੱਤਵਪੂਰਨ ਸਾਧਨ ਹੈ।



# ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।



ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

## ਲੱਖ-ਲੱਖ ਵਧਾਈ





Late : S. Kashmir Singh Sahota

ਸਹੋਤਾ ਪਰਿਵਾਰ ਵਲੋਂ ਯੂਨਾਈਟਿਡ ਸਪੋਰਟਸ ਕਲੱਬ ਵਲੋਂ ਕਰਵਾਏ ਜਾਂਦੇ ਸਲਾਨਾ ਕਬੱਡੀ ਵਰਲਡ ਕੱਪ ਵਿਚ ਆਪਣੇ ਪਿਤਾ ਸ. ਕਸ਼ਮੀਰ ਸਿੰਘ ਸਹੋਤਾ ਦੀ ਯਾਦ ਵਿਚ ਦੂਜਾ ਵੱਡਾ ਇਨਾਮ ਦਿੱਤਾ ਜਾਂਦਾ ਹੈ।



Jugraj Singh Sahota
President United Sports Club USA




Narinder Singh Sahota
Joint Finance Secretary
United Sports Club USA

## J & N Petroleum inc. Sahota Petroleum inc

ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਪੰਜਾਬੀ ਕੱਲਚਰ ਅਤੇ ਖੇਡਾਂ ਨੂੰ ਅਮਰੀਕਾ 'ਚ ਤਨ, ਮਨ, ਧਨ ਨਾਲ ਪ੍ਰਮੋਟ ਕਰਨ ਵਾਲੇ ਕੈਲੀਫੋਰਨੀਆ ਦੇ ਪ੍ਰਸਿੱਧ ਬਿਜਨਸਮੈਨ ਅਤੇ ਯੂਨਾਈਟਿਡ ਸਪੋਟਸ ਕਲੱਬ ਕੈਲੀਫੋਰਨੀਆ ਦੇ ਪ੍ਰਧਾਨ

## ਸ. ਜੁਗਰਾਜ ਸਿੰਘ ਸਹੋਤਾ ਤੇ ਸ. ਨਰਿੰਦਰ ਸਿੰਘ ਸਹੋਤਾ

ਸਮੂਹ ਸਹੋਤਾ ਪਰਿਵਾਰ



ਰੱਬ ਕਰੇ ਦੀਵਾਲੀ ਦੇ ਦੀਵੇ ਦੀ ਲੋਅ ਹਰੇਕ ਘਰ 'ਚ ਖੁਸ਼ੀਆਂ,
ਤਰੱਕੀਆਂ ਤੇ ਤੰਦਰੁਸਤੀਆਂ ਲੈ ਕੇ ਆਵੇ....
ਸਭ ਦੇ ਮਨਾਂ ਵਿਚ ਸਾਂਝੀਵਾਲਤਾ ਤੇ ਭਾਈਚਾਰੇ ਦੀ ਭਾਵਨਾ ਚਮਕੇ

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

# ਲੱਖ-ਲੱਖ ਵਧਾਈਆਂ



ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿੱਠੇ ਅਤੇ ਨਿੱਘੇ ਸੁਭਾਅ ਦੇ ਮਾਲਕ ਪੰਜਾਬੀ ਬੋਲੀ, ਪੰਜਾਬੀ ਕਲਚਰ, ਪੰਜਾਬੀ ਸਭਿਆਚਾਰ ਨੂੰ ਸਮਰਪਿਤ ਸਿੱਖ ਕੌਮ ਦੀ ਅਜ਼ਾਦੀ ਵਾਸਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣ ਵਾਲੇ ਗੁਰਦੁਆਰਾ ਸਾਹਿਬ ਯੂਬਾ ਸਿਟੀ ਦੇ ਸਾਬਕਾ ਪ੍ਰਧਾਨ ਅਤੇ ਅਮਰੀਕਾ ਦੇ ਸੀਨੀਅਰ

**ਸ. ਬਲਰਾਜ ਸਿੰਘ ਢਿੱਲੋਂ ਤੇ ਉਨ੍ਹਾਂ ਦੇ ਵੀਰ ਸ. ਮਨਦੀਪ ਸਿੰਘ ਢਿੱਲੋਂ**

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੁਰਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਕੈਲੇਫੋਰਨੀਆਂ ਦੇ 44ਵੇਂ ਨਗਰ ਕੀਰਤਨ ਵਿੱਚ ਸ਼ਿਰਕਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਸਮੁੱਚੀ ਟੀਮ ਨੇ ਪਹੁੰਚ ਕੇ ਲਗਵਾਈ ਹਾਜ਼ਰੀ










ਯੂਬਾਸਿਟੀ : ਇਥੇ ਹਰ ਸਾਲ ਦੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੁਰਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਕੈਲੇਫੋਰਨੀਆਂ ਦੇ 44ਵੇਂ ਨਗਰ ਕੀਰਤਨ ਵਿੱਚ ਸ਼ਿਰਕਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਸਮੁੱਚੀ ਟੀਮ ਨੇ ਪਹੁੰਚ ਕੇ ਹਾਜਰੀ ਲਗਵਾਈ। ਇਥੇ ਹਰ ਸਾਲ ਦੀ ਤਰ੍ਹਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੁਰਗੱਦੀ ਦਿਵਸ ਨੂੰ ਸਮਰਪਿਤ 44ਵੇਂ ਨਗਰ ਕੀਰਤਨ ਵਿੱਚ ਸ਼ਮੂਲੀਅਤ ਕਰਨ ਲਈ ਜਿੱਥੇ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋਣ ਲਈ ਜਿਥੇ ਪੂਰੀ ਅਮਰੀਕਾ ਤੋਂ ਪਹੁੰਚੀਆਂ, ਉਥੇ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਤੋਂ ਵੀ ਸਿੱਖ ਸੰਗਤਾਂ ਇਥੇ ਪਹੁੰਚੀਆਂ ਹੋਈਆਂ ਸਨ। ਇਸ ਨਗਰ ਕੀਰਤਨ ਨੂੰ ਸਫਲ ਬਣਾਉਣ ਲਈ ਪ੍ਰਬੰਧਕ ਲੰਬੇ ਸਮੇਂ ਤੋਂ ਤਿਆਰੀਆਂ ਵਿੱਚ ਲੱਗ ਜਾਂਦੇ ਹਨ। ਇਸ ਦਿਵਸ ਨੂੰ ਮਨਾਉਣ ਲਈ ਸੰਗਤਾਂ ਵਿੱਚ ਵੀ ਭਾਰੀ ਉਤਸ਼ਾਹ ਹੁੰਦਾ ਹੈ। ਦੋ ਮਹੀਨੇ ਪਹਿਲਾਂ ਹੀ ਸ਼੍ਰੀ ਅਖੰਡ-ਪਾਠਾਂ ਦੀਆਂ ਲੜੀਆਂ ਚਲਣੀਆਂ ਸ਼ੁਰੂ ਹੋ ਜਾਂਦੀਆਂ ਹਨ। ਦੋ ਹਫਤੇ ਪਹਿਲਾਂ ਧਾਰਮਿਕ ਦੀਵਾਨ ਸੱਜਣੇ ਸ਼ੁਰੂ ਹੋ ਜਾਂਦੇ ਹਨ। ਜਿਸ ਵਿੱਚ ਕਥਾਵਾਚਕ ਢਾਡੀ ਕਵੀਸ਼ਰੀ ਤੇ ਕੀਰਤਨੀ ਜਥੇ ਪਹੁੰਚਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਨਗਰ ਕੀਰਤਨ ਵਾਲੇ ਦਿਨ ਜਿਸ ਫਲੋਟ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਲਿਜਾਈ ਜਾਂਦੀ ਹੈ। ਉਸ ਨੂੰ ਵਿਸ਼ੇਸ਼ ਢੰਗ ਨਾਲ ਤਿਆਰ ਕੀਤਾ ਜਾਂਦਾ ਹੈ। ਇਸ ਨਗਰ ਕੀਰਤਨ ਵਿੱਚ ਪੰਜ ਪਿਆਰੇ ਤੇ ਪੰਜ ਨਿਸ਼ਾਨਚੀ ਅਗਵਾਈ ਵਿੱਚ ਹੁੰਦੇ ਹਨ। ਹੌਲੀ ਹੌਲੀ ਅਖੀਰਲੇ ਦਿਨਾਂ ਵਿੱਚ ਇਹ ਮੇਲੇ ਦਾ ਰੂਪ ਧਾਰ ਜਾਂਦਾ ਹੈ। ਲੰਗਰਾਂ ਵਾਲੇ ਸੇਵਾਦਾਰਾਂ ਅਤੇ ਦੁਕਾਨਦਾਰਾਂ ਵਲੋਂ ਵੱਡੇ ਵੱਡੇ ਤੰਬੂ ਲਾਏ ਜਾਂਦੇ ਹਨ। ਉਥੇ ਹੀ ਵੱਖ ਵੱਖ ਮੀਡੀਏ ਵਾਲਿਆਂ ਵਲੋਂ ਆਪੋ ਆਪਣੇ ਮਾਧਿਅਮ ਰਾਹੀਂ ਇਸ ਸਾਰੇ ਸਮਾਗਮ ਨੂੰ ਟੀਵੀ ਰੇਡੀਓ ਰਾਹੀਂ ਪੂਰੀ ਦੁਨੀਆਂ ਵਿੱਚ ਦਿਖਾਇਆ ਜਾਂਦਾ ਹੈ। ਉਥੇ ਹੀ ਵੱਖ-ਵੱਖ ਸਿੱਖ ਸੰਸਥਾਵਾਂ ਤੇ ਪੰਥਕ ਜਥੇਬੰਦੀਆਂ ਵਲੋਂ ਵੀ ਸਟਾਲ ਲਾਏ ਜਾਂਦੇ ਹਨ। ਜਿਨ੍ਹਾਂ ਵਿੱਚ ਸਿੱਖ ਧਰਮ, ਸਿੱਖ ਸਿਆਸਤ ਅਤੇ ਸਕੂਲਾਂ ਕਾਲਜਾਂ ਵਿੱਚ ਆ ਰਹੀਆਂ ਮੁਸ਼ਕਲਾਂ ਅਤੇ ਨੌਕਰੀਆਂ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਵਿਸ਼ੇਸ਼ ਤੌਰ 'ਤੇ ਗੱਤਕੇ ਦੇ ਜੌਹਰ ਵੀ ਦਿਖਾਏ ਜਾਂਦੇ ਹਨ। ਇਸਦੇ ਨਾਲ ਨਾਲ ਹੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਲੋਂ ਵਿਸ਼ੇਸ਼ ਤੌਰ 'ਤੇ ਸ਼ਨਿਚਰਵਾਰ ਨੂੰ ਵੱਡੇ ਪੱਧਰ 'ਤੇ ਇਕ ਵਿਸ਼ਾਲ ਕਾਨਫਰੰਸ ਕੀਤੀ ਗਈ। ਜਿਸ ਵਿੱਚ ਵੱਡੇ ਪੱਧਰ 'ਤੇ ਨੌਜਵਾਨਾਂ ਨੇ ਹਾਜ਼ਰੀ ਲਗਵਾਈ। ਇਸ ਪੰਥਕ ਕਾਨਫਰੰਸ ਵਿੱਚ ਪਾਰਟੀ ਦੀ ਲੀਡਰਸ਼ਿਪ ਵਲੋਂ ਆਪੋ ਆਪਣੇ ਵਿਚਾਰਾਂ ਰਾਹੀਂ ਨੌਜਵਾਨਾਂ ਨੂੰ 1947 ਦੀ ਵੰਡ ਅਤੇ 1984 ਵਿੱਚ ਹੋਈ ਸਿੱਖ ਨਸਲਕੁਸ਼ੀ ਤੋਂ ਲੈਕੇ ਅੱਜ ਸਿੱਖਾਂ ਤੇ ਹੋ ਰਹੇ ਅਤਿਆਚਾਰਾਂ ਸਿੱਖ ਨੌਜਵਾਨਾਂ ਦੇ ਪੰਜਾਬ ਭਾਰਤ ਤੇ ਏਜੰਸੀਆਂ ਵਲੋਂ ਕੀਤੇ ਜਾ ਰਹੇ ਕਤਲਾਂ ਅਤੇ ਸਾਡੇ ਆਪਣਾਂ ਫਰਜ਼ਾਂ ਤੋਂ ਜਾਣੂ ਕਰਵਾਇਆ। ਇਸ ਤੋਂ ਪਾਰਟੀ ਪ੍ਰਧਾਨ ਵਲੋਂ ਕਿਵੇਂ ਸਿੱਖ ਨੌਜਵਾਨਾਂ ਅਤੇ ਕੌਮੀ ਮਸਲਿਆਂ ਨੂੰ ਪਾਰਲੀਮੈਂਟ ਵਿਚ ਚੁੱਕਿਆ ਜਾ ਰਿਹਾ ਹੈ। ਸਿੱਖ ਨੌਜਵਾਨਾਂ ਨੂੰ ਆਪਣਾ ਮੂਲ ਪਛਾਨਣ ਦੀ ਵੀ ਗੱਲ ਕਹੀ ਗਈ। ਇਸ ਕਾਨਫਰੰਸ ਹਾਲ ਵਿੱਚ ਜਿਨ੍ਹਾਂ ਸਿੱਖ ਸ਼ਹੀਦ ਨੌਜਵਾਨਾਂ ਦੇ ਪੋਸਟਰ ਲਾਏ ਹੋਏ ਸਨ ਉਨ੍ਹਾਂ ਦੇ ਕਾਰਜਾਂ ਅਤੇ ਕੁਰਬਾਨੀਆਂ ਬਾਰੇ ਵਿਸਥਾਰ ਨਾਲ ਚਾਨਣਾਂ ਪਾਇਆ। ਢਾਡੀ ਜਥੇ ਵਲੋਂ ਜੁਸ਼ੀਲੀਆਂ ਵਾਰਾਂ ਰਾਹੀਂ ਸਿੱਖ ਇਤਿਹਾਸ ਸਰਵਣ ਕਰਵਾਇਆ। ਇਸ ਕਾਨਫਰੰਸ ਵਿੱਚ ਪਹੁੰਚੇ ਬੁਲਾਰਿਆਂ ਜਿਨ੍ਹਾਂ ਵਿੱਚ ਬੂਟਾ ਸਿੰਘ ਖੜੌਦ, ਸੁਰਜੀਤ ਸਿੰਘ ਕੁਲਾਰ, ਮੱਖਣ ਸਿੰਘ ਕਲੇਰ, ਜੋਗਾ ਸਿੰਘ, ਬਲਜਿੰਦਰ ਸਿੰਘ






















# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੁਰਗੱਦੀ ਦਿਵਸ ਨੂੰ ਸਮਰਪਿਤ ਯੂਬਾ ਸਿਟੀ ਕੈਲੇਫੋਰਨੀਆਂ ਦੇ 44ਵੇਂ ਨਗਰ ਕੀਰਤਨ ਵਿੱਚ ਸ਼ਿਰਕਤ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਦੀ ਸਮੁੱਚੀ ਟੀਮ ਨੇ ਪਹੁੰਚ ਕੇ ਲਗਵਾਈ ਹਾਜ਼ਰੀ








ਮੋਰਜੰਡ, ਅਰਵਿੰਦਰ ਸਿੰਘ, ਜਰਨੈਲ ਸਿੰਘ, ਅਮਰੀਕ ਸਿੰਘ ਖਾਲਿਸਤਾਨੀ ਸ੍ਰ. ਹਰਦੀਪ ਸਿੰਘ ਨੇ ਹਾਜ਼ਰੀ ਲਗਵਾਈ ਤੇ ਸਟੇਜ ਦੀ ਸੇਵਾ ਸ੍ਰ. ਸਲੱਖਣ ਸਿੰਘ ਨੇ ਬਾਖੂਬੀ ਨਿਭਾਈ। ਪਾਰਟੀ ਦੀ ਸੁਮੱਚੀ ਲੀਡਰਸ਼ਿਪ ਨੂੰ ਕੈਲੇਫੋਰਨੀਆ ਯੂਨਿਟ ਦੇ ਪ੍ਰਧਾਨ ਸ੍ਰ. ਤਰਸੇਮ ਸਿੰਘ ਟੁਲੇਰੀ ਤੇ ਸਮੁੱਚੀ ਟੀਮ ਨੇ ਵਿਸ਼ੇਸ਼ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ੍ਰ. ਗੁਰਨਾਮ ਸਿੰਘ ਭੰਡਾਲ ਹੁਰਾਂ ਦਾ ਇਸ ਕਾਨਫਰੰਸ ਨੂੰ ਕਾਮਯਾਬ ਕਰਨ ਵਿੱਚ ਵਿਸ਼ੇਸ਼ ਯੋਗਦਾਨ ਰਿਹਾ। ਪਾਰਟੀ ਵਲੋਂ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਪਾਰਟੀ ਮੈਂਬਰ ਸ੍ਰ. ਇੰਦਰਜੀਤ ਸਿੰਘ, ਗੁਰ ਸਾਹਿਬ ਸਿੰਘ ਨਿਊਜਰਸੀ ਤੇ ਸ੍ਰ. ਸੁਖਵਿੰਦਰ ਸਿੰਘ ਗਿੱਲ ਸ਼ਿਕਾਗੋ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਸਨ। ਇਸ ਕਾਨਫਰੰਸ ਵਿੱਚ ਸ੍ਰ. ਗੁਰਮੀਤ ਸਿੰਘ ਤੇ ਸਰਬਜੀਤ ਸਿੰਘ ਦਿੱਲੀ ਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਵਿਸ਼ੇਸ਼ ਸੇਵਾਵਾਂ ਨਿਵਾਈਆਂ। ਇਕ ਖਾਲਿਸਤਾਨ ਪ੍ਰਤੀ ਜਾਗਰੁਕ ਕਰਦਾ ਇਕ ਛੋਟਾ ਕਿਤਾਬਚਾ ਵੀ ਵੰਡਿਆ ਗਿਆ। ਐਤਵਾਰ 5 ਨਵੰਬਰ ਨੂੰ ਸਜੇ ਨਗਰ ਕੀਰਤਨ ਵਿੱਚ ਪਾਰਟੀ ਵਿਸ਼ੇਸ਼ ਫਲੋਟ ਸਜਾਇਆ ਗਿਆ। ਜਿਸ ਵਿੱਚ ਸਿੱਖ ਸ਼ਹੀਦਾਂ ਦੇ ਅਤੇ ਪਾਰਟੀ ਪ੍ਰਧਾਨ ਸ੍ਰ. ਸਿਮਰਨਜੀਤ ਸਿੰਘ ਮਾਨ ਅਤੇ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੀਆਂ ਤਸਵੀਰਾਂ ਵਾਲੇ ਅਤੇ ਨਸ਼ਿਆਂ ਪ੍ਰਤੀ ਜਾਗਰੁਕ ਕਰਦੇ ਬੈਨਰ ਲਾਏ ਹੋਏ ਸਨ। ਜਿਸ ਰਾਹੀਂ ਨੌਜਵਾਨਾਂ ਨੂੰ ਇਕ ਮੈਸਜ ਦੇਣ ਦਾ ਉਪਰਾਲਾ ਕੀਤਾ ਗਿਆ ਸੀ। ਇਸ ਫਲੋਟ ਤੇ ਖਾਲਿਸਤਾਨੀ ਝੰਡੇ ਝੂਲ ਰਹੇ ਸਨ। ਨੌਜਵਾਨਾਂ ਵਲੋਂ ਖਾਲਿਸਤਾਨ ਜਿੰਦਾਬਾਦ ਦੇ ਨਾਅਰਿਆਂ ਨਾਲ ਅਕਾਸ਼ ਗੂੰਜਣ ਲਾਈ ਰੱਖਿਆ। ਉਥੇ ਹੀ ਨੌਜਵਾਨਾਂ ਵਿੱਚ ਜੋਸ਼ ਭਰਨ ਲਈ ਭਾਈ ਸੁਖਜਿੰਦਰ ਸਿੰਘ ਸੂੰਢ (ਮਕਸੂਦਪੁਰ) ਦੇ ਢਾਡੀ ਜਥੇ ਅਤੇ ਭਾਈ ਸਰਬਜੀਤ ਸਿੰਘ ਦੇ ਕਵੀਸ਼ਰੀ ਜਥੇ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀਆਂ ਲਗਵਾਈਆਂ। ਕੈਲੇਫੋਰਨੀਆ ਯੂਨਿਟ ਦੇ ਪ੍ਰਧਾਨ ਸ੍ਰ. ਤਰਸੇਮ ਸਿੰਘ ਟੁਲੇਰੀ ਨੇ ਪਹੁੰਚੀ ਸੁਮੱਚੀ ਲੀਡਰਸ਼ਿਪ ਤੇ ਕੈਲੇਫੋਰਨੀਆ ਯੂਨਿਟ ਦੇ ਮੈਂਬਰਾਂ ਤੇ ਨੌਜਵਾਨਾਂ ਦਾ ਧੰਨਵਾਦ ਕੀਤਾ।

**ਰਿਪਰਟ : ਮੱਖਣ ਸਿੰਘ ਕਲੇਰ**









# ਜੁਗੋ ਜੁਗ ਅਟਲ ਦਸਾਂ ਪਾਤਸ਼ਾਹੀਆਂ ਦੀ ਜਾਗਤੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ 44ਵੇਂ ਮਹਾਨ ਨਗਰ ਕੀਰਤਨ ਉੱਪਰ ਸਮੂੰਹ ਲੋਕਾਈ ਨੂੰ ਲੱਖ-ਲੱਖ ਵਧਾਈ ਹੋਵੇ











ਸੈਕਰਾਮੈਂਟੋ ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਪੰਜਾਬੀਆਂ ਦੇ ਸੰਘਣੀ ਵਸੋਂ ਵਾਲੇ ਸ਼ਹਿਰ ਯੂਬਾ ਸਿਟੀ ਕੈਲੀਫੋਰਨੀਆ ਵਿੱਚ ਐਤਕਾਂ 44ਵੇਂ ਵਿਸ਼ਾਲ ਨਗਰ ਕੀਰਤਨ ਅਤੇ ਧਾਰਮਿਕ ਦੀਵਾਨਾਂ ਦਾ ਆਯੋਜਿਤ ਕੀਤਾ ਗਿਆ, ਇਹ ਧਾਰਮਿਕ ਸਮਾਗਮ ਲਗਭਗ ਇੱਕ ਹਫਤੇ ਤੋਂ ਸ਼ੁਰੂ ਹੋਏ ਸਨ ਤੇ ਅੰਤ ਨਗਰ ਕੀਰਤਨ ਦੇ ਨਾਲ ਸਮਾਪਤ ਹੋ ਗਏ। ਇਹਨਾਂ ਧਾਰਮਿਕ ਦੀਵਾਨਾਂ ਦੇ ਵਿੱਚ ਕੀਰਤਨੀ ਜੱਥੇ ਕਵੀਸ਼ਰ ਰਾਗੀ ਢਾਡੀ ਤੇ ਪ੍ਰਚਾਰਕ ਪ੍ਰਚਾਰਕਾਂ ਨੇ ਗੁਰੂ ਘਰ ਦੇ ਨਾਲ ਜੋੜੀ ਰੱਖਿਆ ਜਿਨਾਂ ਦੇ ਵਿੱਚ ਵਿਸ਼ੇਸ਼ ਤੌਰ ’ਤੇ ਭਾਈ ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਸਿਮਰਨਜੀਤ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਭਾਈ ਹਰਪਾਲ ਸਿੰਘ ਜੀ ਕਥਾਵਾਚਕ ਫਤਿਹਗੜ੍ਹ ਸਾਹਿਬ ਵਾਲੇ, ਭਾਈ ਮਹਿਲ ਸਿੰਘ ਜੀ ਕਵੀਸ਼ਰ ਜੱਥਾ ਚੰਡੀਗੜ੍ਹ ਵਾਲੇ, ਭਾਈ ਸੁਖਵਿੰਦਰ ਸਿੰਘ ਅਨਮੋਲ ਢਾਡੀ ਜੱਥਾ, ਭਾਈ ਬਿਕਰਮ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਜੂਬਾ ਸਿਟੀ ਅਤੇ ਭਾਈ ਉਮੇਸ਼ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ ਯੂਬਾ ਸਿਟੀ ਨੇ ਵਿਸ਼ੇਸ਼ ਤੌਰ ’ਤੇ ਹਾਜ਼ਰੀ ਭਰੀ ਤੇ ਉਹਨਾਂ ਨੇ ਅਲਾਹੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸ਼ੁਕਰਵਾਰ ਨੂੰ ਆਤਿਸ਼ਬਾਜੀ ਕੀਤੀ ਗਈ ਉਸ ਤੋਂ ਇਲਾਵਾ ਸ੍ਰੀ ਨਿਸ਼ਾਨ ਸਾਹਿਬ ਦੇ ਚੋਲਾ ਸਾਹਿਬ ਬਦਲੇ ਗਏ ਤੇ ਰੈਣ ਸਬਾਈ ਕੀਰਤਨ ਹੋਇਆ। ਨਗਰ ਕੀਰਤਨ ਤੋਂ ਪਹਿਲਾਂ ਸ਼ਨੀਵਾਰ ਦੀ ਰਾਤ ਨੂੰ ਜਿੱਥੇ ਅਮਰੀਕਨ ਆਫੀਸਲਜ ਨੇ ਆਪਣੇ ਵਿਚਾਰ ਰੱਖੇ ਉੱਥੇ ਸਿੱਖ ਭਾਈਚਾਰੇ ਦੇ ਆਗੂਆਂ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ ਜਿਸ ਵਿੱਚ ਭਾਰਤ ਸਰਕਾਰ ਨਾਲ ਰੋਸ ਪ੍ਰਗਟ ਕੀਤਾ ਗਿਆ ਕਿ ਉਹਨਾਂ ਨੇ ਸਿੱਖਾਂ ਨੂੰ ਦੂਜੇ ਦਰਜੇ ਦਾ ਜਿਹੜਾ ਸਿਟੀਜਨ ਦਾ ਦਰਜਾ ਦਿੱਤਾ ਹੋਇਆ ਹੈ, ਇਥੇ ਵਿਸ਼ੇਸ ਤੌਰ ’ਤੇ ਹਰਦੀਪ ਸਿੰਘ ਨਿੱਝਰ ਦਾ ਜ਼ਿਕਰ ਵੀ ਹੋਇਆ। ਇਸ ਤੋਂ ਇਲਾਵਾ ਵੱਖ ਵੱਖ ਸ਼ਖਸ਼ੀਅਤਾਂ ਨੂੰ ਉਹਨਾਂ ਦੇ ਧਾਰਮਿਕ ਕੰਮਾਂ ਪ੍ਰਤੀ ਤੇ ਸਮਾਜਿਕ ਕੰਮਾਂ ਪ੍ਰਤੀ ਸਨਮਾਨਿਤ ਕੀਤਾ ਗਿਆ ਉਸ ਤੋਂ ਪਹਿਲਾਂ ਗੁਰੂ ਘਰ ਦੇ ਪ੍ਰਧਾਨ ਸਰਦਾਰ ਸਰਬਜੀਤ ਸਿੰਘ ਥਿਆੜਾ ਵੱਲੋਂ ਵੱਖ-ਵੱਖ ਰਾਗੀ ਸਿੰਘਾਂ ਕਵੀਸ਼ਰਾਂ ਤੇ ਢਾਡੀਆਂ ਦਾ ਸੋਨੇ ਦੀਆਂ ਚੈਨੀਆਂ ਨਾਲ ਆਪਣੇ ਨਿਵਾਸ ਤੇ ਸਨਮਾਨਿਤ ਵੀ ਕੀਤਾ ਗਿਆ ਸੀ। ਰਾਤ ਦੇ ਦੀਵਾਨਾਂ ਦੇ ਵਿੱਚ ਡਾ. ਪ੍ਰਿਤਪਾਲ ਸਿੰਘ ਡਾ. ਅਮਰਜੀਤ ਸਿੰਘ ਗੁਰੂ ਘਰ ਦੇ ਪ੍ਰਧਾਨ ਸਰਬਜੀਤ ਸਿੰਘ ਥਿਆੜਾ ਸੈਕਟਰੀ ਤਜਿੰਦਰ ਸਿੰਘ ਦੁਸਾਂਝ ਅਤੇ ਹੋਰ ਵੱਖ ਵੱਖ ਬੁਲਾਰਿਆਂ ਨੇ ਸੰਗਤਾਂ ਨੂੰ ਸੰਬੋਧਨ ਵੀ ਕੀਤਾ। ਨਗਰ ਕੀਰਤਨ ਵਾਲੇ ਦਿਨ ਸਵੇਰ ਦੇ ਦੀਵਾਨਾਂ ਦੇ ਵਿੱਚ ਵੱਖ-ਵੱਖ ਬੁਲਾਰਿਆਂ ਰਾਗੀ ਢਾਡੀ ਤੇ ਕਵੀਸ਼ਰਾਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਅਤੇ ਇਸ ਮੌਕੇ ਜਸਮੀਤ ਕੌਰ ਬੈਂਸ ਅਸੈਂਬਲੀ ਵੂਮੈਨ ਕੈਲੀਫੋਰਨੀਆ ਨੇ 1984 ਦੇ ਨਸਲਕੁਸ਼ੀ ਦੇ ਅਸੰਬਲੀ ’ਚ ਪਾਏ ਮਤੇ ਨੂੰ ਗੁਰਦੁਆਰੇ ਦੀ ਕਮੇਟੀ ਨੂੰ ਸੌਂਪਿਆ। ਇਸ ਦੌਰਾਨ ਗੁਰੂ ਘਰ ਦੀ ਪ੍ਰਬੰਧ ਕਮੇਟੀ ਨੇ ਜਸਮੀਤ ਕੌਰ ਬੈਂਸ ਨੂੰ ਪਲੈਕ ਦੇ ਕੇ ਸਨਮਾਨਿਤ ਵੀ ਕੀਤਾ ਇਸ ਮੌਕੇ ਬੀਬੀ ਜਸਮੀਤ ਕੌਰ ਬੈਂਸ ਅਸੈਂਬਲੀ ਵੋਮਨ ਕੈਲੀਫੋਰਨੀਆ ਨੇ 1984 ਦੇ ਨਸਲਕੁਸ਼ੀ ਦੇ ਸੰਬੰਧ ਵਿੱਚ ਆਪਣੇ ਵਿਚਾਰ ਰੱਖੇ ਤੇ ਉਹਨਾਂ ਨੇ ਹਮੇਸ਼ਾ ਸਿੱਖ ਕੌਮ ਦੀਆਂ ਮੁਸ਼ਕਲਾਂ ਦਾ ਪਹਿਲ ਦੇ ਆਧਾਰ ਤੇ ਹੱਲ ਕਰਨ ਦਾ ਵਾਅਦਾ ਵੀ ਕੀਤਾ ਉਹਨਾਂ ਕਿਹਾ ਉਹ ਹਮੇਸ਼ਾ ਹੀ ਆਪਣੇ ਭਾਈਚਾਰੇ ਨਾਲ ਖੜ੍ਹੇ ਰਹਿਣਗੇ। ਅੱਜ ਨਗਰ ਕੀਰਤਨ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਦੇਹ ਨੂੰ ਇੱਕ ਵੱਡੇ ਸੁੰਦਰ ਫਲੋਟ ਵਿੱਚ ਸਜਾ ਕੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਕੱਢਿਆ ਗਿਆ। ਇਸ ਦੌਰਾਨ ਸਿਕਿਉਰਟੀ ਦਾ ਭਾਰੀ ਪ੍ਰਬੰਧ ਕੀਤਾ ਗਿਆ ਸੀ ਜਿਸ ਵਿੱਚ ਸੈਰਫ, ਪ੍ਰਾਈਵੇਟ ਸਕਿਉਰਟੀ ਵਲੰਟੀਅਰ ਆਦਿ ਸ਼ਾਮਲ ਸਨ।














# ਜੁਗੋ ਜੁਗ ਅਟਲ ਦਸਾਂ ਪਾਤਸ਼ਾਹੀਆਂ ਦੀ ਜਾਗਤੀ ਜੋਤ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਨੂੰ ਸਮਰਪਿਤ 44ਵੇਂ ਮਹਾਨ ਨਗਰ ਕੀਰਤਨ ਉੱਪਰ ਸਮੂੰਹ ਲੋਕਾਈ ਨੂੰ ਲੱਖ-ਲੱਖ ਵਧਾਈ ਹੋਵੇ
















ਐਤਕਾਂ ਵੀ ਵੱਖ-ਵੱਖ ਦੂਸਰੇ ਭਾਈਚਾਰਿਆਂ ਦੇ ਲੋਕ ਵੀ ਇਸ ਨਗਰ ਕੀਰਤਨ ਵਿੱਚ ਦੇਖੇ ਗਏ ਜਿਹਨਾਂ ਵਿੱਚ ਗੋਰੇ ਕਾਲੇ ਚੀਨੇ, ਫਲਪੀਨੋ ਭਾਈਚਾਰੇ ਦੇ ਲੋਕਾਂ ਨੇ ਵਿਸ਼ੇਸ਼ ਤੌਰ ਤੇ ਵੀ ਸ਼ਮੂਲੀਅਤ ਕੀਤੀ। ਇਸ ਦੌਰਾਨ ਸੈਂਕੜੇ ਤਰ੍ਹਾਂ ਦੇ ਵੱਖ ਵੱਖ ਲੰਗਰਾਂ ਦਾ ਸੰਗਤਾਂ ਨੇ ਸਵਾਦ ਚੱਖਿਆ। ਇਸ ਵਿਸ਼ਾਲ ਨਗਰ ਕੀਰਤਨ ਵਿੱਚ ਇਕ ਲੱਖ ਤੋਂ ਵੱਧ ਲੋਕਾਂ ਨੇ ਸ਼ਮੂਲੀਅਤ ਕੀਤੀ ਜੋ ਕਿ ਪਿਛਲੇ ਸਾਲ ਨਾਲੋਂ ਅਧਿਕ ਸੀ। ਐਤਕਾਂ ਇਸ ਨਗਰ ਕੀਰਤਨ ਵਿੱਚ 2020 ਰੈਫਰੈਂਡਮ ਜੋ ਕਿ 28 ਨਵੰਬਰ ਨੂੰ ਸਨਫਰਾਂਸਸਕੋ ਵਿੱਚ ਹੋਣ ਜਾ ਰਿਹਾ ਹੈ ਦਾ ਬੋਲਬਾਲਾ ਰਿਹਾ ਇਸ ਤੋਂ ਇਲਾਵਾ ਵੱਡੇ ਵੱਡੇ ਡਿਸਪਲੇ ਦੇਖੇ ਗਏ ਜੋ ਕਿ ਅਮਰੀਕਾ ਵਿੱਚ ਪਹਿਲੀ ਵਾਰ ਲਗਾਏ ਗਏ ਸਨ। ਨਗਰ ਕੀਰਤਨ ਦੇ ਮੁੱਖ ਫਲੋਟ ਤੋਂ ਬਗੈਰ ਬਾਕੀ ਵੱਖ-ਵੱਖ ਫਲੋਟਾਂ ਵਿੱਚ ਸ੍ਰੀ ਦਰਬਾਰ ਸਾਹਿਬ, 1984 ਦੇ ਕਤਲੇਆਮ ਸਿੱਖ ਏਡਜ ਅਮਰੀਕਾ, ਵਰਲਡ ਸਿੱਖ ਫੈਡਰੇਸ਼ਨ ਅਮਰੀਕਾ, ਸਿੱਖ ਕੌਂਸਲ, ਸਰਦਾਰ ਹਰੀ ਸਿੰਘ ਨਲੂਆ, ਸਿੱਖ ਕੋਲੀਸ਼ਨ ਸਿੱਖ ਨਸਲਕੁਸ਼ੀ ਦੇ ਫਲੋਟਾਂ ਤੋਂ ਬਗੈਰ ਸਟਾਲ ਵੀ ਲਗਾਏ ਹੋਏ ਸਨ ਦੂਸਰੇ ਪਾਸੇ ਸਿੱਖਾਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਆਰੰਭੇ ਗਏ ਪ੍ਰੌਜੈਕਟਾਂ ਬਾਰੇ ਦਾਨ ਮੰਗਣ ਵਾਲਿਆਂ ਦੀ ਵੀ ਗਿਣਤੀ ਘੱਟ ਨਹੀਂ ਸੀ। ਬਾਅਦ ਦੁਪਹਿਰ ਕੁਝ ਸਿਰ ਫਿਰਿਆਂ ਵੱਲੋਂ ਆਪਸ ਵਿੱਚ ਝਗੜਾ ਵੀ ਕੀਤਾ ਗਿਆ ਇਸ ਦੌਰਾਨ ਤੁਰੰਤ ਕਾਰਵਾਈ ਕਰਦਿਆਂ ਇਸ ਝਗੜੇ ਨੂੰ ਵਧਣ ਤੋਂ ਰੋਕ ਦਿੱਤਾ, ਪਰ ਇਹਨਾਂ ਸ਼ਰਾਰਤੀ ਤੱਤਾਂ ਪ੍ਰਤੀ ਸੰਗਤ ਵਿੱਚ ਡਾਢਾ ਗੁੱਸਾ ਸੀ। ਸੰਗਤ ਵਿੱਚੋਂ ਕੁਝ ਸੂਝਵਾਨ ਲੋਕਾਂ ਨੇ ਇਸ ਗੱਲ ਦੀ ਮੰਗ ਨੂੰ ਦੁਹਰਾਇਆ ਕਿ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਜਿਹੜੀ ਸੜਕ ਹੈ ਉਸਦਾ ਗੁਰਦੁਆਰਾ ਸਾਹਿਬ ਦਾ ਨਾਂ ਰੱਖਿਆ ਜਾਵੇ ਤੇ ਗੁਰਦੁਆਰਾ ਸਾਹਿਬ ਨੂੰ ਜਾਣ ਵਾਲੀ ਸੜਕ ਚਾਰ ਮਾਰਗੀ ਬਣਾਈ ਜਾਵੇ ਤਾਂ ਜੋ ਨਗਰ ਕੀਰਤਨ ਦੌਰਾਨ ਸੰਗਤ ਨੂੰ ਆਉਣ ਜਾਣ ਦੀ ਤਕਲੀਫ ਨਾ ਹੋਵੇ। ਸੰਗਤ ਵਿੱਚ ਇਹ ਵੀ ਖਿਆਲ ਰੱਖਿਆ ਗਿਆ ਕਿ ਹਰ ਸਾਲ ਗੁਰੂ ਘਰ ਵਿੱਚ ਮਤੇ ਪਾਏ ਜਾਣ ਤੇ ਉਹ ਸਾਰਾ ਸਾਲ ਉਹਨਾਂ ਮਤਿਆ ਤੇ ਕੰਮ ਹੋਵੇ ਬੇਸ਼ਰਤੇ ਸਿਰਫ ਨਗਰ ਕੀਰਤਨ ਤੇ ਲੰਗਰਾਂ ਦਾ ਹੀ ਪ੍ਰਬੰਧ ਨਾ ਹੋਵੇ।





































# ਗੁਰੂ ਨਾਨਕ ਦੇ ਘਰ ਦੇ ਲੰਗਰਾਂ ਦੀ ਸੇਵਾ





ਗੁਰਦੁਆਰਾ ਸਾਹਿਬ ਯੂਬਾ ਸਿਟੀ ਕੈਲੀਫੋਰਨੀਆ ਵਿਖੇ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਦਿਵਸ ਉਪਰ ਗੁਰਦਵਾਰਾ ਸਾਹਿਬ ਵਿਖੇ ਮਹਾਨ ਨਗਰ ਕੀਰਤਨ ਉਪਰ ਲੱਖਾਂ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਚਾਰੇ ਪਾਸੇ ਗੁਰੂ ਕੇ ਲੰਗਰ ਚਲ ਰਹੇ ਸਨ। ਕਿਤੇ ਮੱਕੀ ਦੀ ਰੋਟੀ ਸਰੋਂ ਦਾ ਸਾਗ, ਕਿਸੇ ਪਾਸੇ ਗੰਨੇ ਦਾ ਤਾਜ਼ਾ ਤਾਜ਼ਾ ਰਸ ਪਿਆਇਆ ਜਾ ਰਿਹਾ ਸੀ। ਕਿਸੇ ਪਾਸੇ ਫਰੂਟ ਸਲਾਦ, ਕਿਸੇ ਪਾਸੇ ਆਈਸ ਕਰੀਮ, ਰੂਹ ਆਫਜਾ, ਸੰਤਰਿਆਂ ਦਾ ਤਾਜਾ ਜੂਸ ਬਸ ਗੁਰੂ ਕੇ ਲੰਗਰਾਂ ਦੇ ਕਿ ਕਹਿਣੇ। ਕਈ ਪ੍ਰਵਾਰਾਂ ਦੇ ਪ੍ਰਵਾਰ ਛੋਲੇ, ਭਟੂਰੇ, ਪਕੌੜੇ, ਜਲੇਬੀਆਂ ਦੇ ਲੰਗਾਂਰ ਲਗਾਏ ਹੋਏ ਸਨ, ਕਿਸੇ ਪਾਸੇ ਸੇਵਾਦਾਰਾਂ ਵਲੋਂ ਤਾਜ਼ੀਆਂ ਪੂੜੀਆਂ ਖੁਆਈਆਂ ਜਾ ਰਹੀਆਂ ਸੀ ਕਿਸੇ ਪਾਸੇ ਮੈਂਗੋ ਸ਼ੇਕ ਤਾਜ਼ਾ ਤਾਜ਼ਾ ਜੂਸ ਪਿਲਾਇਆ ਜਾ ਰਿਹਾ ਸੀ। ਅਣਗਿਣਤ ਸੰਗਤਾਂ ਸੇਵਾ ਕਰ ਰਹੀਆਂ ਸਨ।

ਸੇਵਾ ਅਤੇ ਸਿਮਰਨ ਸਿੱਖੀ ਦੇ ਦੋ ਥੰਮ ਹਨ ਇਸ ਦੇ ਚਲਦੇ ਹੀ ਸਾਰੀ ਦੁਨੀਆ ਦੀਆਂ ਸੜਕਾਂ ਉਪਰ ਗੁਰੂ ਨਾਨਕ ਸਾਹਿਬ ਜੀ ਦੇ ਲੰਗਰ ਚਲ ਰਹੇ ਹਨ। ਇਸ ਮਹਾਨ ਪਵਿੱਤਰ ਨਗਰ ਕੀਰਤਨ ਉਪਰ ਹਰ ਸਾਲ ਦੀ ਤਰ੍ਹਾਂ ਸੰਗਤਾਂ ਦਾ ਠਾਠਾ ਮਾਰਦਾ ਇਕੱਠ ਸਵੇਰ ਤੋਂ ਸ਼ਾਮ ਤੱਕ ਲਾਈਨਾਂ ਵਿੱਚ ਲੱਗਕੇ ਇਸ ਗੁਰੂ ਨਾਨਕ ਸਾਹਿਬ ਜੀ ਦੇ ਲੰਗਰਾਂ ਵਿੱਚ ਅਣਗਿਣਤ ਗੁਰੂ ਕੀਆਂ ਸੰਗਤਾਂ ਲੰਗਰ ਛਕਦੀਆਂ ਹਨ। ਉਥੇ ਅਨੇਕਾਂ ਹੀ ਹੋਰ ਵੱਡੇ ਵੱਡੇ ਤੰਬੂ ਲਗਾਕੇ ਤੰਬੂਆਂ ਵਿੱਚ ਘਿਰਿਆ ਜਿਵੇਂ ਕੋਈ ਲੰਗਰਾਂ ਦਾ ਪਿੰਡ ਜਾ ਕੋਈ ਬਸਤੀ ਸ਼ਹਿਰ ਹੋਵੇ ਵਿਖਾਈ ਦੇ ਰਿਹਾ ਸੀ। ਵੱਖ-ਵੱਖ ਨਾਮਾ ਹੇਠ ਗੁਰੂ ਕੇ ਲਾਲ ਨਿਸ਼ਕਾਮ ਸੇਵਾ ਕਰਦੇ ਹਨ। ਕਿਤੇ ਸਰੋਂ ਦਾ ਸਾਗ ਮੱਕੀ ਦੀਆਂ ਰੋਟੀਆਂ, ਕਿਤੇ ਭੂਜੀਆ ਛੱਲੀਆਂ, ਚਾਟ, ਛੋਲੇ ਬਟੂਰੇ, ਪਕੋੜੇ ਮੱਠੀਆ ਜਲੇਬੀਆਂ, ਤਰ੍ਹਾਂ ਤਰ੍ਹਾਂ ਦੇ ਜੂਸ, ਅਨੇਕ ਤਰ੍ਹਾਂ ਦੀਆਂ ਸਬਜ਼ੀਆਂ ਦਾਲਾਂ, ਦੁੱਧ ਆਈਸ ਕਰੀਮ, ਡਰਾਈ ਫੂਡ, ਜਾਂ ਇਸ ਤਰ੍ਹਾਂ ਕਹਿ ਲਵੋ ਕਿ ਗਿਣਿਆ ਹੀ ਨਹੀਂ ਜਾ ਸਕਦਾ, ਪ੍ਰਵਾਰਾਂ ਦੇ ਪ੍ਰਵਾਰ, ਪਿੰਡਾਂ ਦੇ ਪਿੰਡ ਅਤੇ ਵੱਖ-ਵੱਖ ਗੁਰੂਘਰਾਂ ਦੇ ਸੇਵਾਦਾਰ ਥਾਂ-ਥਾਂ ਨਿਮਰਤਾ ਅਤੇ ਭਾਰੀ ਸ਼ਰਧਾ ਨਾਲ ਗੁਰੂ ਕੀਆਂ ਸੰਗਤਾਂ ਦੀ ਸੇਵਾ ਕਰਦੇ ਆਮ ਸੰਗਤਾਂ ਦੀ ਜ਼ੁਬਾਨ ਉਪਰ ਇਹ ਸੇਵਾ ਭਾਵਨਾ ਨੂੰ ਦੇਖਕੇ ਸੁਣਿਆ ਜਾ ਜਾਂਦਾ ਹੈ ਧੰਨ ਗੁਰੂ ਅਤੇ ਧੰਨ ਗੁਰੂ ਕੇ ਸਿੱਖ ਜਦੋਂ ਸੇਵਾ ਕਰਨ ਵਾਲੇ ਸੇਵਾਦਾਰ ਨੂੰ ਪੁੱਛਦੇ ਹਾਂ ਅੱਗੋਂ ਜਵਾਬ ਹੁੰਦਾ ਹੈ ਕਿ ਅਸੀਂ ਤਾਂ ਨਿਮਾਣੇ ਜਿਹੇ ਹਾਂ ਗੁਰੂ ਸਿਰ ਉਪਰ ਹੱਥ ਰੱਖਕੇ ਸੇਵਾ ਲੈ ਰਿਹਾ ਹੈ। ਯੂਬਾ ਸਿਟੀ ਦਾ ਇਹ ਮਹਾਨ







ਦੇਖੋ ਨਗਰ ਗੁਰੂ ਕੇ ਲੰਗਰਾਂ ਦੀਆਂ ਵੱਖ-ਵੱਖ ਝਲਕੀਆਂ ਤਸਵੀਰਾਂ ਦੀ ਜ਼ੁਬਾਨੀ







# ਗੁਰੂ ਨਾਨਕ ਦੇ ਘਰ ਦੇ ਲੰਗਰਾਂ ਦੀ ਸੇਵਾ




ਨਗਰ ਕੀਰਤਨ ਵਾਕਿਆ ਹੀ ਅਲੌਕਿਕ ਰੂਹਾਨੀ ਅਤੇ ਖਾਲਸਾਈ ਜਜ਼ਬਿਆ ਵਿੱਚ ਰੰਗਿਆ ਸੇਵਾ ਅਤੇ ਸ਼ਰਧਾ ਦਾ ਇੱਕ ਮਹਾਨ ਸੁਮੇਲ ਹੈ। ਸਮੂਹ ਸੇਵਾਦਾਰਾਂ ਨੇ ਕਿਹਾ ਕੀ ਜੇਕਰ ਕਿਤੇ ਕੋਈ ਭੁੱਲ ਹੋ ਗਈ ਹੋਵੇ ਤਾਂ ਮੁਆਫ ਕਰਨਾ ਅਤੇ ਅਰਦਾਸ ਕਰਨਾ ਕੀ ਅੱਗੋਂ ਤੋਂ ਵੀ ਅਸੀਂ ਹੋਰ ਸ਼ਰਧਾ ਨਾਲ ਭਾਵਨਾ ਨਾਲ ਗੁਰੂ ਕੀਆਂ ਸੰਗਤਾਂ ਦੀ ਸੇਵਾ ਕਰ ਸਕੀਏ। ਉਨ੍ਹਾਂ 44ਵੇਂ ਨਗਰ ਕੀਤਰਨ ਦੀ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈ ਦਿੱਤੀ ਅਤੇ ਗੁਰੂ ਅਤੇ ਗੁਰੂ ਕੀਆਂ ਸੰਗਤਾਂ ਦਾ ਧੰਨਵਾਦ ਕੀਤਾ। ਅੱਜ ਦੇ ਦਿਨ ਯੂਬਾ ਸਿਟੀ ਦੀ ਇਹ ਪਵਿੱਤਰ ਧਰਤੀ ਵਾਹਿਗੁਰੂ ਜੀ ਦੇ ਰੰਗ ਵਿੱਚ ਰੰਗੀ ਲਾਸਾਨੀ ਅਤੇ ਧਰਤੀ ਉਪਰ ਸਵੱਰਗ ਦੇ ਨਿਆਈ ਹੁੰਦੀ ਹੈ।






## ਦੇਖੋ ਨਗਰ ਗੁਰੂ ਕੇ ਲੰਗਰਾਂ ਦੀਆਂ ਵੱਖ-ਵੱਖ ਝਲਕੀਆਂ ਤਸਵੀਰਾਂ ਦੀ ਜੁਬਾਨੀ




# ਦੀਵਾਲੀ ਬਾਰੇ ਵਿਸਥਾਰਥ ਤੇ ਜਥਾਰਥ ਵਿਆਖਿਆ



ਭਾਈ ਅਵਤਾਰ ਸਿੰਘ
(5104325827)



ਦੀਵਾਲੀ ਨਾਲ ਸਬੰਧਤ ਦੀਵੇ, ਤੇਲ ਅਤੇ ਲਛਮੀ ਪੂਜਾ-ਦੀਪ ਸੰਸਕ੍ਰਿਤ, ਦੀਪਕ ਹਿੰਦੀ, ਦੀਵਾ, ਦਿਵਾਲੀ ਪੰਜਾਬੀ, ਲਛਮੀ ਅਤੇ ਪੂਜਾ ਸੰਸਕ੍ਰਿਤ ਦੇ ਸ਼ਬਦ ਹਨ। ਹਿੰਦੀ ਵਿੱਚ ਦੀਪਾਵਲੀ ਅਤੇ ਪੰਜਾਬੀ ਵਿੱਚ ਦੀਵਾਲੀ ਕਿਹਾ ਜਾਂਦਾ ਹੈ। ਲਛਮੀ ਧੰਨ ਦੌਲਤ ਅਤੇ ਪੂਜਾ ਪੂਜਨ ਨੂੰ ਕਹਿੰਦੇ ਹਨ। ਦੀਵੇ ਓਦੋਂ ਤੋਂ ਹੀ ਜਗਾਏ ਜਾ ਰਹੇ ਹਨ ਜਦੋਂ ਤੋਂ ਤੇਲ ਜਾਂ ਘਿਓ ਹੋਂਦ ਵਿੱਚ ਆਏ ਨੇ ਕਿਉਂਕਿ-ਬਿਨ ਤੇਲ ਦੀਵਾ ਕਿਉਂ ਜਲੇ ॥(੨੫) ਚਾਰ ਬੱਤੀਆਂ ਵਾਲੇ ਦੀਵੇ ਨੂੰ ਚਰਾਗ ਕਿਹਾ ਜਾਂਦਾ ਹੈ। ਗੁਰਬਾਣੀ ਵਿੱਚ ਵੀ ਚਰਾਗ ਦਾ ਜਿਕਰ ਹੈ-ਬਲਿਓ ਚਰਾਗੁ ਅੰਧਿਆਰ ਮਹਿ.. ॥(੧੩੮੭) ਚਰਾਗ ਰੋਸ਼ਨੀ ਅਤੇ ਅੰਧਿਆਰ ਹਨੇਰੇ ਦਾ ਪ੍ਰਤੀਕ ਹੈ। ਅੰਧਕਾਰ ਅਤੇ ਚਰਾਗ ਦੀਵੇ ਵੀ ਕਈ ਪ੍ਰਕਾਰ ਦੇ ਹਨ। ਇੱਕ ਕੁਦਰਤੀ ਹਨੇਰਾ ਜੋ ਸੂਰਜ-ਚੰਦ ਅਤੇ ਰੋਸ਼ਨੀ ਦੀ ਅਣਹੋਂਦ, ਦਿਨ ਤੋਂ ਬਾਅਦ ਰਾਤ ਸਮੇਂ ਹੁੰਦਾ ਹੈ। ਦੂਜੇ ਅੰਧੇਰੇ ਅਗਿਆਨਤਾ, ਵਹਿਮ-ਭਰਮ, ਕਰਮਕਾਂਡ, ਬੇਅਕਲ, ਹੰਕਾਰ, ਬਲਹੀਨਤਾ, ਮੰਦੇ ਕਰਮ, ਔਰਤ-ਮਰਦ ਵਿਤਕਰਾ, ਕਲਪਿਤ ਨਰਕ-ਸਵਰਗ, ਅੰਧ-ਵਿਸ਼ਵਾਸ਼, ਮਿਥਿਹਾਸ, ਜਾਤ-ਪਾਤ, ਅਤੇ ਛੂਆ-ਛਾਤ ਆਦਿ। ਦੀਵਾ ਬਲਣਾ ਜਾਂ ਜਗਣਾ ਰੋਸ਼ਨੀ ਦਾ ਪ੍ਰਤੀਕ ਹੈ। ਗੁਰੂ ਨਾਨਕ ਗਿਆਨ ਦਾ ਸੂਰਜ, ਸੱਚ ਦਾ ਚਰਾਗ, ਤਰਕ ਦਾ ਦਿਨ ਅਤੇ ਸ਼ੁਭ ਕਰਮਾਂ ਦਾ ਚਾਨਣ ਸਨ ਤਾਂ ਹੀ ਉਨ੍ਹਾਂ ਨੂੰ "ਬਲਿਓ ਚਰਾਗੁ ਅੰਧਿਆਰ ਮਹਿ" ਕਿਹਾ ਗਿਆ ਹੈ। ਦੀਵਾਲੀ-ਦੀਵਿਆਂ ਵਾਲੀ, ਦੀਵਿਆਂ ਦੀ ਪਾਲ ਜੋ ਇਕੱਠੇ ਬਲ ਕੇ ਵੱਧ ਰੋਸ਼ਨੀ ਕਰਦੇ ਹਨ। ਵਿਦਿਆ ਵੀ ਚਾਨਣ ਅਤੇ ਤੀਜਾ ਨੇਤਰ ਹੈ। ਦੁਨੀਆਂ ਦੀਆਂ ਸਾਰੀਆਂ ਕੌਮਾਂ ਅਤੇ ਬੋਲੀਆਂ ਵੀ ਵਿਦਿਆ ਦੀ ਪਾਲ, ਸਰਬਸਾਂਝੀਵਾਲਤਾ ਦੀ ਰੋਸ਼ਨੀ ਦਾ ਪ੍ਰਤੀਕ ਹਨ। ਇਸ ਕਰਕੇ ਜਦੋਂ ਤੋਂ ਵੀ ਮਨੁੱਖ ਨੂੰ ਸੋਝੀ ਆਈ, ਉਸ ਨੇ ਰੋਸ਼ਨੀ ਦੇ ਦੀਵੇ ਬਾਲੇ ਹਨ। ਮਿਥਿਹਾਸਕ ਤੌਰ ਤੇ ਹਿੰਦੂਆਂ ਵਿੱਚ ਦੀਵਾਲੀ, ਸ੍ਰੀ ਰਾਮ ਚੰਦਰ ਦੇ ੧੪ ਸਾਲ ਦਾ ਬਨਵਾਸ ਕੱਟ ਕੇ, ਅਯੁੱਧਿਆ ਆਉਣ ਦੀ ਖੁਸ਼ੀ ਵਿੱਚ ਮਨਾਈ ਅਤੇ ਲਛਮੀ ਪੂਜਨ ਕੀਤਾ ਜਾਂਦਾ ਹੈ। ਜਰਾ ਸੋਚੋ! ਕੀ ਰਾਮ ਚੰਦਰ ਦੇ ਬਨਵਾਸ ਕੱਟ ਕੇ ਆਉਣ ਤੋਂ ਪਹਿਲਾਂ, ਲੋਕ ਖੁਸ਼ੀ ਦੇ ਦੀਵੇ ਨਹੀਂ ਬਾਲਦੇ ਸਨ? ਹਾਂ ਪਹਿਲੇ ਵੀ ਲੋੜ ਅਤੇ ਖੁਸ਼ੀ ਵੇਲੇ ਦੀਵਾਲੀਆਂ ਜਗਦੀਆਂ ਸਨ। ਇੱਕ ਮਨੌਤ ਅਨੁਸਾਰ ਲਛਮੀ ਧੰਨ ਦੌਲਤ ਦੀ ਦੇਵੀ ਜੋ ਪੁਰਾਣਾ ਵਿੱਚ ਵਿਸ਼ਨੂੰ ਦੀ ਇਸਤਰੀ ਲਿਖੀ ਹੈ। ਇਸ ਨੂੰ ਕਾਮ ਦੀ ਮਾਤਾ ਮੰਨਿਆਂ ਅਤੇ ਸਮੁੰਦਰ ਰਿੜਕਣ ਤੋਂ ਇਸ ਦਾ ਪ੍ਰਗਟ ਹੋਣਾ ਕਲਪਿਆ ਹੈ। ਇਸੇ ਲਈ ਇਸ ਦਾ ਨਾਮ ਇੰਦਰਾ ਅਤੇ ਜਲਧਿਜਾ ਵੀ ਹੈ। ਇਸ ਦੇ ਹੱਥ ਵਿੱਚ ਕਮਲ ਹੋਣ ਕਰਕੇ ਇਸ ਦਾ ਨਾਂ ਪਦਮਾਂ ਵੀ ਪ੍ਰਸਿੱਧ ਹੈ (ਮਹਾਨ ਕੋਸ਼-੧੦੫੫) ਡਾ. ਰਤਨ ਸਿੰਘ ਜੱਗੀ "ਗੁਰੂ ਗ੍ਰੰਥ ਵਿਸ਼ਵਕੋਸ਼" ਦੇ ਸਫਾ ੪੬੧ ਤੇ ਲਿਖਦੇ ਹਨ ਕਿ ਲਛਮੀ ਚਾਰ ਭੁਜਾਵਾਂ ਵਾਲੀ ਸੁੰਦਰਤਾ ਦੀ ਸਾਕਾਰ ਮੂਰਤੀ ਹੈ। ਇਸਦੇ ਹੱਥ ਵਿੱਚ ਕਮਲ ਫੜਿਆ ਹੁੰਦਾ ਅਤੇ ਇਸ ਦਾ ਆਪਣਾ ਕੋਈ ਮੰਦਿਰ ਜਾਂ ਧਰਮ-ਧਾਮ ਨਹੀਂ ਪਰ ਇਸ ਨੂੰ ਧੰਨ ਅਤੇ ਚੰਗੀ ਕਿਸਮਤ ਦੀ ਦੇਵੀ ਮੰਨ ਲੈਣ ਨਾਲ, ਇਸ ਦੀ ਪੂਜਾ ਹੁੰਦੀ ਰਹਿੰਦੀ ਹੈ। ਦੀਵਾਲੀ ਵਾਲੇ ਦਿਨ ਤਾਂ ਇਸ ਦੀ ਉਚੇਚੀ ਪੂਜਾ ਹੁੰਦੀ ਅਤੇ ਇਹ ਵਿਸ਼ਵਾਸ਼ ਕੀਤਾ ਜਾਂਦੈ ਕਿ ਦਿਵਾਲੀ ਵਾਲੇ ਦਿਨ, ਲਛਮੀ ਦੇਵੀ ਹਰ ਘਰ ਦੇ ਅੰਦਰ ਜਾਂਦੀ ਹੈ। ਇਸ ਲਈ ਲੋਕੀਂ ਆਪਣਾ ਘਰ-ਬਾਰ ਸਜਾ, ਸਾਰੀ ਰਾਤ ਦੀਵੇ ਬਾਲ, ਇਸ ਦੇ ਆਉਣ ਦੀ ਇੰਤਜਾਰ ਕਰਦੇ ਅਤੇ ਵਕਤ ਪਾਸ ਕਰਨ ਲਈ ਜੂਆ ਆਦਿ ਵੀ ਖੇਡਦੇ ਹਨ। ਇਸ ਮਨੌਤ ਦਾ ਨਕਾਰਾਤਮਕ ਜ਼ਿਕਰ ਭਗਤ ਤ੍ਰਿਲੋਚਨ ਜੀ ਨੇ ਵੀ ਕੀਤਾ ਹੈ-ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥ ਸਰਪ ਜੋਨਿ ਵਲਿ ਵਲਿ ਅਉਤਰੈ ॥੧॥(੫੨੬)

ਸਿੱਖਾਂ ਵਿੱਚ ਵੀ ਇਹ ਪ੍ਰਚੱਲਤ ਕਰ ਦਿੱਤਾ ਗਿਆ ਕਿ ਜਦ ਛੇਵੇਂ ਗੁਰੂ ਹਰਗੋਬਿੰਦ ਸਾਹਿਬ, ਗੁਵਾਲੀਅਰ ਦੇ ਕਿਲੇ ਚੋਂ ਰਿਹਾ ਹੋ ਕੇ, ਅੰਮ੍ਰਿਤਸਰ ਆਏ ਤਾਂ ਸਿੱਖਾਂ ਨੇ ਇਸ ਖੁਸ਼ੀ ਵਿੱਚ ਦੀਪਮਾਲਾ ਕੀਤੀ। ਅੱਜ ਕੱਲ੍ਹ ਇਸ ਦਿਨ ਨੂੰ, ਬੰਦੀ ਛੋੜ ਦਿਵਸ ਦੇ ਤੌਰ ਤੇ ਵੀ ਮਨਾਇਆ ਜਾਂਦਾ ਹੈ। ਇਤਿਹਾਸ ਨੂੰ ਪੜ੍ਹਨ ਅਤੇ ਵਾਚਨ ਵਾਲੇ ਲੋਕ ਜਾਣਦੇ ਨੇ ਕਿ ਭੱਟ ਵਹੀਆਂ ਅਨੁਸਾਰ ਗੁਰੂ ਹਰਗੋਬਿੰਦ ਸਾਹਿਬ ਤਾਂ ਦੀਵਾਲੀ ਤੋਂ ਕਈ ਮਹੀਨੇ ਪਿੱਛੋਂ, ਫਰਵਰੀ ਦੇ ਅੰਤ 'ਤੇ ਅੰਮ੍ਰਿਤਸਰ ਪੁੱਜੇ ਸਨ। ਦੂਜਾ ਬਾਬਰ ਦੀ ਕੈਦ ਵਿੱਚ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੂੰ ਰੱਖਿਆ ਗਿਆ ਜਿੱਥੇ ਚੱਕੀਆਂ ਪੀਹਣ ਦੀ ਸਜਾ ਭੁਗਤ ਰਹੇ ਲੋਕਾਂ ਨੂੰ ਬਾਬਰ ਦੀ ਬੰਦੀ ਵਿੱਚੋਂ ਛੁਡਾਇਆ ਸੀ। ਪਹਿਲੇ ਬੰਦੀ ਛੋੜ ਤਾਂ "ਜ਼ਾਹਰ ਪੀਰ ਜਗਤ ਗੁਰ ਬਾਬਾ" ਗੁਰੂ ਨਾਨਕ ਸਾਹਿਬ ਹਨ। ਓਸ ਪਹਿਲੇ ਬੰਦੀ ਛੋੜ ਦਾਤੇ ਦਾ "ਬੰਦੀ ਛੋੜ ਦਿਵਸ" ਕਿਉਂ ਵਿਸਾਰ ਦਿੱਤਾ ਗਿਆ ਤੇ ਸਿੱਖਾਂ ਦੇ ਤਿਉਹਾਰ ਅਤੇ ਗੁਰ ਪੁਰਬ ਹਿੰਦੂਆਂ ਨਾਲ ਮਿਲਗੋਭਾ ਕਿਉਂ ਕੀਤੇ ਗਏ ਹਨ? ਜਿਵੇਂ ਗੁਰੂ ਨਾਨਕ ਸਹਿਬ ਦਾ ਪ੍ਰਕਾਸ਼ ਵੈਸਾਖ ਦੀ ਥਾਂ ਕੱਤਕ ਦੀ ਪੂਰਨਮਾਸ਼ੀ, ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਦਿਵਸ ਦੀ ਥਾਂ, ਹਜ਼ੂਰ ਸਾਹਿਬ ਦਸਹਿਰਾ ਮਨੌਣਾ, ਸ੍ਰੀ ਕੇਸਗੜ੍ਹ ਸਾਹਿਬ ਵੈਸਾਖੀ ਦੀ ਥਾਂ ਹੋਲਾ ਅਤੇ ਸ੍ਰੀ ਮੁਕਤਸਰ ਸਾਹਿਬ ਗਰਮੀਆਂ ਵਿਖੇ ਹੋਏ ਯੁੱਧ ਦਾ ਦਿਨ ਛੱਡ ਕੇ, ਮਾਘੀ ਮਨਾਉਣਾ ਆਦਿਕ। ਹੋਰ ਤਾਂ ਹੋਰ ਅੱਜ ਬਹੁਤੇ ਗੁਰਦੁਆਰਿਆਂ ਵਿੱਚ-ਥਿਤਿ ਵਾਰ ਸੇਵਹਿ ਮੁਗਧ ਗਵਾਰ ॥(੮੪੩) ਗੁਰੂ ਦੇ ਇਸ ਹੁਕਮ ਉੱਲਟ ਪੂਰਨਮਾਸ਼ੀ, ਮੱਸਿਆ ਅਤੇ ਸੰਗ੍ਰਾਂਦ ਆਦਿ ਹਿੰਦੂ ਪੁਰਬ ਬੜੀ ਧੂੰਮ-ਧਾਮ ਨਾਲ ਮਨਾਏ ਜਾਂਦੇ ਹਨ। ਮਿਲਗੋਭਾ ਕੀਤੇ ਗਏ ਇਤਿਹਾਸ ਨੂੰ ਗੁਰਮਤਿ ਦੀ ਰੋਸ਼ਨੀ ਵਿੱਚ ਦੁਬਾਰਾ ਵਾਚਨ ਅਤੇ ਲਿਖਣ ਦੀ ਅਤਿਅੰਤ ਲੋੜ ਹੈ। ਸਿੱਖ ਨੇ ਗੁਰੂ ਤੋਂ ਰੋਸ਼ਨੀ ਲੈਣੀ ਨਾਂ ਕਿ ਮਿਥਿਹਾਸਕ ਗ੍ਰੰਥਾਂ ਤੇ ਸੌ ਕਾਲਡ ਕਹਾਣੀਆਂ ਦੇ ਅੰਧੇਰੇ ਵਿੱਚ ਹੀ ਫਸੇ ਰਹਿਣਾ ਹੈ। ਗੁਰਮਤਿ ਵਿੱਚ ਲਛਮੀ ਪੂਜਾ ਨੂੰ ਕੋਈ ਥਾਂ ਨਹੀਂ ਸਗੋਂ-ਪੂਜਹੁ ਰਾਮੁ ਏਕੁ ਹੀ ਦੇਵਾ ॥ਸਾਚਾ ਨਾਵਣੁ ਗੁਰ ਕੀ ਸੇਵਾ ॥(ਕਬੀਰ-੪੮੪) ਪੂਜਹੁ ਭਾਵ ਸਤਿਕਾਰ ਨਾਲ ਮੰਨੋ ਕਿ ਇਕ ਰਵਿਆ ਰਾਮ ਹੀ (ਦੇਵਾ) ਪ੍ਰਕਾਸ਼ ਰੂਪ ਤੇ ਅਸਲੀ ਇਸ਼ਨਾਨ ਗੁਰੂ ਦੀ ਸੇਵਾ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਤਾਂ ਹਰ ਵੇਲੇ ਗੁਰਬਾਣੀ ਗਿਆਨ ਦੀ ਦੀਵਾਲੀ ਜਗਦੀ ਰਹਿੰਦੀ, ਵਾਤਵਰਣ ਸਵੱਸ਼ ਤੇ ਸਾਫ ਹੁੰਦਾ, ਗੁਰਬਾਣੀ ਮਨ ਨੂੰ ਸ਼ਾਤ ਕਰਦੀ ਅਤੇ ਉਖੜਿਆ ਮਨ ਵੀ ਟਿਕ ਜਾਂਦਾ ਹੈ। ਇਸੇ ਕਰਕੇ ਗੁਰੂ ਸਾਹਿਬਾਨਾਂ ਨੇ ਆਪਣੇ ਮਜੂਦਾ ਸਰੀਰਕ ਜੀਵਨ ਸਮੇਂ, ਇਸ ਪਵਿੱਤ੍ਰ ਗਿਆਨ ਦੇ ਸੋਮੇਂ ਅਤੇ ਸਰਬਸਾਂਝੇ ਅਸਥਾਨ ਨੂੰ ਯੁੱਧ ਦਾ ਅਖਾੜਾ ਨਹੀਂ ਬਣਾਇਆ ਸਗੋਂ ਸਾਰੇ ਜੰਗ-ਯੁੱਧ ਬਾਹਰ ਹੀ ਲੜੇ। ਫਿਰ ਕੀ ਐਸੇ ਸਾਫ-ਸੁਥਰੇ ਤੇ ਮਨ ਦੇ ਟਿਕਾ ਵਾਲੇ ਪਵਿਤ੍ਰ ਥਾਂ ਤੇ ਅਤਸ਼ਬਾਜੀ ਦਾ ਜ਼ਹਿਰ ਅਤੇ ਵਾਤਾਵਰਣ ਨੂੰ ਗੰਧਲਾ ਕਰਨ ਵਾਲੇ ਪਟਾਕੇ ਚਲਾਉਣੇ ਅਤੇ ਕੀ ਸਿੱਖਾਂ ਨੂੰ ਇਸ ਦਿਨ ਕਰੋੜਾਂ ਰੁਪਿਆ ਭੰਗ ਦੇ ਭਾੜੇ ਫੂਕਣਾ ਚਾਹੀਦਾ ਹੈ? ਗੁਰੂ ਤਾਂ ਲੋੜਵੰਦਾਂ ਦੀ ਮਦਦ ਕਰਦੇ ਇਸੇ ਕਰਕੇ ਧੜਾ-ਧੜ ਲੋਕ, ਅਧੁਨਿਕ ਵਿਗਿਆਨਕ ਅਤੇ ਅਗਾਂਹ ਵਧੂ ਸਿੱਖ ਧਰਮ ਨੂੰ ਅਪਣਾਈ ਜਾ ਰਹੇ ਸਨ। ਕੀ ਗੁਰੂ ਜੀ ਅਜਿਹੇ ਦੀਵਾਲੀਆਂ, ਦਸਹਿਰਿਆਂ ਵਾਲੇ ਅਡੰਬਰ ਰਚ, ਲੋਕਾਂ ਨੂੰ ਪ੍ਰਭਾਵਿਤ ਕਰਕੇ ਸਿੱਖ ਬਣਾਉਂਦੇ ਸਨ? ਹਾਂ ਜੇ ਥੋੜੇ ਬਹੁਤੇ ਪਟਾਕੇ ਚਲਾਉਣੇ ਹੀ ਨੇ ਤਾਂ ਸ਼ਹਿਰ ਦੇ ਬਾਹਰਵਾਰ, ਕੋਈ ਨਵੇਕਲੀ ਜਗ੍ਹਾ ਹੋਣੀ ਚਾਹੀਦੀ ਹੈ। ਦੇਖੋ! ਅਮਰੀਕਾ ਵਿਖੇ ਵੀ ਲੋਕ "ਫੋਰਥ ਜੁਲਾਈ" ਨੂੰ ਅਬਾਦੀ ਤੋਂ ਦੂਰ, ਸੁਰੱਖਿਅਤ ਥਾਵਾਂ 'ਤੇ ਸੌਫਟ ਅਤਸ਼ਬਾਜੀ ਚਲਾਉਂਦੇ ਨੇ ਜੋ ਧੂੰਆਂ ਤੇ ਖੜਕਾ ਘੱਟ ਅਤੇ ਰੋਸ਼ਨੀ ਵੱਧ ਕਰਦੀ ਹੈ।

ਦੀਵਾਲੀ ਬਾਲਣ ਲਈ ਸਭਿਅਕ ਢੰਗ ਅਪਨਾਉਣਾ ਚਾਹੀਦਾ ਹੈ। ਪੈਸੇ ਦਾ ਬਚਾ ਕਰਕੇ, ਲੋੜਵੰਦ ਜੋ ਢਿੱਡੋਂ ਭੁੱਖੇ, ਸਰੀਰੋਂ ਨੰਗੇ, ਛੱਤੋਂ ਵਾਂਝੇ, ਫੁੱਟ ਪਾਥਾਂ ਜਾਂ ਹਨੇਰੀਆਂ ਝੁੱਗੀਆਂ ਵਿੱਚ, ਦਿਨ ਕਟੀ ਕਰ ਰਹੇ ਨੇ, ਓਥੇ ਭੋਜਨ, ਪਾਣੀ ਅਤੇ ਰੋਸ਼ਨੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਮਠਾਈਆਂ ਵਿੱਚ ਰਹਿੰਦ-ਖੂੰਹਦ ਦੀ ਥਾਂ ਸ਼ੁੱਧ ਅਤੇ ਨਰੋਏ ਪਦਾਰਥ ਹੀ ਵਰਤਨੇ ਚਾਹੀਦੇ ਹਨ। ਇਸ ਦਿਨ ਸ਼ਰਾਬਾਂ ਪੀਣੀਆਂ ਅਤੇ ਜੂਏ ਖੇਲ੍ਹਣੇ ਕਿੱਧਰ ਦੀ ਖੁਸ਼ੀ ਅਤੇ ਸਭਿਅਤਾ ਹੈ? ਸਿੱਖਾਂ ਨੂੰ ਇਹ ਦਿਨ ਗਿਆਨ ਦੇ ਚਰਾਗ ਵਜੋਂ ਹੀ ਮਨਾਉਣਾ ਚਾਹੀਦਾ ਹੈ ਕਿਉਂਕਿ ਗਿਆਨ ਦੇ ਚਰਾਗ ਹੀ ਬੁਝੇ ਹੋਏ ਮਨ ਦੇ ਦੀਵਿਆਂ ਨੂੰ ਜਗਾ ਸਕਦੇ ਹਨ। ਜਿਵੇਂ ੧੦੦੦ ਵਾਟ ਦੇ ਬਲਬ ਸਾਹਮਣੇ ੧੦੦ ਵਾਟ ਦੀ ਕੀ ਵੁਕਤ ਹੈ? ਚਰਾਗ ਦੀ ਥਾਂ ਛੋਟੇ ਦੀਵੇ ਦੀ, ਇਵੇਂ ਹੀ "ਸ਼ਬਦ ਗੁਰੂ ਗ੍ਰੰਥ ਰੂਪ ਗਿਆਨ ਸੂਰਜ" ਦੀ ਥਾਂ ਹੋਰ ਕਿੱਸੇ ਕਹਾਣੀਆਂ, ਕੋਈ ਵੁਕਤ ਨਹੀਂ ਰੱਖਦੀਆਂ। ਸਿੱਖਾਂ ਨੂੰ ਇਸ ਦਿਨ ਗੁਰਬਾਣੀ ਅਰਥਾਂ ਦੀਆਂ ਪੋਥੀਆਂ, ਗੁਰਮਤਿ ਫਿਲਾਸਫੀ ਦੀਆਂ ਕਿਤਾਬਾਂ ਅਤੇ ਗੁਰਬਾਣੀ ਦੀ ਕਸਵੱਟੀ 'ਤੇ ਪਰਖੇ ਸ਼ੁੱਧ ਇਤਿਹਾਸ ਦੀਆਂ ਪੁਸਤਕਾਂ, ਸੀਡੀਆਂ, ਅਧੁਨਿਕ ਮੀਡੀਏ ਦੇ ਦੀਵੇ, ਮਹਿੰਗੇ ਪਟਾਕਿਆਂ ਅਤੇ ਵੰਨ-ਸੁਵੰਨੀਆਂ ਮਠਿਆਈਆਂ ਦੀ ਥਾਂ ਵੰਡਣੇ ਚਾਹੀਦੇ ਨੇ ਨਾਂ ਕਿ "ਦੀਵਾਲੀ ਕੀ ਰਾਤ ਦੀਵੇ ਬਾਲੀਅਨ" ਵਾਲੀ ਤੁਕ ਹੀ ਰਟੀ ਜਾਣੀ ਚਾਹੀਦੀ ਹੈ ਜੋ ਭਾਈ ਗੁਰਦਾਸ ਜੀ ਨੇ ਕਿਸੇ ਹੋਰ ਭਾਵ ਵਿੱਚ ਅਜਿਹੀਆਂ ਕਈ ਹੋਰ ਉਦਾਹਰਣਾ ਦੇ ਕੇ ਸਮਝਾਉਂਦਿਆਂ ਲਿਖੀ ਸੀ। ਗੁਰਮਤਿ ਨਾਲ, ਲਛਮੀ ਪੂਜਨ ਵਾਲੀ ਦੀਵਾਲੀ ਦਾ ਕੋਈ ਸਬੰਧ ਨਹੀਂ ਸਗੋਂ ਕਿਰਤ ਕਰਕੇ ਲਛਮੀ ਪੈਦਾ ਕਰਨੀ ਜਾਂ ਕਮਾਉਣੀ ਚਾਹੀਦੀ ਹੈ। ਲਛਮੀ ਤਾਂ ਹੱਥਾਂ ਦੀ ਕਿਰਤ ਹੈ ਨਾਂ ਕਿ ਕੋਈ ਮਿਥਿਹਾਸਕ ਦੇਵੀ ਜੋ ਸਾਡੇ ਰਾਤ ਨੂੰ ਘਰ ਦੇ ਦਰਵਾਜੇ ਖੁੱਲ੍ਹੇ ਰੱਖਣ ਨਾਲ ਹੀ ਅੰਦਰ ਆਉਂਦੀ ਹੈ। ਐਸਾ ਹੁੰਦਾ ਹੋਵੇ ਤਾਂ ਗਰੀਬ ਲੋਕ ਜਿਨ੍ਹਾਂ ਦੇ ਕੋਈ ਘਰ ਘਾਟ ਨਹੀਂ ਜਾਂ ਟੁੱਟੀਆਂ-ਫੁੱਟੀਆਂ ਖੁੱਲ੍ਹੀਆਂ ਝੁੱਗੀਆਂ ਹੀ ਹੁੰਦੀਆਂ ਨੇ, ਕਥਿਤ ਲਛਮੀ ਓਥੇ ਪਹਿਲੇ ਕਿਉਂ ਨਹੀਂ ਜਾਂਦੀ? ਕਹਿੰਦੇ ਨੇ ਕਿ ਸ੍ਰੀ ਕ੍ਰਿਸ਼ਨ ਜੀ ਗਰੀਬ ਬਿਦਰ ਦੇ ਘਰ ਅਤੇ ਸ੍ਰੀ ਰਾਮ ਚੰਦ ਜੀ ਗਰੀਬ ਭੀਲਣੀ ਕੋਲ ਗਏ ਸਨ। ਗੁਰੂ ਨਾਨਕ ਸਾਹਿਬ ਜੀ ਦਾ ਤਾਂ ਅਕੱਟ ਸਬੂਤ ਇਤਿਹਾਸ ਕਿ ਉਹ ਮਲਕ ਭਾਗੋ ਦੇ ਮਹਿਲ ਤੇ ਪਕਵਾਨ ਛੱਡ, ਇੱਕ ਗਰੀਬ ਕਿਰਤੀ ਭਾਈ ਲਾਲੋ ਦੇ ਘਰ ਗਏ। ਉਨ੍ਹਾਂ ਨੇ ਗੁਰਬਾਣੀ ਵਿੱਚ ਵੀ ਲਿਖਿਆ ਹੈ ਕਿ-ਨੀਚਾਂ ਅੰਦਰਿ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ ॥ ਨਾਨਕ ਤਿਨ ਕੇ ਸੰਗਿ ਸਾਥ ਵਡਿਆਂ ਸਿਉਂ ਕਿਆ ਰੀਸ ॥(੧੫)

ਲਛਮੀ ਕੋਈ ਦੇਵੀ ਨਹੀਂ ਸਗੋਂ ਹੱਥਾਂ ਦੀ ਕਿਰਤ ਜੋ ਮਿਹਨਤ ਕਰਨ ਨਾਲ ਹੀ ਪ੍ਰਾਪਤ ਹੁੰਦੀ ਨਾਂ ਕਿ ਘਰ ਦੇ ਦਰਵਾਜੇ ਖੁੱਲ੍ਹੇ ਰੱਖਣ ਦੇ ਵਹਿਮ ਨਾਲ, ਖੁੱਲ੍ਹੇ ਦਰਵਾਜਿਆਂ ਵਿੱਚ ਤਾਂ ਸਗੋਂ ਕਈ ਵਾਰ ਕੁੱਤੇ ਬਿੱਲੇ ਅਤੇ ਚੋਰ ਆ ਵੜਦੇ ਨੇ ਜੋ ਖਾ ਪੀ ਕੇ ਘਰ ਵਿੱਚ ਪਈ ਲਛਮੀ ਨੂੰ ਵੀ ਲੁੱਟ ਲੈ ਜਾਂਦੇ ਹਨ। ਪਾਠਕ ਜਨੋ! ਗੁਰਮਤਿ ਇੱਕ ਆਲਮਗੀਰ ਮੱਤ ਹੈ ਜੋ ਮਿੱਥਾਂ ਦੀ ਥਾਂ ਤੱਥਾਂ ਨੂੰ ਮਾਨਤਾ ਦਿੰਦਾ ਹੈ। ਆਓ ਗੁਰਬਾਣੀ ਗਿਆਨ ਦੇ ਦੀਵੇ ਬਾਲ ਕੇ ਮਨ ਦੀਆਂ ਬੁਝੀਆਂ ਬੱਤੀਆਂ ਨੂੰ ਬਾਲੀਏ ਜੋ ਹੋਰਨਾਂ ਨੂੰ ਵੀ ਗਿਆਨ ਦੀ ਰੋਸ਼ਨੀ ਦੇ ਸੱਕਣ। ਪੰਜਾਬੀ ਦੀ ਕਹਾਵਤ ਹੈ "ਸਦਾ ਦੀਵਾਲੀ ਸਾਧ ਕੀ ਅੱਠੇ ਪਹਿਰ ਬਸੰਤ" ਸਾਧ ਭਲਾ ਪੁਰਖ ਨਾਂ ਕਿ ਭੇਖਧਾਰੀ। ਇਹ ਸੀ ਥੋੜੀ ਜਿਹੀ ਵਿਚਾਰ ਦੀਵੇ, ਦੀਵਾਲੀ, ਲਛਮੀ ਪੂਜਾ ਅਤੇ ਗੁਰਮਤਿ ਬਾਰੇ ਜਿਸ ਨੂੰ ਪਾਠਕ ਜਨ, ਗੁਰਬਾਣੀ ਅਤੇ ਗੁਰ ਇਤਿਹਾਸ ਦੇ ਸੰਦਰਭ ਵਿੱਚ ਵਾਚਨ ਦੀ ਕ੍ਰਿਪਾਲਤਾ ਕਰਨ। ਗੁਰੂ ਗਿਆਨ ਦੀ ਰੋਸ਼ਨ ਜੋਤ ਨਾਲ, ਆਪਣੇ ਦਿਲਾਂ ਦੇ ਦੀਵੇ ਜਗਾਉਣ ਜੋ ਮਾਇਕ ਪਦਾਰਥਾਂ ਦੀ ਹਵਾ ਤੇ ਵਿਸ਼ੇ ਵਿਕਾਰਾਂ ਦੇ ਝੱਖੜਾਂ ਨੇ ਬੁਝਾ ਦਿੱਤੇ ਨਾਂ ਕਿ ਲਛਮੀ ਪੂਜਾ ਲਈ ਬੂਹੇ ਖੁੱਲ੍ਹੇ ਰੱਖ ਕੇ ਜਗਾਏ ਬਾਹਰੀ ਦੀਵਿਆਂ, ਬਰੂਦੀ ਪਟਾਕਿਆਂ, ਮਿਲਾਵਟੀ ਬਜਾਰੀ ਜਹਿਰੀਲਆਂ ਮਿਠਿਆਈਆਂ ਅਤੇ ਮਾਰੂ ਨਸ਼ਿਆਂ ਦਾ ਸੇਵਨ, ਲੱਖਾਂ ਕਰੋੜਾਂ ਰੁਪਈਆ ਹਰ ਸਾਲ ਬਰਬਾਦ ਕਰਕੇ, ਹਾਦਸਿਦਆਂ ਵਿੱਚ ਗਰੀਬਾਂ ਦੀਆਂ ਝੁੱਗੀਆਂ ਤੇ ਕਿਰਸਾਨਾਂ ਦੀਆਂ ਅਨਾਜ ਨਾਲ ਭਰੀਆਂ ਫਸਲਾਂ ਸਾੜਨ ਦਾ ਕਾਰਨ ਬਣਨਾ ਦੀਵਾਲੀ ਮਨਾਉਣੀ ਹੈ।



# ਚਮਕੌਰ ਸਾਹਿਬ ਦੇ ਗੁਰਦੁਆਰੇ 'ਚ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ



ਚਮਕੌਰ ਸਾਹਿਬ : ਚਮਕੌਰ ਸਾਹਿਬ ਵਿਖੇ ਰੂਪਨਗਰ ਸੜਕ 'ਤੇ ਸਰਹਿੰਦ ਨਹਿਰ ਪੁਲ ਦੇ ਨਜ਼ਦੀਕ ਗੁਰਦੁਆਰਾ ਸ੍ਰੀ ਅਮਰਗੜ੍ਹ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲੀਸ ਨੇ ਇਸ ਮਾਮਲੇ ਵਿਚ ਗੁਰਦੁਆਰੇ ਦੇ ਪ੍ਰਬੰਧਕ ਨੂੰ ਗ੍ਰਿਫਤਾਰ ਕਰ ਕੇ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਗੁਰਦੁਆਰੇ ਵਿੱਚ ਪ੍ਰਕਾਸ਼ ਅਸਥਾਨ ਅਤੇ ਸੁਖਆਸਨ ਅਸਥਾਨ ਵਿਖੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ 'ਤੇ ਮਿੱਟੀ, ਚੂਹਿਆਂ ਦੀਆਂ ਮਿੰਗਣਾਂ ਪਈਆਂ ਮਿਲਣ ਅਤੇ ਖਰਾਬ ਹਾਲਤ 'ਚ ਵਸਤਰਾਂ ਦੇ ਮਿਲਣ ਕਾਰਨ ਰੋਸ ਪਾਇਆ ਜਾ ਰਿਹਾ ਹੈ। ਇਸ ਦੀ ਸੂਚਨਾ ਅੰਮ੍ਰਿਤਸਰ ਵਾਸੀ ਜੋਬਨਦੀਪ ਸਿੰਘ ਨੇ, ਜੋ ਗੁਰਦੁਆਰੇ ਵਿੱਚ ਮੱਥਾ ਟੇਕਣ ਆਇਆ ਸੀ, ਨੇ ਇੱਥੋਂ ਦੀ ਪੁਲੀਸ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿੱਤੀ। ਸੂਚਨਾ ਮਿਲਦਿਆਂ ਹੀ ਸ਼੍ਰੋਮਣੀ ਕਮੇਟੀ ਦੇ ਮੈਨੇਜਰ ਭਾਈ ਨੱਥਾ ਸਿੰਘ, ਡੀਐਸਪੀ ਜਰਨੈਲ ਸਿੰਘ ਅਤੇ ਥਾਣਾ ਮੁਖੀ ਹਰਸ਼ ਗੌਤਮ ਤੁਰੰਤ ਮੌਕੇ 'ਤੇ ਪੁੱਜ ਗਏ। ਪੁਲੀਸ ਅਧਿਕਾਰੀਆਂ ਵੱਲੋਂ ਲਏ ਜਾਇਜ਼ੇ ਤੋਂ ਬਾਅਦ ਗੁਰਦੁਆਰੇ ਦੇ ਸੁਖਆਸਨ ਅਸਥਾਨ ਵਿਖੇ ਸੁਖਆਸਣ ਕੀਤੇ 6 ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਅਤੇ ਪ੍ਰਕਾਸ਼ ਅਸਥਾਨ 'ਤੇ ਪ੍ਰਕਾਸ਼ ਕੀਤੇ 4 ਪਾਵਨ ਗੁਰੂ ਗ੍ਰੰਥ ਸਾਹਿਬ ਦੇ ਸਰੂਪ, ਦੋ ਵੱਡੀਆਂ ਪੋਥੀਆਂ ਅਤੇ ਗੁਟਕਾ ਸਾਹਿਬ ਰਹਿਤ ਮਰਿਆਦਾ ਅਨੁਸਾਰ ਇਤਿਹਾਸਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਪਹੁੰਚਾ ਦਿੱਤੇ ਗਏ ਹਨ। ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਦੇ ਮੈਨੇਜਰ ਭਾਈ ਨੱਥਾ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਸਾਰੀ ਰਿਪੋਰਟ ਤਿਆਰ ਕਰਕੇ ਪੰਥਕ ਅਤੇ ਕਹਨੂੰਨੀ ਕਾਰਵਾਈ ਲਈ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਨੂੰ ਭੇਜ ਦਿੱਤੀ ਗਈ ਹੈ। ਜਦੋਂ ਕਿ ਇਸ ਸਬੰਧੀ ਡੀਐਸਪੀ ਜਰਨੈਲ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਇਸ ਘਟਨਾ ਸਬੰਧੀ ਉਕਤ ਗੁਰਦੁਆਰੇ ਦੇ ਮੁੱਖ ਪ੍ਰਬੰਧਕ ਬਾਬਾ ਕਰਮ ਸਿੰਘ ਖਿਲਾਫ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

# ਕੋਟਕਪੂਰਾ ਗੋਲੀ ਕਾਂਡ: ਸਿੱਖ ਪ੍ਰਚਾਰਕਾਂ ਖ਼ਿਲਾਫ਼ ਦਿੱਤੀਆਂ ਅਰਜ਼ੀਆਂ ਖਾਰਜ



ਫ਼ਰੀਦਕੋਟ : ਇੱਥੇ ਇਲਾਕਾ ਮੈਜਿਸਟਰੇਟ ਅਜੈਪਾਲ ਸਿੰਘ ਦੀ ਅਦਾਲਤ ਵਿੱਚ ਕੋਟਕਪੂਰਾ ਗੋਲੀ ਕਾਂਡ ਮਾਮਲੇ ਦੀ ਸੁਣਵਾਈ ਹੋਈ। ਇਸ ਸੁਣਵਾਈ ਦੌਰਾਨ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਦਾਲਤ ਵਿੱਚ ਹਾਜ਼ਰ ਸਨ। ਅਦਾਲਤ ਨੇ ਅੱਜ ਪੁਲੀਸ ਅਧਿਕਾਰੀਆਂ ਵੱਲੋਂ ਦਿੱਤੀਆਂ ਉਹ ਸਾਰੀਆਂ ਛੇ ਅਰਜ਼ੀਆਂ ਖਾਰਜ ਕਰ ਦਿੱਤੀਆਂ ਜਿਨ੍ਹਾਂ ਵਿੱਚ 14 ਸਿੱਖ ਪ੍ਰਚਾਰਕਾਂ ਉੱਪਰ ਪੁਲੀਸ 'ਤੇ ਕਾਤਲਾਨਾ ਹਮਲਾ ਕਰਨ ਦੇ ਦੋਸ਼ਾਂ ਤਹਿਤ ਥਾਣਾ ਸਿਟੀ ਕੋਟਕਪੂਰਾ ਵਿੱਚ ਕੇਸ ਦਰਜ ਕੀਤਾ ਗਿਆ ਸੀ। ਇਨ੍ਹਾਂ ਅਰਜ਼ੀਆਂ ਵਿੱਚ ਪੁਲੀਸ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਧਰਨੇ 'ਤੇ ਬੈਠੇ ਪ੍ਰਚਾਰਕਾਂ ਅਤੇ ਸਿੱਖ ਸੰਗਤ ਨੇ ਪੁਲੀਸ ਪਾਰਟੀ 'ਤੇ ਮਾਰੂ ਹਥਿਆਰਾਂ ਨਾਲ ਹਮਲਾ ਕੀਤਾ ਸੀ ਇਸ ਲਈ ਸਿੱਖ ਪ੍ਰਚਾਰਕਾਂ ਅਤੇ ਧਰਨਾ ਦੇ ਰਹੀ ਸੰਗਤ 'ਤੇ ਵੀ ਕੇਸ ਚੱਲਣਾ ਚਾਹੀਦਾ ਹੈ। ਅਦਾਲਤ ਨੇ ਪੁਲੀਸ ਅਧਿਕਾਰੀਆਂ ਦੀ ਅਰਜ਼ੀ ਖਾਰਜ ਕਰਦਿਆਂ ਕਿਹਾ ਕਿ ਜਿਹੜੇ ਪੁਲੀਸ ਅਧਿਕਾਰੀ ਸਿੱਖ ਪ੍ਰਚਾਰਕਾਂ ਖ਼ ?ਲਾਫ਼ ਮੁਕੱਦਮਾ ਚਲਾਉਣ ਲਈ ਅਰਜ਼ੀ ਦੇ ਰਹੇ ਹਨ, ਉਹੀ ਪੁਲੀਸ ਅਧਿਕਾਰੀ ਪਹਿਲਾਂ ਅਦਾਲਤ ਵਿੱਚ ਲਿਖ ਕੇ ਦੇ ਚੁੱਕੇ ਹਨ ਕਿ ਸਿੱਖ ਪ੍ਰਚਾਰਕਾਂ ਨੇ ਪੁਲੀਸ 'ਤੇ ਕੋਈ ਹਮਲਾ ਨਹੀਂ ਕੀਤਾ।

ਜਾਂਚ ਟੀਮ ਨੇ ਕਿਹਾ ਕਿ ਦਸ ਵਿਅਕਤੀਆਂ ਦੀ ਸ਼ਨਾਖਤ ਨਹੀਂ ਹੋ ਸਕੀ ਜਿਹੜੇ ਕਿ ਭੇਸ ਬਦਲ ਕੇ ਸਿੱਖ ਸੰਗਤ ਵਿੱਚ ਬੈਠੇ ਸਨ। ਜਾਂਚ ਟੀਮ ਨੇ ਦਾਅਵਾ ਕੀਤਾ ਕਿ ਪੁਲੀਸ ਨੇ ਆਪਣੇ ਉੱਪਰ ਹਮਲਾ ਹੋਣ ਦੀ ਮਨਘੜਤ ਕਹਾਣੀ ਬਣਾਈ ਹੈ। ਇਸ ਦੇ ਨਾਲ ਹੀ ਅਦਾਲਤ ਨੇ ਕੋਟਕਪੂਰਾ ਗੋਲੀ ਕਾਂਡ ਮਾਮਲੇ ਨੂੰ ਸੁਣਵਾਈ ਲਈ ਸੈਸ਼ਨ ਅਦਾਲਤ ਵਿੱਚ ਭੇਜ ਦਿੱਤਾ ਹੈ ਅਤੇ ਮੁਲਜ਼ਮਾਂ ਨੂੰ ਆਦੇਸ਼ ਦਿੱਤੇ ਹਨ ਕਿ ਉਹ 21 ਨਵੰਬਰ ਨੂੰ ਅਦਾਲਤ ਵਿੱਚ ਨਿੱਜੀ ਤੌਰ 'ਤੇ ਪੇਸ਼ ਹੋਣ। ਅਦਾਲਤ ਦੇ ਇਸ ਹੁਕਮ ਨਾਲ ਕੋਟਕਪੂਰਾ ਤੇ ਬਹਬਿਲ ਗੋਲੀ ਕਾਂਡ ਮਾਮਲੇ ਦੀ ਸੁਣਵਾਈ ਬਾਕਾਇਦਾ ਤੌਰ 'ਤੇ ਸ਼ੁਰੂ ਹੋ ਜਾਵੇਗੀ। ਅੱਜ ਮਾਮਲੇ ਦੀ ਸੁਣਵਾਈ ਦੌਰਾਨ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ, ਆਈਜੀ ਪਰਮਰਾਜ ਸਿੰਘ ਉਮਰਾ ਨੰਗਲ, ਅਮਰ ਸਿੰਘ ਚਾਹਲ, ਸੁਖਮਿੰਦਰ ਸਿੰਘ ਮਾਨ ਅਤੇ ਚਰਨਜੀਤ ਸ਼ਰਮਾ ਅਦਾਲਤ ਵਿੱਚ ਪੇਸ਼ ਨਹੀਂ ਹੋਏ ਪਰ ਅਦਾਲਤ ਨੇ ਉਨ੍ਹਾਂ ਦੀ ਅੱਜ ਲਈ ਹਾਜ਼ਰੀ ਮੁਆਫ਼ ਕਰ ਦਿੱਤੀ।

# ਅੰਮ੍ਰਿਤਪਾਲ ਸਿੰਘ ਤੇ ਹੋਰਨਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅਰਦਾਸ



ਅੰਮ੍ਰਿਤਸਰ : ਡਿਬਰੂਗੜ੍ਹ ਜੇਲ੍ਹ ਗੁਹਾਟੀ 'ਚ ਨਜ਼ਰਬੰਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਸਮੇਤ ਬੰਦੀ ਸਿੰਘਾਂ ਦੀ ਰਿਹਾਈ ਲਈ ਅੱਜ ਅੰਮ੍ਰਿਤਪਾਲ ਸਿੰਘ ਦੇ ਮਾਤਾ ਬੀਬੀ ਬਲਵਿੰਦਰ ਕੌਰ ਤੇ ਹੋਰ ਸੰਬੰਧਿਤ ਪਰਿਵਾਰਾਂ ਵੱਲੋਂ ਅਰਦਾਸ ਕੀਤੀ ਗਈ। ਇਸ ਤੋਂ ਪਹਿਲਾਂ ਗੁ: ਸ੍ਰੀ ਦੁੱਖ ਭੰਜਨੀ ਬੇਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੇ ਮਾਤਾ ਬੀਬੀ ਬਲਵਿੰਦਰ ਕੌਰ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਪੰਜ ਤਖ਼ਤ ਸਾਹਿਬਾਨਾਂ ਤੇ ਅਰਦਾਸ ਸਮਾਗਮ ਕਰਨ ਦੀ ਸ਼ੁਰੂਆਤ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਅਰਦਾਸ ਸਮਾਗਮ ਨਾਲ ਸ਼ੁਰੂ ਹੋਈ। ਪਹਿਲਾਂ ਸਵੇਰੇ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਤੇ ਫਿਰ ਦਸ ਵਜੇ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਸਮਾਗਮ ਵਿੱਚ ਬੰਦੀ ਛੋੜ ਦਾਤੇ ਸਤਿਗੁਰੂ ਹਰਗੋਬਿੰਦ ਸਾਹਿਬ ਸੱਚੇ ਪਾਤਸ਼ਾਹ ਜੀ ਦੇ ਚਰਨ ਕਮਲਾਂ ਵਿੱਚ ਅਰਦਾਸ ਬੇਨਤੀ ਕੀਤੀ ਕਿ ਭਾਈ ਅੰਮ੍ਰਿਤਪਾਲ ਸਿੰਘ ਤੇ ਸਮੂਹ ਬੰਦੀ ਸਿੰਘਾਂ ਵਿਰੁੱਧ ਹਕੂਮਤਾਂ ਵੱਲੋਂ ਬੁਣੇ ਝੂਠ ਦੇ ਜਾਲ ਨੂੰ ਕੱਟਣ ਦੀ ਸਤਿਗੁਰੂ ਸਾਹਿਬ ਕਿਰਪਾ ਕਰੋ ਜੀ ਤੇ ਬੇਨਤੀ ਕੀਤੀ ਗਈ ਕਿ ਭਾਈ ਅੰਮ੍ਰਿਤਪਾਲ ਸਿੰਘ ਬਾਹਰ ਆ ਕੇ ਖ਼ਾਲਸਾ ਵਹੀਰ ਪੁਰਾਣੇ ਜਾਹੋ ਜਲਾਲ ਨਾਲ ਮੁੜ ਸ਼ੁਰੂ ਕਰਨ ਅਤੇ ਨਸ਼ਿਆਂ ਵਿੱਚ ਗ਼ਲਤਾਨ ਨੌਜਵਾਨੀ ਇਸ ਦਲਦਲ ਵਿੱਚੋਂ ਬਾਹਰ ਆ ਕੇ ਕਲਗ਼ੀਧਰ ਪਾਤਸ਼ਾਹ ਵੱਲੋਂ ਬਖ਼ਸ਼ੀ ਖੰਡੇ ਬਾਟੇ ਦੀ ਪਾਹੁਲ ਛੱਕ ਕੇ ਖ਼ਾਲਸਾ ਵਹੀਰ ਦੇ ਕੌਮੀ ਨਿਸ਼ਾਨੇ ਦੀ ਪ੍ਰਾਪਤੀ ਵਿੱਚ ਰੁੱਝ ਕੇ ਨਸ਼ਿਆਂ ਨੂੰ ਸਦੀਵੀ ਤੌਰ ਤੇ ਭੁੱਲ ਜਾਵੇ। ਅਰਦਾਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਰਦਾਸੀਏ ਸਿੰਘ ਵੱਲੋਂ ਕੀਤੀ ਗਈ ਤੇ ਸ਼੍ਰੋਮਣੀ ਕਮੇਟੀ ਵੱਲੋਂ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਸੰਗਤ ਵਿੱਚ ਮੂਹਰੇ ਹੋ ਕੇ ਸਵੇਰ 9:00 ਵਜੇ ਤੋਂ ਹੀ ਹਾਜ਼ਰ ਰਹੇ। ਜਿਵੇਂ ਕਿ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਵੀ ਸੱਚਖੰਡ ਸ਼੍ਰੀ ਹਰਿਮੰਦਰ ਸਾਹਿਬ ਸ਼੍ਰੀ ਅਕਾਲ ਤਖ਼ਤ ਸਾਹਿਬ ਜਾਂ ਹੋਰ ਕਿਸੇ ਵੀ ਇਤਿਹਾਸਕ ਅਸਥਾਨ ਤੇ ਜਾਣ ਸਮੇਂ ਹਮੇਸ਼ਾਂ ਗੁਰਬਾਣੀ ਦਾ ਜਾਪ ਸਤਿਨਾਮ ਵਾਹਿਗੁਰੂ ਦਾ ਜਾਪ ਹੀ ਕੀਤਾ ਜਾਂਦਾ ਸੀ ਉਸੇ ਤਰਾਂ ਇਹ ਸਮਾਗਮ ਵੀ ਚਲਿਆ । ਭੋਗ ਉਪਰੰਤ ਸਵੇਰੇ 8:00 ਵਜੇ ਤੋਂ ਬਾਦ ਸਤਿਨਾਮ ਵਾਹਿਗੁਰੂ ਦਾ ਜਾਪ ਕਰਦਿਆਂ ਬੀਬੀ ਬਲਵਿੰਦਰ ਕੌਰ ਦੇ ਨਾਲ ਬੀਬੀਆਂ ਦਾ ਜਥਾ ਦੁੱਖ-ਭੰਜਨੀ ਬੇਰੀ ਤੋਂ ਪ੍ਰਕਰਮਾ ਵਿੱਚ ਦੀ ਹੁੰਦਾ ਹੋਇਆ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਪਹੁੰਚਿਆ ਏਥੇ ਅਰਦਾਸ ਉਪਰੰਤ ਸਤਿ ਸ਼੍ਰੀ ਅਕਾਲ ਜੈਕਾਰਿਆਂ ਨਾਲ ਅਕਾਸ਼ ਗੂੰਜਿਆ। ਅੱਜ ਦਾ ਇਹ ਸਮਾਗਮ ਆਮ ਗਰਮ ਖ਼ਿਆਲੀ ਧਿਰਾਂ ਵੱਲੋਂ ਵੱਖ ਸਮੇਂ ਸ਼੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕੀਤੇ ਜਾਂਦੇ ਸਮਾਗਮਾਂ ਤੋਂ ਗਿਣਤੀ ਪੱਖ ਤੋਂ ਬਹੁਤ ਹੀ ਜ਼ਿਆਦਾ ਪ੍ਰਭਾਵਸ਼ਾਲੀ ਤੇ ਜ਼ਾਬਤੇ ਵਿੱਚ ਰਿਹਾ ਭਾਵੇਂ ਕਿ ਇਹ ਅਰਦਾਸ ਦਿੱਤੇ ਹੋਏ 11:00 ਵਜੇ ਦੇ ਸਮੇਂ ਤੋ ਪਹਿਲਾਂ 10:00 ਵਜੇ ਹੀ ਕਰ ਦਿੱਤੀ ਗਈ ਸੀ। ਵਰਨਨਯੋਗ ਹੈ ਕਿ ਇਸ ਸਮਾਗਮ ਦੀ ਸ਼ੁਰੂਆਤ ਤਾਂ ਪਰਸੋਂ ਮਾਈ ਭਾਗੋ ਦੀਆਂ ਵਾਰਸ ਹੋ ਨਿੱਬੜੀਆਂ ਸਿੰਘਣੀਆਂ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਮਾਤਾ ਦੀ ਅਗਵਾਈ ਵਿੱਚ ਇਕ ਵੰਗਾਰ ਦੇ ਰੂਪ ਵਿੱਚ ਕੀਤੀ ਗਈ ਸੀ ਅਤੇ ਇਸ ਸ਼ੁਰੂਆਤ ਵਿੱਚ ਉਨ੍ਹਾਂ ਨੌਜਵਾਨਾਂ ਦੇ ਪਰਿਵਾਰਾਂ ਦੀਆਂ ਬੀਬੀਆਂ ਸ਼ਾਮਲ ਸੀ ਜਿਨ੍ਹਾਂ ਦੇ ਬੱਚੇ ਨਸ਼ਿਆਂ ਵਿੱਚ ਗ਼ਲਤਾਨ ਹੋ ਕੇ ਬਰਬਾਦ ਹੋ ਗਏ ਸਨ ਤੇ ਉਹ ਚਾਹੁੰਦੀਆਂ ਸਨ ਕਿ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਵਿੱਢਿਆ ਨਸ਼ਿਆਂ ਖ਼ਿਲਾਫ਼ ਸੰਘਰਸ਼ ਜਾਰੀ ਰਹੇ ਤਾਂ ਕਿ ਘੱਟੋ ਘਟ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਪੋਤਰੇ ਦੋਹਤਰੇ ਤਾਂ ਖ਼ਾਲਸਾ ਵਹੀਰ ਵਿੱਚ ਸ਼ਾਮਲ ਹੋ ਕੇ ਨਸ਼ਿਆਂ ਵਿੱਚ ਗ਼ਲਤਾਨ ਹੋਣ ਤੋਂ ਬੱਚ ਜਾਣ। ਪਰ ਅੱਜ ਦੇ ਸਮਾਗਮ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਸਰਦਾਰ ਤਰਸੇਮ ਸਿੰਘ ਬਾਬਾ ਬਖ਼ਸ਼ੀਸ਼ ਸਿੰਘ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਕਿਸਾਨ ਮੋਰਚੇ ਦੇ ਹੀਰੋ ਜੰਗੀ ਬਾਬਾ ਹਰਦੀਪ ਸਿੰਘ ਉਰਫ਼ ਚੜ੍ਹਤ ਸਿੰਘ ਖ਼ਾਲਸਾ, ਰਜਿੰਦਰ ਸਿੰਘ ਖ਼ਾਲਸਾ ਕੁਲਵਿੰਦਰ ਸਿੰਘ ਖ਼ਾਲਸਾ ਖ਼ਾਲਸਾ ਵਹੀਰ ਦੇ ਪੰਜਾਂ ਪਿਆਰਿਆਂ ਦੇ ਦੋਵੇਂ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਜੀ ਕੇ ਜਥੇ ਮਿਸਲ ਸਿੰਘ ਸ਼ਹੀਦਾਂ ਦੇ ਸਿੰਘਾਂ ਦਾ ਮਿਸ਼ਨ ਪੰਜਾਬ ਦਾ ਪੂਰਾ ਜਥਾ ਕੁਲਦੀਪ ਸਿੰਘ ਵਿਰਕ ਸਮੇਤ ਭਾਈ ਬਲਵੰਤ ਸਿੰਘ ਗੋਪਾਲਾ ਦਾ ਜਥਾ ਅਤੇ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਬੰਦ ਸਿੰਘਾਂ ਦੇ ਪਰਿਵਾਰਾਂ ਸਮੇਤ ਸੈਂਕੜੇ ਸਿੰਘ ਵੀ ਸਿੰਘਣੀਆਂ ਦੇ ਨਾਲ ਸ਼ਾਮਲ ਹੋਏ।

# ਨਸ਼ਿਆਂ ਦੇ ਸੰਕਟ ਨਾਲ ਜੂਝ ਰਹੇ ਨੇ ਦੇਸ਼ ਦੇ ਸਾਰੇ ਸਰਹੱਦੀ ਸੂਬੇ: ਜਸਟਿਸ ਕੌਲ

## 'ਨਸ਼ਿਆਂ ਵਿਰੁੱਧ ਪੰਜਾਬ ਦੀ ਮੁਹਿੰਮ ਵਿੱਚ ਨੌਜਵਾਨਾਂ ਦੀ ਭੂਮਿਕਾ' ਵਿਸ਼ੇ 'ਤੇ ਕਰਵਾਏ ਸੈਮੀਨਾਰ ਵਿੱਚ ਹਿੱਸਾ ਲਿਆ



ਅੰਮ੍ਰਿਤਸਰ : ਸੁਪਰੀਮ ਕੋਰਟ ਦੇ ਜੱਜ ਸੰਜੈ ਕਿਸ਼ਨ ਕੌਲ ਨੇ ਆਖਿਆ ਕਿ ਨਸ਼ਿਆਂ ਦੇ ਸੰਕਟ ਨਾਲ ਸਿਰਫ਼ ਪੰਜਾਬ ਹੀ ਨਹੀਂ ਸਗੋਂ ਦੇਸ਼ ਦੇ ਸਾਰੇ ਸਰਹੱਦੀ ਸੂਬੇ ਜੂਝ ਰਹੇ ਹਨ। ਉਨ੍ਹਾਂ ਕਿਹਾ ਕਿ ਦੁਸ਼ਮਣ ਤਾਕਤਾਂ ਆਉਣ ਵਾਲੀਆਂ ਪੁਸ਼ਤਾਂ ਨੂੰ ਤਬਾਹ ਕਰਨ ਲਈ ਨਸ਼ੇ ਦੀ ਸਪਲਾਈ ਦੇ ਰੂਪ ਵਿੱਚ ਲੜਾਈ ਲੜ ਰਹੀਆਂ ਹਨ। ਉਹ ਇੱਥੇ ਖਾਲਸਾ ਕਾਲਜ ਵਿੱਚ 'ਨਸ਼ਿਆਂ ਵਿਰੁੱਧ ਪੰਜਾਬ ਦੀ ਮੁਹਿੰਮ ਵਿੱਚ ਨੌਜਵਾਨਾਂ ਦੀ ਭੂਮਿਕਾ' ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਵਿੱਚ ਹਿੱਸਾ ਲੈਣ ਲਈ ਪੁੱਜੇ ਹੋਏ ਸਨ। ਦੱਸਣਯੋਗ ਹੈ ਕਿ ਜੱਜ ਸੰਜੈ ਕਿਸ਼ਨ ਕੌਲ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਚੇਅਰਮੈਨ ਵੀ ਹਨ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਨਸ਼ੇ ਸਿਰਫ ਪੰਜਾਬ ਦੀ ਹੀ ਸਮੱਸਿਆ ਨਹੀਂ, ਸਗੋਂ ਸਾਰੇ ਸਰਹੱਦੀ ਸੂਬਿਆਂ ਲਈ ਪ੍ਰੇਸ਼ਾਨੀ ਬਣੇ ਹੋਏ ਹਨ। ਉਨ੍ਹਾਂ ਦੱਸਿਆ ਕਿ ਕਸ਼ਮੀਰ 'ਚ ਵੀ ਹੁਣ ਨੌਜਵਾਨਾਂ ਨੂੰ ਨਸ਼ੇ ਦੀ ਲਤ ਲਗਾਈ ਜਾ ਰਹੀ ਹੈ ਅਤੇ ਦੂਸਰੀ ਸਰਹੱਦ ਨਾਲ ਲੱਗਦੀ ਪੱਟੀ ਵਿੱਚ ਖੰਘ ਵਾਲੀ ਦਵਾਈ ਦੇ ਰੂਪ ਵਿੱਚ ਨਸ਼ੇ ਦੀ ਸਪਲਾਈ ਹੋ ਰਹੀ ਹੈ। ਉਨ੍ਹਾਂ ਨੌਜਵਾਨਾਂ ਨੂੰ ਪੜ੍ਹਾਈ ਤੇ ਸਿਹਤ ਵੱਲ ਧਿਆਨ ਦੇਣ ਦੀ ਅਪੀਲ ਕੀਤੀ। ਉਨ੍ਹਾਂ ਮਾਪਿਆਂ ਨੂੰ ਬੱਚਿਆਂ ਉੱਪਰ ਅਤੇ ਪੁਲੀਸ ਨੂੰ ਸਕੂਲਾਂ ਤੇ ਕਾਲਜਾਂ ਦੇ ਨੇੜੇ ਨਜ਼ਰ ਰੱਖਣ ਦੀ ਨਸੀਹਤ ਦਿੱਤੀ। ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਕਾਰਜਕਾਰੀ ਚੇਅਰਮੈਨ ਤੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਜੱਜ ਗੁਰਮੀਤ ਸਿੰਘ ਸੰਧਾਵਾਲੀਆ ਨੇ ਪੁਲੀਸ ਕਮਿਸ਼ਨਰ ਨੌਨਿਹਾਲ ਸਿੰਘ ਵੱਲੋਂ ਅੰਮ ?ਰਤਿਸਰ 'ਚ ਸ਼ੁਰੂ ਕੀਤੀ ਨਸ਼ਾ ਵਿਰੋਧੀ ਮੁਹਿੰਮ 'ਹੋਪ' ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਦੀ ਸ਼ਲਾਘਾ ਕੀਤੀ। ਨੌਨਿਹਾਲ ਸਿੰਘ ਨੇ ਪੁਲੀਸ ਵੱਲੋਂ ਨਸ਼ੇ ਦੀ ਬਰਾਮਦਗੀ ਦੇ ਅੰਕੜੇ ਦੱਸਦੇ ਹੋਏ ਕਿਹਾ ਕਿ ਨਸ਼ੇ ਦੇ ਖਾਤਮੇ ਲਈ ਨਸ਼ੇ ਦੀ ਮੰਗ ਨੂੰ ਰੋਕਣਾ ਜ਼ਰੂਰੀ ਹੈ। ਬੀਐੱਸਐੱਫ ਦੇ ਆਈਜੀ ਡਾ. ਅਤੁਲ ਫੁਲਜਿਲੇ ਨੇ ਪੰਜਾਬ ਦੇ ਨੌਜਵਾਨਾਂ ਨੂੰ ਚੰਗੀ ਸੋਚ, ਚੰਗੇ ਦੋਸਤ ਅਤੇ ਚੰਗੀ ਸਿਹਤ ਬਨਾਉਣ ਦਾ ਸੱਦਾ ਦਿੱਤਾ। ਸੁਪਰੀਮ ਕੋਰਟ ਅਤੇ ਪੰਜਾਬ ਹਰਿਆਣਾ ਹਾਈਕੋਰਟ ਦੇ ਜੱਜਾਂ ਨੇ ਪਰਿਵਾਰਾਂ ਸਮੇਤ ਅੱਜ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਗੁਰੂਘਰ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੂਚਨਾ ਕੇਂਦਰ ਵਿੱਚ ਜੱਜ ਸਾਹਿਬਾਨ ਨੂੰ ਸਨਮਾਨਤਿ ਕੀਤਾ।

**ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਜੱਜਾਂ ਨੇ ਹਰਿਮੰਦਰ ਸਾਹਿਬ ਮੱਥਾ ਟੇਕਿਆ**

ਨਤਮਸਤਕ ਹੋਣ ਪੁੱਜੇ ਜੱਜਾਂ ਵਿਚ ਸੁਪਰੀਮ ਕੋਰਟ ਦੇ ਜਸਟਿਸ ਸੰਜੇ ਕਿਸ਼ਨ ਕੌਲ, ਪੰਜਾਬ ਹਰਿਆਣਾ ਹਾਈਕੋਰਟ ਦੇ ਕਾਰਜਕਾਰੀ ਚੀਫ਼ ਜਸਟਿਸ ਰਤੂ ਬਾਹਰੀ, ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਜਸਟਿਸ ਅਰੁਣ ਪੱਲੀ, ਜਸਟਿਸ ਅਮਨ ਚੌਧਰੀ, ਜਸਟਿਸ ਹਰਪ੍ਰੀਤ ਕੌਰ, ਜਸਟਿਸ ਹਰਮਨ ਸਿੰਘ ਸੇਠੀ ਅਤੇ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਮੈਂਬਰ ਸਕੱਤਰ ਸੰਤੋਸ਼ ਸਨੇਹੀ ਮਾਨ ਸ਼ਾਮਲ ਸਨ। ਨਤਮਸਤਕ ਹੋਣ ਉਪਰੰਤ ਜਸਟਿਸ ਸੰਜੇ ਕਿਸ਼ਨ ਕੌਲ ਅਤੇ ਜਸਟਿਸ ਰਤੂ ਬਾਹਰੀ ਨੇ ਯਾਤਰੂ ਬੁੱਕ ਵਿੱਚ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਲਿਖਿਆ ਕਿ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੇ ਪਰਿਵਾਰ ਨਾਲ ਨਤਮਸਤਕ ਹੋਏ ਹਨ ਅਤੇ ਗੁਰੂ ਸਾਹਿਬ ਤੋਂ ਆਸ਼ੀਰਵਾਦ ਪ੍ਰਾਪਤ ਕਰ ਕੇ ਖੁਸ਼ੀ ਪ੍ਰਾਪਤ ਹੋਈ ਹੈ।


ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ
ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।
ਬੰਦੀ ਛੋੜ ਦਿਵਸ ਅਤੇ
ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ
CAPITAL
Accounting & Tax Services
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
PH : 530-669-5780 Fax : 530-669-5775
Cell : 530-908-9386 Cell : 530-405-6020

# ਜੰਗ ਦੇ ਖਾਤਮੇ ਮਗਰੋਂ ਗਾਜ਼ਾ ਪੱਟੀ ਵਿੱਚ 'ਸੁਰੱਖਿਆ ਜ਼ਿੰਮੇਵਾਰੀ' ਲਵਾਂਗੇ: ਨੇਤਨਯਾਹੂ

## ਇਜ਼ਰਾਇਲੀ ਪ੍ਰਧਾਨ ਮੰਤਰੀ ਨੇ 'ਮੁਕੰਮਲ ਜੰਗਬੰਦੀ' ਤੋਂ ਕੀਤਾ ਇਨਕਾਰ





ਖਾਨ ਯੂਨਿਸ (ਗਾਜ਼ਾ ਪੱਟੀ) : ਪ੍ਰਧਾਨ ਮੰਤਰੀ ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਹਮਾਸ ਨਾਲ ਜਾਰੀ ਜੰਗ ਮੁੱਕਣ ਮਗਰੋਂ ਗਾਜ਼ਾ ਵਿੱਚ ਅਣਮਿੱਥੇ ਤੌਰ 'ਤੇ 'ਮੁਕੰਮਲ ਸੁਰੱਖਿਆ ਜ਼ਿੰਮੇਵਾਰੀ' ਲੈਣ ਲਈ ਤਿਆਰ ਹੈ। ਏਬੀਸੀ ਨਿਊਜ਼ ਨੂੰ ਦਿੱਤੀ ਇੰਟਰਵਿਊ, ਜੋ ਸੋਮਵਾਰ ਰਾਤ ਨੂੰ ਪ੍ਰਸਾਰਿਤ ਕੀਤੀ ਗਈ, ਵਿੱਚ ਨੇਤਨਯਾਹੂ ਨੇ ਕਿਹਾ ਕਿ ਉਹ ਵਿਚ ਵਿਚਾਲੇ ਜੰਗ ਨੂੰ 'ਛੋਟੇ ਛੋਟੇ ਵਿਰਾਮ' ਦੇਣ ਲਈ ਵੀ ਤਿਆਰ ਹਨ ਤਾਂ ਕਿ ਗਾਜ਼ਾ ਵਿੱਚ ਰਸਦ ਤੇ ਹੋਰ ਜ਼ਰੂਰੀ ਸਪਲਾਈ ਜਾਂ ਹਮਾਸ ਵੱਲੋਂ ਅਗਵਾ ਕੀਤੇ 240 ਤੋਂ ਵੱਧ ਬੰਧਕਾਂ ਦੀ ਰਿਹਾਈ ਯਕੀਨੀ ਬਣਾਈ ਜਾ ਸਕੇ। ਇਜ਼ਰਾਇਲੀ ਪ੍ਰਧਾਨ ਮੰਤਰੀ ਨੇ ਹਾਲਾਂਕਿ ਸਾਰੇ ਬੰਧਕਾਂ ਦੀ ਰਿਹਾਈ ਤੋਂ ਬਗੈਰ ਜੰਗਬੰਦੀ ਦੀ ਕਿਸੇ ਵੀ ਸੰਭਾਵਨਾ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ। ਇਜ਼ਰਾਇਲੀ ਹਮਲਿਆਂ ਵਿੱਚ ਪੂਰਾ ਗਾਜ਼ਾ ਸ਼ਹਿਰ ਮਲਬੇ ਵਿੱਚ ਤਬਦੀਲ ਹੋ ਚੁੱਕਾ ਹੈ। ਗਾਜ਼ਾ ਦੇ 23 ਲੱਖ ਲੋਕਾਂ ਵਿਚੋਂ 70 ਫੀਸਦ ਆਪਣੇ ਘਰ-ਬਾਰ ਛੱਡ ਚੁੱਕੇ ਹਨ। ਇਨ੍ਹਾਂ ਵਿਚੋਂ ਬਹੁਗਿਣਤੀ ਨੇ ਦੱਖਣੀ ਹਿੱਸੇ ਵੱਲ ਕੂਚ ਕੀਤਾ, ਪਰ ਉਸ ਹਿੱਸੇ ਵਿਚ ਵੀ ਬੰਬਾਰੀ ਜਾਰੀ ਹੈ। ਇਜ਼ਰਾਇਲੀ ਫੌਜ ਦੀ ਘੇਰਾਬੰਦੀ ਕਰਕੇ ਖੁਰਾਕ, ਦਵਾਈਆਂ, ਈਂਧਣ ਤੇ ਪਾਣੀ ਦੀ ਵੱਡੀ ਕਮੀ ਹੈ। ਸੰਯੁਕਤ ਰਾਸ਼ਟਰ ਵੱਲੋਂ ਸਕੂਲਾਂ ਵਿਚ ਚਲਾਏ ਜਾ ਰਹੇ ਰੈਣ-ਬਸੇਰੇ ਲੋਕਾਂ ਨਾਲ ਨੱਕੋ-ਨੱਕ ਭਰੇ ਹਨ। ਹਮਾਸ ਦੇ ਸਿਹਤ ਮੰਤਰਾਲੇ ਮੁਤਾਬਕ ਇਜ਼ਰਾਇਲੀ ਹਮਲਿਆਂ ਵਿੱਚ ਮਰਨ ਵਾਲੇ ਫਲਸਤੀਨੀਆਂ ਦੀ ਗਿਣਤੀ 10 ਹਜ਼ਾਰ ਨੂੰ ਟੱਪ ਗਈ ਹੈ, ਜਿਨ੍ਹਾਂ ਵਿੱਚ 4100 ਤੋਂ ਵੱਧ ਨਾਬਾਲਗ ਹਨ। 2300 ਤੋਂ ਵੱਧ ਲੋਕ ਲਾਪਤਾ ਹਨ ਤੇ ਮੰਨਿਆ ਜਾਂਦਾ ਹੈ ਕਿ ਉਹ ਖੰਡਰ ਬਣੀਆਂ ਇਮਾਰਤਾਂ ਦੇ ਮਲਬੇ ਹੇਠ ਦਫ਼ਨ ਹਨ। ਉਧਰ ਇਜ਼ਰਾਈਲ ਨੇ ਹਮਾਸ ਦੇ ਹਮਲਿਆਂ ਵਿਚ 1400 ਦੇ ਕਰੀਬ ਲੋਕਾਂ ਦੀ ਮੌਤ ਦਾ ਦਾਅਵਾ ਕੀਤਾ ਹੈ, ਜਿਨ੍ਹਾਂ ਵਿਚ ਬਹੁਗਿਣਤੀ ਆਮ ਨਾਗਰਿਕ ਹਨ। ਇਜ਼ਰਾਇਲੀ ਫੌਜਾਂ ਦਾ ਸਾਰਾ ਧਿਆਨ ਇਸ ਵੇਲੇ ਗਾਜ਼ਾ ਸ਼ਹਿਰ ਸਣੇ ਉੱਤਰੀ ਗਾਜ਼ਾ ਵੱਲ ਹੈ, ਜੋ ਜੰਗ ਤੋਂ ਪਹਿਲਾਂ ਕਰੀਬ ਸਾਢੇ ਛੇ ਲੱਖ ਲੋਕਾਂ ਦਾ ਘਰ ਸੀ। ਇਸ ਦੌਰਾਨ ਇਜ਼ਰਾਈਲ ਨੇ ਨੌਜਵਾਨ ਫਲਸਤੀਨੀ ਕਾਰਕੁਨ ਅਹਿਦ ਤਮੀਮੀ ਨੂੰ ਸੋਮਵਾਰ ਵੱਡੇ ਤੜਕੇ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਤਮੀਮੀ, ਜੋ ਹੁਣ 22 ਸਾਲਾਂ ਦੀ ਹੈ, ਅੱਠ ਮਹੀਨੇ ਜੇਲ੍ਹ ਵਿਚ ਰਹਿਣ ਮੌਕੇ ਇਕ ਸਿਪਾਹੀ ਨੂੰ ਥੱਪੜ ਮਾਰਨ ਕਰ ਕੇ ਸੁਰਖੀਆਂ 'ਚ ਆਈ ਸੀ। ਉਧਰ ਅਮਰੀਕਾ ਦੇ ਸੀਆਈਏ ਡਾਇਰੈਕਟਰ ਵਿਲੀਅਮ ਬਰਨਜ਼ ਨੇ ਮੱਧ ਪੂਰਬ ਦੀ ਆਪਣੀ ਫੇਰੀ ਮੌਕੇ ਇੰਟੈਲੀਜੈਂਸ ਭਾਈਵਾਲਾਂ ਤੇ ਵੱਖ ਵੱਖ ਮੁਲਕਾਂ ਦੇ ਆਗੂਆਂ ਨਾਲ ਮੁਲਾਕਾਤ ਕਰਕੇ ਇਜ਼ਰਾਇਲ-ਹਮਾਸ ਜੰਗ ਬਾਰੇ ਚਰਚਾ ਕੀਤੀ। ਉਧਰ ਦੱਖਣੀ ਅਫ਼ਰੀਕਾ ਨੇ ਇਜ਼ਰਾਈਲ ਵਿਚਲੇ ਆਪਣੇ ਕੂਟਨੀਤਕ ਮਿਸ਼ਨ ਨੂੰ ਵਾਪਸ ਸੱਦ ਲਿਆ ਹੈ। ਦੱਖਣੀ ਅਫਰੀਕਾ ਨੇ ਇਜ਼ਰਾਈਲ 'ਤੇ ਗਾਜ਼ਾ ਵਿੱਚ ਨਸਲਕੁਸ਼ੀ ਦਾ ਦੋਸ਼ ਲਾਇਆ ਸੀ।

# ਸਿੱਖਿਆ ਤੋਂ ਵਿਰਵੇ ਤੇ ਬੇਰੁਜ਼ਗਾਰਾਂ ਨੂੰ ਘੱਟ ਗਿਣਤੀ ਮੰਨਿਆ ਜਾਵੇ: ਗੁਰਬਚਨ ਜਗਤ



ਚੰਡੀਗੜ੍ਹ : ਇੱਥੇ ਪੰਜਾਬ ਯੂਨੀਵਰਸਿਟੀ ਵਿੱਚ 'ਨੌਜਵਾਨ ਅਤੇ ਰਾਸ਼ਟਰ ਨਿਰਮਾਣ: ਘੱਟ ਗਿਣਤੀਆਂ ਦੀ ਭੂਮਿਕਾ' ਵਿਸ਼ੇ 'ਤੇ ਇੱਕ ਸੈਮੀਨਾਰ ਕਰਵਾਇਆ। ਇਸ ਦੌਰਾਨ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਮਨੀਪੁਰ ਦੇ ਸਾਬਕਾ ਰਾਜਪਾਲ ਗੁਰਬਚਨ ਜਗਤ, ਵਧੀਕ ਸੌਲੀਸਿਟਰ ਆਫ਼ ਇੰਡੀਆ ਐਡਵੋਕੇਟ ਸੱਤਿਆਪਾਲ ਜੈਨ, ਸਾਬਕਾ ਆਈਪੀਐੱਸ ਅਧਿਕਾਰੀ ਮਨਮੋਹਨ ਸਿੰਘ ਅਤੇ ਯੂਨੀਵਰਸਿਟੀ ਦੀ ਡੀਨ (ਡੀਯੂਆਈ) ਪ੍ਰੋਫੈਸਰ ਰੁਮੀਨਾ ਸੇਠੀ ਨੇ ਸ਼ਿਰਕਤ ਕੀਤੀ।ਡੀਐੱਸਡਬਲਿਊ (ਵਿਮੈਨ) ਪ੍ਰੋ. ਸਿਮਰਤ ਕਾਹਲੋਂ ਨੇ ਕੋਆਰਡੀਨੇਟਰ ਦੀ ਭੂਮਿਕਾ ਨਿਭਾਈ। ਬੁਲਾਰਿਆਂ ਨੇ ਦੇਸ਼ ਦੇ ਵਿਕਾਸ ਵਿੱਚ ਘੱਟ ਗਿਣਤੀਆਂ ਦੀ ਭੂਮਿਕਾ 'ਤੇ ਵਿਚਾਰ ਸਾਂਝੇ ਕੀਤੇ।

ਮਨੀਪੁਰ ਦੇ ਸਾਬਕਾ ਰਾਜਪਾਲ ਗੁਰਬਚਨ ਜਗਤ ਨੇ ਕਿਹਾ ਕਿ ਸਿੱਖਿਆ ਤੋਂ ਵਿਰਵੇ ਅਤੇ ਬੇਰੁਜ਼ਗਾਰਾਂ ਨੂੰ ਘੱਟ ਗਿਣਤੀ ਮੰਨਿਆ ਜਾਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਨੌਕਰੀਆਂ ਸਿਰਜਣ ਲਈ ਸਰਕਾਰ ਜ਼ਿੰਮੇਵਾਰ ਨਹੀਂ ਹੈ ਬਲਕਿ ਇਹ ਨਿੱਜੀ ਖੇਤਰ ਦਾ ਕੰਮ ਹੈ। ਅੱਜ ਬਹੁ-ਗਿਣਤੀ ਵੀ ਆਤਮਨਿਰਭਰ ਨਹੀਂ ਹਨ ਜੋ ਸਾਡੇ ਦੇਸ਼ ਵਿੱਚ ਘੱਟ ਗਿਣਤੀਆਂ ਦੀ ਦੁਰਦਸ਼ਾ ਨੂੰ ਦਰਸਾਉਂਦਾ ਹੈ। ਇਸ ਮੌਕੇ ਸੱਤਿਆਪਾਲ ਜੈਨ ਨੇ ਆਪਸੀ ਭਾਈਚਾਰਕ ਸਾਂਝ 'ਤੇ ਜ਼ੋਰ ਦਿੱਤਾ। ਲਾਲਪੁਰਾ ਨੇ ਕਿਹਾ, 'ਅਸੀਂ ਤਾਂ ਹੀ ਤਰੱਕੀ ਕਰਾਂਗੇ ਜੇਕਰ ਅਸੀਂ ਧਰਮ ਨਾਲੋਂ ਦੇਸ਼ ਨੂੰ ਪਹਿਲ ਦੇਵਾਂਗੇ। ਸੋਸ਼ਲ ਮੀਡੀਆ ਸਾਨੂੰ ਇੱਕਜੁਟ ਰਾਸ਼ਟਰ ਬਣਾਉਣ ਦੀ ਥਾਂ ਤੋੜ ਰਿਹਾ ਹੈ।' ਸਾਬਕਾ ਆਈਪੀਐੱਸ ਅਧਿਕਾਰੀ ਮਨਮੋਹਨ ਸਿੰਘ ਨੇ ਕਿਹਾ ਕਿ ਸਾਨੂੰ ਰਾਸ਼ਟਰ ਨਿਰਮਾਣ ਵਿੱਚ ਔਰਤਾਂ ਦੀ ਭੂਮਿਕਾ ਦਾ ਮੁਲਾਂਕਣ ਕਰਨ ਅਤੇ ਇਸ ਨੂੰ ਪਛਾਣਨ ਦੀ ਲੋੜ ਹੈ।

# ਪੁਲਿਸ ਮੁਕਾਬਲੇ ਦੌਰਾਨ ਲਾਰੈਂਸ ਬਿਸ਼ਨੋਈ ਗਰੋਹ ਦਾ ਮੈਂਬਰ ਕਾਬੂ



ਜ਼ੀਰਕਪੁਰ : ਪੁਲਿਸ ਨੇ ਵੀਆਈਪੀ ਰੋਡ 'ਤੇ ਮੋਟਰਸਾਈਕਲ ਸਵਾਰ ਦੋ ਗੈਂਗਸਟਰਾਂ ਨਾਲ ਹੋਏ ਮੁਕਾਬਲੇ ਮਗਰੋਂ ਇਕ ਨੂੰ ਕਾਬੂ ਕਰ ਲਿਆ ਜਦਕਿ ਉਸ ਦਾ ਸਾਥੀ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਫ਼ਰਾਰ ਹੋ ਗਿਆ। ਪੁਲੀਸ ਵੱਲੋਂ ਫੜੇ ਗਏ ਗੈਂਗਸਟਰ ਦੀ ਪਛਾਣ ਮਨਜੀਤ ਸਿੰਘ ਵਾਸੀ ਪਿੰਡ ਖੇੜੀ ਗੁੱਜਰਾਂ, ਡੇਰਾਬੱਸੀ ਵਜੋਂ ਹੋਈ ਹੈ ਜੋ ਕਿ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗਰੋਹ ਨਾਲ ਸਬੰਧਤ ਹੈ। ਮੁਲਜ਼ਮ ਖ਼ਿਲਾਫ਼ ਪਹਿਲਾਂ ਵੀ ਕਈ ਕੇਸ ਦਰਜ ਹਨ ਤੇ ਉਹ ਹਾਲੇ ਕੁਝ ਸਮਾਂ ਪਹਿਲਾਂ ਹੀ ਜ਼ਮਾਨਤ 'ਤੇ ਜੇਲ੍ਹ ਤੋਂ ਬਾਹਰ ਆਇਆ ਹੈ। ਪੁਲੀਸ ਨੇ ਮੁਲਜ਼ਮ ਕੋਲੋਂ ਦੋ ਨਾਜਾਇਜ਼ ਪਿਸਤੌਲ ਅਤੇ ਕਾਰਤੂਸ ਬਰਾਮਦ ਕੀਤੇ ਹਨ। ਪੁਲੀਸ ਨੇ ਦੱਸਿਆ ਕਿ ਮੁਲਜ਼ਮ ਕੋਲੋਂ ਇਕ ਬਹੁਤ ਮਹਿੰਗੀ ਪਿਸਤੌਲ ਬਰਾਮਦ ਹੋਈ ਹੈ ਜਿਸ ਦੀ ਕੀਮਤ ਲੱਖਾਂ ਰੁਪਏ ਹੈ।

ਮੌਕੇ 'ਤੇ ਪਹੁੰਚੇ ਐੱਸ.ਪੀ. (ਦਿਹਾਤੀ) ਮਨਪ੍ਰੀਤ ਸਿੰਘ ਨੇ ਦੱਸਿਆ ਕਿ ਅੱਜ ਜ਼ੀਰਕਪੁਰ ਥਾਣਾ ਮੁਖੀ ਇੰਸਪੈਕਟਰ ਸਿਮਰਨਜੀਤ ਸਿੰਘ ਸ਼ੇਰਗਿੱਲ ਦੀ ਅਗਵਾਈ ਹੇਠ ਪੁਲੀਸ ਪਾਰਟੀ ਨੇ ਵੀਆਈਪੀ ਰੋਡ 'ਤੇ ਨਾਕਾ ਲਾਇਆ ਹੋਇਆ ਸੀ। ਇਸ ਦੌਰਾਨ ਅਚਾਨਕ ਪੁਲੀਸ ਪਾਰਟੀ ਨੂੰ ਦੇਖ ਕੇ ਮੋਟਰਸਾਈਕਲ ਸਵਾਰ ਦੋ ਨੌਜਵਾਨ ਤੇਜ਼ੀ ਨਾਲ ਵਾਪਸ ਮੁੜ ਕੇ ਭੱਜਣ ਦੀ ਕੋਸ਼ਿਸ਼ ਕਰਨ ਲੱਗੇ। ਪੁਲੀਸ ਪਾਰਟੀ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਇਹ ਨੌਜਵਾਨ ਵੀਆਈਪੀ ਰੋਡ ਤੋਂ ਪਿੰਡ ਰਾਮਗਗੜ੍ਹ ਭੁੱਡਾ ਵਾਲੀ ਸੜਕ ਵੱਲ ਭੱਜ ਪਏ। ਜਦੋਂ ਪੁਲੀਸ ਪਾਰਟੀ ਨੇ ਉਨ੍ਹਾਂ ਨੂੰ ਘੇਰਾ ਪਾ ਲਿਆ ਤਾਂ ਉਨ੍ਹਾਂ ਨੇ ਪੁਲੀਸ ਪਾਰਟੀ 'ਤੇ ਗੋਲੀਆਂ ਚਲਾ ਦਿੱਤੀਆਂ। ਜਵਾਬੀ ਫਾਇਰ ਵਿੱਚ ਪੁਲੀਸ ਦੀ ਗੋਲੀ ਗੈਂਗਸਟਰ ਮਨਜੀਤ ਦੀ ਲੱਤ 'ਤੇ ਲੱਗੀ ਤੇ ਉਹ ਹੇਠਾਂ ਡਿੱਗ ਗਿਆ ਜਦਕਿ ਉਸ ਦਾ ਸਾਥੀ ਹਨੇਰੇ ਦਾ ਫਾਇਦਾ ਉਠਾਉਂਦੇ ਹੋਏ ਫ਼ਰਾਰ ਹੋ ਗਿਆ। ਐੱਸ.ਪੀ. ਮਨਪ੍ਰੀਤ ਸਿੰਘ ਨੇ ਦੱਸਿਆ ਕਿ ਮੁਲਜ਼ਮ ਨੇ ਮੁਹਾਲੀ ਵਿੱਚ ਬ੍ਰਿਊ ਬਰੋਸ ਲਾਂਜ ਵਿੱਚ ਲੰਘੇ ਦਿਨੀਂ ਗੋਲੀਬਾਰੀ ਕੀਤੀ ਸੀ, ਜਿਸ ਨੂੰ ਪੁਲੀਸ ਨੇ ਲੰਘੇ ਸਾਲ ਮਈ ਮਹੀਨੇ ਕਾਬੂ ਕਰ ਲਿਆ ਸੀ। ਉਹ ਜੇਲ੍ਹ ਵਿੱਚੋਂ ਕੁਝ ਸਮੇਂ ਪਹਿਲਾਂ ਹੀ ਜ਼ਮਾਨਤ 'ਤੇ ਵਾਪਸ ਆਇਆ ਹੈ। ਪੁਲੀਸ ਨੇ ਦੱਸਿਆ ਕਿ ਮੁਲਜ਼ਮ ਕਿਸੇ ਵਾਰਦਾਤ ਨੂੰ ਅੰਜਾਮ ਦੇਣ ਦੀ ਫਿਰਾਕ ਵਿੱਚ ਸਨ ਪਰ ਉਸ ਤੋਂ ਪਹਿਲਾਂ ਹੀ ਉਹ ਪੁਲੀਸ ਦੇ ਧੱਕੇ ਚੜ੍ਹ ਗਏ। ਪੁਲੀਸ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਫ਼ਰਾਰ ਹੋਣ ਵਾਲੇ ਗੈਂਗਸਟਰ ਦੀ ਪਛਾਣ ਸੁਖਬੀਰ ਸਿੰਘ ਸੁੱਖੀ ਦੇ ਰੂਪ ਵਿੱਚ ਹੋਈ ਜਿਸ ਦੀ ਪੁਲੀਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

# ਪੰਜਾਬ, ਹਰਿਆਣਾ, ਯੂਪੀ ਤੇ ਰਾਜਸਥਾਨ ਸਰਕਾਰਾਂ ਤੁਰੰਤ ਪਰਾਲੀ ਸਾੜਨੀ ਬੰਦ ਕਰਵਾਉਣ: ਸੁਪਰੀਮ ਕੋਰਟ

ਨਵੀਂ ਦਿੱਲੀ : ਦਿੱਲੀ-ਐੱਨਸੀਆਰ ਵਿਚ ਲਗਾਤਾਰ ਵੱਧ ਰਹੇ ਹਵਾ ਪ੍ਰਦੂਸ਼ਣ ਸਬੰਧੀ ਸੁਪਰੀਮ ਕੋਰਟ ਨੇ ਪੰਜਾਬ, ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਸਰਕਾਰਾਂ ਨੂੰ ਤੁਰੰਤ ਪਰਾਲੀ ਸਾੜਨ ਤੋਂ ਰੋਕਣ ਲਈ ਕਿਹਾ ਹੈ। ਅਦਾਲਤ ਨੇ ਕਿਹਾ ਕਿ ਦਿੱਲੀ ਨੂੰ ਸਾਲ-ਦਰ-ਸਾਲ ਇਸ ਦੌਰ 'ਚੋਂ ਗੁਜ਼ਰਨ ਨਹੀਂ ਦਿੱਤਾ ਜਾ ਸਕਦਾ। ਸਰਵਉੱਚ ਅਦਾਲਤ ਨੇ ਕਿਹਾ



ਕਿ ਹਰ ਸਮੇਂ ਸਿਆਸੀ ਲੜਾਈ ਨਹੀਂ ਚੱਲ ਸਕਦੀ। ਅਸੀਂ ਚਾਹੁੰਦੇ ਹਾਂ ਕਿ ਪਰਾਲੀ ਸਾੜਨਾ ਬੰਦ ਹੋਵੇ। ਅਸੀਂ ਨਹੀਂ ਜਾਣਦੇ ਕਿ ਤੁਸੀਂ ਇਹ ਕਿਵੇਂ ਕਰੋਗੇ, ਇਹ ਤੁਹਾਡਾ ਕੰਮ ਹੈ ਪਰ ਇਸ ਨੂੰ ਰੁਕਣਾ ਚਾਹੀਦਾ ਹੈ ਅਤੇ ਤੁਰੰਤ ਕੁੱਝ ਕੀਤਾ ਜਾਵੇ। ਅਦਾਲਤ ਨੇ ਦਿੱਲੀ ਸਰਕਾਰ ਨੂੰ ਇਹ ਵੀ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਕਿ ਨਗਰ ਨਿਗਮ ਦਾ ਕੂੜਾ ਖੁੱਲ੍ਹੇ ਵਿੱਚ ਨਾ ਸਾੜਿਆ ਜਾਵੇ।

# ਸਮੇਂ ਸਿਰ ਕਾਰਵਾਈ ਕਰਨ ਰਾਜਪਾਲ: ਸੁਪਰੀਮ ਕੋਰਟ

## ਪੰਜਾਬ 'ਚ ਬਿੱਲਾਂ ਨੂੰ ਮਨਜ਼ੂਰੀ ਨਾ ਦੇਣ 'ਤੇ ਸਿਖਰਲੀ ਅਦਾਲਤ ਨੇ ਜਤਾਈ ਨਾਰਾਜ਼ਗੀ

- ਕੇਸ 'ਤੇ 10 ਨਵੰਬਰ ਨੂੰ ਅੱਗੇ ਹੋਵੇਗੀ ਸੁਣਵਾਈ
- ਪੁਰੋਹਿਤ ਨੇ ਪਹਿਲਾਂ ਸੈਸ਼ਨ ਸੱਦਣ 'ਤੇ ਵੀ ਚੁੱਕੇ ਸਨ ਸਵਾਲ

ਚੰਡੀਗੜ੍ਹ : ਸੁਪਰੀਮ ਕੋਰਟ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਦੇ ਫ਼ੈਸਲੇ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਦੀ ਸੁਣਵਾਈ ਮੌਕੇ ਨਾਰਾਜ਼ਗੀ ਜ਼ਾਹਿਰ ਕੀਤੀ ਕਿ ਸੂਬਾ ਸਰਕਾਰਾਂ ਨੂੰ ਅਦਾਲਤਾਂ ਤੱਕ ਪਹੁੰਚ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਹੇਠਲੇ ਬੈਂਚ ਨੇ ਪੰਜਾਬ ਦੇ ਰਾਜਪਾਲ ਖ਼ਿਲਾਫ਼ ਤਲਖ਼ ਰੌਂਅ ਦਿਖਾਉਂਦਿਆਂ ਕਿਹਾ ਕਿ ਰਾਜਪਾਲਾਂ ਨੂੰ ਚਾਹੀਦਾ ਹੈ ਕਿ ਉਹ ਬਿੱਲਾਂ ਨਾਲ ਜੁੜੇ ਮਾਮਲਿਆਂ ਨੂੰ ਸਿਖਰਲੀ ਅਦਾਲਤ ਤੱਕ ਨਾ ਪਹੁੰਚਣ ਦੇਣ। ਉਨ੍ਹਾਂ ਕਿਹਾ ਕਿ ਰਾਜਪਾਲ ਉਦੋਂ ਹੀ ਕਾਰਵਾਈ ਅਮਲ 'ਚ ਲਿਆਂਦੇ ਹਨ ਜਦੋਂ ਮਾਮਲਾ ਸੁਪਰੀਮ ਕੋਰਟ ਪਹੁੰਚ ਜਾਂਦਾ ਹੈ। ਸਿਖਰਲੀ ਅਦਾਲਤ ਨੇ ਸਵਾਲ ਕੀਤਾ ਕਿ ਸੂਬਾ ਸਰਕਾਰਾਂ ਵੱਲੋਂ ਅਦਾਲਤਾਂ ਤੱਕ ਪਹੁੰਚ ਕਰਨ ਤੋਂ ਬਾਅਦ ਹੀ ਰਾਜਪਾਲ ਬਿੱਲਾਂ 'ਤੇ ਕਿਉਂ ਕਾਰਵਾਈ ਕਰਦੇ ਹਨ? ਇਸ ਤਰ੍ਹਾਂ ਦਾ ਰੁਝਾਨ ਬੰਦ ਹੋਣਾ ਚਾਹੀਦਾ ਹੈ। ਬੈਂਚ ਵੱਲੋਂ ਰਾਜਪਾਲ ਖ਼ਿਲਾਫ਼ ਕੀਤੀਆਂ ਗਈਆਂ ਟਿੱਪਣੀਆਂ ਨੇ ਸੂਬਾ ਸਰਕਾਰ ਦਾ ਧਰਵਾਸ ਬੰਨ੍ਹਿਆ ਹੈ ਅਤੇ ਉਸ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਵਿਧਾਨ ਸਭਾ ਵਿਚ ਲਏ ਗਏ ਸਟੈਂਡ 'ਤੇ ਵੀ ਇੱਕ ਤਰ੍ਹਾਂ ਨਾਲ ਮੋਹਰ ਲਾ ਦਿੱਤੀ ਹੈ। ਰਾਜਪਾਲ ਤਰਫ਼ੋਂ ਅਦਾਲਤ ਵਿਚ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਪੇਸ਼ ਹੋਏ ਜਿਨ੍ਹਾਂ ਦਲੀਲ ਦਿੱਤੀ ਕਿ ਪੰਜਾਬ ਸਰਕਾਰ ਵੱਲੋਂ ਭੇਜੇ ਗਏ ਬਿੱਲਾਂ 'ਤੇ ਰਾਜਪਾਲ ਨੇ ਢੁੱਕਵੇਂ ਫ਼ੈਸਲੇ ਲਏ ਹਨ ਅਤੇ ਸੂਬਾ ਸਰਕਾਰ ਨੇ ਬਿਨਾਂ ਕਿਸੇ ਕਾਰਨ ਦੇ ਪਟੀਸ਼ਨ ਦਾਇਰ ਕੀਤੀ ਹੈ। ਮਹਿਤਾ ਨੇ ਕਿਹਾ ਕਿ ਉਹ ਸ਼ੁੱਕਰਵਾਰ ਤੱਕ ਬਿੱਲਾਂ ਦੀ



ਸਹੀ ਸਥਿਤੀ ਲੈ ਕੇ ਆਉਣਗੇ। ਬੈਂਚ ਨੇ ਕਿਹਾ ਕਿ ਬਿੱਲਾਂ 'ਤੇ ਤਾਜ਼ਾ ਸਟੇਟਸ ਰਿਪੋਰਟ ਪੇਸ਼ ਕੀਤੀ ਜਾਵੇ। ਸੁਪਰੀਮ ਕੋਰਟ ਵਿਚ ਕੇਸ ਦੀ ਅਗਲੀ ਸੁਣਵਾਈ ਹੁਣ 10 ਨਵੰਬਰ ਨੂੰ ਹੋਵੇਗੀ ਜਿਸ ਦਿਨ ਕੇਰਲਾ ਤੇ ਤਾਮਿਲਨਾਡੂ ਸਰਕਾਰ ਵੱਲੋਂ ਦਾਖ਼ਲ ਪਟੀਸ਼ਨਾਂ 'ਤੇ ਵੀ ਸੁਣਵਾਈ ਹੋਵੇਗੀ। ਤੁਸ਼ਾਰ ਮਹਿਤਾ ਨੇ ਇਹ ਵੀ ਕਿਹਾ ਕਿ ਬਜਟ ਸੈਸ਼ਨ ਲਗਾਤਾਰ ਅੱਗੇ ਵਧਾਉਣ ਦਾ ਦਸਤੂਰ ਸੰਵਿਧਾਨ ਦੇ ਖ਼ਿਲਾਫ਼ ਹੈ। ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਅਤੇ ਸੂਬੇ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਕਿਹਾ ਕਿ ਰਾਜਪਾਲ ਨੇ ਵਿੱਤੀ ਪ੍ਰਬੰਧਨ ਅਤੇ ਜੀਐੱਸਟੀ ਸੋਧਾਂ ਨਾਲ ਸਬੰਧ ਰਖਦੇ ਬਿੱਲਾਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਿਸ ਨਾਲ ਪ੍ਰਸ਼ਾਸਨ ਦਾ ਕੰਮਕਾਰ ਪ੍ਰਭਾਵਿਤ ਹੁੰਦਾ ਹੈ। ਉਨ੍ਹਾਂ ਕਿਹਾ ਕਿ 24 ਜੁਲਾਈ ਨੂੰ ਚਾਰ ਬਿੱਲ ਪਾਸ ਹੋਣ ਮਗਰੋਂ ਰਾਜਪਾਲ ਨੂੰ ਭੇਜੇ ਗਏ ਸਨ ਪ੍ਰੰਤੂ ਰਾਜਪਾਲ ਨੇ ਸੰਵਿਧਾਨ ਦੀ ਧਾਰਾ 200 ਅਧੀਨ ਇਨ੍ਹਾਂ ਬਿੱਲਾਂ 'ਤੇ ਕੋਈ ਫ਼ੈਸਲਾ ਨਹੀਂ ਲਿਆ। ਬੈਂਚ, ਜਿਸ ਵਿਚ ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਵੀ ਸ਼ਾਮਲ ਹਨ, ਨੇ ਕਿਹਾ ਕਿ ਰਾਜਪਾਲਾਂ ਨੂੰ ਅਦਾਲਤ ਵਿਚ ਕੇਸ ਆਉਣ ਤੋਂ ਪਹਿਲਾਂ ਕਾਰਵਾਈ ਕਰਨੀ ਚਾਹੀਦੀ ਹੈ। ਇਹ ਧਾਰਨਾ ਬਣ ਗਈ ਹੈ ਕਿ ਰਾਜਪਾਲ ਉਸ ਵੇਲੇ ਹੀ ਹਰਕਤ ਵਿਚ ਆਉਂਦੇ ਹਨ ਜਦੋਂ ਮਾਮਲਾ ਸੁਪਰੀਮ ਕੋਰਟ ਚਲਾ ਜਾਂਦਾ ਹੈ, ਅਜਿਹੀ ਧਾਰਨਾ ਖ਼ਤਮ ਹੋਣੀ ਚਾਹੀਦੀ ਹੈ। ਬੈਂਚ ਨੇ ਤਿਲੰਗਾਨਾ ਦੇ ਹਵਾਲੇ ਨਾਲ ਕਿਹਾ ਕਿ ਉੱਥੇ ਵੀ ਅਜਿਹੀ ਸਥਿਤੀ ਬਣੀ ਸੀ ਜਦੋਂ ਸੂਬਾ ਸਰਕਾਰ ਵੱਲੋਂ ਪਟੀਸ਼ਨ ਦਾਖ਼ਲ ਕਰਨ ਮਗਰੋਂ ਹੀ ਬਕਾਇਆ ਬਿੱਲਾਂ 'ਤੇ ਕਾਰਵਾਈ ਹੋਈ ਸੀ। ਦੱਸਣਯੋਗ ਹੈ ਕਿ ਇਹ ਦੂਜੀ ਵਾਰ ਹੈ ਜਦੋਂ ਪੰਜਾਬ ਸਰਕਾਰ ਨੂੰ ਰਾਜਪਾਲ ਖ਼ਿਲਾਫ਼ ਸੁਪਰੀਮ ਕੋਰਟ ਜਾਣਾ ਪਿਆ ਹੈ। ਪਹਿਲਾਂ ਜਦੋਂ ਬਜਟ ਸੈਸ਼ਨ 'ਚ ਰਾਜਪਾਲ ਨੇ ਅੜਿੱਕਾ ਪਾਇਆ ਸੀ ਤਾਂ ਉਸ ਵੇਲੇ ਵੀ ਸੂਬਾ ਸਰਕਾਰ ਨੇ ਸੁਪਰੀਮ ਕੋਰਟ ਦਾ ਰੁਖ਼ ਕੀਤਾ ਸੀ। ਉਸ ਸਮੇਂ ਵੀ ਰਾਜਪਾਲ ਨੇ ਕੇਸ ਦੀ ਸਿਖਰਲੀ ਅਦਾਲਤ 'ਚ ਸੁਣਵਾਈ ਤੋਂ ਪਹਿਲਾਂ ਹੀ ਸੈਸ਼ਨ ਲਈ ਪ੍ਰਵਾਨਗੀ ਦੇ ਦਿੱਤੀ ਸੀ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਤਿੰਨ ਮਨੀ ਬਿੱਲ ਰਾਜਪਾਲ ਦੀ ਅਗਾਊਂ ਪ੍ਰਵਾਨਗੀ ਲਈ ਭੇਜੇ ਸਨ ਪ੍ਰੰਤੂ ਰਾਜਪਾਲ ਨੇ 18 ਅਕਤੂਬਰ ਨੂੰ ਉਨ੍ਹਾਂ 'ਤੇ ਇਤਰਾਜ਼ ਲਗਾ ਦਿੱਤਾ ਸੀ। ਰਾਜਪਾਲ ਨੇ 20-21 ਅਕਤੂਬਰ ਵਾਲੇ ਵਿਧਾਨ ਸਭਾ ਸੈਸ਼ਨ ਨੂੰ ਗ਼ੈਰਕਾਨੂੰਨੀ ਕਰਾਰ ਦੇ ਦਿੱਤਾ ਸੀ ਅਤੇ ਸੈਸ਼ਨ ਦੇ ਪਹਿਲੇ ਦਿਨ ਸਦਨ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਰਾਜਪਾਲ ਦੇ ਅਯੋਗ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਦਾ ਐਲਾਨ ਕੀਤਾ ਸੀ। ਉਸ ਮਗਰੋਂ ਪੰਜਾਬ ਸਰਕਾਰ ਨੇ 28 ਅਕਤੂਬਰ ਨੂੰ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਕੇਸ ਦੀ ਸੁਣਵਾਈ ਤੋਂ ਪਹਿਲਾਂ ਹੀ ਪਿਛਲੇ ਦਿਨੀਂ ਰਾਜਪਾਲ ਨੇ ਦੋਵੇਂ ਮਨੀ ਬਿੱਲਾਂ 'ਤੇ ਮੋਹਰ ਲਗਾ ਦਿੱਤੀ ਸੀ।

### 'ਰਾਜਪਾਲ ਚੁਣੇ ਹੋਏ ਨੁਮਾਇੰਦੇ ਨਹੀਂ'



ਬੈਂਚ ਨੇ ਕਿਹਾ ਕਿ ਰਾਜਪਾਲਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਚੁਣੇ ਹੋਏ ਨੁਮਾਇੰਦੇ ਨਹੀਂ ਹਨ ਅਤੇ ਉਨ੍ਹਾਂ ਨੂੰ ਅੰਤਰ ਝਾਤ ਮਾਰਨੀ ਚਾਹੀਦੀ ਹੈ। ਚੀਫ਼ ਜਸਟਿਸ ਨੇ ਕਿਹਾ, "ਅਸੀਂ ਸਭ ਤੋਂ ਪੁਰਾਣੀ ਜਮਹੂਰੀਅਤ ਹਾਂ ਅਤੇ ਅਜਿਹੇ ਮੁੱਦਿਆਂ ਨੂੰ ਮੁੱਖ ਮੰਤਰੀ ਅਤੇ ਰਾਜਪਾਲ ਵੱਲੋਂ ਸੁਲਝਾਇਆ ਜਾਣਾ ਚਾਹੀਦਾ ਹੈ।" ਸੁਪਰੀਮ ਕੋਰਟ ਦੀਆਂ ਟਿੱਪਣੀਆਂ ਨਾਲ ਆਉਂਦੇ ਦਿਨਾਂ ਵਿਚ ਰਾਜਪਾਲ ਦਾ ਰੁਖ਼ ਨਰਮ ਪੈਣ ਦੀ ਸੰਭਾਵਨਾ ਬਣ ਗਈ ਹੈ।

### ਸੁਪਰੀਮ ਕੋਰਟ ਦਾ ਫੈਸਲਾ ਲੋਕਤੰਤਰ ਦੀ ਜਿੱਤ: 'ਆਪ'

ਚੰਡੀਗੜ੍ਹ : 'ਆਪ' ਨੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਪੰਜਾਬ ਦੇ ਲੋਕਾਂ ਅਤੇ ਲੋਕਤੰਤਰ ਦੀ ਜਿੱਤ ਕਰਾਰ ਦਿੱਤਾ ਹੈ। 'ਆਪ' ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਦੇਸ਼ ਦਾ ਸੰਵਿਧਾਨ ਸੂਬੇ 'ਤੇ ਰਾਜ ਕਰਨ ਦਾ ਅਧਿਕਾਰ ਲੋਕਾਂ ਵੱਲੋਂ ਚੁਣੇ ਗਏ ਨੁਮਾਇੰਦਿਆਂ ਨੂੰ ਦਿੰਦਾ ਹੈ, ਪਰ ਬਦਕਿਸਮਤੀ ਨਾਲ ਮੋਦੀ ਸਰਕਾਰ ਲਗਾਤਾਰ ਆਪਣੇ ਰਾਜਪਾਲਾਂ ਦੇ ਜ਼ਰੀਏ ਵਿਰੋਧੀ ਸ਼ਾਸਤਿ ਰਾਜਾਂ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਰਾਜਪਾਲ ਤੋਂ ਸਿਆਸੀ ਦਖਲਅੰਦਾਜ਼ੀ ਕਰਵਾ ਕੇ ਅਹੁਦੇ ਦੀ ਸ਼ਾਨ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਰਾਜਪਾਲ ਦਾ ਸਮਰਥਨ ਕਰਨ ਲਈ ਵਿਰੋਧੀ ਧਿਰ ਦੇ ਆਗੂਆਂ ਦੀ ਵੀ ਆਲੋਚਨਾ ਕੀਤੀ ਅਤੇ ਕਿਹਾ ਕਿ ਉਹ ਪੰਜਾਬ ਦੇ ਲੋਕਾਂ ਤੋਂ ਮੁਆਫ਼ੀ ਮੰਗਣ।

# ਰਾਜੋਆਣਾ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਪੱਤਰ ਲਿਖਿਆ



ਪਟਿਆਲਾ : ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ 'ਚ ਫਾਂਸੀ ਦੀ ਸਜ਼ਾ ਤਹਿਤ ਕੇਂਦਰੀ ਜੇਲ੍ਹ ਪਟਿਆਲਾ 'ਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਇਕ ਪੱਤਰ ਲਿਖਿਆ ਹੈ। ਪੱਤਰ ਰਾਹੀਂ ਉਨ੍ਹਾਂ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਉਸ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ 'ਚ ਤਬਦੀਲ ਕਰਨ ਲਈ 12 ਸਾਲ ਪਹਿਲਾਂ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰਾਸ਼ਟਰਪਤੀ ਕੋਲ ਦਾਇਰ ਕੀਤੀ ਰਿੱਟ ਪਟੀਸ਼ਨ ਵਾਪਸ ਲੈਣ ਦੇ ਆਦੇਸ਼ ਜਾਰੀ ਕਰਨ। ਭਾਈ ਰਾਜੋਆਣਾ ਨੇ ਚਤਿਾਵਨੀ ਵੀ ਦਿੱਤੀ ਹੈ ਕਿ ਜੇਕਰ ਹਫ਼ਤੇ 'ਚ ਅਜਿਹਾ ਆਦੇਸ਼ ਨਾ ਜਾਰੀ ਹੋਇਆ ਤਾਂ ਉਹ ਭੁੱਖ ਹੜਤਾਲ ਲਈ ਮਜਬੂਰ ਹੋਣਗੇ। ਜ਼ਿਕਰਯੋਗ ਹੈ ਕਿ ਬੇਅੰਤ ਸਿੰਘ ਕਤਲ ਕੇਸ ਵਿੱਚ 22 ਦਸੰਬਰ 1995 ਨੂੰ ਗ੍ਰਿਫ਼ਤਾਰ ਕੀਤੇ ਗਏ ਰਾਜੋਆਣਾ ਨੂੰ 31 ਜੁਲਾਈ 2007 ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਇਸ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਭਾਈ ਰਾਜੋਆਣਾ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰਨ ਸਬੰਧੀ ਦਾਇਰ ਕੀਤੀ ਗਈ ਰਹਿਮ ਦੀ ਅਪੀਲ 'ਤੇ ਰਾਸ਼ਟਰਪਤੀ ਨੇ ਫਾਂਸੀ ਤੋਂ ਦੋ ਦਿਨ ਪਹਿਲਾਂ ਰੋਕ ਲਾ ਕੇ ਰਾਏ ਜਾਣਨ ਲਈ ਫਾਈਲ ਕੇਂਦਰੀ ਗ੍ਰਹਿ ਮੰਤਰਾਲੇ ਕੋਲ ਭੇਜ ਦਿੱਤੀ ਸੀ, ਜੋ ਵਿਚਾਰ ਅਧੀਨ ਹੈ। ਅੱਜ ਜਥੇਦਾਰ ਨੂੰ ਰਾਜੋਆਣਾ ਨੇ ਲਿਖਿਆ ਕਿ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਸਮੇਤ ਹੋਰ ਧਾਰਮਿਕ ਸੰਸਥਾਵਾਂ ਦੇ ਪ੍ਰਮੁੱਖ ਆਗੂ 12 ਸਾਲਾਂ ਬਾਅਦ ਵੀ ਫ਼ੈਸਲਾ ਨਹੀਂ ਕਰਵਾ ਸਕੇ। ਉਨ੍ਹਾਂ ਦਾ ਕਹਿਣਾ ਹੈ ਕਿ ਪੰਥਕ ਆਗੂਆਂ ਦੀ ਦਿੱਲੀ ਦੇ ਹੁਕਮਰਾਨਾਂ ਦੀ ਨਜ਼ਰ 'ਚ ਕੋਈ ਅਹਿਮੀਅਤ ਨਹੀਂ ਹੈ। ਕਾਬਿਲੇਗੌਰ ਹੈ ਕਿ 2019 'ਚ ਮੋਦੀ ਸਰਕਾਰ ਨੇ ਰਾਜੋਆਣਾ ਸਮੇਤ ਅੱਠ ਸਿੱਖ ਆਗੂਆਂ ਦੀ ਸਜ਼ਾ ਘਟਾਉਣ ਅਤੇ ਮੁਆਫ਼ ਕਰਨ ਦਾ ਫ਼ੈਸਲਾ ਲਿਆ ਸੀ, ਪਰ ਉਹ ਅਜੇ ਤੱਕ ਲਾਗੂ ਨਹੀਂ ਹੋਇਆ।

# ਕੈਬਨਿਟ ਮੰਤਰੀ ਮੀਤ ਹੇਅਰ ਤੇ ਡਾ. ਗੁਰਵੀਨ ਕੌਰ ਵਿਆਹ ਬੰਧਨ ਵਿੱਚ ਬੱਝੇ

ਚੰਡੀਗੜ੍ਹ : ਪੰਜਾਬ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਅੱਜ ਵਿਆਹ ਬੰਧਨ ਵਿੱਚ ਬੱਝ ਗਏ ਹਨ। ਮੀਤ ਹੇਅਰ ਦਾ ਵਿਆਹ ਉੱਤਰ ਪ੍ਰਦੇਸ਼ ਦੇ ਮੇਰਠ 'ਚ ਰਹਿਣ ਵਾਲੇ ਭੁਪਿੰਦਰ ਸਿੰਘ ਬਾਜਵਾ ਦੀ ਧੀ ਡਾ. ਗੁਰਵੀਨ ਕੌਰ ਨਾਲ ਹੋਇਆ ਹੈ। ਖੇਡ ਮੰਤਰੀ ਨੇ ਚੰਡੀਗੜ੍ਹ ਦੇ ਸੈਕਟਰ-9 ਸਥਿਤ ਕੋਠੀ ਵਿੱਚ ਪਰਿਵਾਰਕ ਮੈਂਬਰਾਂ ਦੀ ਮੌਜੂਦਗੀ 'ਚ ਲਾਵਾਂ ਲਈਆਂ। ਇਸ ਮੌਕੇ ਭਾਈ ਬਲਵਿੰਦਰ ਸਿੰਘ ਰੰਗੀਲਾ ਨੇ ਸ਼ਬਦ ਕੀਰਤਨ ਕੀਤਾ। ਜਾਣਕਾਰੀ ਅਨੁਸਾਰ ਵਿਆਹ ਦੀ ਪਾਰਟੀ ਮੁਹਾਲੀ ਦੇ ਨਵਾਂ ਗਾਉਂ ਸਥਿਤ ਇਕ ਰਿਜ਼ੌਰਟ ਵਿੱਚ ਕੀਤੀ ਗਈ ਹੈ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੀ ਪਤਨੀ ਡਾ. ਗੁਰਪ੍ਰੀਤ ਕੌਰ ਤੇ ਭੈਣ ਮਨਪ੍ਰੀਤ ਕੌਰ ਨਾਲ ਸ਼ਮੂਲੀਅਤ ਕਰਕੇ ਨਵ-ਵਿਆਹੇ ਜੋੜੇ ਨੂੰ ਵਧਾਈ ਦਿੱਤੀ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਅਮਨ ਅਰੋੜਾ, ਡਾ. ਬਲਬੀਰ ਸਿੰਘ, ਬ੍ਰਹਮ ਸ਼ੰਕਰ ਜਿੰਪਾ, ਕੁਲਦੀਪ ਸਿੰਘ ਧਾਲੀਵਾਲ, ਲਾਲਜੀਤ ਸਿੰਘ ਭੁੱਲਰ, ਚੇਤਨ ਸਿੰਘ ਜੌੜਾਮਾਜਰਾ, ਅਨਮੋਲ ਗਗਨ ਮਾਨ, ਗੁਰਮੀਤ ਸਿੰਘ ਖੁੱਡੀਆਂ ਤੇ ਲਾਲ ਚੰਦ ਕਟਾਰੂਚੱਕ ਤੋਂ ਇਲਾਵਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ, ਮੁੱਖ ਸਕੱਤਰ ਅਨੁਰਾਗ ਵਰਮਾ, ਡੀਜੀਪੀ ਗੌਰਵ ਯਾਦਵ ਨੇ ਸਮਾਗਮ 'ਚ ਸ਼ਾਮਲ ਹੋ ਕੇ ਮੀਤ ਹੇਅਰ ਤੇ ਡਾ. ਗੁਰਵੀਨ ਕੌਰ ਨੂੰ ਮੁਬਾਰਕਬਾਦ ਦਿੱਤੀ। ਜ਼ਿਕਰਯੋਗ ਹੈ ਕਿ ਡਾ. ਗੁਰਵੀਨ ਕੌਰ ਪੇਸ਼ੇ ਵਜੋਂ ਗੁਰੂਗ੍ਰਾਮ ਦੇ ਮੇਦਾਂਤਾ ਹਸਪਤਾਲ ਵਿੱਚ ਰੇਡੀਆਲੋਜਿਸਟ ਹਨ ਜਦੋਂ ਕਿ ਉਨ੍ਹਾਂ ਦੇ ਪਿਤਾ ਭੁਪਿੰਦਰ ਸਿੰਘ ਬਾਜਵਾ ਮੇਰਠ 'ਚ ਗੌਡਵਿਨ ਗਰੁੱਪ ਦੇ ਡਾਇਰੈਕਟਰ ਹਨ ਅਤੇ ਭਾਰਤੀ ਓਲੰਪਿਕ ਐਸੋਸੀਏਸ਼ਨ 'ਚ ਕਾਰਜਕਾਰਨੀ ਕਮੇਟੀ ਦੇ ਮੈਂਬਰ ਵਜੋਂ ਵੀ



ਸੇਵਾਵਾਂ ਨਿਭਾਅ ਰਹੇ ਹਨ। ਜਾਣਕਾਰੀ ਅਨੁਸਾਰ ਖੇਡ ਮੰਤਰੀ ਮੀਤ ਹੇਅਰ ਵੱਲੋਂ 8 ਨਵੰਬਰ ਨੂੰ ਡੇਰਾਬੱਸੀ ਸਥਿਤ ਇਕ ਪੈਲੇਸ ਵਿੱਚ ਰਿਸੈਪਸ਼ਨ ਪਾਰਟੀ ਰੱਖੀ ਗਈ ਹੈ, ਜਿੱਥੇ ਸੀਮਤ ਅਧਿਕਾਰੀਆਂ, ਸਿਆਸੀ ਆਗੂਆਂ ਤੇ ਨਜ਼ਦੀਕੀਆਂ ਨੂੰ ਸੱਦਿਆ ਗਿਆ ਹੈ। ਅੱਜ ਵੀ ਵਿਆਹ ਦੀ ਪਾਰਟੀ 'ਚ ਪਰਿਵਾਰਕ ਮੈਂਬਰਾਂ ਤੋਂ ਇਲਾਵਾ ਮੁੱਖ ਮੰਤਰੀ, ਕੈਬਨਿਟ ਮੰਤਰੀ ਸਣੇ ਬਹੁਤ ਕਰੀਬੀਆਂ ਨੂੰ ਸੱਦਿਆ ਗਿਆ ਸੀ।

**ਨਵਾਂ ਗਾਉਂ ਵਿੱਚ ਪੁਲੀਸ ਵੱਲੋਂ ਸਖ਼ਤ ਸੁਰੱਖਿਆ ਪ੍ਰਬੰਧ** : ਨਵਾਂ ਗਾਉਂ ਵਿੱਚ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਵਿਆਹ ਦੀ ਪਾਰਟੀ ਦੇ ਸਬੰਧ 'ਚ ਚੰਡੀਗੜ੍ਹ ਤੋਂ ਲੈ ਕੇ ਕਰੀਬ ਚਾਰ ਤੋਂ ਪੰਜ ਕਿੱਲੋਮੀਟਰ ਦੇ ਦਾਇਰੇ ਵਿੱਚ ਪੰਜਾਬ ਪੁਲੀਸ ਦੇ ਮੁਲਾਜ਼ਮ ਸੁਰੱਖਿਆ ਵਜੋਂ ਤਾਇਨਾਤ ਰਹੇ। ਜਾਣਕਾਰੀ ਅਨੁਸਾਰ ਚੰਡੀਗੜ੍ਹ ਦੇ ਪਿੰਡ ਖੁੱਡਾ ਲਾਹੌਰਾ ਤੋਂ ਵਾਇਆ ਨਵਾਂ ਗਾਉਂ ਹੋ ਕੇ ਅੱਗੇ ਪਿੰਜੌਰ ਹਰਿਆਣਾ ਨੂੰ ਪਹਾੜੀ ਖੇਤਰ 'ਚ ਮਿਲਣ ਵਾਲੇ ਮਾਰਗ 'ਤੇ ਪਟਿਆਲਾ ਦੀ ਰਾਉ ਨਦੀ ਨੇੜੇ ਫਾਰੈਸਟ ਹਿੱਲਜ਼ ਰਿਜ਼ੌਰਟ 'ਚ ਪਾਰਟੀ ਕਾਰਨ ਇੱਥੇ ਸਵੇਰ ਤੋਂ ਦੇਰ ਸ਼ਾਮ ਤੱਕ ਵੀਵੀਆਈਪੀ ਲੋਕਾਂ ਦਾ ਆਉਣਾ-ਜਾਣਾ ਲੱਗਿਆ ਰਿਹਾ। ਇਸ ਮਾਰਗ ਉਤੇ ਆਮ ਲੋਕਾਂ ਦੇ ਆਉਣ ਜਾਣ 'ਤੇ ਸਖ਼ਤ ਪਾਬੰਦੀ ਸੀ ਤੇ ਸੁਰੱਖਿਆ ਵਜੋਂ ਚੱਪੇ-ਚੱਪੇ 'ਤੇ ਨਜ਼ਰ ਰੱਖੀ ਗਈ।

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਤੀਸਰੀ ਵਾਰ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਘੁੰਨਸ ਨੂੰ ਮਿਲੀਆਂ 17 ਵੋਟਾਂ





ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਹੋਈ ਸਾਲਾਨਾ ਚੋਣ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਲਗਾਤਾਰ ਤੀਸਰੀ ਵਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਗਏ ਹਨ। ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਹੋਏ ਜਨਰਲ ਇਜਲਾਸ ਦੌਰਾਨ ਹੋਈ ਚੋਣ ਮੌਕੇ ਕੁੱਲ ਪਈਆਂ 137 ਵੋਟਾਂ ਵਿੱਚੋਂ 118 ਵੋਟਾਂ ਪ੍ਰਾਪਤ ਕਰਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਿੱਤ ਹਾਸਲ ਕੀਤੀ। ਉਨ੍ਹਾਂ ਦੇ ਮੁਕਾਬਲੇ ਪ੍ਰਧਾਨਗੀ ਦੀ ਚੋਣ ਲੜਨ ਲਈ ਖੜ੍ਹੇ ਸ. ਬਲਬੀਰ ਸਿੰਘ ਘੁੰਨਸ ਨੂੰ 17 ਵੋਟਾਂ ਪਈਆਂ, ਜਦਕਿ 2 ਵੋਟਾਂ ਰੱਦ ਹੋਈਆਂ। ਇਜਲਾਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ 137 ਮੈਂਬਰ ਮੌਜੂਦ ਰਹੇ।

ਜਨਰਲ ਇਜਲਾਸ ਦੌਰਾਨ ਸੀਨੀਅਰ ਮੀਤ ਪ੍ਰਧਾਨ ਲਈ ਸ. ਹਰਭਜਨ ਸਿੰਘ ਮਸਾਣਾ, ਜੂਨੀਅਰ ਮੀਤ ਪ੍ਰਧਾਨ ਸ. ਗੁਰਬਖ਼ਸ਼ ਸਿੰਘ ਖਾਲਸਾ ਅਤੇ ਜਨਰਲ ਸਕੱਤਰ ਲਈ ਭਾਈ ਰਾਜਿੰਦਰ ਸਿੰਘ ਮਹਿਤਾ ਨੂੰ ਚੁਣਿਆ ਗਿਆ। ਇਸ ਤੋਂ ਇਲਾਵਾ ਅੰਤ੍ਰਿੰਗ ਕਮੇਟੀ ਦੇ 11 ਮੈਂਬਰ ਵੀ ਚੁਣੇ ਗਏ, ਜਿਨ੍ਹਾਂ ਵਿਚ ਸ. ਮੋਹਨ ਸਿੰਘ ਬੰਗੀ, ਸ. ਰਘਬੀਰ ਸਿੰਘ ਸਹਾਰਨਮਾਜਰਾ, ਸ. ਜਸਮੇਰ ਸਿੰਘ ਲਾਛੜੂ, ਸ. ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਦੀਪ ਕੌਰ ਖੋਖ, ਸ. ਇੰਦਰਮੋਹਨ ਸਿੰਘ ਲਖਮੀਰਵਾਲਾ, ਸ. ਗੁਰਪ੍ਰੀਤ ਸਿੰਘ ਝੱਬਰ, ਬੀਬੀ ਮਲਕੀਤ ਕੌਰ ਕਮਾਲਪੁਰ, ਸ. ਅਮਰਜੀਤ ਸਿੰਘ ਭਲਾਈਪੁਰ, ਬੀਬੀ ਜਸਪਾਲ ਕੌਰ ਤੇ ਸ. ਜਸਵੰਤ ਸਿੰਘ ਪੁੜੈਣ ਸ਼ਾਮਲ ਹਨ।

ਐਡਵੋਕੇਟ ਧਾਮੀ ਨੇ ਪ੍ਰਧਾਨ ਚੁਣੇ ਜਾਣ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਦੀ ਬਖ਼ਸ਼ਿਸ਼ ਨਾਲ ਉਨ੍ਹਾਂ ਨੂੰ ਇਹ ਸੇਵਾ ਤੀਜੀ ਵਾਰ ਮਿਲੀ ਹੈ। ਉਨ੍ਹਾਂ ਸ਼ ?ਰੋਮਣੀ ਕਮੇਟੀ ਮੈਂਬਰਾਂ ਦੇ ਸਮੁੱਚੇ ਹਾਊਸ ਦੇ ਨਾਲ-ਨਾਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਤੇ ਦਲ ਦੇ ਸੀਨੀਅਰ ਆਗੂਆਂ ਦਾ ਧੰਨਵਾਦ ਵੀ ਕੀਤਾ ਅਤੇ ਕਿਹਾ ਕਿ ਉਹ ਯਤਨ ਕਰਨਗੇ ਕਿ ਸਿੱਖ ਪੰਥ ਦੀ ਪ੍ਰਤੀਨਿਧ ਸੰਸਥਾ ਦੀਆਂ ਸੇਵਾਵਾਂ ਕੌਮੀ ਭਾਵਨਾਵਾਂ ਅਨੁਸਾਰ ਕੀਤੀਆਂ ਜਾਣ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਸਮਾਂ ਕੌਮ ਲਈ ਚੁਣੌਤੀਆਂ ਵਾਲਾ ਹੈ, ਕਿਉਂਕਿ ਸ਼ ?ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਸਾਹਮਣੇ ਹੋਣ ਦੇ ਨਾਲ-ਨਾਲ ਕਈ ਪੰਥਕ ਮਸਲੇ ਵੀ ਦਰਪੇਸ਼ ਹਨ। ਉਨ੍ਹਾਂ ਕਿਹਾ ਕਿ ਚਾਹੇ ਕੇਂਦਰ ਜਾਂ ਪੰਜਾਬ ਦੀ ਸਰਕਾਰ ਹੋਵੇ, ਸ਼ ?ਰੋਮਣੀ ਕਮੇਟੀ ਦੀਆਂ ਵੋਟਾਂ ਬਣਾਉਣ ਦੀ ਪ੍ਰਕਿਰਿਆ ਵਿਚ ਦਖ਼ਲਅੰਦਾਜ਼ੀ ਕਰ ਰਹੀਆਂ ਹਨ। ਸਰਕਾਰਾਂ ਵੱਲੋਂ ਵੋਟਾਂ ਬਣਾਉਣ ਲਈ ਬਹੁਤ ਥੋੜ੍ਹਾ ਸਮਾਂ ਦੇਣ ਪਿੱਛੇ ਇਹ ਖ਼ਦਸ਼ਾ ਪ੍ਰਗਟਾਇਆ ਜਾ ਰਿਹਾ ਹੈ ਕਿ ਸਰਕਾਰਾਂ ਦਾ ਮੰਤਵ ਸਿੱਖਾਂ ਦੀਆਂ ਘੱਟ ਵੋਟਾਂ ਬਣਨ ਦੇਣਾ ਹੈ, ਤਾਂਕਿ ਇਨ੍ਹਾਂ ਨੂੰ ਪੰਜਾਬ ਅੰਦਰ ਘੱਟਗਿਣਤੀ ਦਰਸਾਇਆ ਜਾਵੇ। ਐਡਵੋਕੇਟ ਧਾਮੀ ਨੇ ਕਿਹਾ ਕਿ ਅੱਜ ਸਿੱਖ ਕੌਮ ਦੇ ਸਾਹਮਣੇ ਬੰਦੀ ਸਿੰਘਾਂ ਦੀ ਰਿਹਾਈ ਦਾ ਇਕ ਵੱਡਾ ਮਸਲਾ ਹੈ, ਜਿਸ ਲਈ ਢੁੱਕਵੇਂ ਕਦਮ ਚੁੱਕੇ ਜਾਣਗੇ। ਮੀਡੀਆ ਦੇ ਇਕ ਸਵਾਲ ਦਾ ਜਵਾਬ ਦਿੰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਅੱਜ ਦਾ ਸ਼੍ਰੋਮਣੀ ਕਮੇਟੀ ਅਹੁਦੇਦਾਰਾਂ ਦਾ ਚੋਣ ਨਤੀਜਾ ਇਹ ਦਰਸਾਉਂਦਾ ਹੈ ਕਿ ਦਲ ਦੇ ਸਮੁੱਚੇ ਮੈਂਬਰ ਇਕਜੁਟ ਹਨ ਅਤੇ ਆਪਣੀ ਪਾਰਟੀ ’ਤੇ ਭਰੋਸਾ ਕਰਦੇ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਸ਼੍ਰੋਮਣੀ ਕਮੇਟੀ ਦੀਆਂ ਭਵਿੱਖੀ ਯੋਜਨਾਵਾਂ ਅਤੇ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਤਰਜੀਹਾਂ ਸਪੱਸ਼ਟ ਕਰਦਿਆਂ ਕਿਹਾ ਕਿ ਧਰਮ ਪ੍ਰਚਾਰ ਦੇ ਨਾਲ-ਨਾਲ ਸਿਹਤ ਅਤੇ ਸਿੱਖਿਆ ਦੇ ਖੇਤਰ ਵਿਚ ਨਵੀਆਂ ਸੋਧਾਂ ਅਤੇ ਸੇਧਾਂ ਤਹਿਤ ਅੱਗੇ ਵਧਿਆ ਜਾਵੇਗਾ। ਇਸ ਤੋਂ ਇਲਾਵਾ ਸ੍ਰੀ ਦਰਬਾਰ ਸਾਹਿਬ ਪੁੱਜਦੀ ਸੰਗਤ ਲਈ ਨਵੀਆਂ ਸਰਾਵਾਂ ਸਥਾਪਤ ਕਰਨਾ ਵੀ ਏਜੰਡੇ ’ਤੇ ਹੋਵੇਗਾ। ਉਨ੍ਹਾਂ ਕਿਹਾ ਕਿ ਹੋਰ ਵੀ ਕਈ ਕੌਮੀ ਕਾਰਜ ਕੀਤੇ ਜਾਣ ਵਾਲੇ ਹਨ, ਜਿਨ੍ਹਾਂ ’ਤੇ ਕੌਮ ਦੇ ਵਿਦਵਾਨਾਂ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਦੀ ਰਾਇ ਮਸ਼ਵਰੇ ਨਾਲ ਕੰਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲੋੜ ਅਨੁਸਾਰ ਪ੍ਰਬੰਧਕੀ ਸੁਧਾਰਾਂ ਵੱਲ ਵੀ ਵਧਿਆ ਜਾਵੇਗਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਚੁਣੇ ਜਾਣ ਮਗਰੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਅਹੁਦੇਦਾਰਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ, ਜਿਥੇ ਉਨ੍ਹਾਂ ਨੂੰ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਗੁਰੂ ਬਖ਼ਸ਼ਿਸ਼ ਸਿਰੋਪਾਓ ਦਿੱਤੇ। ਐਡਵੋਕੇਟ ਧਾਮੀ ਸਮੇਤ ਅਹੁਦੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੀ ਗੁਰੂ ਸਾਹਿਬ ਦਾ ਸ਼ੁਕਰਾਨਾ ਕਰਨ ਲਈ ਗਏ। ਇਸ ਮਗਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਦਫ਼ਤਰ ਵਿਖੇ ਆਪਣਾ ਕਾਰਜਭਾਰ ਸੰਭਾਲਿਆ ਅਤੇ ਸਾਰੀਆਂ ਪੰਥਕ ਧਿਰਾਂ ਨੂੰ ਨਾਲ ਲੈ ਕੇ ਚੱਲਣ ਦੀ ਵਚਨਬੱਧਤਾ ਪ੍ਰਗਟਾਈ।

ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਨਾਂ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਪੇਸ਼ ਕੀਤਾ, ਜਿਸ ਦੀ ਤਾਈਦ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕੀਤੀ ਅਤੇ ਮਜੀਦ ਭਾਈ ਗੁਰਚਰਨ ਸਿੰਘ ਗਰੇਵਾਲ ਵੱਲੋਂ ਕੀਤੀ ਗਈ। ਐਡਵੋਕੇਟ ਧਾਮੀ ਦੇ ਮੁਕਾਬਲੇ ਸ. ਬਲਬੀਰ ਸਿੰਘ ਘੁੰਨਸ ਦਾ ਨਾਂ ਸ. ਅਮਰੀਕ ਸਿੰਘ ਸ਼ਾਹਪੁਰ ਵੱਲੋਂ ਪੇਸ਼ ਕੀਤਾ ਗਿਆ। ਉਨ੍ਹਾਂ ਦੇ ਨਾਂ ਦੀ ਤਾਈਦ ਸ. ਬਲਦੇਵ ਸਿੰਘ ਚੂੰਘਾ ਅਤੇ ਮਜੀਦ ਸ. ਨਿਰਮੈਲ ਸਿੰਘ ਜੌਲਾਂ ਨੇ ਕੀਤੀ। ਇਸੇ ਤਰ੍ਹਾਂ ਸੀਨੀਅਰ ਮੀਤ ਪ੍ਰਧਾਨ ਸ. ਹਰਭਜਨ ਸਿੰਘ ਮਸਾਣਾ ਦਾ ਨਾਂ ਭਾਈ ਅਮਰਜੀਤ ਸਿੰਘ ਚਾਵਲਾ ਨੇ ਪੇਸ਼ ਕੀਤਾ, ਤਾਈਦ ਸ. ਅਲਵਿੰਦਰਪਾਲ ਸਿੰਘ ਪੱਖੋਕੇ ਅਤੇ ਤਾਈਦ ਮਜੀਦ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਕੀਤੀ। ਜੂਨੀਅਰ ਮੀਤ ਪ੍ਰਧਾਨ ਲਈ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਦਾ ਨਾਂ ਸ. ਗੁਰਪ੍ਰੀਤ ਸਿੰਘ ਝੱਬਰ ਵੱਲੋਂ ਪੇਸ਼ ਕੀਤਾ ਗਿਆ, ਤਾਈਦ ਸ. ਗੁਰਮੇਲ ਸਿੰਘ ਸੰਗਤਪੁਰਾ ਅਤੇ ਮਜੀਦ ਸ. ਅਵਤਾਰ ਸਿੰਘ ਰਿਆ ਨੇ ਕੀਤੀ। ਜਨਰਲ ਸਕੱਤਰ ਭਾਈ ਰਾਜਿੰਦਰ ਸਿੰਘ ਮਹਿਤਾ ਦਾ ਨਾਂ ਸ. ਸੁਰਜੀਤ ਸਿੰਘ ਭਿੱਟੇਵੱਡ ਵੱਲੋਂ ਪੇਸ਼ ਕੀਤਾ ਗਿਆ। ਭਾਈ ਮਹਿਤਾ ਦੇ ਨਾਂ ਦੀ ਤਾਈਦ ਸ. ਖੁਸ਼ਵਿੰਦਰ ਸਿੰਘ ਭਾਟੀਆ ਅਤੇ ਮਜੀਦ ਸ. ਫੁੰਮਣ ਸਿੰਘ ਵੱਲੋਂ ਕੀਤੀ ਗਈ। 11 ਮੈਂਬਰੀ ਅੰਤ੍ਰਿੰਗ ਕਮੇਟੀ ਬਣਾਉਣ ਲਈ ਸ. ਪਰਮਜੀਤ ਸਿੰਘ ਖਾਲਸਾ ਤਜਵੀਜ ਪੇਸ਼ ਕੀਤੀ, ਜਿਸ ’ਤੇ ਸ. ਗੁਰਬਚਨ ਸਿੰਘ ਕਰਮੂੰਵਾਲਾ ਤੇ ਸ. ਬਲਦਵੇ ਸਿੰਘ ਕਲਿਆਣ ਨੇ ਮੋਹਰ ਲਗਾਈ।

ਜਨਰਲ ਇਜਲਾਸ ਦੌਰਾਨ ਨਵ-ਨਿਯੁਕਤ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਮਤੇ ਪੇਸ਼ ਕਰਨ ਅਤੇ ਆਪਣੇ ਵਿਚਾਰ ਪੇਸ਼ ਕਰਨ ਦੇ ਨਾਲ-ਨਾਲ ਮੈਂਬਰ ਸ. ਸੁਖਦੇਵ ਸਿੰਘ ਭੌਰ ਨੇ ਵੀ ਸੰਬੋਧਨ ਕੀਤਾ। ਉਨ੍ਹਾਂ ਸ਼੍ਰੋਮਣੀ ਕਮੇਟੀ ਦੀਆਂ ਬਣ ਰਹੀਆਂ ਵੋਟਾਂ ਦੀ ਪ੍ਰਕਿਰਿਆ ਵਿਚ ਖਾਮੀਆਂ ਵਿਰੁੱਧ ਤਿੱਖੀ ਅਵਾਜ਼ ਉਠਾਉਣ ਲਈ ਆਖਿਆ। ਐਡਵੋਕੇਟ ਧਾਮੀ ਨੇ ਹਾਜ਼ਰ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਜਨਰਲ ਇਜਲਾਸ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਚਲਾਈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਅਹੁਦੇਦਾਰਾਂ ਦੀ ਚੋਣ ਸਮੇਂ ਇਜਲਾਸ ਦੌਰਾਨ ਸ਼੍ਰੋਮਣੀ ਕਮੇਟੀ ਦੇ 137 ਮੈਂਬਰ ਹਾਜ਼ਰ ਸਨ। ਹਾਜ਼ਰ ਮੈਂਬਰਾਂ ਵਿਚ ਚੁਣੇ ਗਏ ਅਹੁਦੇਦਾਰਾਂ ਤੋਂ ਇਲਾਵਾ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਸ. ਅਲਵਿੰਦਰਪਾਲ ਸਿੰਘ ਪੱਖੋਕੇ, ਬੀਬੀ ਜਗੀਰ ਕੌਰ, ਸ. ਦਲਜੀਤ ਸਿੰਘ ਭਿੰਡਰ, ਸ. ਅਮਰੀਕ ਸਿੰਘ ਜਨੈਤਪੁਰ, ਸ. ਹਰਪਾਲ ਸਿੰਘ ਪਾਲੀ, ਸ. ਬਲਦੇਵ ਸਿੰਘ ਕਾਇਮਪੁਰ, ਬੀਬੀ ਮਨਜੀਤ ਕੌਰ ਕੰਧੋਲਾ, ਸ. ਗੁਰਮੀਤ ਸਿੰਘ ਤ੍ਰਿਲੋਕੇਵਾਲਾ, ਸ. ਜਗਸੀਰ ਸਿੰਘ ਮਾਗੇਆਣਾ, ਸ. ਗੁਰਪਾਲ ਸਿੰਘ ਗੋਰਾ, ਬੀਬੀ ਕਿਰਨਵੀਰ ਕੌਰ, ਸ. ਨਤਵੇਜ ਸਿੰਘ ਕਾਉਣੀ, ਸ. ਕੌਰ ਸਿੰਘ ਬਹਾਵਵਾਲਾ, ਬੀਬੀ ਪ੍ਰਮਿੰਦਰ ਕੌਰ, ਸ. ਸੂਬਾ ਸਿੰਘ ਡੱਬਵਾਲਾ, ਸ. ਦਰਸ਼ਨ ਸਿੰਘ ਬਰਾੜ, ਸ. ਪ੍ਰੀਤਮ ਸਿੰਘ ਮਲਸੀਹਾਂ, ਸ. ਦਰਸ਼ਨ ਸਿੰਘ ਸ਼ੇਰਖਾਂ, ਸ. ਬਲਵਿੰਦਰ ਸਿੰਘ ਭੁੰਮਾਂ ਲੰਡਾ, ਸ. ਸਤਪਾਲ ਸਿੰਘ ਤਲਵੰਡੀ ਭਾਈ, ਬੀਬੀ ਜਸਵਿੰਦਰ ਕੌਰ ਜ਼ੀਰਾ, ਸ. ਗੁਰਮੀਤ ਸਿੰਘ ਬੂਹ, ਬੀਬੀ ਨਰਿੰਦਰ ਕੌਰ, ਸ. ਗੁਰਮੇਲ ਸਿੰਘ ਸੰਗਤਪੁਰਾ, ਸ. ਸੁਖਹਰਪ੍ਰੀਤ ਸਿੰਘ ਰੋਡੇ, ਸ. ਤਰਸੇਮ ਸਿੰਘ ਰੱਤੀਆਂ, ਬੀਬੀ ਜਸਵਿੰਦਰ ਕੌਰ, ਬੀਬੀ ਗੁਰਿੰਦਰ ਕੌਰ ਭੋਲੂਵਾਲਾ, ਸ. ਸ਼ੇਰ ਸਿੰਘ ਮੰਡਵਾਲਾ, ਸ. ਫੁੰਮਣ ਸਿੰਘ, ਸ. ਮੇਜਰ ਸਿੰਘ ਮਹਿਰਾਜ, ਬੀਬੀ ਜਸਪਾਲ ਕੌਰ, ਸ. ਅਮਰੀਕ ਸਿੰਘ ਕੋਟਸ਼ਮੀਰ, ਬੀਬੀ ਜੋਗਿੰਦਰ ਕੌਰ ਰਠੌਰ, ਸ. ਸੁਰਜੀਤ ਸਿੰਘ ਰਾਏਪੁਰ, ਸ. ਮਿੱਠੂ ਸਿੰਘ ਕਾਹਨੇਕੇ, ਸ. ਬੂਟਾ ਸਿੰਘ, ਬੀਬੀ ਜਸਵੀਰ ਕੌਰ, ਬੀਬੀ ਪਰਮਜੀਤ ਕੌਰ, ਸ. ਮਲਕੀਤ ਸਿੰਘ ਚੰਗਾਲ, ਸ. ਪਰਮਜੀਤ ਸਿੰਘ ਖਾਲਸਾ, ਸ. ਬਲਦੇਵ ਸਿੰਘ ਚੂੰਘਾ, ਸੰਤ ਬਲਬੀਰ ਸਿੰਘ ਘੁੰਨਸ, ਬੀਬੀ ਸ਼ਰਨਜੀਤ ਕੌਰ, ਸ. ਭੁਪਿੰਦਰ ਸਿੰਘ ਭਲਵਾਨ, ਸ. ਹਰਦੇਵ ਸਿੰਘ ਰੋਗਲਾ, ਸ. ਸਤਵਿੰਦਰ ਸਿੰਘ ਟੌਹੜਾ, ਸ. ਜਰਨੈਲ ਸਿੰਘ ਕਰਤਾਰਪੁਰ, ਸ. ਨਿਰਮੈਲ ਸਿੰਘ ਜੌਲਾਂ, ਸ. ਸੁਰਜੀਤ ਸਿੰਘ ਗੜ੍ਹੀ, ਬਾਬਾ ਗੁਰਪ੍ਰੀਤ ਸਿੰਘ, ਸ. ਰਣਧੀਰ ਸਿੰਘ ਚੀਮਾਂ, ਸ. ਅਵਤਾਰ ਸਿੰਘ ਰਿਆ, ਸ. ਰਵਿੰਦਰ ਸਿੰਘ ਖਾਲਸਾ, ਸ. ਦਵਿੰਦਰ ਸਿੰਘ ਖੱਟੜਾ, ਸ. ਚਰਨ ਸਿੰਘ ਆਲਮਗੀਰ, ਸ. ਹਰਪਾਲ ਸਿੰਘ ਜੱਲਾ, ਸ. ਗੁਰਪ੍ਰੀਤ ਸਿੰਘ ਗਰਚਾ, ਸ. ਜਗਜੀਤ ਸਿੰਘ ਤਲਵੰਡੀ, ਸ. ਗੁਰਚਰਨ ਸਿੰਘ ਗਰੇਵਾਲ, ਸ. ਕੇਵਲ ਸਿੰਘ ਬਾਦਲ, ਸ. ਬਲਵਿੰਦਰ ਸਿੰਘ ਬੈਂਸ, ਬੀਬੀ ਰਜਿੰਦਰ ਕੌਰ, ਸ. ਰਣਜੀਤ ਸਿੰਘ ਮੰਗਲੀ, ਸ. ਸਰਬੰਸ ਸਿੰਘ ਮਾਣਕੀ, ਬੀਬੀ ਹਰਜਿੰਦਰ ਕੌਰ, ਸ. ਮਹਿੰਦਰ ਸਿੰਘ ਹੁਸੈਨਪੁਰਾ, ਸ. ਸੁਖਦੇਵ ਸਿੰਘ ਭੌਰ, ਸ. ਬਲਦੇਵ ਸਿੰਘ ਕਲਿਆਣ, ਸ. ਪਰਮਜੀਤ ਸਿੰਘ ਰਾਏਪੁਰ, ਬੀਬੀ ਦਵਿੰਦਰ ਕੌਰ ਕਾਲੜਾ, ਸ. ਕੁਲਵੰਤ ਸਿੰਘ ਮੰਨਣ, ਸ. ਰਣਜੀਤ ਸਿੰਘ ਕਾਹਲੋਂ, ਬੀਬੀ ਗੁਰਮੀਤ ਕੌਰ ਭਟਨੂਰਾ, ਬੀਬੀ ਗੁਰਪ੍ਰੀਤ ਕੌਰ, ਸ. ਜਰਨੈਲ ਸਿੰਘ ਡੋਗਰਾਂਵਾਲਾ, ਸ. ਬਲਜੀਤ ਸਿੰਘ ਜਲਾਲ ਉਸਮਾਂ, ਸ. ਬਲਵਿੰਦਰ ਸਿੰਘ ਵੇਂਈਪੂਈਂ, ਸ. ਗੁਰਬਚਨ ਸਿੰਘ ਕਰਮੂੰਵਾਲਾ, ਬੀਬੀ ਹਰਜਿੰਦਰ ਕੌਰ, ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ. ਨਿਰਮਲ ਸਿੰਘ ਨੌਸ਼ਹਿਰਾ ਢਾਲਾ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਸ. ਗੁਰਿੰਦਰਪਾਲ ਸਿੰਘ ਰਣੀਕੇ, ਸ. ਹਰਜਾਪ ਸਿੰਘ ਸੁਲਤਾਨਵਿੰਡ, ਸ. ਬਾਵਾ ਸਿੰਘ ਗੁਮਾਨਪੁਰਾ, ਬੀਬੀ ਕਿਰਨਜੋਤ ਕੌਰ, ਸ. ਸੁਰਜੀਤ ਸਿੰਘ ਭਿੱਟੇਵੱਡ, ਬੀਬੀ ਬਲਵਿੰਦਰ ਕੌਰ ਲੋਪੋਕੇ, ਸ. ਅਮਰੀਕ ਸਿੰਘ ਵਿਛੋਆ, ਸ. ਜੋਧ ਸਿੰਘ ਸਮਰਾ, ਬੀਬੀ ਸਵਰਨ ਕੌਰ ਤੇੜਾ, ਸ. ਅਮਰਜੀਤ ਸਿੰਘ ਬੰਡਾਲਾ, ਸ. ਬਿਕਰਮਜੀਤ ਸਿੰਘ ਕੋਟਲਾ, ਸ. ਭਗਵੰਤ ਸਿੰਘ ਸਿਆਲਕਾ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਗੁਰਿੰਦਰਪਾਲ ਸਿੰਘ ਗੋਰਾ, ਸ. ਗੁਰਨਾਮ ਸਿੰਘ ਜੱਸਲ, ਸ. ਅਮਰੀਕ ਸਿੰਘ ਸ਼ਾਹਪੁਰ, ਬੀਬੀ ਜੋਗਿੰਦਰ ਕੌਰ, ਬੀਬੀ ਜਸਵੀਰ ਕੌਰ ਜੱਫਰਵਾਲ, ਸ. ਰਵਿੰਦਰ ਸਿੰਘ ਚੱਕ, ਸ. ਤਾਰਾ ਸਿੰਘ ਤਲਵੰਡੀ, ਸ. ਸੁਰਿੰਦਰ ਸਿੰਘ ਠੇਕੇਦਾਰ, ਸ. ਜੰਗ ਬਹਾਦਰ ਸਿੰਘ ਰਾਏ, ਸ. ਅਮਰਜੀਤ ਸਿੰਘ ਚਾਵਲਾ, ਸ. ਪਰਮਜੀਤ ਸਿੰਘ ਲੱਖੇਵਾਲ, ਸ. ਅਜਮੇਰ ਸਿੰਘ ਖੇੜਾ, ਸ. ਚਰਨਜੀਤ ਸਿੰਘ ਕਾਲੇਵਾਲ, ਬੀਬੀ ਪਰਮਜੀਤ ਕੌਰ ਲਾਂਡਰਾਂ, ਸ. ਰਘੂਜੀਤ ਸਿੰਘ ਵਿਰਕ, ਭਾਈ ਰਾਮ ਸਿੰਘ, ਸ. ਜਗਤਾਰ ਸਿੰਘ ਰੋਡੇ, ਸ. ਸੁਰਜੀਤ ਸਿੰਘ ਕੰਗ, ਸ. ਹਰਭਜਨ ਸਿੰਘ ਚੀਮਾਂ, ਬਾਬਾ ਚਰਨਜੀਤ ਸਿੰਘ ਜੱਸੋਵਾਲ, ਸ. ਸੁਖਜੀਤ ਸਿੰਘ ਕਾਦੀਆਂ, ਸ. ਗੁਰਮਿੰਦਰ ਸਿੰਘ ਮਠਾਰੂ, ਸ. ਗੁਰਿੰਦਰ ਸਿੰਘ ਬਾਵਾ, ਬੀਬੀ ਸੁਖਵਿੰਦਰ ਕੌਰ, ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ, ਓਐਸਡੀ ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਪਰਮਜੀਤ ਸਿੰਘ ਸਰੋਆ, ਸ. ਕੁਲਵਿੰਦਰ ਸਿੰਘ ਰਮਦਾਸ, ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਗੁਰਮੀਤ ਸਿੰਘ ਬੁੱਟਰ, ਸ. ਤੇਜਿੰਦਰ ਸਿੰਘ ਪੱਡਾ ਆਦਿ ਮੌਜੂਦ ਸਨ।


ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ ਹਰ ਘਰ ਦੀ
ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।
ਬੰਦੀ ਛੋੜ ਦਿਵਸ ਅਤੇ
ਪਵਿੱਤਰ ਦੀਵਾਲੀ ਦੀ
ਲੱਖ-ਲੱਖ
ਵਧਾਈ
ਕਮਿਊਨਟੀ ਦੇ ਨਿਸ਼ਕਾਮ ਸੇਵਕ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਮਰੀਕਾ ਦੇ ਨੌਜਵਾਨ ਸਿੱਖ ਆਗੂ ਅਤੇ
ਸੀਨੀਅਰ ਪੱਤਰਕਾਰ ਸ੍ਰ. ਬਲਜੀਤਪਾਲ ਸਿੰਘ ਘੁੰਮਣ, ਬਲਰਾਜ ਕੌਰ ਘੁੰਮਣ, ਰਾਜਕੋਂਵਰ ਸਿੰਘ ਘੁੰਮਣ,
ਨਿੱਤਨਜੀਤ ਸਿੰਘ ਘੁੰਮਣ, ਮਿਰਜ਼ਾਪੁਰ ਵਰਜੀਨੀਆ ਅਤੇ ਸਮੂਹ ਘੁੰਮਣ ਪਰਿਵਾਰ


ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।
ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਹਰ
ਕੌਮੀ ਕੰਮ ਨੂੰ ਪਹਿਲ ਦੇ ਆਧਾਰ 'ਤੇ ਅੱਗੇ
ਹੋ ਕੇ ਕਰਨ ਵਾਲੇ, ਪੰਜਾਬ, ਪੰਜਾਬੀ ਮਾਂ ਬੋਲੀ,
ਸਭਿਆਚਾਰ ਦੇ ਮਦੱਈ ਅਮਰੀਕਾ ਦੇ ਉਘੇ ਸਿੱਖ ਆਗੂ
ਸ੍ਰ. ਪਰਵਿੰਦਰ ਸਿੰਘ ਗਰੇਵਾਲ
ਅਤੇ ਉਨ੍ਹਾਂ ਦੇ ਸਪੁੱਤਰ
ਸ੍ਰ. ਮਨਪ੍ਰੀਤ ਸਿੰਘ ਗਰੇਵਾਲ
ਸ੍ਰ. ਮਨਪ੍ਰੀਤ ਸਿੰਘ ਗਰੇਵਾਲ
ਸ੍ਰ. ਪਰਵਿੰਦਰ ਸਿੰਘ ਗਰੇਵਾਲ



# ਦੀਵਾਲੀ ਅੰਮ੍ਰਿਤਸਰ ਦੀ...

ਡਾ. ਰੂਪ ਸਿੰਘ

ਸਾਹਿਬ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਦਾ ਵਰੋਸਾਇਆ ਪਾਵਨ ਪਵਿੱਤਰ ਇਤਿਹਾਸਕ ਸ਼ਹਿਰ ਅੰਮ੍ਰਿਤਸਰ ਏਸ਼ੀਆ ਮਹਾਂਦੀਪ ਦਾ ਪ੍ਰਮੁੱਖ ਧਾਰਮਿਕ-ਇਤਿਹਾਸਕ ਸ਼ਹਿਰ ਹੈ। ਅੰਮ੍ਰਿਤਸਰ ਸਿੱਖ-ਧਰਮ ਦਾ ਕੇਂਦਰੀ ਸਥਾਨ, ਸਿੱਖ-ਵਿਸ਼ਵਾਸਾਂ ਦਾ ਧੁਰਾ, ਗੁਰਸਿੱਖਾਂ ਲਈ ਪ੍ਰੇਰਨਾ-ਸ੍ਰੋਤ ਤੇ ਸ਼ਕਤੀ ਦਾ ਪ੍ਰਮੁੱਖ ਸੋਮਾ ਹੈ, ਸਿੱਖ ਪ੍ਰੰਪਰਾਵਾਂ ਤੇ ਸਿੱਖ ਗੌਰਵ ਦੀ ਜਿਊਂਦੀ-ਜਾਗਦੀ ਮਿਸਾਲ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਪਾਵਨ ਅੰਮ੍ਰਿਤ ਸਰੋਵਰ ਦੀ ਆਰੰਭਤਾ ਕਰਵਾਈ ਤੇ ਫਿਰ ਗੁਰੂ ਅਰਜਨ ਦੇਵ ਜੀ ਨੇ ਸਰੋਵਰ ਨੂੰ ਸੰਪੂਰਨ ਤੇ ਪੱਕਿਆਂ ਕਰ, ਵਿਚਕਾਰ 'ਹਰਿਮੰਦਰ' ਦਾ ਨਿਰਮਾਣ ਕਰਵਾਇਆ। ਅੰਮ੍ਰਿਤ-ਸਰੋਵਰ ਤੇ ਹਰਿਮੰਦਰ ਦੀ ਸਿਰਜਣਾ ਦਾ ਉਦੇਸ਼ ਚਹੁੰ ਵਰਨਾਂ ਨੂੰ ਸਾਂਝੀਵਾਲਤਾ ਉਪਦੇਸ਼ ਦੇਣਾ ਸੀ। ਹਰਿਮੰਦਰ ਦੀ ਸਿਰਜਣਾ ਤੇ ਇਮਾਰਤ-ਕਲਾ ਅਲੌਕਿਕ, ਅਨੂਠੀ ਤੇ ਵਿਲੱਖਣ ਹੈ।

1604 ਈਸਵੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਤਿਆਰ ਕਰ, ਸ੍ਰੀ ਹਰਿਮੰਦਰ ਸਾਹਿਬ ਵਿਖੇ ਪ੍ਰਕਾਸ਼ ਕੀਤਾ ਤੇ ਬਾਬਾ ਬੁੱਢਾ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਹੋਣ ਦਾ ਮਾਣ ਬਖਸ਼ਿਆ।

'ਦੀਪਾਵਲੀ' ਸੰਸਕ੍ਰਿਤ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ ਹੈ ਦੀਵੇ ਜਗਾਉਣੇ, ਚਾਨਣ ਕਰਨਾ। ਇਹ ਚਾਨਣ ਕਿਸੇ ਖਾਸ ਖੁਸ਼ੀ ਦਾ ਪ੍ਰਗਟਾਵਾ ਕਰਦਾ ਹੈ। ਦੂਜੇ ਧਰਮਾਂ ਵਿਚ ਦੀਵਾਲੀ ਦੀਪ-ਪੂਜਾ ਤੇ ਲੱਛਮੀ-ਪੂਜਾ ਦੇ ਰੂਪ ਵਿਚ ਮਨਾਈ ਜਾਂਦੀ ਹੈ, ਪਰ ਸਿੱਖ ਇਹ ਦਿਹਾੜਾ ਆਪਣੇ ਗੌਰਵਮਈ ਵਿਰਸੇ ਨੂੰ ਯਾਦ ਕਰਨ ਲਈ ਮਨਾਉਂਦੇ ਹਨ। ਸਿੱਖ ਦੀਵਾਲੀ ਨਹੀਂ ਮਨਾਉਂਦੇ, ਸਿੱਖ ਤਾਂ ਬੰਦੀਛੋੜ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸ੍ਰੀ ਅੰਮ੍ਰਿਤਸਰ ਆਗਮਨ ਦੀ ਖੁਸ਼ੀ ਵਿਚ ਦੀਵੇ ਜਗਾਉਂਦੇ ਹਨ, ਰੌਸ਼ਨੀ ਕਰ ਕੇ, ਆਤਿਸ਼ਬਾਜ਼ੀ ਚਲਾ ਕੇ ਆਪਣੇ ਪਿਆਰੇ ਸਤਿਗੁਰੂ ਨੂੰ ਸਤਿਕਾਰ ਭੇਟ ਕਰਦੇ ਹਨ। ਇਸ ਤਰ੍ਹਾਂ ਸਿੱਖਾਂ ਨੇ ਦੀਵਾਲੀ ਵਾਲੇ ਦਿਨ ਨੂੰ ਬੰਦੀਛੋੜ ਦਿਵਸ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਮਨਾਉਣਾ ਸ਼ੁਰੂ ਕਰ ਦਿੱਤਾ ਤੇ ਫਿਰ ਇਹ ਲੋਕ-ਉਕਤੀ ਪ੍ਰਚੱਲਤ ਹੋ ਗਈ:

**ਦਾਲ ਰੋਟੀ ਘਰ ਦੀ,**
**ਦੀਵਾਲੀ ਅੰਮ੍ਰਿਤਸਰ ਦੀ।**

ਇਤਿਹਾਸ ਪੜ੍ਹਿਆਂ ਪਤਾ ਲੱਗਦਾ ਹੈ ਕਿ ਮੁਗ਼ਲ ਸਰਕਾਰ ਆਰੰਭ ਤੋਂ ਹੀ ਸਿੱਖ ਪੰਥ ਦੇ ਵਿਰੁੱਧ ਰਹੀ। ਬਾਦਸ਼ਾਹ ਜਹਾਂਗੀਰ ਨੂੰ ਸਿੱਖਾਂ ਦੀ ਵਧਦੀ ਹੋਈ ਸ਼ਕਤੀ ਕਿਸੇ ਤਰ੍ਹਾਂ ਸੁਖਾਵੀਂ ਨਹੀਂ ਸੀ ਲੱਗਦੀ। ਇਹੀ ਕਾਰਨ ਸੀ ਕਿ ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ, ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦੀ ਦੇਣੀ ਪਈ। ਬਾਦਸ਼ਾਹ ਜਹਾਂਗੀਰ ਨੂੰ ਖਿਆਲ ਸੀ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨਾਲ ਸਿੱਖ ਲਹਿਰ ਮੂਲੋਂ ਹੀ ਦੱਬ ਜਾਏਗੀ ਪਰ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪਿੱਛੋਂ 'ਦਲਿ ਭੰਜਨ ਗੁਰੁ ਸੂਰਮਾ' ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ-ਗੱਦੀ 'ਤੇ ਬਿਰਾਜਮਾਨ ਹੁੰਦਿਆਂ ਹੀ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰ, ਚੰਗੇ ਘੋੜੇ ਤੇ ਸ਼ਸਤਰ ਭੇਟਾ ਹਿੱਤ ਲਿਆਉਣ ਲਈ ਹੁਕਮਨਾਮੇ ਜਾਰੀ ਕਰ ਕੇ ਇਹ ਸਪੱਸ਼ਟ ਕਰ ਦਿੱਤਾ ਕਿ ਸੱਚ ਦਾ ਚੰਦ੍ਰਮਾ ਜਬਰ-ਜ਼ੁਲਮ ਦੀ ਸ਼ਕਤੀ ਨਾਲ ਢਕਿਆ ਨਹੀਂ ਗਿਆ, ਸਗੋਂ ਸੱਚ ਦਾ ਪ੍ਰਕਾਸ਼ ਕਰਨ ਲਈ ਹੋਰ ਚਮਕੇਗਾ। ਜਹਾਂਗੀਰ ਕੋਲ ਇਹ ਖਬਰਾਂ ਪਹੁੰਚਣੀਆਂ ਸ਼ੁਰੂ ਹੋਈਆਂ ਕਿ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਸਿਰਜਣਾ ਕਰ ਕੇ ਹਥਿਆਰਬੰਦ ਸੈਨਾ ਤਿਆਰ ਕਰ ਲਈ ਹੈ ਤੇ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਅਖਵਾਉਣਾ ਸ਼ੁਰੂ ਕਰ ਦਿੱਤਾ ਹੈ। ਜਹਾਂਗੀਰ ਇਹ ਸਭ ਦੇਖ ਹੈਰਾਨ-ਪ੍ਰੇਸ਼ਾਨ ਹੋਇਆ। ਉਹ ਤਾਂ ਪਹਿਲਾਂ ਹੀ ਨਾਨਕ ਨਿਰਮਲ ਪੰਥ ਨੂੰ ਬੰਦ ਕਰਨ ਬਾਰੇ ਸੋਚ ਰਿਹਾ ਸੀ, ਜਿਹੜਾ ਕਿ ਉਸ ਲਈ ਇਕ ਵੰਗਾਰ ਬਣ ਕੇ ਪ੍ਰਗਟ ਹੋ ਰਿਹਾ ਸੀ।

ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਤੇ ਹੱਕ-ਸੱਚ ਦੀ ਆਵਾਜ਼ ਤੋਂ ਵਿਸ਼ੇਸ਼ ਖ਼ਤਰਾ ਮਹਿਸੂਸ ਕਰਦਿਆਂ ਗੁਰੂ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦੀ ਬਣਾ ਲਿਆ, ਜਿੱਥੇ ਕਿ ਪਹਿਲਾਂ ਹੀ ਹਿੰਦੂ ਰਾਜੇ ਬੰਦੀ (ਕੈਦੀ) ਬਣਾਏ ਹੋਏ ਸਨ। ਗੁਰੂ ਜੀ ਦੀ ਗ੍ਰਿਫਤਾਰੀ ਨਾਲ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਵਿਚ ਇਹ ਤੌਖਲਾ ਤੇ ਬੇਚੈਨੀ ਵਧ ਗਈ ਕਿ ਗੁਰੂ ਅਰਜਨ ਦੇਵ ਜੀ ਵਾਂਗ ਕਿਤੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਵੀ ਸ਼ਹੀਦ ਨਾ ਕਰ ਦਿੱਤਾ ਜਾਵੇ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਅਗਵਾਈ ਵਿਚ ਸੰਗਤਾਂ ਮਸ਼ਾਲਾਂ ਜਗਾ ਕੇ, ਗੁਰਬਾਣੀ ਪੜ੍ਹਦਿਆਂ ਗੁਰੂ ਜੀ ਦੀ ਰਿਹਾਈ ਲਈ ਸ਼ਾਂਤਮਈ ਪ੍ਰਦਰਸ਼ਨ ਕਰਦੀਆਂ। ਕਦੇ-ਕਦੇ ਗਵਾਲੀਅਰ ਪਹੁੰਚ ਸੰਗਤਾਂ ਕਿਲ੍ਹੇ ਦੀ ਪ੍ਰਕਰਮਾ ਕਰ ਆਪਣੇ ਪਿਆਰੇ ਗੁਰੂ ਪ੍ਰਤੀ ਸਤਿਕਾਰ ਪ੍ਰਗਟ ਕਰਦੀਆਂ। ਸਿੱਖ ਸੰਗਤਾਂ ਵੱਲੋਂ ਹੋ ਰਹੇ ਸ਼ਾਂਤਮਈ ਪ੍ਰਦਰਸ਼ਨ ਤੇ ਸਾਂਈ ਮੀਆਂ ਮੀਰ ਵਰਗੇ ਇਨਸਾਫ-ਪਸੰਦ ਮੁਸਲਮਾਨਾਂ ਦੇ ਦਖਲ ਨਾਲ ਗੁਰੂ ਸਾਹਿਬ ਜੀ ਦੀ ਰਿਹਾਈ ਸੰਭਵ ਹੋਈ। ਗੁਰੂ ਜੀ ਨੇ ਆਪਣੇ ਨਾਲ ਬੰਦੀ 52 ਹਿੰਦੂ ਰਾਜਿਆਂ ਨੂੰ ਵੀ ਬਾਦਸ਼ਾਹ ਦੀ ਕੈਦ ਤੋਂ ਮੁਕਤ ਕਰਵਾਇਆ, ਜਿਸ ਕਰਕੇ ਗੁਰੂ ਜੀ ਨੂੰ 'ਬੰਦੀ-ਛੋੜ' ਕਿਹਾ ਜਾਣ ਲੱਗਾ।

ਰਿਹਾਈ ਉਪਰੰਤ ਜਦੋਂ ਗੁਰੂ ਜੀ ਅੰਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਪਹੁੰਚੇ ਤਾਂ ਗੁਰੂ-ਘਰ ਦੇ ਪ੍ਰੀਤਵਾਨ ਗੁਰਸਿੱਖਾਂ ਨੇ ਘਿਉ ਦੇ ਦੀਵੇ ਜਗਾ, ਆਓ-ਭਗਤ ਤੇ ਖੁਸ਼ੀ ਦਾ ਇਜ਼ਹਾਰ ਕੀਤਾ। ਉਸ ਦਿਨ ਤੋਂ ਸਿੱਖ ਦੀਵਾਲੀ ਨੂੰ 'ਬੰਦੀ-ਛੋੜ' ਦਿਵਸ ਦੇ ਰੂਪ ਵਿਚ ਮਨਾਉਣ ਲੱਗ ਪਏ।

ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਸਮੇਂ ਦੀਆਂ ਸਰਕਾਰਾਂ ਨੇ ਸਿੱਖ ਧਰਮ 'ਤੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਾਈਆਂ,ਬਾਬਾ ਬੰਦਾ ਸਿੰਘ ਬਹਾਦਰ ਦੇ ਸਮੇਂ ਤੇ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਜਦ ਸਿੰਘ ਜੰਗਲਾਂ, ਪਹਾੜਾਂ ਅਤੇ ਰੇਗਿਸਤਾਨਾਂ ਵਿਚ ਰਹਿ ਕੇ ਜ਼ਾਲਮ ਹਕੂਮਤ ਨਾਲ ਟੱਕਰ ਲੈ ਰਹੇ ਸਨ, ਉਸ ਸਮੇਂ ਵੀ ਸਮੇਂ ਦੇ ਹਾਕਮਾਂ ਵਲੋਂ ਸਿੰਘਾਂ ਦੇ ਸ੍ਰੀ ਅੰਮ੍ਰਿਤਸਰ ਦਾਖ਼ਲੇ 'ਤੇ ਸਖਤ ਪਾਬੰਦੀ ਲਾਈ ਹੋਈ ਸੀ। ਪੱਤਾ-ਪੱਤਾ ਸਿੰਘਾਂ ਦਾ ਵੈਰੀ ਸੀ, ਸਿੰਘਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਸਨ। ਅਜਿਹੇ ਬਿਖੜੇ ਵੇਲੇ ਵੀ ਗੁਰੂਘਰ ਦੇ ਪ੍ਰੀਤਵਾਨ ਗੁਰਸਿੱਖ ਜਾਨ 'ਤੇ ਖੇਡ ਕੇ ਗੁਰੂਘਰ ਦੇ ਦਰਸ਼ਨ-ਇਸ਼ਨਾਨ ਕਰ ਜਾਂਦੇ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਦਰ 'ਜੋਤਿ' ਜਗਾਉਣ ਦੀ ਖ਼ਾਤਰ 'ਸ਼ਹੀਦੀ' ਤਕ ਵੀ ਪਾ ਜਾਂਦੇ। ਮੱਸੇ ਤੋਂ ਲੈ ਕੇ ਮੀਰ ਮੰਨੂ, ਅਦੀਨਾ ਬੇਗ, ਅਬਦਾਲੀ ਤੇ ਸਮੇਂ ਦੀਆਂ ਸਰਕਾਰਾਂ ਨੇ ਸਿੱਖਾਂ ਨੂੰ ਆਪਣੇ ਸੋਮੇ ਨਾਲੋਂ ਤੋੜਨ ਲਈ ਹਰ ਹੀਲਾ ਕੀਤਾ। ਜ਼ਕਰੀਆ ਖਾਂ ਨੇ ਨਾਦਰ ਸ਼ਾਹ ਨੂੰ ਦੱਸਿਆ ਕਿ ਸਿੱਖਾਂ ਦੀ ਸ਼ਕਤੀ ਦਾ ਸੋਮਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹੈ, ਤਾਂ ਨਾਦਰ ਸ਼ਾਹ ਨੇ ਉਸ ਨੂੰ ਸਲਾਹ ਦਿੱਤੀ ਕਿ ਇਨ੍ਹਾਂ ਦੇ ਇਸ ਰੂਹਾਨੀ ਸੋਮੇ ਨੂੰ ਹੀ ਮੁਕਾ ਦਿਓ!

ਨਾਦਰ ਸ਼ਾਹ ਤੇ ਜ਼ਕਰੀਆ ਖਾਨ ਦੇ ਇਤਿਹਾਸਕ ਵਾਰਤਾਲਾਪ ਤੋਂ ਸਪੱਸ਼ਟ ਹੈ ਕਿ ਘੋਰ ਯੁੱਧਾਂ, ਭਾਜੜਾਂ ਤੇ ਹਮਲਿਆਂ ਵੇਲੇ ਵੀ ਸਿੱਖ ਵੱਧ ਤੋਂ ਵੱਧ ਗਿਣਤੀ ਵਿਚ ਦੀਵਾਲੀ ਦੇ ਮੌਕੇ ਅੰਮ੍ਰਿਤਸਰ ਇਕੱਠੇ ਹੁੰਦੇ ਸਨ। ਇਥੇ ਹੀ ਭਵਿੱਖ ਦੀਆਂ ਯੋਜਨਾਵਾਂ ਬਣਾਈਆਂ ਜਾਂਦੀਆਂ, ਪ੍ਰਬੰਧਕੀ ਮਸਲੇ ਨਜਿੱਠੇ ਜਾਂਦੇ ਤੇ ਪੰਥਕ ਫ਼ੈਸਲੇ ਲਏ ਜਾਂਦੇ। ਦੀਵਾਲੀ ਦਾ ਦਿਨ ਸਾਨੂੰ ਭਾਈ ਮਨੀ ਸਿੰਘ ਦੀ ਮਹਾਨ ਸ਼ਹਾਦਤ ਦੀ ਵੀ ਯਾਦ ਦਿਵਾਉਂਦਾ ਹੈ। ਭਾਈ ਮਨੀ ਸਿੰਘ ਨੇ ਦੀਵਾਲੀ ਦੇ ਮੌਕੇ ਸਿੱਖਾਂ ਦਾ ਇਕੱਠ ਸੱਦਣ ਲਈ ਸਮੇਂ ਦੀ ਸਰਕਾਰ ਦੀ ਰਜ਼ਾਮੰਦੀ ਪ੍ਰਾਪਤ ਕਰ ਲਈ ਪਰ ਜਦ ਉਨ੍ਹਾਂ ਨੂੰ ਇਹ ਪਤਾ ਲੱਗਾ ਕਿ ਜ਼ਕਰੀਆ ਖਾਨ ਦੀਵਾਲੀ ਦੇ ਮੌਕੇ 'ਤੇ ਇਕੱਠੇ ਹੋਏ ਸਿੱਖਾਂ ਨੂੰ ਮਾਰ-ਮੁਕਾਉਣਾ ਚਾਹੁੰਦਾ ਹੈ ਤਾਂ ਉਨ੍ਹਾਂ ਇਹ ਇਕੱਠ ਮੁਲਤਵੀ ਕਰ ਦਿੱਤਾ, ਇਸ

ਕਰਕੇ ਹੀ ਉਨ੍ਹਾਂ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਭਾਵੇਂ ਕਿ ਭਾਈ ਮਨੀ ਸਿੰਘ ਦੀ ਸ਼ਹਾਦਤ ਦੀਵਾਲੀ ਵਾਲੇ ਦਿਨ ਨਹੀਂ ਹੋਈ ਪਰ, ਕਿਉਂਕਿ ਉਨ੍ਹਾਂ ਦੀ ਸ਼ਹਾਦਤ ਦਾ ਕਾਰਨ ਦੀਵਾਲੀ ਮਨਾਉਣਾ ਹੀ ਸੀ, ਇਸ ਕਰਕੇ ਸਿੱਖ ਜਿੱਥੇ ਦੀਵਾਲੀ ਦੇ ਸਮੇਂ ਬੰਦੀਛੋੜ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਨ, ਉਥੇ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਨੂੰ ਵੀ ਯਾਦ ਕਰ ਆਪਣਾ ਸਤਿਕਾਰ ਦਿੰਦੇ ਹਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਿਹਾਈ ਸਮੇਂ ਕੀਤੀ ਗਈ ਦੀਪਮਾਲਾ ਦੀਵਾਲੀ ਦੇ ਦਿਨ ਗੁਰਸਿੱਖਾਂ ਦੀ ਇਕੱਤਰਤਾ ਬੁਲਾਉਣ ਕਰਕੇ ਇਹ ਦਿਨ ਸਿੱਖਾਂ ਲਈ ਇਕ ਯਾਦਗਾਰੀ ਦਿਨ ਬਣ ਗਿਆ ਤੇ ਹਰ ਸਾਲ ਦੀਵਾਲੀ ਦੇ ਸਮੇਂ ਖ਼ਾਲਸਾ ਪੰਥ ਇਕੱਤਰ ਹੋ ਕੇ ਪੰਥਕ ਹਿੱਤਾਂ ਲਈ ਵਿਚਾਰਾਂ ਕਰਦਾ ਤੇ ਭਵਿੱਖ ਦੀਆਂ ਯੋਜਨਾਵਾਂ ਬਣਾਉਂਦਾ ਹੈ। ਇਨ੍ਹਾਂ ਇਕੱਤਰਤਾਵਾਂ ਨੂੰ ਸਰਬੱਤ ਖ਼ਾਲਸਾ ਤੇ ਹੋਏ ਫ਼ੈਸਲਿਆਂ ਨੂੰ ਗੁਰਮਤਾ ਕਿਹਾ ਜਾਂਦਾ ਹੈ।

ਦੀਵਾਲੀ ਵਾਲੇ ਦਿਨ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਮੁਕੰਮਲ ਰੂਪ ਵਿਚ ਦੀਪਮਾਲਾ ਕੀਤੀ ਜਾਂਦੀ ਹੈ। ਸ਼ਰਧਾਲੂਆਂ ਵਲੋਂ ਸਰੋਵਰ ਦੇ ਕੰਢੇ ਜਗਾਏ ਹੋਏ ਦੀਵੇ ਤੇ ਮੋਮਬੱਤੀਆਂ ਤੇ ਦੀਪਮਾਲਾ ਇਕ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ, ਜਿਸ ਦੀ ਖ਼ੂਬਸੂਰਤੀ ਨੂੰ ਅੱਖਰਾਂ ਵਿਚ ਬਿਆਨ ਕਰਨਾ ਅਸੰਭਵ ਹੈ, ਇਹ ਤਾਂ ਦੇਖਣ 'ਤੇ ਹੀ ਅਨੁਭਵ ਹੋਵੇਗਾ। ਇਤਿਹਾਸਕ ਦ੍ਰਿਸ਼ਟੀ ਤੋਂ ਦੇਖਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਦੀਵਿਆਂ ਵਿਚ ਤੇਲ ਨਹੀਂ ਬਲ ਰਿਹਾ, ਬਲਕਿ ਕੌਮਾਂ ਨੂੰ ਰੌਸ਼ਨੀ ਪ੍ਰਦਾਨ ਕਰਨ ਲਈ 'ਸ਼ਹੀਦਾਂ ਦੀ ਚਰਬੀ' ਬਲ ਰਹੀ ਹੈ। ਦੀਵਿਆਂ ਦੀ ਰੌਸ਼ਨੀ ਵਿਚ ਹਰਿਮੰਦਰ ਸਾਹਿਬ ਵਿੱਚੋਂ ਇਹ ਨਾਦ ਗੂੰਜਦਾ ਹੈ:

**ਜਉ ਤਉ ਪ੍ਰੇਮ ਖੇਲਣ ਕਾ ਚਾਉ ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ ॥**
**ਇਤੁ ਮਾਰਗਿ ਪੈਰੁ ਧਰੀਜੈ ॥**
**ਸਿਰੁ ਦੀਜੈ ਕਾਣਿ ਨ ਕੀਜੈ ॥** (ਅੰਗ : 1412)

ਦੀਵਾਲੀ ਵਾਲੇ ਦਿਨ ਸ਼ਾਮ ਨੂੰ 'ਰਹਰਾਸਿ' ਦੇ ਪਾਠ ਆਰੰਭ ਹੋਣ ਤੋਂ ਪਹਿਲਾਂ ਹੀ ਸੰਗਤਾਂ ਆਤਿਸ਼ਬਾਜ਼ੀ ਦਾ ਨਜ਼ਾਰਾ ਦੇਖਣ ਤੇ ਦਰਸ਼ਨੀ ਡਿਓੜ੍ਹੀ ਤੋਂ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੌਮ ਦੇ ਨਾਂਅ ਸੰਦੇਸ਼ ਸ੍ਰਵਣ ਕਰਨ ਲਈ ਜੁੜ ਬੈਠਦੀਆਂ ਹਨ। 'ਰਹਰਾਸਿ' ਦੇ ਪਾਠ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦੇ ਚਾਰ ਕੋਨਿਆਂ ਵਿੱਚੋਂ ਆਤਿਸ਼ਬਾਜ਼ ਆਤਿਸ਼ਬਾਜ਼ੀ ਚਲਾਉਂਦੇ ਹਨ। ਇਹ ਨਜ਼ਾਰਾ ਦੇਖਿਆਂ ਹੀ ਬਣਦਾ ਹੈ। ਸਿੱਖ ਸ੍ਰੀ ਅੰਮ੍ਰਿਤਸਰ ਤੋਂ ਜੀਵਨ ਦੀ ਰੌਅ ਪ੍ਰਾਪਤ ਕਰਦਾ ਹੈ। ਅੰਮ੍ਰਿਤਸਰ ਤੋਂ ਜੀਵਨ ਦੀ ਰੌਸ਼ਨੀ ਪ੍ਰਾਪਤ ਕਰ ਆਪਣੇ ਜੀਵਨ 'ਚੋਂ ਹਨੇਰਾ ਦੂਰ ਕਰਦਾ ਹੈ। ਮੱਸਿਆ ਦੀ ਕਾਲੀ ਬੋਲੀ ਹਨੇਰੀ ਰਾਤ ਵਿਚ ਜਗ ਰਹੇ ਦੀਵੇ ਸਾਨੂੰ ਜੀਵਨ ਦਾ ਰਾਹ ਦਰਸਾਉਂਦੇ ਹਨ।

ਮਨੁੱਖ ਹਨ੍ਹੇਰਾ ਨਹੀਂ, ਪ੍ਰਕਾਸ਼ ਲੋਚਦਾ ਹੈ। ਇਤਿਹਾਸਕ ਘਟਨਾਵਾਂ ਨੂੰ ਰੂਪਮਾਨ ਕਰਦੇ ਇਹ ਦੀਵੇ, ਸਾਨੂੰ ਪ੍ਰੇਰਨਾ ਤੇ ਉਤਸ਼ਾਹ ਬਖ਼ਸ਼ਦੇ ਹਨ ਕਿ ਜ਼ਿੰਦਗੀ 'ਪੂਰਨਮਾਸ਼ੀ ਦੀ ਰਾਤ' ਬਣ ਜਾਵੇ ਭਾਵ ਜ਼ਿੰਦਗੀ ਜਿਊਣ ਦੀ ਜਾਚ ਸਾਨੂੰ ਆ ਜਾਵੇ। ਇਹ ਸੱਚ ਦਾ ਪ੍ਰਕਾਸ਼ ਤਾਂ ਹੀ ਹੋ ਸਕਦਾ ਹੈ ਜੇ ਸਤਿਗੁਰੂ ਆਪ ਕਿਰਪਾ ਕਰਨ। ਗੁਰਦੇਵ ਹੁਕਮ ਕਰਦੇ ਹਨ:

ਸਗਲੀ ਰੈਣਿ ਗੁਦਰੀ ਅੰਧਿਆਰੀ
**ਸੇਵਿ ਸਤਿਗੁਰੁ ਚਾਨਣੁ ਹੋਇ ॥** (ਅੰਗ : 78)

ਸਤਿਗੁਰੂ ਦੇ ਹੁਕਮ ਵਿਚ ਚੱਲ ਕੇ ਹੀ ਗਿਆਨ ਦਾ ਪ੍ਰਕਾਸ਼ ਹੋ ਸਕਦਾ ਹੈ। ਅਗਿਆਨਤਾ ਵੱਸ ਮਨੁੱਖ ਦੇਵਣਹਾਰ ਦਾਤਾਰ ਨੂੰ ਵਿਸਾਰ ਦਿੰਦਾ ਹੈ। ਲੋੜ ਹੈ ਮਨੁੱਖ ਦੇ ਮੱਸਿਆ ਰੂਪੀ ਜੀਵਨ ਦੀ ਰਾਤ



ਵਿਚ ਗਿਆਨ ਰੂਪੀ ਦੀਵਾ ਬਾਲਣ ਦੀ। ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ ਅਨੁਸਾਰ:

**ਦੂਖੁ ਅੰਧੇਰਾ ਘਰ ਤੇ ਮਿਟਿਓ ॥**
**ਗੁਰਿ ਗਿਆਨੁ ਦ੍ਰਿੜਾਇਓ ਦੀਪ ਬਲਿਓ ॥**

ਆਓ! ਗਿਆਨ ਰੂਪੀ ਦੀਵੇ ਨਾਲ ਆਪਣੇ ਅੰਦਰ ਪਸਰੇ ਕੂੜ ਦੇ ਹਨੇਰੇ ਨੂੰ ਦੂਰ ਕਰੀਏ, ਤਾਂ ਹੀ ਅਸੀਂ ਦੀਵਾਲੀ ਦੇ ਦੀਵਿਆਂ ਤੋਂ ਰੌਸ਼ਨੀ ਲੈ ਕੇ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਹੋ ਸਕਦੇ ਹਾਂ।

# ਬੰਦੀ ਛੋੜ ਦਿਵਸ ਦੀ ਇਤਿਹਾਸਕ ਮਹੱਤਤਾ ਅਤੇ ਸੁਨੇਹਾ



ਸਿੱਖ ਕੌਮ ਦੇ ਨਿਰਾਲੇ ਇਤਿਹਾਸ ਨੂੰ ਬਿਆਨ ਕਰਦਾ ਬੰਦੀ ਛੋੜ ਦਿਵਸ ਕੌਮ ਵਲੋਂ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ। ਬੰਦੀ ਛੋੜ ਦਿਹਾੜੇ ਦਾ ਸਬੰਧ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਲ ਜੁੜਦਾ ਹੈ। ਛੇਵੇਂ ਪਾਤਸ਼ਾਹ ਆਪਣੇ ਨਾਲ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਅ ਕਰਵਾਉਣ ਮਗਰੋਂ ਇਸ ਦਿਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਪਹੁੰਚੇ ਸਨ, ਜਿਸ 'ਤੇ ਸੰਗਤਾਂ ਨੇ ਘਿਓ ਦੇ ਦੀਵੇ ਬਾਲ ਕੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਸੀ। ਇਹ ਪ੍ਰੰਪਰਾ ਅੱਜ ਵੀ ਨਿਰੰਤਰ ਜਾਰੀ ਹੈ। ਬੰਦੀ ਛੋੜ ਦਿਵਸ ਮੌਕੇ ਦੇਸ਼-ਵਿਦੇਸ਼ ਦੀਆਂ ਲੱਖਾਂ ਸੰਗਤਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕਰਦੀਆਂ ਹਨ। ਬੰਦੀ ਛੋੜ ਦੇ ਇਤਿਹਾਸ ਨੇ ਹੱਕ, ਸੱਚ ਅਤੇ ਇਨਸਾਫ਼ ਦੀ ਇੱਕ ਵੱਡੀ ਉਦਾਹਰਨ ਪੇਸ਼ ਕੀਤੀ ਜੋ ਦੁਨੀਆਂ ਅੰਦਰ ਹੋਰ ਕਿਧਰੇ ਨਹੀਂ ਮਿਲਦੀ।

ਸਮੇਂ ਦੀਆਂ ਹਕੂਮਤਾਂ ਅਕਸਰ ਮਨੁੱਖੀ ਹੱਕਾਂ ਨੂੰ ਦਬਾਉਣ ਦਾ ਯਤਨ ਕਰਦੀਆਂ ਰਹੀਆਂ ਹਨ। ਗੁਰੂ ਸਾਹਿਬਾਨ ਦੇ ਸਮੇਂ ਵੀ ਹਕੂਮਤਾਂ ਦਾ ਜਬਰ ਸਿਖ਼ਰ 'ਤੇ ਸੀ, ਜਿਸ ਦੇ ਵਿਰੁੱਧ ਗੁਰੂ ਸਾਹਿਬਾਨ ਨੇ ਆਵਾਜ਼ ਬੁਲੰਦ ਕੀਤੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵੀ ਹੱਕ-ਸੱਚ ਦੀ ਅਵਾਜ਼ ਨੂੰ ਬੁਲੰਦ ਕਰਦਿਆਂ ਹੋਈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਹਕੂਮਤ ਦੇ ਜ਼ੁਲਮ ਨਾਲ ਨਜਿੱਠਣ ਲਈ ਛੇਵੇਂ ਪਾਤਸ਼ਾਹ ਨੇ ਸਿੱਖ ਕੌਮ ਨੂੰ ਸ਼ਸਤਰਧਾਰੀ ਹੋਣ ਲਈ ਪ੍ਰੇਰਦਿਆਂ ਘੋੜ ਸਵਾਰੀ ਅਤੇ ਯੁੱਧ ਕਲਾ ਵਿਚ ਨਿਪੁੰਨ ਹੋਣ ਦਾ ਸੰਦੇਸ਼ ਦਿੱਤਾ। ਇਸ ਦੇ ਨਾਲ ਅਜ਼ਾਦ ਹੋਂਦ ਹਸਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਜ਼ਾਦਾਨਾ ਤੇ ਬੁਲੰਦ ਸ਼ਖ਼ਸੀਅਤ ਸਮੇਂ ਦੀ ਹਕੂਮਤ ਨੂੰ ਰੜਕਣ ਲੱਗੀ। ਇਸ ਦੇ ਨਾਲ ਹੀ ਗੁਰੂ ਘਰ ਦੇ ਦੋਖੀਆਂ ਨੇ ਵੀ ਹਕੂਮਤ ਦੇ ਕੰਨ ਭਰੇ। ਬਾਦਸ਼ਾਹ ਜਹਾਂਗੀਰ ਨੇ ਕਪਟੀ ਚਾਲਾਂ ਚਲਦਿਆਂ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ। ਇਸ ਕਿਲ੍ਹੇ ਵਿਚ ਜਹਾਂਗੀਰ ਨੇ ਵੱਖ-ਵੱਖ ਰਿਆਸਤਾਂ ਦੇ 52 ਰਾਜਿਆਂ ਨੂੰ ਵੀ ਕੈਦ ਰੱਖਿਆ ਹੋਇਆ ਸੀ। ਇਹ ਰਾਜੇ ਆਪਣੀ ਆਜ਼ਾਦੀ ਦਾ ਵਿਚਾਰ ਤਿਆਗ ਕੇ ਘੋਰ ਨਿਰਾਸ਼ਾ ਵਿਚ ਜਾ ਚੁੱਕੇ ਸਨ। ਗੁਰੂ ਸਾਹਿਬ ਦੀ ਸੰਗਤ ਦਾ ਇਨ੍ਹਾਂ ਬੰਦੀ ਰਾਜਿਆਂ ਦੇ ਮਨਾਂ 'ਤੇ ਬਹੁਤ ਚੰਗਾ ਅਸਰ ਹੋਇਆ ਅਤੇ ਉਨ੍ਹਾਂ ਅੰਦਰ ਆਸ ਦੀ ਕਿਰਨ ਜਾਗ ਉੱਠੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੂੰ ਕਿਲ੍ਹੇ ਵਿਚ ਬੰਦੀ ਬਣਾਉਣ ਕਰਕੇ ਸਿੱਖ ਸੰਗਤਾਂ ਦੇ ਮਨਾਂ ਵਿਚ ਵੀ ਭਾਰੀ ਰੋਸ ਸੀ, ਜਿਸ ਨੂੰ ਵੇਖਦਿਆਂ ਹਕੂਮਤ ਨੂੰ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਐਲਾਨ ਕਰਨਾ ਪਿਆ। ਗੁਰੂ ਸਾਹਿਬ ਨੇ ਆਪਣੇ ਨਾਲ ਬੰਦੀ ਰਾਜਿਆਂ

**ਐਡਵੋਕੇਟ ਹਰਜਿੰਦਰ ਸਿੰਘ ਧਾਮੀ**

ਦੀ ਰਿਹਾਈ ਲਈ ਹਕੂਮਤ ਅੱਗੇ ਸ਼ਰਤ ਰੱਖੀ ਅਤੇ ਇੰਝ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਮੁਕਤ ਕਰਵਾ ਕੇ ਲੋਕਾਈ ਨੂੰ ਇਕ ਨਵੀਂ ਰੌਸ਼ਨੀ ਦਿੱਤੀ। ਗੁਰੂ ਸਾਹਿਬ ਦੇ ਇਸ ਕਦਮ ਨਾਲ ਮਨੁੱਖਤਾ ਅੰਦਰ ਆਜ਼ਾਦੀ ਦੀ ਲੋਅ ਇਕ ਵਾਰ ਫਿਰ ਰੌਸ਼ਨ ਹੋ ਗਈ।

ਬੰਦੀ ਛੋੜ ਦਿਹਾੜੇ ਨਾਲ ਸਿੱਖ ਇਤਿਹਾਸ ਦਾ ਇਕ ਹੋਰ ਪੰਨਾ ਜੁੜਦਾ ਹੈ। ਸਿੱਖ ਕੌਮ 'ਤੇ ਇਕ ਸਮਾਂ ਅਜਿਹਾ ਆਇਆ ਜਦ ਹਕੂਮਤ ਨੇ ਸਿੱਖਾਂ ਨੂੰ ਖ਼ਤਮ ਕਰਨ ਦੇ ਮਨਸੂਬੇ ਬਣਾਏ। ਸਿੱਖ ਜੰਗਲਾਂ ਵਿਚ ਰਹਿ ਕੇ ਗੁਜ਼ਾਰਾ ਕਰਨ ਲੱਗੇ। ਇਸੇ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਮਨੀ ਸਿੰਘ ਨੇ ਬੰਦੀ ਛੋੜ ਦਿਵਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤਾਂ ਦਾ ਇਕੱਠ ਕਰਨ ਦੀ ਹਕੂਮਤ ਪਾਸੋਂ ਇਜਾਜ਼ਤ ਮੰਗੀ। ਹਕੂਮਤ ਨੇ ਮੰਦਭਾਵਨਾ ਤਹਿਤ ਟੈਕਸ ਦੀ ਅਦਾਇਗੀ ਬਦਲੇ ਇਹ ਮਨਜ਼ੂਰੀ ਦਿੱਤੀ। ਹਕੂਮਤ ਦੀ ਮਨਸ਼ਾ ਇਕੱਠੇ ਹੋਏ ਸਿੱਖਾਂ ਨੂੰ ਖਤਮ ਕਰਨ ਦੀ ਸੀ। ਭਾਈ ਮਨੀ ਸਿੰਘ ਨੂੰ ਪਤਾ ਲੱਗਣ 'ਤੇ ਉਨ੍ਹਾਂ ਸੰਗਤਾਂ ਨੂੰ ਅੰਮ੍ਰਿਤਸਰ ਆਉਣੋਂ ਰੋਕ ਦਿੱਤਾ। ਸਰਕਾਰ ਦੇ ਸਿੱਖਾਂ ਨੂੰ ਨੁਕਸਾਨ ਪਹੁੰਚਾਉਣ ਦੇ ਮਨਸੂਬੇ ਧਰੇ-ਧਰਾਏ ਰਹਿ ਗਏ। ਇਸ 'ਤੇ ਲੋਹੀ ਲਾਖੀ ਹੋਈ ਸਰਕਾਰ ਨੇ ਭਾਈ ਮਨੀ ਸਿੰਘ ਨੂੰ ਨਿਸ਼ਾਨਾ ਬਣਾਇਆ। ਭਾਈ ਮਨੀ ਸਿੰਘ ਨੂੰ ਟੈਕਸ ਨਾ ਤਾਰਨ ਬਦਲੇ ਇਸਲਾਮ ਜਾਂ ਮੌਤ ਕਬੂਲਣ ਦਾ ਫੁਰਮਾਨ ਜਾਰੀ ਕਰ ਦਿੱਤਾ। ਇਸ 'ਤੇ ਭਾਈ ਮਨੀ ਸਿੰਘ ਨੇ ਸਿੱਖ ਕੌਮ ਦੇ ਗੌਰਵਮਈ ਇਤਿਹਾਸ 'ਤੇ ਪਹਿਰਾ ਦਿੰਦਿਆਂ ਸ਼ਹਾਦਤ ਨੂੰ ਪ੍ਰਵਾਨ ਕੀਤਾ। ਮੁਗਲ ਹਕੂਮਤ ਨੇ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ।

ਇਸ ਤਰ੍ਹਾਂ ਬੰਦੀ ਛੋੜ ਦਿਹਾੜੇ ਦਾ ਇਤਿਹਾਸ ਮਨੁੱਖੀ ਹੱਕਾਂ ਲਈ ਸੰਘਰਸ਼ ਦੀ ਪ੍ਰੇਰਨਾ ਦਿੰਦਾ ਹੈ। ਸਿੱਖ ਕੌਮ ਦਾ ਇਹ ਖਾਸਾ ਰਿਹਾ ਹੈ ਕਿ ਇਸ ਨੇ ਹਮੇਸ਼ਾ ਹੀ ਸਮਾਜਿਕ ਕੁਰੀਤੀਆਂ ਦੇ ਨਾਲ-ਨਾਲ ਜਬਰ ਜ਼ੁਲਮ ਵਿਰੁੱਧ ਸੰਘਰਸ਼ ਕੀਤਾ। ਚੁਣੌਤੀਆਂ ਅਤੇ ਸੰਘਰਸ਼ ਦੇ ਦੌਰ ਵਿਚ ਸਿੱਖਾਂ ਨੇ ਕਦੇ ਵੀ ਹਿੰਮਤ ਨਹੀਂ ਹਾਰੀ। 18ਵੀਂ ਸਦੀ ਦੇ ਮੁਸ਼ਕਿਲ ਦੌਰ ਵਿਚ ਵੀ ਸਿੱਖ ਪੰਥ ਬੰਦੀ ਛੋੜ ਦਿਵਸ ਮੌਕੇ ਸ੍ਰੀ ਅੰਮ੍ਰਿਤਸਰ ਵਿਚ ਇਕੱਠੇ ਹੋ ਕੇ ਕੌਮੀ ਲੇਖਾ-ਜੋਖਾ ਕਰਿਆ ਕਰਦਾ ਸੀ। ਇਸ ਮੌਕੇ ਬੀਤੇ ਸਮੇਂ ਦੇ ਕਾਰਜਾਂ ਨੂੰ ਵਿਚਾਰ ਕੇ ਭਵਿੱਖਮੁਖੀ ਤਰਜੀਹਾਂ ਨਿਰਧਾਰਤ ਕੀਤੀਆਂ ਜਾਂਦੀਆਂ ਸਨ। ਮੌਜੂਦਾ ਸਮੇਂ ਦੀ ਗੱਲ ਕਰੀਏ ਤਾਂ ਅੱਜ ਵੀ ਕੌਮ ਨੂੰ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਰਪੇਸ਼ ਹਨ, ਅੱਜ ਵੀ ਸਮਾਜ ਅੰਦਰ ਕੁਰੀਤੀਆਂ ਦੀ ਭਰਮਾਰ ਦੇ ਨਾਲ-ਨਾਲ ਪੰਥ ਵਿਰੋਧੀ ਸ਼ਕਤੀਆਂ ਸਰਗਰਮ ਹਨ, ਜਿਨ੍ਹਾਂ ਸਬੰਧੀ ਵਿਚਾਰ ਕਰਨ ਲਈ ਪੰਥਕ ਇੱਕਜੁਟਤਾ ਲਾਜ਼ਮੀ ਹੈ। ਇਕ ਪਾਸੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਮੁਗਲ ਹਕੂਮਤ ਵੱਲੋਂ ਕੈਦ ਕੀਤੇ ਦੇਸ਼ ਦੇ ਵੱਖ-ਵੱਖ ਰਾਜਿਆਂ ਦੀ ਬੰਦ ਖਲਾਸੀ ਕੀਤੀ ਸੀ, ਜਦ ਕਿ ਅੱਜ ਇਸ ਦੇਸ਼ ਅੰਦਰ ਉਨ੍ਹਾਂ ਦੇ ਅਨੁਆਈ ਸਿੱਖਾਂ ਨੂੰ 30-30 ਸਾਲਾਂ ਤੋਂ ਜੇਲ੍ਹਾਂ ਵਿਚ ਬੰਦ ਰੱਖਿਆ ਹੋਇਆ ਹੈ। ਬੰਦੀ ਸਿੰਘਾਂ ਦੇ ਮਾਮਲੇ ਵਿਚ ਸਰਕਾਰ ਵਲੋਂ ਕੀਤਾ ਜਾ ਰਿਹਾ ਵਿਤਕਰਾ ਸਿੱਖਾਂ ਨੂੰ ਬੇਗਾਨਗੀ ਦਾ ਅਹਿਸਾਸ ਕਰਵਾ ਰਿਹਾ ਹੈ। ਉਮਰ ਕੈਦ ਤੋਂ ਦੁੱਗਣਾ ਸਮਾਂ ਜੇਲ੍ਹਾਂ ਵਿਚ ਬਤੀਤ ਕਰਨ ਦੇ ਬਾਵਜੂਦ ਸਰਕਾਰਾਂ ਸਿੱਖ ਬੰਦੀਆਂ ਨੂੰ ਰਿਹਾਅ ਨਹੀਂ ਕਰ ਰਹੀਆਂ। ਇਸ ਦੇ ਨਾਲ ਹੀ ਸਿੱਖਾਂ ਵੱਲੋਂ ਕੁਰਬਾਨੀਆਂ ਨਾਲ ਸਥਾਪਤ ਕੀਤੀਆਂ ਸਿੱਖ ਸੰਸਥਾਵਾਂ ਨੂੰ ਤੋੜਨ ਤੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਦੇ ਕੋਝੇ ਯਤਨਾਂ ਤਹਿਤ ਚਾਲਾਂ ਚੱਲੀਆਂ ਜਾ ਰਹੀਆਂ ਹਨ। ਅੱਜ ਲੋੜ ਹੈ ਪੰਥ ਵਿਰੋਧੀ ਚਾਲਾਂ ਤੋਂ ਸੁਚੇਤ ਹੁੰਦੇ ਰਹਿੰਦੇ ਆਪਣੀਆਂ ਪੁਰਾਣੀਆਂ ਪ੍ਰੰਪਰਾਵਾਂ ਅਨੁਸਾਰ ਸਿੱਖ ਕੌਮ ਚੁਣੌਤੀਆਂ ਦੇ ਟਾਕਰੇ ਲਈ ਸਿਰਜੋੜ ਬੈਠੇ। ਬੰਦੀ ਛੋੜ ਦਿਵਸ ਦੀ ਸੰਗਤਾਂ ਨੂੰ ਵਧਾਈ ਦਿੰਦਾ ਹੋਇਆ ਅਪੀਲ ਕਰਦਾ ਹਾਂ ਕਿ ਸਿੱਖ ਕੌਮ ਇਸ ਇਤਿਹਾਸਕ ਦਿਹਾੜੇ 'ਤੇ ਆਪਣੇ ਇਤਿਹਾਸ ਤੋਂ ਵੀ ਸੇਧ ਲਵੇ। ਬੰਦੀ ਛੋੜ ਦਿਹਾੜੇ ਦਾ ਸੁਨੇਹਾ ਸਿਰ ਜੋੜ ਕੇ ਬੈਠਣ ਅਤੇ ਪੰਥਕ ਚੁਣੌਤੀਆਂ ਚੋਂ ਉਭਰਨ ਲਈ ਇਕਜੁੱਟ ਹੋਣ ਦਾ ਸੱਦਾ ਹੈ। ਇਸ ਮੌਕੇ 'ਤੇ ਆਪਣੇ ਘਰਾਂ ਨੂੰ ਰੁਸ਼ਨਾਉਣ ਦੇ ਨਾਲ-ਨਾਲ ਸ਼ਬਦ ਗੁਰੂ ਦੇ ਪ੍ਰਕਾਸ਼ ਰਾਹੀਂ ਆਪਣੇ ਹਿਰਦੇ ਨੂੰ ਵੀ ਰੁਸ਼ਨਾਉਣਾ ਹੈ ਅਤੇ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਹਮੇਸ਼ਾ ਹੀ ਤਤਪਰ ਰਹਿਣਾ ਹੈ।



**ਆਪਣੇ ਪਿਆਰੀ ਗੀਤਾਂ ਨਾਲ ਪੰਜਾਬੀ ਸੱਭਿਆਚਾਰ ਤੇ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਨ ਵਾਲਾ ਪੰਜਾਬੀ ਦਾ ਸੇਵਾਦਾਰ**
**ਜਿਸਦੇ ਲਿਖੇ ਅਤੇ ਉਘੇ ਗਾਇਕਾਂ ਵਲੋਂ ਗਾਏ ਗੀਤ ਦੁਨੀਆ ਭਰਦੇ ਪੰਜਾਬੀਆਂ ਦੇ ਘਰਾਂ 'ਚ ਵੱਜ ਰਹੇ ਹਨ**
**ਉਸ ਪੰਜਾਬੀ ਦੇ ਉਘੇ ਸ਼ਾਇਰ ਗੀਤਕਾਰ ਸਰਦਾਰ ਬਿੱਟੂ ਦੌਲਤਪੁਰੀ ਅਤੇ ਉਨ੍ਹਾਂ ਦੇ ਸਮੂਹ ਪਰਿਵਾਰ ਵਲੋਂ**

# ਬੰਦੀਛੋੜ ਦਿਵਸ ਅਤੇ ਰੌਸ਼ਨੀਆਂ ਦੇ ਤਿਉਹਾਰ ਦਿਵਾਲੀ ਦੀਆਂ ਲੱਖ ਲੱਖ ਵਧਾਈਆਂ

## ਸ਼ੋਭਾ ਹਰਮੰਦਿਰ ਸਾਹਿਬ ਦੀ

ਸਤਿਨਾਮ ਵਾਹਿਗੁਰੂ ਸਤਿਨਾਮ ਜੀ ਸਤਿਨਾਮ ਵਾਹਿਗੁਰੂ ਸਤਿਨਾਮ ਜੀ
ਆਓ ਰਲਕੇ ਗਾਈਏ ਸਾਰੇ ਸੋਭਾ ਹਰਮੰਦਿਰ ਸਾਹਿਬ ਦੀ
ਸੋਭਾ ਹਰਮੰਦਿਰ ਸਾਹਿਬ ਦੀ
ਜਿੱਥੇ ਝੁਕਦੇ ਧਰਮੀ ਚਾਰੇ ਸੋਭਾ ਹਰਮੰਦਿਰ ਸਾਹਿਬ ਦੀ
ਆਓ ਰਲਕੇ ਗਾਈਏ ਸਾਰੇ ਸੋਭਾ ਹਰਮੰਦਿਰ ਸਾਹਿਬ ਦੀ
ਸਤਿਨਾਮ ਵਾਹਿਗੁਰੂ ਸਤਿਨਾਮ ਜੀ ਸਤਿਨਾਮ ਵਾਹਿਗੁਰੂ ਸਤਿਨਾਮ ਜੀ
ਸਾਈਂ ਮੀਆਂ ਮੀਰ ਤੋਂ ਨੀਂਹ ਰੱਖਾਈ ਰਾਮ ਦਾਸ ਗੁਰੂ ਦੇ ਬਲਿਹਾਰੇ
ਸੋਭਾ ਹਰਮੰਦਿਰ ਸਾਹਿਬ ਦੀ
ਆਓ ਰਲਕੇ ਗਾਈਏ ਸਾਰੇ ਸੋਭਾ ਹਰਮੰਦਿਰ ਸਾਹਿਬ ਦੀ
ਸਤਿਨਾਮ ਵਾਹਿਗੁਰੂ ਸਤਿਨਾਮ ਜੀ ਸਤਿਨਾਮ ਵਾਹਿਗੁਰੂ ਸਤਿਨਾਮ ਜੀ
ਦਰਵਾਜ਼ੇ ਸਾਰੇ ਸੋਨੇ ਨਾਲ ਮੜ੍ਹਤੇ ਰਣਜੀਤ ਸਿੰਘ ਰਾਜੇ ਨੇ ਚਾਰੇ
ਸੋਭਾ ਹਰਮੰਦਿਰ ਸਾਹਿਬ ਦੀ
ਆਓ ਰਲਕੇ ਗਾਈਏ ਸਾਰੇ ਸੋਭਾ ਹਰਮੰਦਿਰ ਸਾਹਿਬ ਦੀ
ਸਤਿਨਾਮ ਵਾਹਿਗੁਰੂ ਸਤਿਨਾਮ ਜੀ ਸਤਿਨਾਮ ਵਾਹਿਗੁਰੂ ਸਤਿਨਾਮ ਜੀ
ਰਾਮ ਦਾਸ ਸਰੋਵਰ ਨ੍ਹਾਤੇ ਸਭ ਉੱਤਰੇ ਪਾਪ ਕਮਾਤੇ
ਸੋਭਾ ਹਰਮੰਦਿਰ ਸਾਹਿਬ ਦੀ
ਆਓ ਰਲਕੇ ਗਾਈਏ ਸਾਰੇ ਸੋਭਾ ਹਰਮੰਦਿਰ ਸਾਹਿਬ ਦੀ
ਸਤਿਨਾਮ ਵਾਹਿਗੁਰੂ ਸਤਿਨਾਮ ਜੀ ਸਤਿਨਾਮ ਵਾਹਿਗੁਰੂ ਸਤਿਨਾਮ ਜੀ
ਚਹੁੰ ਵਰਣਾਂ ਲਈ ਸਾਝਾਂ ਦਰ ਆ ਚਹੁੰ ਵਰਣਾਂ ਲਈ ਸਾਝਾਂ ਦਰ ਆ ਜਿੱਥੇ ਮਿੱਟਦੇ ਕਸ਼ਟ ਨੇ ਭਾਰੇ
ਸੋਭਾ ਹਰਮੰਦਿਰ ਸਾਹਿਬ ਦੀ
ਆਓ ਰਲਕੇ ਗਾਈਏ ਸਾਰੇ ਸੋਭਾ ਹਰਮੰਦਿਰ ਸਾਹਿਬ ਦੀ
ਸਤਿਨਾਮ ਵਾਹਿਗੁਰੂ ਸਤਿਨਾਮ ਜੀ ਸਤਿਨਾਮ ਵਾਹਿਗੁਰੂ ਸਤਿਨਾਮ ਜੀ
ਗੁਰੂ ਰਾਮ ਦਾਸ ਦੀ ਨਗਰੀ ਪਿਆਰੀ ਗੁਰੂ ਰਾਮ ਦਾਸ ਦੀ ਨਗਰੀ ਪਿਆਰੀ
(ਬਿੱਟੂ) ਕਰਦੀ ਪਾਰ-ਉਤਾਰੇ ਸੋਭਾ ਹਰਮੰਦਿਰ ਸਾਹਿਬ ਦੀ
ਸੋਭਾ ਹਰਮੰਦਿਰ ਸਾਹਿਬ ਦੀ
ਆਓ ਰਲਕੇ ਗਾਈਏ ਸਾਰੇ ਸੋਭਾ ਹਰਮੰਦਿਰ ਸਾਹਿਬ ਦੀ
ਸਤਿਨਾਮ ਵਾਹਿਗੁਰੂ ਸਤਿਨਾਮ ਜੀ ਸਤਿਨਾਮ ਵਾਹਿਗੁਰੂ ਸਤਿਨਾਮ ਜੀ

•••

## ਤੇਰੀ ਸਿੱਖੀ ਦੀ ਕੀ ਸ਼ਿਫਤ...

ਤੇਰੀ ਸਿੱਖੀ ਦੀ ਕੀ ਸ਼ਿਫਤ ਕਰਾਂ ਮੇਰੇ ਪੱਲੇ ਨਾ ਕੋਈ ਲਫਜ ਗੁਰੂ
ਤੂੰ ਧੰਨ ਤੇ ਤੇਰੀ ਸਿੱਖੀ ਵੀ ਤੂੰ ਸ਼ਾਝਾਂ ਦਾ ਏ ਸਰਜ ਗੁਰੂ
ਨਾ ਵੈਰੀ ਅੱਗੇ ਝੁਕਿਆ ਏ ਨਾ ਝੁਕਣਾ ਸਾਨੂੰ ਸਿਖਾਇਆ ਏ
ਸ਼ਰਬੰਸ਼ ਕੌਮ ਤੋਂ ਵਾਰ ਦਿੱਤਾ ਖ਼ਾਲਸ-ਖਾਲਸਾ ਸਜਾਇਆ ਏ
ਊਚ-ਨੀਚ ਨੂੰ ਖਤਮ ਕਰ ਸਿੰਘ-ਕੌਰ ਨੂੰ ਕੀਤਾ ਦਰਜ ਗੁਰੂ
ਤੂੰ ਧੰਨ ਤੇ ਤੇਰੀ ਸਿੱਖੀ ਵੀ ਤੂੰ ਸ਼ਾਝਾਂ ਦਾ ਏ ਸਰਜ ਗੁਰੂ
ਦੇਗਾਂ ਚ ਉਬਾਲੇ ਵੀ ਖਾਧੇ ਪਰ ਡੋਲਿਆ ਨਾ ਤੇਰਾ ਸਿੱਖ ਕਦੇ
ਚਰਖੜੀਆਂ ਤੇ ਵੀ ਹੱਸ ਚੜ੍ਹੇ ਮੂੰਹੋਂ ਸੀ ਵੀ ਨਾ ਬੋਲਿਆਂ ਤੇਰਾ ਸਿੱਖ ਕਦੇ
ਸਾਰੀ ਕੌਮ ਕਦੇ ਨਹੀਂ ਲਾਹ ਸਕਦੀ ਤੇਰੇ ਅਹਿਸਾਨਾਂ ਦਾ ਕਰਜ਼ ਗੁਰੂ
ਤੂੰ ਧੰਨ ਤੇ ਤੇਰੀ ਸਿੱਖੀ ਵੀ ਤੂੰ ਸ਼ਾਝਾਂ ਦਾ ਏ ਸਰਜ ਗੁਰੂ
ਇਹ (ਬਿੱਟੂ ਦੌਲਤਪੁਰ ਵਾਲਾ) ਵੀ ਤੈਨੂੰ ਝੁਕ-ਝੁਕ ਸੀਸ ਨਿਵਾਉਦਾਂ ਏ
ਤੇਰੇ ਸਾਜੇ ਖਾਲਸੇ ਪੰਥ ਨੂੰ ਵੀ ਦਿਲੋਂ ਫ਼ਤਿਹ ਬੁਲਾਉਦਾਂ ਏ
ਭੁੱਲ-ਭੁਲੇਖੇ ਨਾ ਗਲਤੀ ਹੋ ਜਾਵੇ ਮੈਂ ਇਹੋ ਕਰਦਾ ਅਰਜ਼ ਗੁਰੂ
ਤੂੰ ਧੰਨ ਤੇ ਤੇਰੀ ਸਿੱਖੀ ਵੀ ਤੂੰ ਸ਼ਾਝਾਂ ਦਾ ਏ ਸਰਜ ਗੁਰੂ

•••

## ਕਦੇ ਮੌਤੋਂ ਮੂਲ ਨਾ ਡਰਦੇ ...

ਕਦੇ ਮੌਤੋਂ ਮੂਲ ਨਾ ਡਰਦੇ ਗੁਰੂ ਦੇ ਸਿੰਘ ਪਿਆਰੇ
ਸਾਰੀ ਦੁਨੀਆ ਉੱਤੇ ਛਾਏ ਨੇ ਗੁਰੂ ਦੇ ਸਿੰਘ ਨਿਆਰੇ
ਮਜਲੂਮਾਂ ਦੀ ਬਾਂਹ ਫੜਦੇ ਗੁਰੂ ਦਾ ਮੰਨ ਕੇ ਭਾਣਾ
ਹੱਕ-ਸੱਚ ਲਈ ਲੜਦੇ ਚਾਹੇ ਚੜ ਆ ਜਾਏ ਠਾਣਾ
ਸਦਾ ਮਨੁੱਖਤਾ ਦੀ ਸੇਵਾ ਵਾਸਤੇ ਕਰਦੇ ਰਹਿੰਦੇ ਕਾਰੇ
ਸਾਰੀ ਦੁਨੀਆ ਉੱਤੇ ਛਾਏ ਨੇ ਗੁਰੂ ਦੇ ਸਿੰਘ ਨਿਆਰੇ
ਵੈਰੀ ਨੂੰ ਧੌਣੋ ਫੜਕੇ ਵਿੱਚ ਕਚਹਿਰੀ ਲਿਆਉਦੇਂ
ਬੋਲੇ ਸੋ ਨਿਹਾਲ ਦੇ ਸਿੰਘ ਜੈਕਾਰੇ ਲਾਉਦੇਂ
ਖਾਲਸਾ ਰੰਗ ਵਿੱਚ ਰੰਗੇ ਹੋਏ ਨੇ ਸਿਦਕੀ ਸਿਤਾਰੇ
ਸਾਰੀ ਦੁਨੀਆ ਉੱਤੇ ਛਾਏ ਨੇ ਗੁਰੂ ਦੇ ਸਿੰਘ ਨਿਆਰੇ
(ਬਿੱਟੂ) ਵੀ ਹੱਥ ਜੋੜ ਕੇ ਕਰਦਾ ਅਰਜੋਈ
ਸਤਿਗੁਰ ਬਾਜਾਂ ਵਾਲਿਆ (ਦੌਲਤਪੁਰੀ) ਨੂੰ ਦੇਵੀਂ ਢੋਈ
ਅੰਮ੍ਰਿਤ ਛੱਕ ਸਿੰਘ ਸੱਜ ਜਾਵੇ ਹੋਣ ਪਾਰ-ਉਤਾਰੇ
ਸਾਰੀ ਦੁਨੀਆ ਉੱਤੇ ਛਾਏ ਨੇ ਗੁਰੂ ਦੇ ਸਿੰਘ ਨਿਆਰੇ।



ਬਿੱਟੂ ਦੌਲਤਪੁਰੀ

# ਆਓ, ਹਨੇਰਿਆਂ ਖਿਲਾਫ਼ ਆਪਣੇ ਹਿੱਸੇ ਦੇ ਦੀਵੇ ਜਗਾਈਏ



ਗੁਰਚਰਨ ਸਿੰਘ ਨੂਰਪੁਰੀ

ਦੀਵਾਲੀ ਦੇ ਤਿਉਹਾਰ ਨੂੰ ਵੱਖ-ਵੱਖ ਧਰਮਾਂ ਦੀਆਂ ਕੁਝ ਵੱਖ-ਵੱਖ ਘਟਨਾਵਾਂ ਨਾਲ ਵੀ ਜੋੜਿਆ ਜਾਂਦਾ ਹੈ ਪਰ ਕਿਤੇ ਨਾ ਕਿਤੇ ਇਸ ਦਾ ਸੰਬੰਧ ਉਤਰੀ ਭਾਰਤ ਦੇ ਰੁੱਤ ਚੱਕਰ ਨਾਲ ਵੀ ਜੁੜਦਾ ਹੈ। ਉੱਤਰੀ ਭਾਰਤ ਵਿਚ ਜਦੋਂ ਸਰਦ ਰੁੱਤ ਦੀ ਆਮਦ ਤੇ ਰਾਤਾਂ ਲੰਮੀਆਂ ਕੱਕਰ ਭਰੀਆਂ, ਵਧੇਰੇ ਸੰਘਣੇ ਹਨੇਰੇ ਵਾਲੀਆਂ ਹੋਣ ਲਗਦੀਆਂ ਹਨ ਤਾਂ ਦੀਵਿਆਂ ਦੀ ਮਹੱਤਤਾ ਹੋਰ ਵਧ ਜਾਂਦੀ ਹੈ।

ਦੀਵਾਲੀ ਦੀਵਿਆਂ ਦਾ ਤਿਉਹਾਰ ਹੈ ਅਤੇ ਦੀਵੇ ਦਾ ਧਰਮ ਹੈ ਕਿ ਉਹ ਹਨੇਰੇ ਖਿਲਾਫ਼ ਬਲਦਾ ਰਹੇ। ਅੱਜ ਸਾਨੂੰ ਹਨੇਰੀਆਂ ਰਾਤਾਂ ਨੂੰ ਰੌਸ਼ਨ ਕਰਨ ਲਈ ਦੀਵਿਆਂ ਦੀ ਲੋੜ ਭਾਵੇਂ ਨਹੀਂ ਰਹੀ। ਪਰ ਸਾਡੇ ਮਨਾਂ ਅੰਦਰਲੇ ਪਸਰੇ ਅੰਧਕਾਰ ਨੂੰ ਦੂਰ ਕਰਨ ਲਈ ਸਾਨੂੰ ਗਿਆਨ ਦੇ ਚਿਰਾਗਾਂ ਦੀ ਪਹਿਲਾਂ ਨਾਲੋਂ ਵੀ ਕਿਤੇ ਵੱਧ ਲੋੜ ਹੈ। ਮਨੁੱਖ ਬੇਸ਼ੱਕ ਵਿਕਾਸ ਕਰ ਰਿਹਾ ਹੈ ਪਰ ਮਨਾਂ ਅੰਦਰਲੇ ਅੰਧਕਾਰ ਅੱਜ ਵੀ ਵਧ ਰਹੇ ਹਨ। ਅੱਜ ਸਾਡੇ ਮਨਾਂ ਅੰਦਰ ਵਿਖਾਵੇ ਦੀ ਮਨੋਬਿਰਤੀ ਬੜੀ ਪ੍ਰਬਲ ਹੋ ਗਈ ਹੈ। ਦੀਵਾਲੀ ਦੇ ਨਾਲ ਆਤਿਸ਼ਬਾਜ਼ੀ ਨੂੰ ਜੋੜ ਦਿੱਤਾ ਗਿਆ। ਸਾਡੇ ਧਰਮ ਅਸਥਾਨ ਜਿੱਥੋਂ ਲੋਕਾਈ ਨੂੰ ਮਾਨਵਤਾ ਦਾ ਪੈਗ਼ਾਮ ਮਿਲਣਾ ਹੁੰਦਾ ਹੈ ਤੇ ਵੀ ਹੁਣ ਬੰਬ ਪਟਾਕੇ ਚਲਾ ਕੇ ਹਵਾ ਨੂੰ ਪਲੀਤ ਕਰਨ ਵਰਗੀਆਂ ਗਤੀਵਿਧੀਆਂ ਸ਼ੁਰੂ ਹੋ ਗਈਆਂ ਹਨ।

ਅੱਜ ਦਾ ਮਨੁੱਖ ਭਾਵੇਂ ਆਪਣੇ-ਆਪ ਦਾ ਵਿਕਾਸ ਕਰਨ ਦਾ ਦਾਅਵਾ ਕਰਦਾ ਹੈ ਪਰ ਹਕੀਕਤ ਇਹ ਹੈ ਕਿ ਅੱਜ ਵੀ ਸਾਡੇ ਮਨਾਂ ਵਿਚ ਕਈ ਤਰ੍ਹਾਂ ਦੇ ਅੰਧਕਾਰ ਪਸਰੇ ਹੋਏ ਹਨ। ਸਾਡਾ ਅਜੋਕਾ ਸਮਾਜ ਭਾਵੇਂ ਪੜ੍ਹ-ਲਿਖ ਰਿਹਾ ਹੈ ਵਿਗਿਆਨਕ ਤਕਨੀਕਾਂ ਦੀ ਵਰਤੋਂ ਅਸੀਂ ਹਰ ਪਲ ਕਰ ਰਹੇ ਹਾਂ ਪਰ ਸਮਾਜ ਦੀ ਬਹੁਗਿਣਤੀ ਅਜੇ ਵੀ ਕਈ ਤਰ੍ਹਾਂ ਦੇ ਅੰਧ-ਵਿਸ਼ਵਾਸਾਂ ਦੇ ਅੰਧਕਾਰ ਵਿਚ ਭਟਕ ਰਹੀ ਹੈ। ਸਾਡੀਆਂ ਔਲਾਦਾਂ ਨੂੰ ਅਗਿਆਨੀ ਅਤੇ ਅੰਧ-ਵਿਸ਼ਵਾਸ ਦੇ ਹਨੇਰਿਆਂ ਵਿਚ ਰੱਖਣ ਲਈ ਕਾਲੀਆਂ ਤਾਕਤਾਂ ਦੇ ਦਾਅਵੇਦਾਰ ਅੱਜ ਵੀ ਬੜੇ ਸਰਗਰਮ ਹਨ। ਸਾਨੂੰ ਗਿਆਨ ਵਿਗਿਆਨ ਦੇ ਪ੍ਰਕਾਸ਼ ਦੀ ਲੋੜ ਹੈ। ਸਮਾਜ ਵਿਚ ਭ੍ਰਿਸ਼ਟਾਚਾਰ, ਮਾਰਾਮਾਰੀ, ਗ਼ਰੀਬੀ, ਮੰਦਹਾਲੀ ਦਾ ਗਲਬਾ ਵਧ ਰਿਹਾ ਹੈ। ਰਿਸ਼ਵਤਖੋਰੀ ਅਤੇ ਕੁਟਿਲ ਨੀਤੀਆਂ ਨਾਲ ਦੂਜੇ ਨੂੰ ਪਛਾੜ ਕੇ ਅੱਗੇ ਲੰਘ ਜਾਣ ਦੀ ਪ੍ਰਵਿਰਤੀ ਨੂੰ ਸਨਮਾਨਜਨਕ ਸਮਝਿਆ ਜਾਣ ਲੱਗ ਪਿਆ ਹੈ। ਪੜ੍ਹੇ ਲਿਖੇ ਕੁਲੀਨ ਵਰਗ ਦਾ ਕਿਰਦਾਰ ਇਹ ਹੈ ਇਹ ਆਪਣੀ ਜ਼ਬਾਨ, ਆਪਣੀ ਮਿੱਟੀ ਅਤੇ ਆਪਣੀਆਂ ਨਿੱਗਰ ਕਦਰਾਂ ਕੀਮਤਾਂ ਨੂੰ ਤਿਆਗਣ ਵਿਚ ਮਾਣ ਮਹਿਸੂਸ ਕਰ ਰਿਹਾ ਹੈ। ਅਸੀਂ ਬੇਸ਼ੱਕ ਪੜ੍ਹ-ਲਿਖ ਗਏ ਹਾਂ ਪਰ ਸਾਡੇ ਮਨਾਂ ਅੰਦਰਲਾ ਅੰਧਕਾਰ ਹੋਰ ਸੰਘਣਾ ਹੋ ਰਿਹਾ ਹੈ ਜੋ ਸਾਡੇ ਲਈ ਬੇਹੱਦ ਖ਼ਤਰਨਾਕ ਹੈ। ਸਮਾਜ ਵਿਚ ਅੰਧ-ਵਿਸ਼ਵਾਸਾਂ, ਰੂੜੀਵਾਦੀ ਕਰਮਕਾਂਡਾਂ ਦਾ ਗਲਬਾ ਤੇਜ਼ੀ ਨਾਲ ਵਧ ਰਿਹਾ ਹੈ। ਸਮਾਜ ਵਿਚ ਗੁੰਡਾਗਰਦੀ, ਹਨੇਰਗਰਦੀ, ਹੁੱਲੜਬਾਜ਼ੀ ਲਗਾਤਾਰ ਵਧ ਰਹੀ ਹੈ। ਸੰਚਾਰ ਦੇ ਸਾਧਨ ਸਾਡੇ ਸਮਾਜ ਦੇ ਦੁੱਖਾਂ ਦਰਦਾਂ ਦੀ ਗੱਲ ਕਰਨ ਦੀ ਬਜਾਏ ਲੋਕਾਂ ਨੂੰ ਧਰਮਾਂ, ਜਾਤਾਂ ਪਾਤਾਂ, ਮੰਦਰਾਂ ਮਸਜਿਦਾਂ ਦੇ ਝਗੜਿਆਂ ਵਿਚ ਉਲਝਾਅ ਕੇ ਸਮਾਜ ਵਿਚ ਪਈਆਂ ਵੰਡੀਆਂ ਨੂੰ ਹੋਰ ਵਧਾ ਰਹੇ ਹਨ। ਸਮਾਜ ਵਿਚ ਵਖਰੇਵੇਂ ਸਦੀਆਂ ਤੋਂ ਚਲੇ ਆ ਰਹੇ ਹਨ ਪਰ ਇਨ੍ਹਾਂ ਨੂੰ ਫਿਰਕੂ ਰੰਗਤ ਦੇ ਕੇ ਆਪਣੀਆਂ ਰਾਜਨੀਤਕ ਰੋਟੀਆਂ ਸੇਕਣ ਦੀ ਪਰਵਿਰਤੀ ਅੱਜ ਦੇ ਸੱਭਿਅਕ ਅਖਵਾਏ ਜਾਣ ਵਾਲੇ ਸਾਡੇ ਸਮਾਜ ਵਿਚ ਸਿਖ਼ਰਾਂ ’ਤੇ ਹੈ। ਮਨੁੱਖੀ ਹੱਕਾਂ ਦੀ ਲੜਾਈ ਲੜਨ ਵਾਲੇ, ਮਾਨਵਤਾ ਦੀ ਗੱਲ ਕਰਨ ਵਾਲੇ ਬੁੱਧੀਜੀਵੀ, ਲੇਖਕ, ਪੱਤਰਕਾਰ, ਸਾਹਿਤਕਾਰ ਕਤਲ ਹੋ ਰਹੇ ਹਨ। ਡਰ ਅਤੇ ਸਹਿਮ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। ਸਾਨੂੰ ਅੱਜ ਇਨ੍ਹਾਂ ਸਭ ਤਰ੍ਹਾਂ ਦੀਆਂ ਹਨੇਰੀਆਂ ਤਾਕਤਾਂ ਖਿਲਾਫ਼ ਦੇਸ਼ ਦੀ ਹਰ ਨੁੱਕਰੇ ਗਿਆਨ ਵਿਗਿਆਨ ਦੇ ਦੀਵੇ ਬਾਲਣ ਦੀ ਲੋੜ ਹੈ। ਇਹ ਧਰਤੀ ਜਿਸ ’ਤੇ ਸਾਡੀਆਂ ਔਲਾਦਾਂ ਨੇ ਵੀ ਰਹਿਣਾ ਹੈ, ਇਹ ਬੜਾ ਜ਼ਰੂਰੀ ਹੈ ਕਿ ਇੱਥੇ ਮਨੁੱਖ ਦੇ ਰਹਿਣ ਲਈ ਸਾਜ਼ਗਾਰ ਮਾਹੌਲ ਬਣਿਆ ਰਹੇ। ਹਰ ਤਰ੍ਹਾਂ ਦੇ ਅੰਧਕਾਰ ਖਿਲਾਫ਼, ਰੌਸ਼ਨ ਦਿਮਾਗਾਂ ਵਾਲੇ ਲੋਕਾਂ ਨੂੰ ਗਿਆਨ ਦੇ ਦੀਪ ਬਾਲਣ ਦੀ ਲੋੜ ਹੈ।

ਅਸੀਂ ਬੇਸ਼ੱਕ ਆਟੇ ਅਤੇ ਮਿੱਟੀ ਦੇ ਬਣੇ ਦੀਵਿਆਂ ਤੋਂ ਇਲੈਕਟ੍ਰਾਨਿਕ ਲੜੀਆਂ ਤੱਕ ਆ ਪਹੁੰਚੇ ਹਾਂ। ਪਰ ਸਾਡੇ ਕਿਰਦਾਰ ਦਿਨੋ-ਦਿਨ ਬੌਣੇ ਹੋ ਗਏ ਹਨ। ਸਾਡੇ ਜੀਵਨ ਚੋਂ ਪਵਿੱਤਰਤਾ ਗਵਾਚ ਰਹੀ ਹੈ ਅਸੀਂ ਦੀਵਾਲੀ ਵਰਗੇ ਪਵਿੱਤਰ ਤਿਉਹਾਰ ਤੇ ਵੱਡੇ ਪੱਧਰ ’ਤੇ ਪ੍ਰਦੂਸ਼ਣ ਫੈਲਾਅ ਕੇ ਹਵਾ ਨੂੰ ਗੰਦਾ ਕਰਨ ਲੱਗ ਪਏ ਹਾਂ। ਇਸ ਦਿਨ ਕਰੋੜਾਂ-ਅਰਬਾਂ ਦੇ ਪਟਾਕੇ ਚਲਾ ਕੇ ਟਨਾਂ ਦੇ ਟਨ ਜ਼ਹਿਰੀਲੀਆਂ ਗੈਸਾਂ ਦਾ ਜ਼ਹਿਰ ਹਵਾਵਾਂ ਵਿਚ ਘੋਲ ਦਿੰਦੇ ਹਾਂ। ਮਿੱਟੀ ਅਤੇ ਪਾਣੀ ਦੀ ਵੱਡੀ ਪੱਧਰ ਤੇ ਬਰਬਾਦੀ ਹੁੰਦੀ ਹੈ। ਧੂੰਏਂ ਨਾਲ ਭਰੀ ਹਵਾ ਵਿਚ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ। ਸਾਨੂੰ ਆਪਣੇ ਤਿਉਹਾਰਾਂ ’ਤੇ ਜਸ਼ਨ ਮਨਾਉਣੇ ਚਾਹੀਦੇ ਹਨ ਪਰ ਇਸ ਤਰ੍ਹਾਂ ਬੰਬ ਪਟਾਕੇ ਚਲਾ ਕੇ ਹਰਗਿਜ਼ ਨਹੀਂ। ਸਾਡਾ ਆਲਾ ਦੁਆਲਾ ਦਿਨੋ ਦਿਨ ਪਲੀਤ ਹੋ ਰਿਹਾ ਹੈ। ਪੰਛੀ ਜੀਵ ਜੰਤੂ ਅਤੇ ਵੱਡੇ ਛੋਟੇ ਜਾਨਵਰ ਉੱਚੀ ਆਵਾਜ਼ ਵਿਚ ਚਲਦੇ ਪਟਾਕਿਆਂ ਨਾਲ ਤ੍ਰਹਿ ਜਾਂਦੇ ਹਨ। ਇਨ੍ਹਾਂ ਵਿਚ ਡਰ ਅਤੇ ਖੌਫ਼ ਪੈਦਾ ਹੁੰਦਾ ਹੈ। ਰੁੱਖ ਪੌਦੇ ਬਨਸਪਤੀ ਅਦਿ ਵੀ ਧੂੰਏਂ ਤੋਂ ਬੇਹੱਦ ਪ੍ਰਭਾਵਿਤ ਹੁੰਦੇ ਹਨ ਸਾਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਇਹ ਧਰਤੀ ਕੇਵਲ ਮਨੁੱਖ ਦੇ ਰਹਿਣ ਲਈ ਨਹੀਂ ਹੈ ਇਸ ’ਤੇ ਦੂਜੇ ਜੀਵਾਂ ਦਾ ਵੀ ਹੱਕ ਹੈ। ਨਵੰਬਰ ਮਹੀਨੇ ਇਨ੍ਹਾਂ ਦਿਨਾਂ ਦੌਰਾਨ ਜਦੋਂ ਤਾਪਮਾਨ ਕੁਝ ਘੱਟ ਹੋਣ ਲਗਦਾ ਹੈ ਤਾਂ ਧੂੰਏਂ ਅਤੇ ਗਰਦ ਦਾ ਗੁਬਾਰ ਵਿਸ਼ਾਲ ਇਲਾਕੇ ਨੂੰ ਕਈ ਦਿਨ ਆਪਣੀ ਗ੍ਰਿਫਤ ਵਿਚ ਲਈ ਰੱਖਦਾ ਹੈ। ਇਸ ਨਾਲ ਵੱਖ ਵੱਖ ਬਿਮਾਰੀਆਂ ਤੋਂ ਪੀੜਤ ਕਈ ਲੋਕਾਂ ਦੇ ਦੁੱਖ ਵਿਚ ਹੋਰ ਵਾਧਾ ਹੋ ਜਾਂਦਾ ਹੈ। ਕਈ ਸਾਹ ਦਮੇਂ ਅਤੇ ਹਾਰਟ ਅਟੈਕ ਦੇ ਮਰੀਜ਼ ਤਰਾਹ-ਤਰਾਹ ਕਰਨ ਲੱਗ ਪਏ ਸਨ। ਧੂੰਏਂ ਦੇ ਗੁਬਾਰ ਨਾਲ ਪਸ਼ੂ ਪੰਛੀਆਂ ਸਮੇਤ ਮਨੁੱਖਾਂ, ਬੱਚਿਆਂ ਸਭ ਦੀ ਜ਼ਿੰਦਗੀ ਦੇ ਕੁਝ ਸਾਲ ਘੱਟ ਹੋ ਜਾਂਦੇ ਹਨ।

ਸਾਨੂੰ ਚਾਹੀਦਾ ਹੈ ਕਿ ਇਸ ਦਿਨ ਅਸੀਂ ਫ਼ਜ਼ੂਲ-ਖਰਚੀ ਕਰਨ ਦੀ ਬਜਾਏ ਲੋੜਵੰਦਾਂ ਦੇ ਕੰਮ ਆਈਏ। ਆਲੇ-ਦੁਆਲੇ ਕੰਮ ਕਰਦੇ ਕਿਰਤੀ ਲੋਕਾਂ ਭਾਵੇਂ ਉਹ ਅਖ਼ਬਾਰ ਦੇ ਕੇ ਜਾਣ ਵਾਲਾ ਹੈ ਜਾਂ ਸਾਡੇ ਲਈ ਗੈਸ ਦੀ ਸਪਲਾਈ ਕਰਦਾ ਹੈ ਜਾਂ ਸਾਡੇ ਘਰ ਦੇ ਆਲੇ-ਦੁਆਲੇ ਸਫ਼ਾਈ ਕਰਦਾ ਹੈ, ਉਸ ਨਾਲ ਦੀਵਾਲੀ ਦੀ ਖ਼ੁਸ਼ੀ ਸਾਂਝੀ ਕਰੀਏ। ਇਸ ਦਿਨ ਘਰਾਂ ਵਿਚ ਫੁੱਲ ਬੂਟੇ ਲਾਈਏ ਪਟਾਕਿਆਂ ਦੀ ਬਜਾਏ ਗਮਲੇ ਅਤੇ ਕਿਤਾਬਾਂ ਖ਼ਰੀਦੀਏ। ਘਰ ਵਿਚ ਲੱਗੇ ਗਮਲਿਆਂ ਨੂੰ ਰੰਗ ਰੋਗਨ ਕਰੀਏ। ਨਵੇਂ ਬੂਟੇ ਲਾਈਏ। ਲੋੜਵੰਦਾਂ ਦੀ ਮਦਦ ਕਰੀਏ ਚਾਰ ਪੰਜ ਹਜ਼ਾਰ ਰੁਪਏ ਦੇ ਪਟਾਕੇ ਖਰੀਦਣ ਨਾਲੋਂ ਉਸ ਬੱਚੇ ਦੀ ਮਦਦ ਕਰੀਏ ਜਿਸ ਨੂੰ ਕਿਤਾਬਾਂ ਕਾਪੀਆਂ ਦੀ ਲੋੜ ਹੈ। ਉਸ ਬੱਚੇ ਦੀ ਮਦਦ ਲਈ ਹੱਥ ਵਧਾਈਏ ਜੋ ਆਪਣੀ ਸਕੂਲ ਦੀ ਫ਼ੀਸ ਨਹੀਂ ਦੇ ਸਕਿਆ।

ਸਾਡੇ ਦੇਸ਼ ਦੀ ਮਿੱਟੀ ਦੇ ਜਾਏ ਸਦੀਆਂ ਤੋਂ ਹਨੇਰਗਰਦੀ ਖਿਲਾਫ ਜੂਝਦੇ ਆਏ ਹਨ। ਅੱਜ ਸਾਡਾ ਪੰਜਾਬੀ ਸਮਾਜ ਵੱਡੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਸਾਨੂੰ ਅੰਧਕਾਰ ਦੇ ਖਿਲਾਫ਼ ਖੜ੍ਹੇ ਹੋਣ ਦੀ ਲੋੜ ਹੈ। ਇੱਥੋਂ ਦੇ ਦਾਨਿਸ਼ਵਰ, ਸਾਹਿਤਕਾਰ, ਵਿਦਵਾਨ ਲੋਕ ਵੀ ਅੰਧਕਾਰ ਦੇ ਖਿਲਾਫ਼ ਸਮੇਂ-ਸਮੇਂ ’ਤੇ ਆਪਣੀ ਆਵਾਜ਼ ਬੁਲੰਦ ਕਰਦੇ ਰਹੇ ਹਨ। ਗੁਰੂ ਨਾਨਕ ਦੇਵ ਜੀ, ਭਗਤ ਕਬੀਰ ਸਾਹਿਬ ਅਤੇ ਬੁੱਲੇ ਸ਼ਾਹ ਵਰਗੇ ਦਰਵੇਸ਼ਾਂ ਕੱਟੜ ਰੂੜੀਵਾਦੀ ਧਾਰਨਾਵਾਂ ਖਿਲਾਫ਼ ਲੋਕਾਈ ਨੂੰ ਜਾਗਰਤ ਕੀਤਾ। ਗੁਰੂ ਨਾਨਕ ਦੇਵ ਜੀ ਦੇ ਆਗਮਨ ਦੀ ਭਾਈ ਗੁਰਦਾਸ ਜੀ ਨੇ ਉਸ ਸਮੇਂ ਸਮਾਜ ਵਿਚ ਪਏ ਹਨੇਰੇ ਖਿਲਾਫ਼ ਸੱਚ ਦਾ ਸੂਰਜ ਚੜ੍ਹਨ ਨਾਲ ਤੁਲਨਾ ਕੀਤੀ। ਅੱਜ ਵੀ ਹਨੇਰਗਰਦੀ ਖਿਲਾਫ ਸਾਡੇ ਸਮਾਜ ਨੂੰ ਬਲਦੇ ਅੱਖਰਾਂ ਦੀ ਲੋੜ ਹੈ। ਦਾਨਿਸ਼ਵਰਾਂ, ਵਿਦਵਾਨਾਂ, ਆਰਿਫ਼ਾਂ ਦੀ ਅਗਵਾਈ ਦੀ ਲੋੜ ਹੈ ਤਾਂ ਕਿ ਮਨਾਂ ਅੰਦਰਲੇ ਅੰਧਕਾਰ ਨੂੰ ਦੂਰ ਕਰਕੇ ਇਸ ਸਮਾਜ ਨੂੰ ਅਜਿਹੇ ਇਨਸਾਨਾਂ ਦਾ ਸਮਾਜ ਬਣਾਇਆ ਜਾ ਸਕੇ ਜਿਨ੍ਹਾਂ ’ਤੇ ਮਾਣ ਕੀਤਾ ਜਾ ਸਕੇ। ਆਓ ਦੀਵਾਲੀ ਦੇ ਇਸ ਪਵਿੱਤਰ ਤਿਉਹਾਰ ਤੇ ਆਪਣੇ ਮਨਾਂ ਨੂੰ ਗਿਆਨ ਦੀ ਰੌਸ਼ਨੀ ਨਾਲ ਰੁਸ਼ਨਾਉਣ ਦੇ ਨਾਲ-ਨਾਲ ਹਨੇਰਿਆਂ ਖਿਲਾਫ਼ ਬਲਦੇ ਰਹਿਣ ਦਾ ਸੰਕਲਪ ਕਰੀਏ।



ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

# ਲੱਖ-ਲੱਖ ਵਧਾਈ



ਸ. ਸੁਖਬੀਰ ਸਿੰਘ ਬਾਦਲ
ਸਾਬਕਾ ਉਪ ਮੁੱਖ ਮੰਤਰੀ ਪੰਜਾਬ



ਸ. ਬਲਵਿੰਦਰ ਸਿੰਘ ਭੂੰਦੜ
ਰਾਜ ਸਭਾ ਮੈਂਬਰ



ਸ. ਬਿਕਰਮ ਸਿੰਘ ਮਜੀਠੀਆ
ਸਾਬਕਾ ਕੈਬਨਿਟ ਮੰਤਰੀ



ਸ. ਕੁਲਵੰਤ ਸਿੰਘ ਖਹਿਰਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਵੈਸਟ ਕੋਸਟ ਅਮਰੀਕਾ, ਉਨ੍ਹਾਂ ਦੇ ਪਿਤਾ ਸਰਪੰਚ ਬਲਜੀਤ ਸਿੰਘ ਖਹਿਰ ਤੇ ਉਨ੍ਹਾਂ ਦੇ ਛੋਟੇ ਵੀਰ ਸ. ਸੁਖਵੰਤ ਸਿੰਘ ਖਹਿਰਾ






ਹਰ ਘਰ 'ਚ ਖ਼ੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖ਼ੁਸ਼ੀਆਂ ਭਰੀ ਹੋਵੇ।

## ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

# ਲੱਖ-ਲੱਖ ਵਧਾਈ







ਧੰਨਵਾਦ ਸਾਹਿਤ : ਸਮੂਹ ਸੰਗਤ ਕੈਲੀਫੋਰਨੀਆ, ਇਲਾਕਾ ਨਿਵਾਸੀ ਸੰਗਤਾਂ ਫਤਹਿਗੜ੍ਹ ਸਾਹਿਬ ਅਤੇ

## ਬਾਬਾ ਜ਼ੋਰਾਵਰ ਸਿੰਘ ਬਾਬਾ ਫਤਹਿ ਸਿੰਘ ਸੇਵਾ ਸੁਸਾਇਟੀ

# ਦੀਵਾਲੀ ਸਾਂਝ ਤੇ ਮਿਲਵਰਤਣ ਨਾਲ ਮਨਾਈਏ

**ਗੁਰਬਿੰਦਰ ਸਿੰਘ ਮਾਣਕ**



ਤਿਉਹਾਰ ਤੇ ਮੇਲੇ ਕਿਸੇ ਦੇਸ਼ ਵਿਚ ਵਸਦੇ ਲੋਕਾਂ ਦੀ ਜੀਵਨ-ਜਾਚ, ਸੋਚ, ਸਮਾਜਿਕ ਤੇ ਸੱਭਿਆਚਾਰਕ ਰਵਾਇਤਾਂ ਤੇ ਰਹੁ-ਰੀਤਾਂ ਦਾ ਸ਼ੀਸ਼ਾ ਹੁੰਦੇ ਹਨ। ਵਿਸ਼ਾਲ ਭਾਰਤ ਦੀ ਇਹ ਵਿਲੱਖਣਤਾ ਹੈ ਕਿ ਵੱਖ-ਵੱਖ ਸੱਭਿਆਚਾਰਾਂ, ਬੋਲੀਆਂ, ਧਰਮਾਂ, ਵਿਸ਼ਵਾਸਾਂ, ਵੱਖਰੇ ਖਾਣ-ਪੀਣ ਤੇ ਪਹਿਰਾਵੇ ਦੀ ਵੰਨ-ਸੁਵੰਨਤਾ ਤੇ ਅਨੇਕਾਂ ਹੋਰ ਵਖਰੇਵਿਆਂ ਕਾਰਨ, ਇੱਥੇ ਹਰ ਦਿਨ ਹੀ ਕਿਸੇ ਤਿਉਹਾਰ ਜਾਂ ਮੇਲੇ ਨਾਲ ਰੰਗਿਆ ਹੋਇਆ ਹੈ। ਰੌਸ਼ਨੀਆਂ ਦੇ ਤਿਉਹਾਰ ਵਜੋਂ ਦੀਵਾਲੀ, ਸਦੀਆਂ ਤੋਂ ਭਾਰਤੀ ਲੋਕਾਂ ਦੇ ਮਨ ਵਿਚ ਵਸੀ ਹੋਈ ਹੈ। ਮਨਾਂ ਦੇ ਭਰਪੂਰ ਹੁਲਾਸ ਤੇ ਖੁਸ਼ੀਆਂ ਖੇੜਿਆਂ ਸੰਗ ਲੋਕ ਦੀਵੇ ਤੇ ਮੋਮਬੱਤੀਆਂ ਬਾਲ ਕੇ ਇਸ ਤਿਉਹਾਰ ਨੂੰ ਮਨਾਉਂਦੇ ਆ ਰਹੇ ਹਨ। ਕਦੇ ਸਮਾਂ ਸੀ ਸਰ੍ਹੋਂ ਦੇ ਤੇਲ ਦੇ ਨਿੱਕੇ ਨਿੱਕੇ ਦੀਵੇ ਬਾਲ ਕੇ ਦੀਵਾਲੀ ਦੀ ਰਾਤ ਘਰਾਂ ਵਿਚ ਰੌਸ਼ਨੀ ਕੀਤੀ ਜਾਂਦੀ ਸੀ। ਪਰ ਸਮੇਂ ਦੇ ਬਦਲਣ ਨਾਲ ਅੱਜ ਕੱਲ੍ਹ ਰੰਗ ਬਰੰਗੇ ਬਲਬਾਂ ਦੀਆਂ ਲੜੀਆਂ ਸਦਕਾ ਰੌਸ਼ਨੀਆਂ ਦੀ ਚਕਾਚੌਂਧ ਨਾਲ ਪਿੰਡ ਤੇ ਸ਼ਹਿਰ ਜਗਮਗਾ ਉਠਦੇ ਹਨ।

ਹਨ੍ਹੇਰੇ ਉੱਤੇ ਰੌਸ਼ਨੀ ਦੀ ਜਿੱਤ, ਅਗਿਆਨਤਾ ਉੱਤੇ ਗਿਆਨ ਦੀ ਜਿੱਤ, ਬੁਰਾਈ ਉੱਤੇ ਨੇਕੀ ਦੀ ਜਿੱਤ ਅਤੇ ਨਿਰਾਸ਼ਾ ਉੱਤੇ ਆਸ਼ਾ ਦੀ ਜਿੱਤ ਦੇ ਪ੍ਰਤੀਕ ਵਜੋਂ ਦੀਵਾਲੀ ਦਾ ਤਿਉਹਾਰ ਲੋਕ ਮਨਾਂ ਵਿਚ ਬਹੁਤ ਡੂੰਘਾ ਵਸਿਆ ਹੋਇਆ ਹੈ। ਸਿੱਖਾਂ ਵਲੋਂ ਇਹ ਤਿਉਹਾਰ 'ਬੰਦੀ ਛੋੜ ਦਿਵਸ' ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਹੋਰ ਹਿੰਦੂ ਰਾਜਿਆਂ ਸਮੇਤ ਰਿਹਾਈ ਉਪਰੰਤ ਜਦੋਂ ਅਮ੍ਰਿਤਸਰ ਦੀ ਪਵਿੱਤਰ ਧਰਤੀ 'ਤੇ ਪਹੁੰਚੇ ਤਾਂ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਸ਼ਰਧਾਲੂਆਂ ਵਲੋਂ ਦੀਪਮਾਲਾ ਕੀਤੀ ਗਈ।

ਦੀਵਾਲੀ ਦੀ ਰਾਤ ਆਲੇ-ਦੁਆਲੇ ਜਗਮਗ ਕਰਦੀਆਂ ਰੌਸ਼ਨੀਆਂ ਤੋਂ ਲਗਦਾ ਹੈ ਜਿਵੇਂ ਕਾਲੀਬੋਲੀ ਰਾਤ ਕੁਝ ਪਲਾਂ ਲਈ ਕਿਤੇ ਅਲੋਪ ਹੋ ਗਈ ਹੋਵੇ। ਪਰ ਜੇ ਸਮੁੱਚੇ ਸਮਾਜਿਕ ਵਰਤਾਰੇ ਵੱਲ ਨਜ਼ਰ ਮਾਰੀਏ ਤਾਂ ਇੰਜ ਹੋਇਆ ਪ੍ਰਤੀਤ ਨਹੀਂ ਹੁੰਦਾ। ਬਾਹਰੀ ਰੌਸ਼ਨੀਆਂ ਨਾਲ ਜੇ ਮਨਾਂ ਦੇ ਹਨੇਰਿਆਂ ਨੂੰ ਦੂਰ ਕੀਤਾ ਜਾ ਸਕਦਾ ਹੁੰਦਾ ਤਾਂ ਹੁਣ ਤੱਕ ਸਾਡਾ ਵੀ ਸੰਸਾਰ ਵਿਚ ਕਿਤੇ ਨਾ ਹੁੰਦਾ । ਸਚਾਈ ਇਹ ਹੈ ਕਿ ਜਿਉਂ ਜਿਉਂ ਰੌਸ਼ਨੀਆਂ ਦੀ ਜਗਮਗਾਹਟ ਵਧੀ ਹੈ ਤਿਉਂ ਤਿਉਂ ਹੀ ਮਨਾਂ ਦੇ ਆਕਾਸ਼ 'ਤੇ ਹਨ੍ਹੇਰਿਆਂ ਦੇ ਕਾਲੇ ਬੱਦਲ ਗੂੜ੍ਹੇ ਹੁੰਦੇ ਗਏ ਹਨ। ਦੀਵਾਲੀ ਦੇ ਤਿਉਹਾਰ ਨੇ ਭਾਵੇਂ ਨਿੱਕੇ ਜਿਹੇ ਦੀਵੇ ਤੋਂ ਲੈਕੇ ਰੌਸ਼ਨੀ ਦੇ ਚਕਾਚੌਂਧ ਕਰਨ ਵਾਲੇ ਸਾਧਨਾਂ ਤੱਕ ਦਾ ਸਫ਼ਰ ਤੈਅ ਕਰ ਲਿਆ ਹੈ ਪਰ ਕਾਲਖਾਂ ਦਾ ਪਹਿਰਾ ਜਿਉਂ ਦਾ ਤਿਉਂ ਕਾਇਮ ਹੈ। ਮਨਾਂ ਦੇ ਹਨ੍ਹੇਰੇ ਤਾਂ ਮੱਸਿਆ ਦੀ ਕਾਲੀ ਬੋਲੀ ਰਾਤ ਤੋਂ ਵੀ ਵੱਧ ਗੂੜ੍ਹੇ ਹੋ ਗਏ ਹਨ।

ਆਪਣੇ ਜੀਵਨ ਨੂੰ ਸੁਖਦਾਈ ਬਣਾਉਣ ਲਈ ਮਨੁੱਖ ਨੇ ਨਿੱਜੀ ਹਿਤਾਂ ਦੀ ਖਾਤਰ ਲਾਲਚ ਤੇ ਸਵਾਰਥ ਦਾ ਰਾਹ ਫੜ ਲਿਆ ਹੈ। ਇਸ ਸੱਭਿਅਕ ਮਨੁੱਖੀ ਸਮਾਜ ਵਿਚ ਮਨੁੱਖ ਦੀ ਜ਼ਿੰਦਗੀ ਭਿਆਨਕ ਦਰਿੰਦਗੀ ਨਾਲ ਭਰੀ ਪਈ ਹੈ। ਸਭਿਅਤਾ ਦਾ ਨਕਾਬ ਪਾਈ ਅਜੋਕਾ ਮਨੁੱਖ ਏਨਾ ਲਾਲਚੀ, ਸਵਾਰਥੀ ਅਤੇ ਅਣਮਨੁੱਖੀ ਰੁਚੀਆਂ ਵਾਲਾ ਹੋ ਗਿਆ ਹੈ ਕਿ ਉਹ ਸਮਾਜ ਦੀਆਂ ਸਭ ਨੈਤਿਕ ਤੇ ਸਦਾਚਾਰਕ ਕਦਰਾਂ ਕੀਮਤਾਂ ਨੂੰ ਉਲੰਘ ਕੇ ਉਸ ਰਾਹ 'ਤੇ ਤੁਰ ਪਿਆ ਹੈ ਜਿਹੜਾ ਹਨ੍ਹੇਰੀ ਤੇ ਅੰਨ੍ਹੀ ਗੁਫ਼ਾ ਵੱਲ ਜਾਂਦਾ ਹੈ। ਧਨ ਤੇ ਜਾਇਦਾਦ ਦੇ ਲਾਲਚ ਵਿਚ ਮਨੁੱਖ ਇਸ ਕਦਰ ਅੰਨ੍ਹਾ ਹੋ ਚੁੱਕਾ ਹੈ ਕਿ ਉਹ ਸਭ ਕੁਝ ਹੜੱਪ ਜਾਣ ਲਈ, ਖ਼ੂਨ ਦੇ ਰਿਸ਼ਤਿਆਂ ਦਾ ਘਾਣ ਕਰਨ ਲੱਗਾ ਵੀ ਪਲ ਨਹੀਂ ਲਾਉਂਦਾ। ਜਾਇਦਾਦ ਤੇ ਦੌਲਤ ਦੀ ਖਾਤਰ ਪੁੱਤਰ ਪਿਉ ਨੂੰ ਮਾਰ ਰਿਹਾ ਹੈ, ਭਰਾ, ਭਰਾ ਦੇ ਖ਼ੂਨ ਦਾ



ਪਿਆਸਾ ਹੋ ਗਿਆ ਹੈ। ਲਾਲਸਾ ਵਿਚ ਗ੍ਰਸੇ ਲੋਕਾਂ ਦਾ ਇਕੋ ਇਕ ਉਦੇਸ਼ ਹਰ ਹੀਲੇ ਧਨ ਦੌਲਤ ਤੇ ਹੋਰ ਪਦਾਰਥਿਕ ਵਸਤਾਂ ਇਕੱਠੀਆਂ ਕਰਕੇ ਆਪਣੀਆਂ ਤਿਜੌਰੀਆਂ ਭਰਨਾ ਹੀ ਰਹਿ ਗਿਆ ਹੈ।

ਮਾਨਵੀ ਰਿਸ਼ਤਿਆਂ ਵਿਚ ਨਿਘਾਰ ਆਪਣੀ ਚਰਮ ਸੀਮਾ 'ਤੇ ਹੈ। ਅਜੋਕੇ ਜੀਵਨ ਵਰਤਾਰੇ ਵਿਚ ਜਿਸ ਤਰ੍ਹਾਂ ਰਿਸ਼ਤਿਆਂ ਦੀ ਮਿੱਟੀ ਪਲੀਤ ਹੋ ਰਹੀ ਹੈ, ਉਸ ਤੋਂ ਕੋਈ ਵੀ ਸੰਵੇਦਨਸ਼ੀਲ ਮਨੁੱਖ ਸ਼ਰਮਸਾਰ ਹੋਏ ਬਿਨਾਂ ਨਹੀਂ ਰਹਿ ਸਕਦਾ। ਅੱਜ ਵੀ ਔਰਤ ਜ਼ੁਲਮ ਦਾ ਸ਼ਿਕਾਰ ਹੋ ਰਹੀ ਹੈ। ਔਰਤ ਮਰਦ ਬਰਾਬਰੀ ਦੇ ਦਾਅਵੇ ਬਿਲਕੁਲ ਖੋਖਲੇ ਹਨ। ਸਮਾਜਿਕ ਜੀਵਨ ਵਿਚ ਔਰਤ ਨੂੰ ਜਿਹੜਾ ਆਦਰ ਸਤਿਕਾਰ ਮਿਲਣਾ ਚਾਹੀਦਾ ਹੈ, ਉਸ ਤੋਂ ਉਹ ਅਜੇ ਵੀ ਵਿਰਵੀ ਹੈ। ਬਾਲੜੀਆਂ, ਕੁੜੀਆਂ ਤੇ ਔਰਤਾਂ ਕਿਤੇ ਵੀ ਸੁਰੱਖਿਅਤ ਨਹੀਂ ਹਨ। ਸਮਾਜ ਵਿਚ ਜਬਰ-ਜਨਾਹ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਇਸ ਗੱਲ ਦਾ ਪ੍ਰਮਾਣ ਹੈ ਕਿ ਸਿੱਖਿਆ ਦੀ ਆਧੁਨਿਕ ਰੌਸ਼ਨੀ ਦੇ ਦਾਅਵੇ ਕਿੰਨੇ ਖੋਖਲੇ ਹਨ।

ਸਾਡੀਆਂ ਸੋਚਾਂ ਦੇ ਦਾਇਰੇ ਏਨੇ ਸੌੜੇ ਹੋ ਗਏ ਹਨ ਅਸੀਂ ਹੁਣ ਇਨਸਾਨ ਨਹੀਂ ਸਗੋਂ ਹਿੰਦੂ, ਸਿੱਖ ਤੇ ਮੁਸਲਮਾਨ ਜਾਂ ਹੋਰ ਕਈ ਵਲਗਣਾਂ ਵਿਚ ਕੈਦ ਹੋ ਕੇ ਰਹਿ ਗਏ ਹਾਂ। ਜਿਉਂ ਜਿਉਂ ਮਨੁੱਖ ਅਖੌਤੀ ਤਰੱਕੀ ਦੀਆਂ ਮੰਜ਼ਿਲਾਂ ਤੈਅ ਕਰਦਾ ਜਾ ਰਿਹਾ ਹੈ, ਤਿਉਂ ਤਿਉਂ ਇਨਸਾਨੀ ਕਦਰਾਂ-ਕੀਮਤਾਂ ਦੀ ਮਿੱਟੀ ਪਲੀਤ ਹੋ ਰਹੀ ਹੈ। ਧਰਮਾਂ ਦੇ ਅਸਲੀ ਅਰਥਾਂ ਦੀ ਥਾਹ ਪਾਉਣ ਦੀ ਗੱਲ ਕੋਈ ਨਹੀਂ ਕਰਦਾ। ਧਨ ਇਕੱਠਾ ਕਰਨ ਦੀਆਂ ਕਰਮ-ਕਾਂਡੀ ਜੁਗਤਾਂ ਅਪਣਾ ਕੇ ਲੋਕਾਂ ਨੂੰ ਔਝੜੇ ਰਾਹ ਪਾਇਆ ਜਾ ਰਿਹਾ ਹੈ। ਕਿਸੇ ਦੂਸਰੇ ਧਰਮ ਪ੍ਰਤੀ, ਕਿਸੇ ਦੂਸਰੇ ਵਿਚਾਰ ਪ੍ਰਤੀ ਅਜਿਹੇ ਉਲਾਰਪਨ ਅਤੇ ਦਹਿਸ਼ਤ ਤੇ ਵਹਿਸ਼ਤ ਦਾ ਵਾਤਾਵਰਨ ਸਿਰਜਿਆ ਜਾ ਰਿਹਾ ਹੈ ਕਿ ਰੂਹ ਕੰਬ ਜਾਂਦੀ ਹੈ। ਸਮਾਜ ਵਿਚ ਸਹਿਣਸ਼ੀਲਤਾ, ਉਦਾਰਤਾ ਤੇ ਭਾਈਚਾਰਕ ਸੰਵੇਦਨਾ ਕਿਤੇ ਵੀ ਨਜ਼ਰ ਨਹੀਂ ਆਉਂਦੀ।



ਵਿਗਿਆਨ, ਤਕਨਾਲੋਜੀ ਅਤੇ ਬਿਜਲਈ ਸਾਧਨਾਂ ਦੇ ਹੈਰਾਨੀਜਨਕ ਵਰਤਾਰੇ ਨੇ ਵਿਗਿਆਨਕ ਅਤੇ ਤਰਕਸ਼ੀਲ ਸੋਚ ਨੂੰ ਹੋਰ ਪ੍ਰਚੰਡ ਕੀਤਾ ਹੈ। ਪਰ ਸਾਡੇ ਸਮਾਜ ਦਾ ਵੱਡਾ ਹਿੱਸਾ ਅੱਜ ਵੀ ਵਹਿਮਾਂ-ਭਰਮਾਂ ਅਤੇ ਅਗਿਆਨਤਾ ਦੇ ਗੂੜ੍ਹੇ ਹਨੇਰਿਆਂ ਵਿਚ ਜਕੜਿਆ ਹੋਇਆ ਹੈ। ਅਨਪ ?ਹੜ ਲੋਕ ਹੀ ਨਹੀਂ, ਸਗੋਂ ਪੜ੍ਹੇ-ਲਿਖੇ ਲੋਕ ਵੀ ਆਪਣੀਆਂ ਚਿੰਤਾਵਾਂ ਨੂੰ ਦੂਰ ਕਰਨ ਤੇ ਇੱਛਾਵਾਂ ਦੀ ਪੂਰਤੀ ਲਈ ਇਨ੍ਹਾਂ ਡੇਰਿਆਂ ਉੱਤੇ ਜਾ ਕੇ ਮੱਥੇ ਰਗੜਦੇ ਦੇਖੇ ਜਾ ਸਕਦੇ ਹਨ। ਬਾਬਿਆਂ ਦੇ ਡੇਰਿਆਂ ਤੇ, ਭੇਡ-ਚਾਲ ਵੱਸ ਏਨੀਆਂ ਭੀੜਾਂ ਜੁੜਦੀਆਂ ਹਨ ਕਿ ਕਈ ਵਾਰ ਹੈਰਾਨੀ ਹੁੰਦੀ ਹੈ ਜਿਵੇਂ ਸਾਰੀਆਂ ਸਮੱਸਿਆਵਾਂ ਦਾ ਹੱਲ ਇਨ੍ਹਾਂ ਪਖੰਡੀ ਬਾਬਿਆਂ ਕੋਲ ਹੀ ਹੋਵੇ। ਇਨ੍ਹਾਂ ਹਨ੍ਹੇਰੇ ਮਨਾਂ ਨੂੰ ਗਿਆਨ ਦੀ ਰੌਸ਼ਨੀ ਦੀ ਅਤਿਅੰਤ ਲੋੜ ਹੈ।

ਗ਼ਰੀਬੀ ਦੀ ਦਲਦਲ ਵਿਚ ਗਲ-ਗਲ ਤੱਕ ਖੁੱਭੇ ਇਸ ਦੇਸ਼ ਦੇ ਕਰੋੜਾਂ ਲੋਕਾਂ ਲਈ ਦੀਵਾਲੀ ਦੇ ਦੀਵਿਆਂ ਦੀ ਰੌਸ਼ਨੀ ਦਾ ਕੋਈ ਅਰਥ ਨਹੀਂ ਹੈ। ਉਹ ਹਨ੍ਹੇਰੇ ਵਿਚ ਹੀ ਜੰਮਦੇ ਹਨ ਤੇ ਸਾਰੀ ਉਮਰ ਹਨ੍ਹੇਰਾ ਢੋਂਹਦੇ ਹੀ ਇਸ ਜਹਾਨ ਤੋਂ ਕੂਚ ਕਰ ਜਾਂਦੇ ਹਨ। ਦੇਸ਼ ਦੇ ਕਰੋੜਾਂ ਘਰਾਂ ਵਿਚ ਤਾਂ ਸ਼ਾਇਦ ਹਰ ਰੋਜ਼ ਇਕ ਨਿੱਕਾ ਜਿਹਾ ਦੀਵਾ ਵੀ ਨਾ ਬਲਦਾ ਹੋਵੇ, ਪਰ ਲੁੱਟ ਦੀ ਕਮਾਈ ਨਾਲ ਉੱਸਰੇ ਵੱਡੇ-ਵੱਡੇ ਮਹਿਲਾਂ ਵਿਚ ਨਿੱਤ ਹੀ ਦੀਵਾਲੀ ਜਿਹੀਆਂ ਰੌਸ਼ਨੀਆਂ ਦੀ ਚਕਾਚੌਂਧ ਦੇਖੀ ਜਾ ਸਕਦੀ ਹੈ। ਆਮ ਆਦਮੀ ਮਨ ਵਿਚ ਕਈ ਰੀਝਾਂ, ਉਮੰਗਾਂ ਤੇ ਸੁਪਨੇ-ਸੱਧਰਾਂ ਪਾਲਦਾ ਪਾਲਦਾ ਹੀ ਜ਼ਿੰਦਗੀ ਤੋਂ ਕੂਚ ਕਰ ਜਾਂਦਾ ਹੈ, ਪਰ ਉਸ ਦੇ ਸੁਪਨੇ ਪੂਰੇ ਨਹੀਂ ਹੁੰਦੇ।

ਦੀਵਾਲੀ 'ਤੇ ਘਰਾਂ ਵਿਚ ਸਫਾਈ ਕਰਨੀ ਤੇ ਘਰਾਂ ਨੂੰ ਸਜਾਉਣਾ ਸ਼ਿੰਗਾਰਨਾ ਸਦੀਆਂ ਤੋਂ ਪ੍ਰਚੱਲਿਤ ਹੈ। ਪਰ ਆਲੇ-ਦੁਆਲੇ ਵੱਲ ਗਹੁ ਨਾਲ ਨਜ਼ਰ ਮਾਰੀਏ ਤਾਂ ਸਮੁੱਚਾ ਭਾਰਤ ਗੰਦਗੀ ਦੇ ਅੰਬਾਰਾਂ ਨਾਲ ਗ੍ਰੱਸਿਆ ਸੜ੍ਹਾਂਦ ਮਾਰ ਰਿਹਾ ਹੈ। ਕੋਈ ਪਿੰਡ ਸ਼ਹਿਰ ਅਜਿਹਾ ਨਹੀਂ ਜਿੱਥੇ ਪ੍ਰਵੇਸ਼ ਕਰਦਿਆਂ ਕੂੜੇ ਦੇ ਢੇਰ ਤੇ ਨਾਲੀਆਂ ਦੀ ਗੰਦਗੀ ਤੁਹਾਡਾ ਸਵਾਗਤ ਨਾ ਕਰਦੀ ਹੋਵੇ। ਜਦੋਂ ਤੱਕ ਸਾਡੀ ਮਾਨਸਿਕਤਾ ਵਿਚ ਪਸਰੀ ਗੰਦਗੀ ਦੂਰ ਨਹੀਂ ਹੁੰਦੀ ਬਾਹਰੀ ਸਵੱਛਤਾ ਮਹਿਜ਼ ਸੁਪਨਾ ਹੀ ਬਣੀ ਰਹੇਗੀ। ਲੋਕਾਂ ਦੇ ਜੀਵਨ ਵਿਚ ਪਸਰੇ ਗੂੜ੍ਹੇ ਹਨ੍ਹੇਰੇ ਨੂੰ ਦੀਵਾਲੀ ਦੀਆਂ ਰੌਸ਼ਨੀਆਂ ਦੀ ਚਕਚੌਂਧ ਵੀ ਦੂਰ ਨਹੀਂ ਕਰ ਸਕੀ। ਨਿੱਤ ਦਿਨ ਖ਼ੁਦਕੁਸ਼ੀਆਂ ਕਰ ਰਹੇ ਕਿਰਤੀਆਂ ਕਿਸਾਨਾਂ ਦੇ ਘਰਾਂ ਵਿਚ ਤਾਂ ਹਨ੍ਹੇਰਾ ਪਸਰਿਆ ਹੋਇਆ ਹੈ। ਮਹਿੰਗਾਈ ਨੇ ਆਮ ਆਦਮੀ ਨੂੰ ਇਸ ਕਦਰ ਤੜਪਾਇਆ ਹੋਇਆ ਹੈ ਕਿ ਉਸ ਲਈ ਜੀਣਾ ਦੁੱਭਰ ਹੋ ਗਿਆ ਹੈ। ਕਰੋੜਾਂ ਲੋਕਾਂ ਲਈ ਤਿਉਹਾਰ ਕੇਵਲ ਸੁਪਨਾ ਬਣ ਕੇ ਰਹਿ ਗਏ ਹਨ।

ਇਕ ਪਾਸੇ ਗਿਆਨ ਪ੍ਰਾਪਤੀ ਦੇ ਅਨੇਕਾਂ ਸੋਮੇ ਪੈਦਾ ਹੋ ਚੁੱਕੇ ਹਨ, ਪਰ ਦੂਜੇ ਪਾਸੇ ਮਨ੍ਹਾਂ ਦੇ ਹਨ੍ਹੇਰ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਮਿਲਾਵਟਖੋਰ ਖਾਣ ਵਾਲੀਆਂ ਵਸਤਾਂ ਵਿਚ ਮਿਲਾਵਟ ਕਰਕੇ ਆਮ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰ ਰਹੇ ਹਨ। ਮੁਨਾਫ਼ੇ ਦੀ ਅੰਨ੍ਹੀ ਲਾਲਸਾ ਨੇ ਮਨੁੱਖ ਦੀਆਂ ਅੱਖਾਂ 'ਤੇ ਸਵਾਰਥ ਦੀ ਪੱਟੀ ਬੰਨ੍ਹ ਦਿੱਤੀ ਹੈ। ਸਮਾਜ ਵਿਚ ਨਸ਼ਿਆਂ ਦੀ ਬਦੌਲਤ ਜਿਹੜਾ ਹਨ੍ਹੇਰ ਪਸਰਿਆ ਹੋਇਆ ਹੈ, ਇਸ ਨੇ ਸਮਾਜ ਨੂੰ ਬਰਬਾਦੀ ਦੇ ਰਾਹ ਤੋਰ ਦਿੱਤਾ ਹੈ। ਧੀ ਭੈਣ ਦੀ ਇੱਜ਼ਤ, ਮਾਪਿਆਂ ਦਾ ਆਦਰ ਸਤਿਕਾਰ, ਸਹਿਣਸ਼ੀਲਤਾ, ਮੋਹ-ਮੁਹੱਬਤ ਤੇ ਕਿਰਤ ਦੀ ਕਦਰ ਵਰਗੇ ਆਦਰਸ਼ ਸਾਡੀ ਜੀਵਨ-ਜਾਚ ਵਿਚੋਂ ਕਿਤੇ ਅਲੋਪ ਹੋ ਗਏ ਹਨ।

ਤਿਉਹਾਰ ਤਾਂ ਆਪਸੀ ਸਦਭਾਵਨਾ, ਮਿਲਵਰਤਨ, ਸਾਂਝ ਤੇ ਮੁਹੱਬਤ ਦਾ ਹੀ ਪ੍ਰਗਟਾਵਾ ਹੁੰਦੇ ਹਨ। ਜੇ ਮਨਾਂ ਵਿਚ ਸਾੜਾ ਕੀਨਾ, ਨਫ਼ਰਤ, ਹਉਮੈ ਤੇ ਸਵਾਰਥ ਦਾ ਹਨ੍ਹੇਰ ਹੀ ਪਸਰਿਆ ਰਹਿਣਾ ਹੈ, ਫੇਰ ਘਰਾਂ ਦੀਆਂ ਮਮਟੀਆਂ 'ਤੇ ਜਿੰਨੇ ਮਰਜ਼ੀ ਦੀਵੇ ਜਗਾਈ ਜਾਉ ਸਭ ਵਿਅਰਥ ਹੈ। ਸਮਾਜ ਵਿਚ ਪਾਏ ਜਾ ਰਹੇ ਵਿਤਕਰੇ ਤੇ ਵੰਡੀਆਂ ਨੂੰ ਤਿਆਗ ਕੇ ਸਾਂਝੀਵਾਲਤਾ, ਸਾਰਥਿਕ ਸੋਚਾਂ ਤੇ ਮੁਹੱਬਤ ਦੇ ਦੀਵੇ ਬਾਲ ਕੇ ਮਾਨਵੀ ਸੱਭਿਆਚਾਰ ਸਿਰਜਣਾ ਹੀ ਦੀਵਾਲੀ ਦੀ ਸਾਰਥਿਕਤਾ ਹੈ। ਤਿਉਹਾਰਾਂ ਨੂੰ ਸਾਦਗੀ ਤੇ ਮਿਲਵਰਤਨ ਨਾਲ ਮਨਾਈਏ। ਪਟਾਖਿਆਂ ਦੀਆਂ ਕੰਨ-ਪਾੜਵੀਆਂ ਆਵਾਜ਼ਾਂ ਤੇ ਜ਼ਹਿਰੀਲੇ ਧੂੰਏਂ ਨਾਲ ਵਾਤਾਵਰਨ ਨੂੰ ਪਲੀਤ ਕਰਨ ਤੋਂ ਬਿਨਾਂ ਵੀ ਦੀਵਾਲੀ ਦੀ ਖ਼ੁਸ਼ੀ ਮਨਾਈ ਜਾ ਸਕਦੀ ਹੈ।

# ਦੀਵਿਆਂ ਦਾ ਸੰਦੇਸ਼



**ਡਾ. ਇੰਦਰਜੀਤ ਸਿੰਘ ਗੋਗੋਆਣੀ**

'ਦੀਵਾ' ਸਧਾਰਨ ਮਿੱਟੀ ਦਾ ਵਜੂਦ ਹੀ ਨਹੀਂ ਸਗੋਂ ਵੱਡੇ ਫ਼ਸਲਫ਼ੇ ਦਾ ਜਨਮ ਦਾਤਾ ਹੈ। ਸਾਡੇ ਸੱਭਿਆਚਾਰ ਵਿਚ ਦੀਵੇ ਨੇ ਚਾਨਣ ਦੇ ਨਾਲ-ਨਾਲ ਆਸ਼ਾਵਾਦੀ ਜੀਵਨ ਜਿਊਣ ਅਤੇ ਹਨੇਰਿਆਂ ਨਾਲ ਜੂਝਣ ਦਾ ਹੌਸਲਾ ਤੇ ਚੱਜ-ਅਚਾਰ ਵੀ ਦਿੱਤਾ ਹੈ। ਦਾਨਿਆਂ ਨੇ ਗਿਆਨ ਦੀ ਰੌਸ਼ਨੀ ਨਾਲ ਤੇ ਅਗਿਆਨ ਦੀ ਹਨੇਰੇ ਨਾਲ ਤੁਲਨਾ ਕਰਦਿਆਂ ਮੱਥੇ ਦਾ ਦੀਵਾ ਜਾਂ ਗਿਆਨ ਦਾ ਦੀਵਾ ਬਾਲਣ ਦੀ ਵਾਰ-ਵਾਰ ਤਾਕੀਦ ਕੀਤੀ ਹੈ। ਮਾਨਵੀ ਜੀਵਨ ਵਿਚ ਦੀਵੇ ਦੇ ਜਗਣ ਦਾ ਵੀ ਇਕ ਸੁਨੇਹਾ ਹੈ ਤੇ ਬੁਝਣ ਦਾ ਵੀ ਭਾਵ-ਅਰਥ ਹੈ।

ਦੀਵਾ-ਸੰਸਕ੍ਰਿਤ ਵਿਚ 'ਦੀਪ' ਤੇ ਪੰਜਾਬੀ 'ਚ 'ਦੀਵਾ' ਹੈ ਪਰ ਇਸ ਦੇ ਸਮਾਨ ਅਰਥੀ ਸ਼ਬਦ-ਦੀਪਕ, ਚਰਾਗ਼, ਦੀਆ, ਦੀਯਾ, ਦੀਵੜਾ ਤੇ ਦੀਵਰਾ ਆਦਿ ਵੀ ਹਨ। ਪ੍ਰਮਾਣਿਕ ਪੰਜਾਬੀ ਕੋਸ਼ ਵਿਚ ਦੀਵੇ ਨੂੰ ਮਿੱਟੀ ਦਾ ਬਣਿਆ ਹੋਇਆ ਚੂੰਗੜਾ ਲਿਖਿਆ ਹੈ। ਪੰਜਾਬੀ ਮੁਹਾਵਰਾ ਕੋਸ਼ ਨੂੰ ਵਾਚੀਏ ਤਾਂ ਬੇਅੰਤ ਮੁਹਾਵਰੇ ਦੀਵੇ ਦੀ ਵਿਸ਼ੇਸ਼ਤਾ ਪ੍ਰਗਟਾਉਂਦੇ ਹਨ ਜਿਵੇਂ ਦੀਵਾ ਲੈ ਕੇ ਟੋਲਣਾ (ਬਹੁਤ ਤਲਾਸ਼ ਕਰਨਾ), ਦੀਵਾ ਵੱਟੀ ਕਰਨੀ (ਦੀਵਾ ਜਗਾਉਣਾ), ਦੀਵੇ ਜਗ ਪੈਣਾ (ਰਾਤ ਪੈ ਜਾਣੀ), ਦੀਵਾ ਵੱਡਾ ਕਰਨਾ ਜਾਂ ਦੀਵਾ ਵਧਾਉਣਾ (ਦੀਵਾ ਬੁਝਾਉਣਾ), ਦੀਵੇ ਬਲਣੇ (ਖ਼ੁਸ਼ੀ ਦਾ ਇਜ਼ਹਾਰ) ਦੀਵੇ ਵੱਟੀ ਦਾ ਵੇਲਾ (ਰਾਤ ਪੈਣਾ), ਦੀਵੇ ਨਾਲ ਦੀਵਾ ਜਗਣਾ (ਪੀੜ੍ਹੀ ਚੱਲਣਾ), ਦੀਵਾ ਬੁਝ ਜਾਣਾ (ਵਾਰਸ ਦੀ ਮੌਤ), ਦੀਵਾ ਗੁੱਲ ਕਰਨਾ (ਤਬਾਹੀ ਕਰਨਾ), ਦਿਨੇ ਦੀਵੇ ਜਗਾਉਣਾ (ਫਜ਼ੂਲ ਖਰਚਾ ਜਾਂ ਦਿਵਾਲਾ ਕੱਢਣਾ), ਘਿਉ ਦੇ ਦੀਵੇ ਜਗਾਉਣੇ (ਅੱਤ ਦੀ ਖ਼ੁਸ਼ੀ)।

ਦੀਵੇ ਦੀ ਜਿਸ ਨੇ ਖੋਜ ਕੀਤੀ, ਓਹ ਚਾਨਣ ਦਾ ਵਣਜਾਰਾ ਸੀ ਅਤੇ ਜਿਨ੍ਹਾਂ ਨੇ ਰਾਤੀਂ ਦੀਵਿਆਂ ਦੇ ਚਾਨਣੇ ਬਹਿ ਕੇ ਸਾਹਿਤਕ ਖੋਜ ਕੀਤੀ, ਉਹ ਗਿਆਨ ਦੇ ਵਣਜਾਰੇ ਸਨ। ਅਧਿਆਤਮਿਕ ਜਗਤ ਵਿਚ ਤਨ ਨੂੰ ਦੀਵਾ ਤੇ ਤੇਲ ਵੱਟੀ ਨੂੰ ਸਵਾਸਾਂ ਨਾਲ ਵੀ ਤੁਲਨਾਇਆ ਗਿਆ। ਤੱਤਸਾਰ ਕਿ ਮਿੱਟੀ ਦਾ ਦੀਵਾ ਤਾਂ ਹੋਰ ਤੇਲ ਜਾਂ ਘਿਉ ਪਾਇਆਂ ਫਿਰ ਜਗ ਪਵੇਗਾ ਪਰ ਤਨ ਰੂਪੀ ਦੀਵਾ ਜਦੋਂ ਇਕ ਵਾਰ ਬੁਝ ਗਿਆ ਤਾਂ ਫਿਰ ਮੌਕਾ ਹੱਥ ਨਹੀਂ ਆਉਣਾ। ਇਸ ਲਈ ਜੀਵਨ ਵਿਚ ਚੰਗੇ ਕੰਮ ਕਰੋ ਤੇ ਸਮਾਜ ਨੂੰ ਰੋਸ਼ਨਮਈ ਬਣਾਉ।

ਦੀਵੇ ਬਾਰੇ ਇਹ ਵੀ ਵਿਚਾਰ ਹੈ ਕਿ ਮਨੁੱਖ ਨੇ ਅੱਤ ਦੀ ਖ਼ੁਸ਼ੀ ਵਿਚ ਜਦ ਦੀਵਿਆਂ ਦੀ ਕਤਾਰ ਜਾਂ ਪਾਲ ਜਗਾ ਕੇ ਰੱਖੀ ਤਾਂ ਉਹ ਦੀਪਾਂ ਦੀ ਮਾਲਾ ਬਣ ਗਈ। ਮੱਸਿਆ ਦੀ ਰਾਤ ਸਮੇਂ ਬੇਅੰਤ ਦੀਵਿਆਂ ਦਾ ਚਾਨਣ ਖ਼ੁਸ਼ੀ ਦਾ ਪ੍ਰਗਟਾਵਾ ਤੇ ਚਾਉ ਸੀ। ਇਹਦੇ ਨਾਲ ਇਤਿਹਾਸਕ ਦਿਨਾਂ ਦਾ ਮਿਲਾਪ ਹੋਇਆ ਤਾਂ ਵੱਡੇ ਖੁਸ਼ੀ ਦੇ ਤਿਉਹਾਰ ਬਣ ਗਏ ਤੇ ਇਸੇ ਤਰ੍ਹਾਂ ਦੀਵਿਆਂ ਤੋਂ 'ਦੀਵਾਲੀ' ਸ਼ਬਦ ਹੋਂਦ ਵਿਚ ਆਇਆ। ਵੱਖ-ਵੱਖ ਸੱਭਿਆਚਾਰਾਂ ਵਿਚ ਖ਼ੁਸ਼ੀ ਨੂੰ ਮਾਣਨ ਦੇ ਇਤਿਹਾਸਕ/ਮਿਥਿਹਾਸਕ ਕਾਰਨ ਭਾਵੇਂ ਵੱਖ-ਵੱਖ ਹਨ ਪਰ ਦੀਵਾ ਹਮੇਸ਼ਾ ਅਨੇਕਤਾ ਵਿਚ ਏਕਤਾ ਦਾ ਗਵਾਹ ਰਿਹਾ ਹੈ। ਤੱਤ ਗਿਆਨ ਕਿ ਰੌਸ਼ਨੀ ਤੇ ਗਿਆਨ ਸਮੁੱਚੀ ਮਾਨਵਤਾ ਦੀ ਸਦੀਵੀ ਲੋੜ ਹੈ। ਇਨ੍ਹਾਂ ਦਾ ਮੁਕਾਬਲਾ ਹਨੇਰੇ ਤੇ ਅਗਿਆਨਤਾ ਨਾਲ ਰਹੇਗਾ ਪਰ ਵਿਤਕਰਾ ਕਿਸੇ ਨਾਲ ਵੀ ਨਹੀਂ।

ਦੀਵਾ-ਸਮੁੱਚੇ ਸੰਸਾਰ ਨੂੰ ਚੇਤੰਨ ਕਰਦਾ ਹੈ ਕਿ ਦੀਵੇ ਨਾਲ ਦੀਵਾ ਜਗਾਈਏ ਤਾਂ ਵਿਕਾਸ ਹੁੰਦਾ ਹੈ ਪਰ ਇਕ ਦੂਜੇ ਨਾਲ ਨਫ਼ਰਤਾਂ ਕਰਕੇ ਦੀਵੇ ਬੁਝਾਈਏ ਤਾਂ ਵਿਨਾਸ਼ ਹੁੰਦਾ ਹੈ। ਦੀਵਾ-ਬਾਹਰੀ ਤਲ 'ਤੇ ਹਨੇਰੇ ਵਿਚ ਟੱਕਰਾਂ ਖਾਂਦੇ ਮਨੁੱਖ ਲਈ ਰਾਹ ਦਸੇਰਾ ਹੈ। ਦੀਵੇ ਦੀ ਸਿਰਜਣਾ ਦਾ ਮੂਲ ਕਾਰਨ ਵੀ ਹਨੇਰੇ ਨੂੰ ਦੂਰ ਕਰਨਾ ਸੀ ਤੇ ਹੌਲੀ-ਹੌਲੀ ਬੌਧਿਕ ਵਿਕਾਸ ਲਈ ਸਿੱਖਿਆਦਾਇਕ ਸ਼ਬਦ ਬਣ ਗਿਆ। ਜਦ ਕਿਸੇ ਖੋਜੀ ਨੇ ਵੱਡੀ ਖੋਜ ਕੀਤੀ ਤਾਂ ਉਸ ਦੀ ਤੁਲਨਾ 'ਦੀਵਾ ਜਗਾਉਣ' ਨਾਲ ਕੀਤੀ ਗਈ ਅਤੇ ਜਦ ਕਿਸੇ ਸਿਆਣੇ ਨੇ ਵੱਡੀ ਗ਼ਲਤੀ ਕੀਤੀ ਤਾਂ 'ਦੀਵੇ ਤਲੇ ਹਨੇਰਾ' ਅਖਾਣ ਪ੍ਰਚੱਲਤ ਹੋ ਗਿਆ। ਜਦ ਮਹਾਨ ਗ੍ਰੰਥਾਂ ਦੇ ਅਰਥ ਕਰਦਿਆਂ ਕੋਈ ਸ਼ਬਦ ਦੋਹੀਂ ਪਾਸੀਂ ਭਾਵ-ਅਰਥ ਰੱਖਦਾ ਤਾਂ ਉਸ ਸ਼ਬਦ ਨੂੰ ਵਿਦਵਾਨਾਂ ਨੇ 'ਦੇਹਲੀ ਦੀਪਕ' ਕਹਿ ਕੇ ਸਤਿਕਾਰਿਆ। ਜਦੋਂ ਕਿਸੇ ਨੇ ਸਮੇਂ ਸਿਰ ਮੰਗਵੀਂ ਵਸਤ ਨਾ ਦਿੱਤੀ ਤਾਂ ਬਾਅਦ ਦੀ ਪ੍ਰਦਾਨਤਾ ਨੂੰ 'ਦੀਵਾਲੀ ਪਿੱਛੋਂ ਦੀਵੇ ਦਾ ਕੀ ਕੰਮ' ਕਹਿ ਕੇ ਤਿਉਹਾਰ ਦੀ ਮਹਾਨਤਾ ਨੂੰ ਚੇਤੇ ਕੀਤਾ।

ਦੀਵੇ ਨਾਲ ਪੰਜਾਬੀ ਸੱਭਿਆਚਾਰ ਵਿਚ ਖ਼ੁਸ਼ੀ ਤੇ ਗ਼ਮੀ ਦੀਆਂ ਅਨੇਕਾਂ ਰਸਮਾਂ-ਰੀਤਾਂ ਸੰਬੰਧਿਤ ਹਨ। ਦੀਵਾ ਬਾਲ ਕੇ ਰੱਖਣ ਦੇ ਸਥਾਨ ਨੂੰ 'ਦੀਵਟ' ਕਿਹਾ ਗਿਆ ਤੇ ਸਾਡੇ ਪੁਰਖਿਆਂ ਨੇ ਦੀਵੇ ਦੀ ਉਸਤਤ ਵਿਚ ਇਉਂ ਵਲਵਲੇ ਸਾਂਝੇ ਕੀਤੇ, 'ਦੀਵਟ ਦੀਵੜਾ ਬਲੇ, ਸੱਤਰ ਸੌ ਬਲਾ ਟਲੇ ਜਾਂ ਦੀਵਟ ਘਿਉ ਦੀ ਬੱਤੀ, ਘਰ ਆਵੇ ਬਹੁਤੀ ਖੱਟੀ।' ਕਿਸੇ ਘਰ ਵਿਚ ਦੀਵਾ ਜਗਣਾ ਖੁਸ਼ਹਾਲੀ ਤੇ ਜੀਵਨ ਧੜਕਣ ਦੀ ਗਵਾਹੀ ਹੈ। ਦੀਵਾਲੀ ਦੀ ਰਾਤ ਘਰ ਦੇ ਆਲਿਆਂ, ਕੰਧਾਂ, ਰੂੜੀਆਂ, ਖੂਹਾਂ, ਛੱਪੜਾਂ, ਸ਼ਮਸ਼ਾਨਘਾਟਾਂ ਅਤੇ ਧਰਮ ਸਥਾਨਾਂ 'ਤੇ ਦੀਵੇ ਜਗਾਉਣੇ ਵਾਰਸਾਂ ਦੇ ਜਿਊਂਦੇ ਹੋਣ ਤੇ ਚਾਉ ਦਾ ਪ੍ਰਤੀਕ ਹਨ। ਧਰਮ ਅਸਥਾਨਾਂ ਵਿਚ ਘਿਉ ਦੀ ਜੋਤ ਜਗਣੀ ਵਾਰਸਾਂ ਦੀ ਵਾਰਸਤਾਈ ਤੇ ਸਦੀਵ ਸਾਂਭ-ਸੰਭਾਲ ਦੀ ਗਵਾਹੀ ਹੈ। ਅੱਜ ਸਾਡੇ ਪਾਸ ਰੌਸ਼ਨੀ ਲਈ ਭਾਵੇਂ ਬੇਅੰਤ ਸਾਧਨ ਹਨ ਪਰ ਰੌਸ਼ਨੀ ਦੇ ਵੱਡੇ-ਵਡੇਰੇ ਦੀਵੇ ਜਾਂ ਦੀਪਕ ਹੀ ਹਨ ਜੋ ਸਮੂਹ ਮਾਨਵਤਾ ਨੂੰ ਬਹਿਰੂਨੀ ਤੇ ਅੰਦਰੂਨੀ ਤਲ 'ਤੇ ਚਾਨਣਮਈ ਤੇ ਗਿਆਨਮਈ ਹੋਣ ਦਾ ਸਦੀਵੀ ਸੁਨੇਹਾ ਦੇ ਰਹੇ ਹਨ।



## ਆਓ, ਸੁਨਹਿਰੀ ਸੋਚ ਦੇ ਦੀਵੇ ਬਾਲੀਏ



**ਨਵਜੋਤ ਸਿੰਘ ਜੱਖੂ**

ਦੀਵਾਲੀ ਦਾ ਤਿਉਹਾਰ ਰੌਸ਼ਨੀਆਂ, ਖ਼ੁਸ਼ੀਆਂ ਅਤੇ ਸਾਂਝਾਂ ਦਾ ਤਿਉਹਾਰ ਹੈ। ਇਸ ਨੂੰ ਮਨਾਉਂਦਿਆਂ ਸਾਰੇ ਆਪਣੀ ਜ਼ਿੰਦਗੀ 'ਚ ਵੀ ਰੌਸ਼ਨੀਆਂ, ਖ਼ੁਸ਼ੀਆਂ ਅਤੇ ਸਾਂਝਾਂ ਲੋਚਦੇ ਹਨ। ਦੀਵਾਲੀ ਦੀ ਰਾਤ ਨੂੰ ਦੀਵੇ, ਮੋਮਬੱਤੀਆਂ ਅਤੇ ਬਿਜਲੀ ਦੀਆਂ ਲੜੀਆਂ ਬਾਲ ਕੇ ਚੌਗਿਰਦੇ ਨੂੰ ਰੁਸ਼ਨਾਇਆ ਜਾਂਦਾ ਹੈ। ਮਠਿਆਈਆਂ ਅਤੇ ਹੋਰ ਪਕਵਾਨਾਂ ਦੇ ਸੁਆਦਾਂ ਅਤੇ ਪਟਾਕਿਆਂ ਦੇ ਸ਼ੋਰ-ਸ਼ਰਾਬੇ ਨਾਲ ਇਸ ਤਿਉਹਾਰ ਦੀ ਰੌਣਕ ਨੂੰ ਹੋਰ ਵਧਾਇਆ ਜਾਂਦਾ ਹੈ। ਅਜਿਹੇ ਖ਼ੁਸ਼ਗਵਾਰ ਮਾਹੌਲ 'ਚ ਇਕ ਸਵਾਲ ਪੈਦਾ ਹੁੰਦਾ ਹੈ ਜਿਸ ਦਾ ਜਵਾਬ ਦੇਣ ਦੀ ਬਜਾਏ ਅਸੀਂ ਕੰਨੀ ਕਤਰਾ ਜਾਂਦੇ ਹਾਂ। ਸਵਾਲ ਇਹ ਹੈ ਕਿ ਸੀਮਤ ਸਮੇਂ ਤੱਕ ਜਗਮਗ ਕਰਨ ਵਾਲੀਆਂ ਰੌਸ਼ਨੀਆਂ ਤੋਂ ਅੱਗੇ ਵਧ ਕੇ, ਕੀ ਅਸੀਂ ਆਪਣੀ ਸੋਚ ਨੂੰ ਵੀ ਉਸਾਰੂ ਚਾਨਣ ਵੰਡਣ ਦੀ ਕੋਸ਼ਿਸ਼ ਕੀਤੀ ਹੈ? ਕਿਉਂਕਿ ਚਿੰਤਾ ਵਾਲੀ ਗੱਲ ਇਹ ਹੈ ਕਿ ਸਾਡਾ ਸਮਾਜ ਅਨੇਕਾਂ ਕੁਰੀਤੀਆਂ ਕਰਕੇ ਲਗਾਤਾਰ ਹਨੇਰੇ ਵਿਚ ਡੁੱਬਦਾ ਜਾ ਰਿਹਾ ਹੈ। ਇਸ ਵਰਤਾਰੇ ਨੂੰ ਹਕੀਕੀ ਰੂਪ 'ਚ ਦੇਖਣ ਲਈ ਅਜੋਕੀ ਸਵਾਲੀਆ ਵਿਵਸਥਾ ਸਭ ਤੋਂ ਵੱਡੀ ਰੁਕਾਵਟ ਬਣੀ ਹੋਈ ਹੈ। ਮਨਾਂ ਅੰਦਰ ਦੂਰੀਆਂ ਦਾ ਹਨੇਰਾ, ਦਿਲਾਂ 'ਚ ਈਰਖਾ ਦਾ ਵਾਸ ਅਤੇ ਚਿਹਰਿਆਂ 'ਤੇ ਰੋਸਿਆਂ ਦਾ ਪਰਛਾਵਾਂ ਹਨੇਰੇ ਨੂੰ ਰੋਜ਼ ਸੱਦਾ ਦਿੰਦਾ ਨਜ਼ਰ ਆਉਂਦਾ ਹੈ। ਅਜਿਹੀ ਧਾਰਨਾ 'ਚ ਰੌਸ਼ਨੀਆਂ ਦੀ ਆਸ ਨੂੰ ਬੂਰ ਨਹੀਂ ਪੈਣ ਦਿੱਤਾ ਜਾਂਦਾ।

ਦੇਸ਼ ਦੀਆਂ ਸਿਆਸੀ ਪਾਰਟੀਆਂ ਜਿਨ੍ਹਾਂ ਨੇ ਰਾਜ ਕਰਕੇ ਨਵੀਂ ਦਿਸ਼ਾ ਦੇਣੀ ਹੁੰਦੀ ਹੈ, ਉਹ ਵੀ ਆਪਸ 'ਚ ਬੁਰੀ ਤਰ੍ਹਾਂ ਉਲਝ ਕੇ ਹਨੇਰੇ ਪੈਦਾ ਕਰ ਰਹੀਆਂ ਹਨ। ਜਿਨ੍ਹਾਂ ਦੀਆਂ ਸਟੇਜਾਂ ਜਾਂ ਮੀਟਿੰਗਾਂ 'ਚ ਜਿਥੇ ਵਿਕਾਸ ਦੀਆਂ ਵਿਚਾਰਾਂ ਹੋਣੀਆਂ ਚਾਹੀਦੀਆਂ ਸਨ, ਉਥੇ ਵਿਰੋਧੀ ਪਾਰਟੀਆਂ 'ਤੇ ਦੋਸ਼ਾਂ ਦੀਆਂ ਬੁਛਾਰਾਂ ਕੀਤੀਆਂ ਜਾਂਦੀਆਂ ਹਨ। ਇਵੇਂ ਅਜਿਹੇ ਰਾਜਸੀ ਆਕਾਵਾਂ ਦੀ ਅਗਵਾਈ 'ਚ ਕੰਮ ਕਰਨ ਵਾਲਾ ਪ੍ਰਸ਼ਾਸਨ ਵੀ ਉਲਾਂਭੇ ਤੋਂ ਬਚ ਨਹੀਂ ਸਕਿਆ। ਜਦੋਂ ਪੈਸੇ ਅਤੇ ਪਹੁੰਚ ਦੇ ਜ਼ੋਰ ਨਾਲ ਫੈਸਲਾ ਗ਼ਲਤ ਦੇ ਹੱਕ ਵਿਚ ਆ ਜਾਂਦਾ ਹੈ ਤਾਂ ਫਰਿਆਦੀ ਦੀ ਪੁਕਾਰ ਹਨੇਰੇ 'ਚ ਗੁਆਚ ਕੇ ਰਹਿ ਜਾਂਦੀ ਹੈ। ਗੱਲ ਕੀ ਸਿਆਸਤ ਤੇ ਪ੍ਰਸ਼ਾਸਨ ਦੀ ਨਾਕਾਰਾਤਮਿਕ ਸਾਂਝ ਹੱਕ ਅਤੇ ਸੱਚ ਦੀ ਆਵਾਜ਼ ਨੂੰ ਖਤਮ ਕਰਕੇ ਸਮਾਜ ਅੰਦਰ ਹਨੇਰ-ਗ਼ਰਦੀ ਪੈਦਾ ਕਰ ਰਹੀ ਹੈ। ਆਰਥਿਕਤਾ ਦੀ ਕਾਣੀ ਵੰਡ ਨਾਲ ਖ਼ੁਸ਼ਹਾਲੀ ਦਾ ਚਾਨਣ ਗਿਣਤੀ ਦੇ ਘਰਾਂ ਵਿਚ ਹੀ ਹੋਇਆ ਹੈ ਜਦੋਂ ਕਿ ਮੰਦਹਾਲੀ ਦਾ ਹਨੇਰਾ ਅਣਗਿਣਤ ਘਰਾਂ 'ਤੇ ਭਾਰੂ ਪਿਆ ਹੈ। ਇਸ ਕਾਣੀ ਵੰਡ ਦਾ ਸ਼ਿਕਾਰ ਹੋਇਆ ਸਮਾਜ ਜੋ ਹਨੇਰੇ ਦੇ ਦੈਂਤ ਦੀ ਦਹਿਸ਼ਤ 'ਚ ਹੈ, ਨੂੰ ਆਪਣੀ ਸੁਨਹਿਰੀ ਸੋਚ ਨਾਲ ਚਾਨਣ ਕਰਨ ਦੀ ਲੋੜ ਹੈ।

ਪਰਿਵਾਰਕ ਤੌਰ 'ਤੇ ਵੀ ਅਸੀਂ ਆਪਣੇ ਖ਼ੂਨ ਦੇ ਰਿਸ਼ਤਿਆਂ ਤੋਂ ਦੂਰ ਹੋ ਰਹੇ ਹਾਂ ਅਤੇ ਆਪਣਿਆਂ ਦਾ ਵੀ ਨੁਕਸਾਨ ਕਰਨ ਲੱਗਿਆਂ ਢਿੱਲ ਨਹੀਂ ਕਰਦੇ। ਲੋੜ ਹੈ ਸੋਚ 'ਚ ਅਪਣੱਤ ਦਾ ਚਾਨਣ ਭਰਨ ਦੀ ਤਾਂ ਕਿ ਅਸੀਂ ਦੂਜਿਆਂ ਦੇ ਦੁੱਖ ਦਰਦ ਸੁਣਨ ਦੀ, ਸੁਣਨ ਤੋਂ ਬਾਅਦ ਉਸ ਨੂੰ ਸਮਝਣ ਦੀ ਅਤੇ ਸਮਝਦਿਆਂ ਉਸ ਨੂੰ ਵੰਡਾਉਣ ਦੀ ਕੋਸ਼ਿਸ਼ ਕਰੀਏ। ਜੇਕਰ ਅਸੀਂ ਇਸ ਧਾਰਨਾ ਦੇ ਹਾਣੀ ਹੋ ਜਾਵਾਂਗੇ ਤਾਂ ਹੀ ਦੀਵਾਲੀ ਵਰਗੇ ਪਵਿੱਤਰ ਤਿਉਹਾਰ ਮਨਾਉਣ ਦੇ ਅਸਲ ਭਾਗੀਦਾਰ ਹੋ ਸਕਦੇ ਹਾਂ। ਜੇਕਰ ਸਾਡੇ ਮਨਾਂ ਅੰਦਰ ਸੁਨਹਿਰੀ ਸੋਚ ਦਾ ਵਾਸ ਹੋਵੇਗਾ ਤਾਂ ਸਮਾਜ ਅੰਦਰ ਤਬਦੀਲੀ ਦਾ ਆਪ-ਮੁਹਾਰੇ ਮੁੱਢ ਬੱਝ ਸਕਦਾ ਹੈ। ਜੇਕਰ ਸਾਡੇ ਵਿਹੜਿਆਂ 'ਚ ਸਾਂਝਾਂ ਦਾ ਵਾਸ ਹੋਵੇਗਾ ਤਾਂ ਹੀ ਇਕ ਮਜ਼ਬੂਤ ਦੇਸ਼ ਦਾ ਨਿਰਮਾਣ ਹੁੰਦਾ ਨਜ਼ਰ ਹੋਵੇਗਾ।


ਸੋ, ਆਓ, ਅਜਿਹੇ ਦ੍ਰਿਸ਼ਾਂ ਵੱਲ ਝਾਤ ਮਾਰੀਏ ਅਤੇ ਹਰ ਦੀਵਾਲੀ ਨੂੰ ਅਜਿਹੀ ਰੌਸ਼ਨੀ ਦੇ ਦੀਵੇ ਬਾਲੀਏ ਜਿਸ ਨਾਲ ਵਿਅਕਤੀਗਤ ਮੁਨਾਫ਼ਿਆਂ ਤੋਂ ਉੱਪਰ ਉਠ ਕੇ ਲੋੜਵੰਦਾਂ ਲਈ ਖ਼ੁਸ਼ੀ ਅਤੇ ਸਾਂਝਾਂ ਦਾ ਚਾਨਣ ਵੰਡੀਏ।







ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।
ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ
ਕਮਿਊਨਿਟੀ ਦੇ ਸੱਚੇ ਅਤੇ ਨਿਸ਼ਕਾਮ ਸੇਵਾਦਾਰ, ਪੰਜਾਬੀ ਮਾਂ ਬੋਲੀ
ਅਤੇ ਪੰਜਾਬੀ ਸੱਭਿਆਚਾਰ ਦੇ ਮੁਦਈ ਅਮਰੀਕਾ ਦੇ ਉਘੇ ਸਿੱਖ ਆਗੂ ਅਤੇ
ਸ਼੍ਰੋਮਣੀ ਅਕਾਲੀ ਦਲ ਬਾਦਲ ਕੈਲੀਫੋਰਨੀਆ ਸਟੇਟ ਦੇ ਪ੍ਰਧਾਨ
ਸ. ਬਲਜੀਤ ਸਿੰਘ ਮਾਨ ਅਤੇ ਸਮੂਹ ਮਾਨ ਪਰਿਵਾਰ



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ

ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਰੋਸ਼ਨੀਆਂ ਦੇ ਤਿਉਹਾਰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ

# ਲੱਖ-ਲੱਖ ਵਧਾਈਆਂ




ਅਮਰੀਕਾ ਦੇ ਉਘੇ ਪੰਜਾਬੀ ਨਿਧੜਕ ਆਗੂ,
ਕਮਿਊਨਟੀ ਦੇ ਹਰ ਕੰਮ ਨੂੰ ਪਹਿਲ
ਦੇ ਅਧਾਰ ਉਪਰ ਕਰਨ ਵਾਲੇ
ਨਿਸ਼ਕਾਮ ਸੇਵਕ ਪੰਜਾਬੀ ਮਾਂ ਬੋਲੀ
ਅਤੇ ਸਭਿਆਚਾਰ ਦੇ ਸੇਵਾਦਾਰ
ਅਤੇ ਹਿੰਦੂ ਟੈਂਪਲ ਸਨੀਵੇਲ
ਕੈਲੀਫੋਰਨੀਆ ਦੇ
ਸਾਬਕਾ ਪ੍ਰਧਾਨ

# ਸ੍ਰੀ ਰਾਜ ਭਨੋਟ

ਅਤੇ ਸਮੂਹ ਭਨੋਟ ਪਰਿਵਾਰ

# ਕਿਰਤ ਦੇ ਦੇਵਤਾ ਬਾਬਾ ਵਿਸ਼ਵਕਰਮਾ

ਗੁਰਪ੍ਰੀਤ ਸਿੰਘ ਖਹਿਰਾ

ਅੱਜ ਸਵਾਲ ਉਠ ਰਿਹਾ ਹੈ ਕਿ ਸੰਸਾਰ ਦੀ ਰਚਨਾ ਕਦੋਂ ਅਤੇ ਕਿਸ ਨੇ ਕੀਤੀ। ਇਤਿਹਾਸ ਦੇ ਵੱਖ-ਵੱਖ ਖੋਜੀ ਆਪਣੀ ਖੋਜ ਦੇ ਆਧਾਰ 'ਤੇ ਲਿਖ ਜ਼ਰੂਰ ਰਹੇ ਹਨ, ਪਰ ਤਸੱਲੀਬਖਸ਼ ਉਤਰ ਨਾ ਹੋਣ ਕਾਰਨ ਇਹ ਤਾਣੀ ਸੁਲਝਣ ਦੀ ਬਜਾਇ ਹੋਰ ਉਲਝਦੀ ਜਾ ਰਹੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਜਪੁਜੀ ਸਾਹਿਬ ਜੀ ਦੀ 21ਵੀਂ ਪਉੜੀ ਵਿਚ ਬੜਾ ਸਪਸ਼ਟ ਉਤਰ ਦਿੰਦੇ : 'ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥' ਜਿਵੇਂ ਮਿਥਿਆਸ ਅਨੁਸਾਰ ਬਾਰਿਸ਼ ਦਾ ਦੇਵਤਾ ਇੰਦਰ ਮੰਨਿਆ ਜਾਂਦਾ ਹੈ, ਧਨ ਦੀ ਦੇਵੀ ਲਕਸ਼ਮੀ ਹੈ, ਵਿਦਿਆ ਤੇ ਸੰਗੀਤ ਦੀ ਦੇਵੀ ਸਰਸਵਤੀ ਨੂੰ ਮੰਨਿਆ ਜਾਂਦਾ ਹੈ, ਇਸੇ ਤਰ੍ਹਾਂ ਬਾਬਾ ਵਿਸ਼ਵਕਰਮਾ ਜੀ ਨੂੰ ਦਸਤਕਾਰੀ ਦਾ ਦੇਵਤਾ ਕਿਹਾ ਜਾਂਦਾ ਹੈ। ਵਿਸ਼ਵਕਰਮਾ ਜੀ ਬਹੁਤ ਵਧੀਆ ਸ਼ਿਲਪਕਾਰ ਸਨ। ਉਨ੍ਹਾਂ ਨੂੰ ਭਵਨ ਕਲਾ ਨਿਰਮਾਣ ਦੇ ਮੋਢੀ ਮੰਨਿਆ ਜਾਂਦਾ ਹੈ। ਅੰਗਰੇਜ਼ ਲੇਖਕ ਜੌਹਨ ਰੌਬਰਟਸ ਵੱਲੋਂ ਆਪਣੀ ਪੁਸਤਕ 'ਵਿਸ਼ਵਕਰਮਾ ਐਂਡ ਹਿਜ ਜਨਰੇਸ਼ਨ' ਵਿਚ ਵਿਸ਼ਵਕਰਮਾ ਨੂੰ ਸ੍ਰਿਸ਼ਟੀ ਨੂੰ ਸ਼ਿੰਗਾਰਨ ਵਾਲਾ ਪਹਿਲਾ ਮਨੁੱਖ ਕਿਹਾ ਗਿਆ ਹੈ। ਰਿਗਵੇਦ ਵਿਚ ਸ੍ਰੀ ਵਿਸ਼ਵਕਰਮਾ ਜੀ ਨੂੰ ਸਰਵਦਰਸੀ ਦੱਸਿਆ ਗਿਆ ਹੈ। ਇਸ ਦੀ ਪੁਸ਼ਟੀ ਜਰਮਨ ਲੇਖਕ ਮਿਸਟਰ ਮੈਨਰੇਗਰ ਆਪਣੀ ਪੁਸਤਕ 'ਹਿਸਟਰੀ ਆਫ਼ ਦੀ ਵਰਲਡ' ਵਿਚ ਕਰਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਬਾਬਾ ਵਿਸ਼ਵਕਰਮਾ ਜੀ ਨੇ ਵਿਸ਼ਨੂੰ ਦਾ ਚੱਕਰ, ਜਗਨ ਨਾਥ ਦੀ ਮੂਰਤੀ, ਸ਼ਿਵਜੀ ਦਾ ਤ੍ਰਿਸ਼ੂਲ, ਕੁਬੇਰ ਦੇ ਹਥਿਆਰ, ਦੇਵੀਆਂ ਦੇ ਗਹਿਣੇ ਤਿਆਰ ਕਰਕੇ ਉਨ੍ਹਾਂ ਨੂੰ ਦਿੱਤੇ। ਭਾਵੇਂ ਬਾਬਾ ਵਿਸ਼ਵਕਰਮਾ ਜੀ ਨੂੰ ਸ੍ਰਿਸ਼ਟੀ ਦੇ ਰਚਨਹਾਰੇ ਕਿਹਾ ਜਾਂਦਾ ਹੈ, ਪਰ ਉਨ੍ਹਾਂ ਤੋਂ ਉਪਰ ਵੀ ਕੋਈ ਸ਼ਕਤੀ ਸੀ ਜਿਸ ਦਾ ਕੋਈ ਭੇਦ ਨਹੀਂ ਪਾ ਸਕਿਆ, ਉਹ ਪਰਮ ਆਤਮਾ ਅਦ੍ਰਿਸ਼ਟ ਹੈ। ਉਸ ਨੂੰ ਕੋਈ ਨਹੀਂ ਵੇਖ ਸਕਦਾ ਪਰ ਉਹ ਕਣ-ਕਣ ਵਿਚ ਮੌਜੂਦ ਹੈ। ਸਾਰੇ ਤਕਨੀਕੀ ਮਾਹਿਰ ਟਿੱਕਾ ਭਾਈ ਦੂਜ ਵਾਲੇ ਦਿਨ ਬਾਬਾ ਵਿਸ਼ਵਕਰਮਾ ਜੀ ਅੱਗੇ ਅਰਦਾਸ ਕਰਕੇ ਆਪਣੇ ਔਜ਼ਾਰਾਂ ਨੂੰ ਧੂਫ-ਬੱਤੀ ਕਰਕੇ ਆਪਣੇ ਕੰਮ ਦੀ ਸਫ਼ਲਤਾ ਲਈ ਜੋਦੜੀ ਕਰਦੇ ਹਨ। ਇਹ ਦਿਨ ਮਹਾਂਰਿਸ਼ੀ ਵਿਸ਼ਵਕਰਮਾ ਜੀ ਪ੍ਰਤੀ ਅਥਾਹ ਸ਼ਰਧਾ ਦੇ ਪ੍ਰਗਟਾਵੇ ਵਾਲਾ ਦਿਨ ਹੋਣ ਕਾਰਨ ਵਿਸ਼ਵਕਰਮਾ ਜੀ ਦੀ ਫੋਟੋ ਰੱਖ ਕੇ ਹਵਨ ਕੀਤਾ ਜਾਂਦਾ ਹੈ ਅਤੇ ਫੋਟੋ ਨੂੰ ਮੱਥਾ ਟੇਕ ਕੇ ਗੁਣ-ਗਾਇਨ ਕੀਤਾ ਜਾਂਦਾ ਹੈ। ਅੱਜ ਵਿਗਿਆਨ ਦਾ ਯੁੱਗ ਹੈ। ਭਗਵਾਨ ਵਿਸ਼ਵਕਰਮਾ ਜੀ ਇਕ ਨੂਰੀ ਜੋਤ ਦੇ ਰੂਪ ਵਿਚ ਸੰਸਾਰ 'ਤੇ ਆਏ ਅਤੇ ਹੁਨਰ, ਕਲਾ ਤੇ ਵਿਗਿਆਨ ਨੂੰ ਵਿਕਸਿਤ ਕੀਤਾ। ਵਿਸਵਕਰਮਾ ਪੁਰਾਣ ਦੇ (537) ਸਫਾ ਉਤੇ ਲਿਖਿਆ ਹੈ ਕਿ ਇਕ ਸਮੇਂ ਦੀ ਗੱਲ ਹੈ ਕਿ ਸਾਰੇ ਹੀ ਰਿਸੀ-ਮੁਨੀ ਅਤੇ ਦੇਵਤਿਆਂ ਨੇ ਇਕੱਠੇ ਹੋ ਕੇ ਉਸ ਰਚਨਹਾਰ ਭਗਵਾਨ ਵਿਸਵਕਰਮਾ ਜੀ ਦਾ ਅਸਵਮੇਧ ਯੱਗ ਸੁਰੂ ਕੀਤਾ ਅਤੇ ਰਿਸੀ ਮੁਨੀ ਵੇਦਾਂ ਦੇ ਮੰਤਰ ਉਚਾਰ ਕੇ ਭਗਵਾਨ ਵਿਸਵਕਰਮਾ ਜੀ ਦੀ ਪੂਜਾ ਕਰਨ ਲੱਗੇ। ਸਾਰੇ ਹੀ ਰਿਸੀ-ਮੁਨੀ ਉਸ ਰਚਨਹਾਰ ਦੀ ਪੂਜਾ ਕਰਨ ਲੱਗੇ ਅਤੇ ਅੰਤਰ ਧਿਆਨ ਹੋ ਕੇ ਚਤੁਰਭੁਜੀ ਭਗਵਾਨ ਦੇ ਚਰਨਾਂ ਨਾਲ ਲਿਵਲੀਨ ਹੋ ਗਏ। ਇਨ੍ਹਾਂ ਸੇਵਾ-ਭਾਵ ਅਤੇ ਤਪੱਸਿਆ ਤੋਂ ਖੁਸ ਹੋ ਕੇ ਆਕਾਸ ਵਿਚੋਂ ਗੈਬੀ ਆਵਾਜ ਆਈ ਜਾਂ ਜਿਸਨੂੰ ਰਿਸ਼ੀ ਲੋਕ ਆਕਾਸ਼ਬਾਣੀ ਵੀ ਕਹਿੰਦੇ ਹਨ। ਹੇ ਰਿਸੀਓ! ਤੁਹਾਡੀ ਸੇਵਾ ਅਤੇ ਭਗਤੀ ਭਾਵ ਤੋਂ ਮੈਂ ਬਹੁਤ ਹੀ ਖੁਸ ਹੋਇਆ ਹਾਂ ਅਤੇ ਤੁਸੀਂ ਵਰ ਮੰਗੋ ਕੀ ਮੰਗਣਾ ਚਾਹੁੰਦੇ ਹੋ। ਅੱਗੋਂ ਰਿਸੀਆਂ ਨੇ ਬੇਨਤੀ ਕੀਤੀ, ਹੇ ਪ੍ਰਭੂ ਜੀ ਅਸੀਂ ਤੁਹਾਡੇ ਅਨੇਕਾਂ ਹੀ ਸਰੂਪਾਂ ਦੇ ਦਰਸਨ ਕੀਤੇ ਹਨ, ਪਰ ਸਾਡੇ 'ਤੇ ਕ੍ਰਿਪਾ ਕਰੋ ਅਤੇ ਸਾਨੂੰ ਸ੍ਰਿਸਟੀ ਰਚਨ ਵਾਲਾ ਸਰੂਪ ਦਿਖਾਉ, ਜਿਸ ਸਰੂਪ ਵਿਚ ਤੁਸੀਂ ਇਸ ਸਾਰੀ ਹੀ ਸ੍ਰਿਸਟੀ ਦੀ ਰਚਨਾ ਕੀਤੀ ਹੈ। ਸਾਡੇ 'ਤੇ ਕ੍ਰਿਪਾ ਕਰੋ ਤੇ ਸਾਡੀ ਮਨੋਕਾਮਨਾ ਪੂਰੀ ਕਰੋ। ਰਿਸੀਆਂ ਦੀ ਇਹ ਬੇਨਤੀ ਸੁਣ ਕੇ ਫਿਰ ਆਕਾਸਬਾਣੀ ਹੋਈ। ਉਹ ਗੈਬੀ ਆਵਾਜ ਆਈ, ਹੇ ਰਿਸੀਓ! ਤੁਸੀਂ ਟਿੱਕਾ ਭਾਈ ਦੂਜ ਵਾਲੇ ਦਿਨ ਦਾ ਇੰਤਜਾਰ ਕਰੋ। ਉਸ ਦਿਨ ਸ੍ਰਿਸਟੀ ਰਚਨ ਵਾਲੇ ਸਰੂਪ ਦੇ ਤੁਹਾਨੂੰ ਦਰਸਨ ਹੋਣਗੇ। ਇਹ ਗੈਬੀ ਆਵਾਜ ਸੁਣ ਕੇ ਸਾਰੇ ਹੀ ਰਿਸੀ-ਮੁਨੀ ਬਹੁਤ ਖੁਸ ਹੋਏ ਅਤੇ ਟਿੱਕਾ ਭਾਈ ਦੂਜ ਵਾਲੇ ਦਿਨ ਦਾ ਇੰਤਜਾਰ ਕਰਨ ਲੱਗੇ। ਇਕ-ਇਕ ਮਿੰਟ ਸਕਿੰਟ ਵੀ ਸਾਲ ਵਾਂਗੂੰ ਬੀਤਦਾ ਸੀ। ਇੰਤਜਾਰ ਕਰਦਿਆਂ ਟਿੱਕਾ ਭਾਈ ਦੂਜ ਵਾਲਾ ਦਿਨ ਵੀ ਆ ਗਿਆ ਤਾਂ ਕੀ ਦੇਖਦੇ ਹਨ ਕਿ ਵਿਸਵਕਰਮਾ ਮੰਦਰ ਅੰਦਰ ਇਕ ਬੜਾ ਭਾਰੀ ਬੋਹੜ ਦਾ ਬ੍ਰਿਛ ਸੀ। ਉਸ ਦੇ ਥੱਲੇ ਰਚਨਹਾਰ ਭਗਵਾਨ ਵਿਸਵਕਰਮਾ ਜੀ ਦੇਵਤਿਆਂ ਸਮੇਤ ਆਸਣ ਲਗਾਈ ਬੈਠੇ ਸਨ। ਰਿਸੀਆਂ-ਮੁਨੀਆਂ ਅਤੇ ਸਾਰੇ ਹੀ ਲੋਕਾਂ ਨੇ ਹੁਮ-ਹੁਮਾ ਕੇ ਪ੍ਰਭੂ ਦੇ ਦਰਸਨ ਕੀਤੇ ਜਿਸ ਦੇ ਸਰੂਪ ਦਾ ਸਾਮ ਰੰਗ ਸੀ ਅਤੇ ਪੰਜ ਮੁੱਖ ਸੀ ਅਤੇ 10 ਭੁਜਾਂ ਸੀ ਜੋ ਸ੍ਰਿਸਟੀ ਦੀ ਰਚਨਾ ਕਰ ਰਹੀਆਂ ਸੀ ਅਤੇ ਪ੍ਰਭੂ ਜੀ ਦੇ ਸੱਜੇ ਤੇ ਖੱਬੇ ਪਾਸੇ ਰਿਸੀ ਮੁਨੀ ਪ੍ਰਭੂ ਜੀ ਦਾ ਧਿਆਨ ਲਗਾ ਕੇ ਬੈਠੇ ਸੀ।

1. ਮਨੂ ਜੀ 2. ਮਯ ਜੀ 3. ਤਵਸਟਾ ਜੀ 4. ਸ਼ਿਲਪੀ ਜੀ 5. ਦੇਵੰਗ 6. ਲਕਸਮੀ ਜੀ ਹੱਥ ਵਿਚ ਥਾਲ ਪਕੜੇ ਹੋਏ ਜਿਸ ਵਿੱਚ ਜੋਤ ਜਗ ਰਹੀ ਸੀ, ਜਿਸ ਵਿਚ ਭਗਵਾਨ ਵਿਸਵਕਰਮਾ ਜੀ ਮਾਇਆ ਦੇ ਢੇਰ ਲਗਾਈ ਜਾ ਰਹੇ ਸੀ। 7. ਅਤੇ ਬ੍ਰਹਮਾ ਜੀ ਹੱਥ ਜੋੜ ਕੇ ਪ੍ਰਭੂ ਜੀ ਦਾ ਧਿਆਨ ਲਗਾਈ ਖੜੇ ਹਨ 8. ਵਿਸਨੂੰ ਜੀ ਪ੍ਰਭੂ ਕੋਲੋਂ ਸਦਾ ਹੀ ਦੀਦ ਮੰਗ ਰਹੇ ਹਨ। 9. ਸਰਸਵਤੀ ਜੀ ਇਕ ਹੱਥ ਵਿੱਚ ਸਿਤਾਰ ਫੜ ਕੇ, ਦੂਜੇ ਹੱਥ ਵਿਚ ਹਾਰ ਲੈ ਕੇ ਅਤੇ ਤੀਸਰੇ ਹੱਥ ਵਿਚ ਮਾਲਾ ਹੈ ਅਤੇ ਚੌਥੇ ਹੱਥ ਵਿਚ ਗ੍ਰੰਥ ਹੈ। ਉਹ ਵੀ ਪ੍ਰਭੂ ਜੀ ਦਾ ਸਵਾਗਤ ਕਰਨ ਵਾਸਤੇ ਦੋਨਾਂ ਹੱਥਾਂ ਵਿਚ ਸਫੈਦ ਫੁੱਲਾਂ ਦਾ ਹਾਰ ਜਿਸ ਵਿਚ ਹਰੇ ਤੇ ਗੁਲਾਬੀ ਫੁੱਲ ਸੀ, ਉਹ ਲੈ ਕੇ ਬੈਠੇ ਸਨ ਅਤੇ ਉਨ੍ਹਾਂ ਦੇ ਕੋਲ ਸ਼ਿਵ ਸੰਕਰ ਭੋਲੇ ਨਾਥ ਜੀ ਡੱਮਰੂ ਲੈ ਕੇ ਚਤੁਰਭੁਜੀ ਸਰੂਪ ਵਿਚ ਅਤੇ ਜਟਾਂ ਵਿਚੋਂ ਗੰਗਾ ਵਗ ਰਹੀ ਸੀ, ਪ੍ਰਭੂ ਜੀ ਦੇ ਚਰਨਾਂ ਦਾ ਧਿਆਨ ਲਗਾਈ ਬੈਠੇ ਸਨ ਅਤੇ ਪਾਸ ਹੀ ਸਰੂਜ ਦੇਵਤਾ ਜੀ ਬੈਠੇ ਸਨ, ਨਾਲ ਹੀ ਇੰਦਰ ਦੇਵਤਾ ਵੀ ਹੱਥ ਜੋੜ ਕੇ ਖੜੋਤੇ ਸਨ। ਇਹ ਸਾਰੇ ਹੀ ਦੇਵਤੇ ਪ੍ਰਭੂ ਜੀ ਦੇ ਦਰਸਨ ਕਰ ਰਹੇ ਹਨ। ਪ੍ਰਭੂ ਜੀ ਦਾ ਇਕ ਚਰਨ ਚੰਦਨ ਦੀ ਚੌਕੀ ਉਤੇ ਰੱਖਿਆ ਹੋਇਆ ਸੀ ਅਤੇ ਦੂਸਰੇ ਚਰਨ ਦੀ ਚੌਂਕੜੀ ਮਾਰ ਕੇ ਬੈਠੇ ਸਨ। ਪ੍ਰਭੂ ਜੀ ਦੇ ਸਾਹਮਣੇ ਇਕ ਹੰਸ ਨਜ਼ਰ ਆ ਰਿਹਾ ਹੈ। ਇਹ ਸਾਰੇ ਹੀ ਪ੍ਰਭੂ ਜੀ ਦੇ ਦਰਸ਼ਨ ਕਰਕੇ ਨਦਰੋ-ਨਦਰੀ ਨਿਹਾਲ ਹੋ ਰਹੇ ਸੀ। ਪ੍ਰਭੂ ਪਹਿਲੇ ਹੱਥ ਨਾਲ ਲਕਸ਼ਮੀ ਜੀ ਨੂੰ ਮਾਇਆ ਦੇ ਅਤੁੱਟ ਭੰਡਾਰ ਬਖਸ ਰਹੇ ਹਨ, ਦੂਸਰੇ ਹੱਥ ਵਿੱਚ ਹਥੌੜੀ ਫੜੀ ਹੋਈ ਸੀ, ਤੀਸਰੇ ਹੱਥ ਵਿੱਚ ਨਾਰੀਅਲ ਦੀ ਠੂਠੀ, ਚੌਥੇ ਹੱਥ ਵਿੱਚ ਸੁਦਰਸਨ ਚੱਕਰ, ਪੰਜਵੇਂ ਹੱਥ ਵਿੱਚ ਅੰਮ੍ਰਿਤ ਦਾ ਕੁੰਭ ਫੜਿਆ ਹੋਇਆ ਸੀ, ਛੇਵੇਂ ਹੱਥ ਵਿੱਚ ਅਗਨੀ ਪਰਚੰਡ ਹੋਈ ਨਜਰ ਆਉਂਦੀ ਸੀ, ਸੱਤਵੇਂ ਹੱਥ ਵਿੱਚ ਤੀਰ ਨਜਰ ਆ ਰਿਹਾ ਸੀ, ਅੱਠਵੇਂ ਹੱਥ ਵਿੱਚ ਤ੍ਰਿਸੂਲ ਨਜਰ ਆ ਰਿਹਾ ਸੀ, ਨੌਵੇਂ ਹੱਥ ਵਿਚ ਆਪਣੀ ਲੀਲ੍ਹਾ ਨੂੰ ਆਪ ਹੀ ਜਾਣਦੇ ਸੀ ਅਤੇ ਦਸਵੇਂ ਹੱਥ ਵਿਚ ਢਾਲ ਪਕੜੀ ਹੋਈ ਸੀ ਅਤੇ ਪੰਜਾਂ ਹੀ ਮੁੱਖਾਂ ਉਤੇ ਸੋਨੇ ਦੇ ਤਾਜ ਸੋਭਦੇ ਸੀ ਅਤੇ ਨੂਰਾਨੀ ਜੋਤ ਜਗਮਗ ਕਰ ਰਹੀ ਸੀ।



**ਭਗਵਾਨ ਵਿਸਵਕਰਮਾ ਜੀ ਦੇ ਗ੍ਰੰਥ ਦੀ ਖੋਜ** ਆਦਿ ਗ੍ਰੰਥਾਂ ਵਿਚ ਮਹਾਪੁਰਸਾਂ ਅਤੇ ਰਿਸੀਆਂ ਨੇ ਰਚਨਹਾਰੇ ਭਗਵਾਨ ਵਿਸਵਕਰਮਾ ਜੀ ਦੀ ਉਸਤਤੀ ਵੱਖੋ-ਵੱਖ ਢੰਗ ਨਾਲ ਵਰਣਨ ਕੀਤੀ ਹੈ, ਕਿਸੇ ਜਗ੍ਹਾ ਤਾਂ ਭਗਵਾਨ ਜੀ ਦੇ ਪੰਜ ਮੁੱਖ, 10 ਭੁਜਾਵਾਂ ਲਿਖੀਆਂ ਹਨ ਅਤੇ ਕਈ ਜਗ੍ਹਾ ਚਾਰ ਮੁੱਖ, ਅੱਠ ਭੁਜਾ ਲਿਖੀਆਂ ਹਨ, ਪਰ ਫਿਰ ਵੀ ਉਸ ਰਚਨਹਾਰ ਵਿਸਵਕਰਮਾ ਜੀ ਦੇ ਸਰੂਪ ਦੀ ਜਾਹਿਰੀ ਜੋਤ ਨੂੰ ਵਰਣਨ ਕੀਤਾ ਨਹੀਂ ਜਾ ਸਕਦਾ।

**ਭਗਵਾਨ ਵਿਸਵਕਰਮਾ ਜੀ** : ਇਹ ਸਾਰੇ ਹੀ ਬ੍ਰਹਿਮੰਡ ਦੀ ਰਚਨਾ ਅਤੇ ਪਾਲਣਾ ਕਰਨ ਵਾਲੇ ਭਗਵਾਨ ਵਿਸਵਕਰਮਾ ਜੀ ਹਨ ਅਤੇ ਇਸ ਸਾਰੇ ਹੀ ਸੰਸਾਰ ਨੂੰ ਸੁਖ ਵੰਡਦੇ ਹਨ ਅਤੇ ਸੁਹੱਪਣ ਦਿੰਦੇ ਹਨ। ਸ਼ਿਲਪ ਕਲਾ, ਗਿਆਨ ਵਿਗਿਆਨ ਦੀ ਜੋਤਿ ਪ੍ਰਕਾਸ ਕਰਦੇ ਹਨ। ਜਿਸ ਵੇਲੇ ਇਸ ਮਾਤ ਲੋਕ ਨੂੰ ਸ਼ਿੰਗਾਰਨ ਵਾਸਤੇ ਅਵਤਾਰ ਧਾਰਨ ਕਰਕੇ ਆਉਂਦੇ ਹਨ, ਉਸ ਵੇਲੇ ਮਾਤ ਲੋਕ ਵਿੱਚ ਆਪਣੇ ਸਮੇਂ ਨਾਲ ਅਨੇਕਾਂ ਹੀ ਮਹਾਪੁਰਸਾਂ ਤੇ ਰਿਸੀਆਂ-ਮੁਨੀਆਂ ਨੂੰ ਪੈਦਾ ਕਰਦੇ ਹਨ। ਜੋ ਵੀ ਸ਼ਿਲਪ ਰੂਪ ਵਿਚ ਪ੍ਰਭੂ ਜੀ ਸਬਦ ਉਚਾਰਨ ਕਰਦੇ ਹਨ, ਉਨ੍ਹਾਂ ਨੂੰ ਅਨੇਕਾਂ ਹੀ ਗ੍ਰੰਥਾਂ ਦਾ ਰੂਪ ਦੇ ਕੇ ਪ੍ਰਭੂ ਜੀ ਦੀ ਉਸਤਤੀ ਕਰਦੇ ਹਨ। ਇਨ੍ਹਾਂ ਸੰਸਾਰੀ ਜੀਵਾਂ ਨੂੰ ਉਨ੍ਹਾਂ ਸਬਦਾਂ ਦੇ ਸਿਮਰਨ ਕਰਨ ਦਾ ਢੰਗ ਦੱਸ ਕੇ ਸਿਮਰਨ ਕਰਵਾਉਂਦੇ ਹਨ ਅਤੇ ਰਿਸੀ-ਮੁਨੀ ਪ੍ਰਭੂ ਜੀ ਦਾ ਆਪ ਵੀ ਸਿਮਰਨ ਕਰਦੇ ਹਨ।

**ਨੂਰੀ ਜੋਤ** : ਸਾਡੇ ਸਾਰੇ ਹੀ ਵੇਦ ਪੁਰਾਣ ਅਤੇ ਸਾਰੇ ਹੀ ਗੁਰੂ ਪੀਰ ਇਸ ਗੱਲ ਨਾਲ ਸਹਿਮਤ ਹਨ ਕਿ ਇਸ ਸ੍ਰਿਸਟੀ ਦੀ ਸਿਰਜਨਾ ਕਰਨ ਵਾਲਾ ਮਾਲਕ ਇਕ ਹੈ ਅਤੇ ਇਸ ਸੰਸਾਰ ਰੂਪੀ ਬਗੀਚੇ ਦੀ ਸਿਰਜਨਾ ਕਰਨੀ ਅਤੇ ਬਗੀਚੇ ਨੂੰ ਸੋਹਣਾ ਬਣਾਉਣ ਲਈ ਅਸਮਾਨ ਉਤੇ ਚੰਨ, ਸੂਰਜ, ਤਾਰਿਆਂ ਵਿਚ ਵੀ ਉਸਦੀ ਜੋਤ ਦਾ ਹੀ ਪ੍ਰਕਾਸ਼ ਹੈ। ਫੇਰ ਵੀ ਇਸ ਬਗੀਚੇ ਨੂੰ ਸੋਹਣਾ ਬਣਾਉਣ ਲਈ ਸ਼ਿਲਪ-ਕਲਾ ਦਾ ਪ੍ਰਕਾਸ ਰਹਿੰਦਾ ਹੈ। ਜਿਸ ਨਾਲ ਦਿਮਾਗ ਵਿਚ ਨਵੇਂ ਤੋਂ ਨਵੇਂ ਤਰੀਕੇ ਸੁੱਝਦੇ ਹਨ, ਜਿਨ੍ਹਾਂ ਨਾਲ ਅਸੀਂ ਨਵੀਆਂ ਤੋਂ ਨਵੀਂਆਂ ਵਸਤੂਆਂ ਇਜਾਦ ਕਰਦੇ ਹਾਂ। ਉਸ ਗੈਬੀ ਜੋਤ ਦਾ ਵਰਣਨ ਕਰਨਾ ਬਹੁਤ ਹੀ ਮੁਸ਼ਕਿਲ ਹੈ। ਉਸ ਪ੍ਰਕਾਸ਼ ਕਰਨ ਵਾਲੀ ਸਕਤੀ ਦਾ ਨਾਮ ਗਿਆਨੀ ਲੋਕ ਕਾਦਰ ਦੀ ਕੁਦਰਤ ਵੀ ਕਹਿੰਦੇ ਹਨ। ਇਹ ਸਾਰੇ ਹੀ ਸੰਸਾਰ ਨੂੰ ਸੋਹਣਾ ਬਣਾ ਕੇ ਸੁਹੱਪਣ ਦਿੰਦੀ ਹੈ। ਇਸ ਨਾਲ ਸਾਰਾ ਹੀ ਸੰਸਾਰ ਸੋਹਣਾ ਅਤੇ ਮਨਮੋਹਣਾ ਲੱਗਦਾ ਹੈ। ਇਸ ਜੋਤ ਨੂੰ ਸਤਿਨਾਮ ਕਰਤਾ ਪੁਰਖ, ਵਾਹਿਗੁਰੂ, ਰਾਮ ਰਹੀਮ, ਵਿਸ਼ਵਕਰਮਾ ਜੀ ਵੀ ਕਿਹਾ ਜਾਂਦਾ ਹੈ। ਪਰ ਇਸ ਸ੍ਰਿਸਟੀ ਦੇ ਰਚਨ ਦਾ ਪਤਾ ਨਹੀਂ ਲੱਗ ਸਕਿਆ ਕਿ ਭਗਵਾਨ ਨੇ ਇਸ ਸ੍ਰਿਸਟੀ ਦੀ ਰਚਨਾ ਕਦੋਂ ਤੇ ਕਿਵੇਂ ਕੀਤੀ ਸੀ। ਸਾਇੰਸਦਾਨ ਲੋਕ ਆਪਣੇ-ਆਪਣੇ ਅੰਦਾਜ਼ੇ ਲਾਉਂਦੇ ਹਨ। ਪਰ ਸ੍ਰਿਸਟੀ ਦੀ ਰਚਨਾ ਬਾਰੇ ਸਤਿਗੁਰੂ ਨਾਨਕ ਦੇਵ ਜੀ ਆਪਣੀ ਪਵਿੱਤਰ ਬਾਣੀ ਜਪੁ ਜੀ ਸਾਹਿਬ ਪਉੜੀ ਨੰਬਰ 30 ਵਿਚ ਇਉ ਫੁਰਮਾਸਉਂਦੇ ਹਨ:

**ਏਕਾ ਮਾਈ ਜੁਗਤਿ ਵਿਆਈ**
**ਤਿਨਿ ਚੇਲੇ ਪਰਵਾਣੁ ॥**
**ਇਕੁ ਸੰਸਾਰੀ ਇਕੁ ਭੰਡਾਰੀ**
**ਇਕੁ ਲਾਏ ਦੀਬਾਣੁ ॥**
**ਜਿਵ ਤਿਸੁ ਭਾਵੈ ਤਿਵੈ ਚਲਾਵੈ**
**ਜਿਵ ਹੋਵੈ ਫੁਰਮਾਣੁ ॥**
**ਓਹ ਵੇਖੈ ਓਨਾ ਨਦਰਿ ਨ**
**ਆਵੈ ਬਹੁਤਾ ਏਹੁ ਵਿਡਾਣੁ ॥**
**ਆਦੇਸੁ ਤਿਸੈ ਆਦੇਸੁ**
**ਆਦਿ ਅਨੀਲੁ ਅਨਾਦਿ ਅਨਾਹਤਿ**
**ਜੁਗੁ ਜੁਗੁ ਏਕੋ ਵੇਸੁ ॥30॥**

ਵਿਸਵਕਰਮਾ ਦਿਵਸ, ਜੋ ਬਾਬਾ ਜੀ ਨੂੰ ਸਮਰਪਿਤ ਹੈ, ਦੇ ਸੁੱਭ ਅਵਸਰ ਉੱਤੇ ਹਰ ਰਾਜ ਮਿਸਤਰੀ, ਤਰਖਾਣ, ਔਜ਼ਾਰਾਂ ਦੇ ਨਿਰਮਾਤਾ ਅਤੇ ਹਰ ਪ੍ਰਕਾਰ ਦੀ ਵਰਕਸਾਪ ਮਸ਼ੀਨਰੀ ਦੀ ਵਰਤੋਂ ਕਰਨ ਵਾਲੇ ਸਭ ਵਿਸ਼ਵਕਰਮਾ ਜੀ ਦੀ ਕਿਰਤ ਦੇ ਦੇਵਤੇ ਦੇ ਰੂਪ ਵਿੱਚ ਪੂਜਾ ਕਰਦੇ ਹਨ . ਆਓ, ਇਸ ਸੁੱਭ ਦਿਹਾੜੇ ਉੱਤੇ ਬਾਬਾ ਜੀ ਦੀ ਦੱਸੀ ਦਸਤਕਾਰੀ ਦੀ ਕਲਾ ਅਤੇ ਉੱਚ-ਦਾਰਸਨਿਕਤਾ ਨੂੰ ਧਾਰਨ ਕਰਨ ਦੀ ਪ੍ਰਤਿੱਗਿਆ ਕਰੀਏ।

# ਜੇਕਰ ਗੁਰਦੁਆਰਾ ਸਾਹਿਬਾਨ ਨਾ ਹੁੰਦੇ ਤਾਂ ਭਾਰਤ ਲਗਭਗ ਮੁਸਲਮਾਨ ਹੋਣਾ ਸੀ: ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ

ਅੰਮ੍ਰਿਤਸਰ : ਰਾਜਸਥਾਨ ਦੇ ਤਿਜਾਰਾ ਵਿਖੇ ਭਾਜਪਾ ਦੀ ਰੈਲੀ ਸਮੇਂ ਸਰਕਾਰ ਆਉਣ 'ਤੇ ਗੁਰਦੁਆਰਾ ਸਾਹਿਬਾਨ ਨੂੰ 'ਉਖਾੜਨ' ਬਿਆਨ ਦੇਣਾ ਹੁਣ ਪੰਜਾਬ ਵਿੱਚ ਤੂਲ ਫੜਦਾ ਹੋਇਆ ਨਜ਼ਰ ਆ ਰਿਹਾ ਹੈ ਇਸ ਤੇ ਲਗਾਤਾਰ ਹੀ ਪਹਿਲਾ ਐਸਜੀਪੀਸੀ ਵੱਲੋਂ ਪ੍ਰਤੀਕਿਰਿਆ ਦਿੱਤੀ ਜਾ ਰਹੀ ਸੀ ਅਤੇ ਹੁਣ ਸ਼੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਮੌਜੂਦਾ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਵੀ ਆਪਣੀ ਪ੍ਰਤਿਕਿਰਿਆ ਜ਼ਾਹਿਰ ਕੀਤੀ ਹੈ।



ਅੰਮ੍ਰਿਤਸਰ ਵਿੱਚ ਪ੍ਰੈਸ ਕਾਨਫਰੰਸ ਕਰਦਿਆਂ ਕਿਹਾ ਕਿ ਰਾਜਸਥਾਨ ਦੇ ਵਿੱਚ ਭਾਜਪਾ ਦੀ ਰੈਲੀ ਵਿੱਚ ਗੁਰਦੁਆਰਿਆਂ ਨੂੰ ਉਖਾੜ ਦੇਣ ਵਾਲਾ ਬਿਆਨ ਅਤੇ ਨਿੰਦਣਯੋਗ ਹੈ। ਉਹਨਾਂ ਕਿਹਾ ਕਿ ਭਾਜਪਾ ਦੀ ਇਸ ਰੈਲੀ ਸਮੇਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਯੋਗੀ ਆਦਿਤਿਆਨਾਥ ਵੀ ਸਟੇਜ 'ਤੇ ਮੌਜੂਦ ਸਨ, ਜਿਨ੍ਹਾਂ ਦੀ ਇਹ ਜੁੰਮੇਵਾਰੀ ਬਣਦੀ ਸੀ ਕਿ ਅਜਿਹੇ ਨਫ਼ਰਤੀ ਬਿਆਨ ਦਾ ਉਹ ਉਸੇ ਸਮੇਂ ਵਿਰੋਧ ਕਰਦੇ। ਪਰੰਤੂ ਦੁੱਖ ਦੀ ਗੱਲ ਹੈ ਕਿ ਇਕ ਸੂਬੇ ਦੇ ਮੁੱਖ ਮੰਤਰੀ ਹੋਣ ਵਜੋਂ ਵੀ ਸ੍ਰੀ ਆਦਿਤਿਆਨਾਥ ਵੀ ਇਸ ਵਰਤਾਰੇ ਦੇ ਭਾਗੀ ਬਣੇ ਹਨ। ਉਨ੍ਹਾਂ ਕਿਹਾ ਕਿ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਾਂਗਰਸ ਨੇ ਵੀ ਇਸੇ ਸੋਚ ਤਹਿਤ ਸਿੱਖਾਂ ਦੇ ਗੁਰਧਾਮਾਂ 'ਤੇ ਹਮਲੇ ਕੀਤੇ ਸਨ ਅਤੇ ਅੱਜ ਭਾਜਪਾ ਵੀ ਉਸੇ ਰਾਹ 'ਤੇ ਤੁਰਦੀ ਨਜ਼ਰ ਆ ਰਹੀ ਹੈ।

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਰਾਜਸਥਾਨ ਦੇ ਵਿੱਚ ਵਾਪਰੀ ਇਸ ਘਟਨਾ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਕੇਂਦਰ ਸਰਕਾਰ ਨੂੰ ਪੱਤਰ ਲਿਖਣਾ ਚਾਹੀਦਾ ਦੋਨਾਂ ਕਿਹਾ ਕਿ ਇਸ ਮਾਮਲੇ ਤੇ ਮੁੱਖ ਮੰਤਰੀ ਅਦਿਤਿਆਨਾਥ ਯੋਗੀ ਨੂੰ ਵੀ ਮਾਫੀ ਮੰਗ ਨਹੀਂ ਚਾਹੀਦੀ ਹੈ। ਉਹਨਾਂ ਕਿਹਾ ਕਿ ਅਗਰ ਗੁਰਦੁਆਰਾ ਨਾ ਹੁੰਦੇ ਤਾਂ ਉੱਤਰੀ ਭਾਰਤ ਮੁਸਲਮਾਨ ਹੋਣਾ ਸੀ। ਉਹਨਾਂ ਕਿਹਾ ਕਿ ਸਿੱਖਾਂ ਨੂੰ ਕਦੇ ਵੀ ਇਨਸਾਫ ਮੰਗਣ ਨਾਲ ਨਹੀਂ ਮਿਲਿਆ ਅਤੇ ਹੁਣ ਸਿੱਖਾਂ ਨੂੰ ਮਜ਼ਬੂਤ ਹੋਣ ਦੀ ਲੋੜ ਹੈ ਤਾਂ ਹੀ ਇਨਸਾਫ ਸਿੱਖਾਂ ਦੇ ਕਦਮਾਂ ਵਿੱਚ ਆਵੇਗਾ ਉਹਨਾਂ ਕਿਹਾ ਕਿ ਆਪਸੀ ਫੁੱਟ ਦਾ ਕਾਰਨ ਹੀ ਸਿੱਖਾਂ ਨੂੰ ਇਨਸਾਫ ਨਹੀਂ ਮਿਲ ਪਾ ਰਿਹਾ ਉਸਦੇ ਅੱਗੇ ਬੋਲਦੇ ਕਿਹਾ ਸਿੱਖਾਂ ਦੀ ਮਿਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਕੋਜੇ ਯਤਨਾਂ ਨਾਲ ਕਮਜ਼ੋਰ ਕਰਨ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ।

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਅੱਗੇ ਬੋਲਦੇ ਹੋਏ ਕਿਹਾ ਕਿ ਇੱਕ ਦੌਰ ਅਜਿਹਾ ਸੀ ਕਿ ਐਸਜੀਪੀਸੀ ਦਾ ਪ੍ਰਧਾਨ ਬੋਲਦਾ ਸੀ ਤਾਂ ਦਿੱਲੀ ਬੈਠੇ ਪ੍ਰਧਾਨ ਮੰਤਰੀ ਨੂੰ ਵੀ ਜਵਾਬ ਦੇਣਾ ਪੈਂਦਾ ਸੀ ਅਤੇ ਇੱਕ ਸਮਾਂ ਹੁਣ ਆ ਗਿਆ ਕਿ ਐਸਜੀਪੀਸੀ ਦੇ ਪ੍ਰਧਾਨ ਨੂੰ ਪੱਤਰ ਲਿਖ ਕੇ ਦੇਣੇ ਪੈ ਰਹੇ ਹਨ ਅਤੇ ਫਿਰ ਵੀ ਕਾਰਵਾਈ ਨਹੀਂ ਹੋ ਰਹੀ।

# ਪੰਜਾਬੀ ਨੌਜਵਾਨ ਅਣਅਧਿਕਾਰਿਤ ਤੌਰ 'ਤੇ ਵਿਦੇਸ਼ ਨਾ ਜਾਣ: ਨਿਹੰਗ ਮੁਖੀ ਬਾਬਾ ਬਲਬੀਰ ਸਿੰਘ

ਅੰਮ੍ਰਿਤਸਰ : ਨਿਹੰਗ ਸਿੰਘਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦੇ 14ਵੇਂ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਪ੍ਰਵਾਸ ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਪੰਜਾਬੀ ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਜਾਣ ਲਈ ਅਣਅਧਿਕਾਰਤ ਢੰਗ ਨਹੀਂ ਅਪਨਾਉਣੇ ਚਾਹੀਦੇ। ਉਨ੍ਹਾਂ ਕਿਹਾ ਪੰਜਾਬ ਵਿਚੋਂ ਕਾਨੂੰਨੀ ਤੇ ਗ਼ੈਰ ਕਨੂੰਨੀ ਤਰੀਕੇ ਨਾਲ ਕਨੇਡਾ, ਅਮਰੀਕਾ ਤੇ ਹੋਰ ਦੇਸ਼ਾਂ ਵਿੱਚ ਪ੍ਰਵਾਸ ਤੇਜ਼ੀ ਨਾਲ ਹੋ ਰਿਹਾ ਹੈ। 1980 ਦੇ ਦੁਖਾਂਤਕ ਸਮਿਆਂ ਤੋਂ ਬਾਅਦ ਵਿਦਿਅਕ ਮਿਆਰ ਡਿੱਗਾ ਹੈ ਅਤੇ ਨਸ਼ਿਆਂ ਦਾ ਫੈਲਾਅ, ਬੇਰੁਜ਼ਗਾਰੀ ਅਤੇ ਪ੍ਰਬੰਧਕੀ ਢਾਂਚੇ ਵਿਚ ਆਮ ਆਦਮੀ ਦੀ ਬੇਹੁਰਮਤੀ ਇਸ ਦੇ ਮੁਖ ਕਾਰਨ ਹਨ। ਪੰਜਾਬੀ ਆਪਣੀ ਧਰਤੀ ਨੂੰ ਸਲਾਹੁਣ ਤੇ ਇਸ ਨੂੰ ਪਿਆਰ ਕਰਨ ਦੇ ਵਡੇ ਦਾਅਵੇ ਕਰਦੇ ਹਨ; ਵਡੀ ਗਿਣਤੀ ਵਿਚ ਪੰਜਾਬੀ ਆਪਣਾ ਭਵਿਖ ਕੈਨੇਡਾ, ਅਮਰੀਕਾ, ਆਸਟਰੇਲੀਆ ਆਦਿ ਦੇਸ਼ਾਂ ਵਿਚ ਤਲਾਸ਼ ਕਰਨ ਦਾ ਯਤਨ ਕਰ ਰਹੇ ਹਨ।



ਉਨ੍ਹਾਂ ਵੇਰਵੇ ਦੇਂਦਿਆ ਕਿਹਾ ਅਮਰੀਕਾ ਦੇ ਕਸਟਮ ਤੇ ਸਰਹੱਦੀ ਸੁਰੱਖਿਆ ਵਿਭਾਗ ਦੇ ਅੰਕੜਿਆਂ ਅਨੁਸਾਰ ਅਕਤੂਬਰ 2022 ਤੋਂ ਸਤੰਬਰ 2023 ਵਿਚਕਾਰ ਅਮਰੀਕਾ-ਮੈਕਸਿਕੋ ਅਤੇ ਅਮਰੀਕਾ-ਕੈਨੇਡਾ ਸਰਹਦਾਂ 'ਤੇ 96,917 ਭਾਰਤੀ ਗ਼ੈਰ-ਕਾਨੂੰਨੀ ਤੌਰ 'ਤੇ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ; ਇਨ੍ਹਾਂ ਵਿਚ 30,010 ਕੈਨੇਡਾ ਵਾਲੇ ਪਾਸਿਓਂ ਫੜੇ ਗਏ, 41,770 ਮੈਕਸਿਕੋ ਵਾਲੇ ਪਾਸੇ ਤੋਂ ਅਤੇ ਬਾਕੀ ਦੇ ਅਮਰੀਕਾ ਵਿਚ ਦਾਖ਼ਲ ਹੋਣ ਤੋਂ ਬਾਅਦ ਫੜੇ ਗਏ। 2019-20 ਵਿਚ 19,833 ਕੇਵਲ ਭਾਰਤੀ ਅਜਿਹੇ ਯਤਨ ਕਰਦੇ ਫੜੇ ਗਏ ਸਨ। ਉਨ੍ਹਾਂ ਕਿਹਾ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਣ ਵਾਲਿਆਂ ਦੀ ਗਿਣਤੀ ਵਿਚ ਪੰਜ ਗੁਣਾ ਵਾਧਾ ਹੋਇਆ ਹੈ ਅਤੇ ਮਨੁੱਖੀ ਆਧਾਰ 'ਤੇ ਅਮਰੀਕਾ ਵਿਚ ਟਿਕੇ ਰਹਿਣ ਲਈ ਕੇਸ ਕਰਕੇ ਵੱਸਣ ਵਿਚ ਸਫ਼ਲ ਵੀ ਹੋ ਗਏ ਹਨ।

ਨਿਹੰਗ ਮੁਖੀ ਬਾਬਾ ਬਲਬੀਰ ਸਿਮਘ ਨੇ ਕਿਹਾ ਪੰਜਾਬ ਵਿਚੋਂ ਇਕ ਲੱਖ ਤੋਂ ਜ਼ਿਆਦਾ ਵਿਦਿਆਰਥੀ ਹਰ ਸਾਲ ਵਿਦੇਸ਼ਾਂ ਵਿਚ ਪੜ੍ਹਨ ਜਾ ਰਹੇ ਹਨ; ਉਨ੍ਹਾਂ ਵਿਚੋਂ ਵਡੀ ਗਿਣਤੀ ਨੇ ਪੜ੍ਹਾਈ ਕਰ ਕੇ ਵਾਪਸ ਨਹੀਂ ਪਰਤਣਾ। ਇਹ ਵਿਦਿਆਰਥੀ ਵਿਦੇਸ਼ਾਂ ਦੇ ਅਰਥਚਾਰਿਆਂ ਨੂੰ ਵਡੀ ਸਹਾਇਤਾ ਪਹੁੰਚਾਉਂਦੇ ਹਨ। ਕਈ ਦਹਾਕੇ ਪਹਿਲਾਂ ਪਰਵਾਸ ਕਰਦੇ ਪੰਜਾਬੀ ਵਿਦੇਸ਼ਾਂ 'ਚੋਂ ਕਮਾਈ ਕਰ ਕੇ ਪੈਸਾ ਵਾਪਸ ਪੰਜਾਬ 'ਚ ਭੇਜਦੇ ਸਨ ਪਰ ਹੁਣ ਰੁਝਾਨ ਇਸ ਦੇ ਉਲਟ ਹੈ। ਉਨ੍ਹਾਂ ਕਿਹਾ ਹੁਣ ਲੋਕ ਫ਼ੀਸਾਂ ਤੇ ਹੋਰ ਖਰਚਿਆਂ ਲਈ ਕਈ ਸਾਲ ਪੈਸੇ ਵਿਦੇਸ਼ਾਂ ਵਿਚ ਭੇਜਦੇ ਹਨ ਅਤੇ ਰੁਝਾਨ ਇਹ ਹੈ ਕਿ ਪੈਸੇ ਪੰਜਾਬ ਵਿਚ ਭੇਜਣ ਦੀ ਥਾਂ ਨਵੀਆਂ ਜਾਇਦਾਦਾਂ ਵਿਦੇਸ਼ ਵਿਚ ਹੀ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਇਹ ਸਾਰਾ ਵਰਤਾਰਾ ਦੁਖਾਂਤਕ ਹੈ ਜਿਸ ਬਾਰੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਹੋਣਾ ਚਾਹੀਦਾ ਹੈ। ਨੌਜਵਾਨਾਂ ਨੂੰ ਅਣਅਧਿਕਾਰਿਤ ਤੌਰ 'ਤੇ ਵਿਦੇਸ਼ ਜਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

# ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਹਾਂਦੀਪ ਸਿੰਘ 'ਤੇ ਹੋਇਆ ਹਮਲਾ

## ਪੰਜਾਬ ਦੇ ਹਾਲਾਤ ਇਤਨੇ ਮਾੜੇ ਹਨ ਕਿ ਰਾਤ ਦੇ ਸਮੇਂ ਇਕੱਲੇ ਬੰਦੇ ਦਾ ਬਾਹਰ ਨਿਕਲਣਾ ਵੀ ਮੁਸ਼ਕਿਲ: ਰਾਗੀ ਮਹਾਂਦੀਪ ਸਿੰਘ

ਅੰਮ੍ਰਿਤਸਰ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਮਹਾਂਦੀਪ ਸਿੰਘ ਨਾਲ ਹੋਏ ਦੁਰਵਿਹਾਰ ਦੀ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਨਿੰਦਾ ਕਰਦਿਆਂ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਮਿਲੀ ਜਾਣਕਾਰੀ ਅਨੁਸਾਰ ਡਿਊਟੀ ਤੋਂ ਆ ਰਹੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਮਹਾਂਦੀਪ ਸਿੰਘ ਨਾਲ ਕੁਝ ਲੋਕਾਂ ਵੱਲੋਂ ਜਦੋ ਓਹ ਬਟਾਲੇ ਵਿਖੇ ਇਕ ਪ੍ਰੋਗਰਾਮ ਤੇ ਜਾ ਰਹੇ ਸਨ ਤਦ ਗੱਡੀ ਓਵਰਟੇਕ ਕਰਣ ਦੇ ਮਾਮਲੇ ਵਿਚ ਉਨ੍ਹਾਂ ਨਾਲ ਦੁਰਵਿਹਾਰ ਕੀਤਾ ਗਿਆ ਅਤੇ ਉਨ੍ਹਾਂ ਦੀ ਗੱਡੀ ਭੰਨੀ ਗਈ। ਉਨ੍ਹਾਂ ਕਿਹਾ ਕਿ ਗੁਰੂ ਘਰ ਦੇ ਕੀਰਤਨੀਆਂ ਨਾਲ ਅਜਿਹਾ ਵਰਤਾਰਾ ਕਰਨਾ ਠੀਕ ਨਹੀਂ ਹੈ। ਸ਼੍ਰੋਮਣੀ ਕਮੇਟੀ ਸਕੱਤਰ ਨੇ ਪੁਲਿਸ ਪ੍ਰਸ਼ਾਸਨ ਤੋਂ ਦੋਸ਼ੀਆਂ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਅਤੇ ਕਿਹਾ ਕਿ ਦੋਸ਼ੀ ਵਿਅਕਤੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ, ਤਾਂ ਜੋ ਅੱਗੇ ਤੋਂ ਕੋਈ ਵੀ ਅਜਿਹਾ ਨਾ ਕਰੇ। ਇਸ ਮਾਮਲੇ ਬਾਰੇ ਭਾਈ ਮਹਾਂਦੀਪ ਸਿੰਘ ਨੇ ਕਿਹਾ ਕਿ ਪੰਜਾਬ ਦੇ ਹਾਲਾਤ ਇਤਨੇ ਜਿਆਦਾ ਮਾੜੇ ਹੋ ਚੁੱਕੇ ਹਨ ਕਿ ਰਾਤ ਦੇ ਸਮੇਂ ਇਕੱਲੇ ਬੰਦੇ ਦਾ ਬਾਹਰ ਨਿਕਲਣਾ ਵੀ ਮੁਸ਼ਕਿਲ ਹੋ ਚੁਕਿਆ ਹੈ, ਸਰਕਾਰ ਨੂੰ ਕਾਨੂੰਨ ਵਿਵਸਥਾ ਚਾਕ ਚੋਬੰਦ ਕਰਨੀ ਚਾਹੀਦੀ ਹੈ ਜਿਸ ਨਾਲ ਆਮ ਇਨਸਾਨ ਆਪਣੇ ਆਪ ਨੂੰ ਮਹਿਫ਼ੂਜ ਸਮਝ ਸਕੇ ।



# ਗੁਰਦੁਆਰਿਆਂ ਨੂੰ ਕੈਂਸਰ ਕਹਿਣ ਵਾਲੇ ਭਾਜਪਾ ਆਗੂ ਖ਼ਿਲਾਫ਼ ਕਾਰਵਾਈ: ਪਾਰਟੀ ਨੇ ਸੰਦੀਪ ਦਾਇਮਾ ਨੂੰ ਕੱਢਿਆ

ਨਵੀਂ ਦਿੱਲੀ : ਗੁਰਦੁਆਰੇ ਤੇ ਮਜਸਿਦ ਸਬੰਧੀ ਇਤਰਾਜ਼ਯੋਗ ਬਿਆਨ ਦੇਣ ਵਾਲੇ ਰਾਜਸਥਾਨਦ ਦੇ ਭਾਜਪਾ ਨੇਤਾ ਖਿਲਾਫ਼ ਹਾਈ ਕਮਾਂਡ ਨੇ ਵੱਡੀ ਕਾਰਵਾਈ ਕੀਤੀ ਹੈ। ਪਾਰਟੀ ਹਾਈ ਕਮਾਂਡ ਨੇ ਰੋਸ ਨੂੰ ਵੇਖਦੇ ਹੋਏ ਭਾਜਪਾ ਆਗੂ ਸੰਦੀਪ ਦਾਇਮਾ ਨੂੰ ਪਾਰਟੀ ਵਿਚੋਂ ਬਰਖ਼ਾਸਤ ਕਰ ਦਿੱਤਾ ਹੈ।



ਕਾਬਿਲੇਗੌਰ ਹੈ ਕਿ ਪੰਜਾਬ ਭਾਜਪਾ ਨੇ ਮੋਰਚਾ ਖੋਲ੍ਹ ਦਿੱਤਾ ਹੈ। ਪੰਜਾਬ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਜੈ ਇੰਦਰ ਕੌਰ ਤੇ ਓਬੀਸੀ ਮੋਰਚਾ ਦੇ ਪ੍ਰਧਾਨ ਸਾਬਕਾ ਵਿਧਾਇਕ ਅਮਰਪਾਲ ਸਿੰਘ ਬੋਨੀ ਨੇ ਐਤਵਾਰ ਨੂੰ ਗੁਰਦੁਆਰਿਆਂ ਸਾਹਿਬ ਇਤਰਾਜਯੋਗ ਬਿਆਨ ਦੇਣ ਵਾਲੇ ਭਾਜਪਾ ਆਗੂ ਸੰਦੀਪ ਦਾਇਮਾ ਖਿਲਾਫ ਥਾਣਾ 39 ਪੁਲਿਸ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ।

ਆਪਣੀ ਹੀ ਪਾਰਟੀ ਖਿਲਾਫ਼ ਦਿੱਤੀ ਸ਼ਿਕਾਇਤ 'ਚ ਇਨ੍ਹਾਂ ਆਗੂਆਂ ਨੇ ਇਲਜ਼ਾਮ ਲਗਾਇਆ ਹੈ ਕਿ ਕਿ ਰਾਜਸਥਾਨ ਦੇ ਭਾਜਪਾ ਆਗੂ ਸੰਦੀਪ ਦਾਇਮਾ ਨੇ ਗੁਰਦੁਆਰਿਆਂ ਤੇ ਮਸਜਿਦਾਂ ਖਿਲਾਫ਼ ਗਲਤ ਟਿੱਪਣੀ ਕੀਤੀ ਹੈ ਜਿਸ ਨਾਲ ਸਿੱਖਾਂ ਤੇ ਮੁਸਲਮਾਨ ਭਾਈਚਾਰੇ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਉਨ੍ਹਾਂ ਸੰਦੀਪ ਦਾਇਮਾ ਖਿਲਾਫ਼ ਸਖ਼ਤ ਕਨੂੰਨੀ ਕਾਰਵਾਈ ਦੀ ਮੰਗ ਕੀਤੀ। ਕਾਬਿਲੇਗੌਰ ਹੈ ਕਿ ਬੀਤੇ ਦਿਨ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀ ਪਾਰਟੀ ਹਾਈ ਕਮਾਂਡ ਅੱਗੇ ਸੰਦੀਪ ਦਾਇਮਾ ਵਿਰੁੱਧ ਕਾਰਵਾਈ ਦੀ ਮੰਗ ਰੱਖੀ ਸੀ।

ਕਾਬਿਲੇਗੌਰ ਹੈ ਕਿ ਪਿਛਲੇ ਦਿਨ ਰਾਜਸਥਾਨ 'ਚ ਇਕ ਚੋਣ ਰੈਲੀ ਦੌਰਾਨ ਰਾਜਸਥਾਨ ਦੇ ਨੇਤਾ ਸੰਦੀਪ ਦਾਇਮਾ ਨੇ ਗੁਰਦੁਆਰਾ ਅਤੇ ਮਸਜਿਦ ਨੂੰ ਲੈ ਕੇ ਇਤਰਾਜ਼ਯੋਗ ਬਿਆਨ ਦਿੱਤਾ ਸੀ, ਜਿਸ ਤੋਂ ਬਾਅਦ ਚਾਰੇ ਪਾਸੇ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਿਆ ਸੀ ਤਾਂ ਸੰਦੀਪ ਨੇ ਮੁਆਫੀ ਮੰਗ ਕੇ ਆਪਣੇ ਸ਼ਬਦ ਵਾਪਸ ਲੈ ਲਏ ਸਨ।

ਜੈਇੰਦਰ ਕੌਰ ਨੇ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੇ ਸਾਡੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਅਤੇ ਸਾਡੇ ਧਰਮ ਖ਼ਿਲਾਫ਼ ਬਿਆਨਬਾਜ਼ੀ ਕੀਤੀ ਹੈ, ਜਿਸ ਕਾਰਨ ਉਨ੍ਹਾਂ ਨੇ ਸ਼ਿਕਾਇਤ ਦਰਜ ਕਰਵਾਈ ਹੈ। ਇਹ ਪੂਰੇ ਭਾਜਪਾ ਪੰਜਾਬ ਦੀ ਸ਼ਿਕਾਇਤ ਹੈ, ਇਸ ਦੇ ਨਾਲ ਹੀ ਇਸ ਆਗੂ ਖਿਲਾਫ ਕਾਰਵਾਈ ਕਰਨ ਲਈ ਅਸੀਂ ਕੇਂਦਰੀ ਲੀਡਰਸ਼ਿਪ ਨਾਲ ਗੱਲਬਾਤ ਕਰ ਰਹੇ ਹਾਂ।

ਇਸ ਮੌਕੇ ਓ.ਬੀ.ਸੀ ਮੋਰਚਾ ਦੇ ਪ੍ਰਧਾਨ ਅਮਰਪਾਲ ਸਿੰਘ ਬੋਨੀ ਅਜਨਾਲਾ, ਭਾਜਪਾ ਪੰਜਾਬ ਦੇ ਸਕੱਤਰ ਕੰਵਰ ਸਿੰਘ ਟੌਹੜਾ, ਭਾਜਪਾ ਪੰਜਾਬ ਦੇ ਬੁਲਾਰੇ ਪ੍ਰਿਤਪਾਲ ਸਿੰਘ ਬਲੀਏਵਾਲ ਵੀ ਨਾਲ ਸਨ।

ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਵੀ ਰਾਜਸਥਾਨ ਦੇ ਭਾਜਪਾ ਆਗੂ ਵੱਲੋਂ ਦਿੱਤੇ ਗਏ ਇਤਰਾਜ਼ਯੋਗ ਬਿਆਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਨੇ ਐਕਸ ਉਪਰ ਪੋਸਟ ਕਰਦੇ ਹੋਏ ਲਿਖਿਆ ਕਿ ਰਾਜਸਥਾਨ ਦੇ ਨੇਤਾ ਵੱਲੋਂ ਲੋਕਾਂ ਦੀ ਭਾਵਾਨਾਵਾਂ ਨੂੰ ਠੇਸ ਪਹੁੰਚਾਉਣ ਦੀ ਹਰਕਤ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੇ ਇਸ ਬਿਆਨ ਸਬੰਧੀ ਉਨ੍ਹਾਂ ਨੇ ਹਾਈ ਕਮਾਂਡ ਨੂੰ ਜਾਣੂ ਕਰਵਾ ਦਿੱਤਾ ਹੈ।

# ਸਿੱਖਾਂ ਨਾਲ ਸਮੇਂ ਦੀਆਂ ਸਰਕਾਰਾਂ ਨੇ ਕੀਤਾ ਹੈ ਧੋਖਾ: ਗਿਆਨੀ ਹਰਪ੍ਰੀਤ ਸਿੰਘ

## ਮਹਾਰਾਣੀ ਜ਼ਿੰਦ ਕੌਰ ਬਾਰੇ ਕਰਵਾਇਆ ਗਿਆ ਵਿਸ਼ੇਸ਼ ਪ੍ਰੋਗਰਾਮ

ਨਵੀਂ ਦਿੱਲੀ : ਸਿੱਖ ਪੰਥ ਅੰਦਰ ਬੀਬੀਆਂ ਵਲੋਂ ਸਿਰਜਿਆ ਗਿਆ ਵੱਡਾ ਇਤਿਹਾਸ ਹੈ ਜਿਨ੍ਹਾਂ ਅੰਦਰ ਮਹਾਰਾਣੀ ਜ਼ਿੰਦ ਕੌਰ ਜੀ ਨੇ ਵੀ ਅਹਿਮ ਯੋਗਦਾਨ ਪਾਇਆ ਹੈ। ਦਿੱਲੀ ਗੁਰਦਵਾਰਾ ਕਮੇਟੀ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਸਤਰੀ ਵਿੰਗ ਦੇ ਪ੍ਰਧਾਨ ਬੀਬੀ ਰਣਜੀਤ ਕੌਰ ਵਲੋਂ ਉਨ੍ਹਾਂ ਨਮਿਤ ਇਕ ਵਿਸ਼ੇਸ਼ ਪ੍ਰੋਗਰਾਮ ਦਿੱਲੀ ਦੇ ਚਾਂਦ ਨਗਰ ਇਲਾਕੇ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਆਰਤੀ ਅਤੇ ਪੰਥ ਦੇ ਮਹਾਨ ਢਾਡੀ ਜੱਥਾ ਬੀਬੀ ਪੁਸ਼ਪਿੰਦਰ ਕੌਰ ਜਲੰਧਰ ਵਲੋਂ ਮਹਾਰਾਣੀ ਜ਼ਿੰਦ ਕੌਰ ਤੇ ਪ੍ਰਸੰਗ ਸੁਣਾ ਕੇ ਉੱਥੇ ਹਾਜ਼ਰ ਸੰਗਤਾਂ ਨੂੰ ਸਿੱਖ ਇਤਿਹਾਸ ਨਾਲ ਜੋੜਿਆ। ਸਿੱਖ ਪੰਥ ਦੀਆਂ ਵਿਧਿਆਰਥਣਾਂ ਜਿਨ੍ਹਾਂ ਨੇ ਪੀਐਚਡੀ ਕੀਤੀ ਹੋਈ ਹੈ ਉਨ੍ਹਾਂ ਵਲੋਂ ਵਿਸ਼ੇਸ਼ ਤੌਰ ਤੇ ਮਹਾਰਾਣੀ ਜ਼ਿੰਦ ਕੌਰ ਦੇ ਜੀਵਨ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ ਸੀ । ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਸਰਦਾਰ ਪਰਮਜੀਤ ਸਿੰਘ ਸਰਨਾ ਸਮੇਤ ਵੱਖ ਵੱਖ ਬੁਲਾਰਿਆ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਤਖਤ ਸ੍ਰੀ ਦਮਦਮਾ ਸਾਹਿਬ ਜੀ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੋ ਕਿ ਉਚੇਚੇ ਤੌਰ 'ਤੇ ਸਮਾਗਮ ਵਿਚ ਪਹੁੰਚੇ ਸਨ, ਸੰਗਤਾਂ ਦੇ ਸਨਮੁੱਖ ਹੁੰਦਿਆਂ ਉਨ੍ਹਾਂ ਨੇ ਪੁਰਾਤਨ ਸਮੇਂ ਦੌਰਾਨ ਸਿੱਖ ਬੀਬੀਆਂ ਵਲੋਂ ਪੜੀ ਜਾਂਦੀ ਗੁਰਬਾਨੀ ਬਾਰੇ ਦਸਿਆ ਕਿ ਕਿਸ ਤਰ੍ਹਾਂ ਉਨ੍ਹਾਂ ਵਲੋਂ ਬਾਣੀ ਪੜਨ ਤੇ ਉਨ੍ਹਾਂ ਦੀ ਔਲਾਦ ਵੀ ਸਿੱਖ ਹੀ ਹੁੰਦੀ ਸੀ ਪਰ ਹੁਣ ਟੀਵੀ ਦੇ ਯੁੱਗ ਅੰਦਰ ਭਾਵੇਂ ਗੁਰਬਾਣੀ ਦਾ ਕੀਰਤਨ



ਘਰ ਘਰ ਪਹੁੰਚ ਰਿਹਾ ਵੱਖ ਵੱਖ ਅੰਦਰ ਦੇ ਸਮਾਗਮਾਂ ਦਾ ਪ੍ਰਚਾਰ ਹੋ ਰਿਹਾ ਹੈ ਪਰ ਅਸੀਂ ਬਾਣੀ ਪੜਨ ਅਤੇ ਸੁਣਨ ਵਾਲੇ ਪਾਸੇ ਨਹੀਂ ਤੁਰਦੇ ਉਨ੍ਹਾਂ ਚਿਰ ਸਿੱਖੀ ਜੰਮਣੀ ਨਹੀਂ ਹੈ। ਉਨ੍ਹਾਂ ਕਿਹਾ ਜੋ ਸਾਡੇ ਗੁਰੂਘਰ ਹਨ ਇਹ ਸਾਨੂੰ ਗੁਰਬਾਣੀ ਨਾਲ ਜੁੜਨ ਦੀ ਪ੍ਰੇਰਣਾ ਅਤੇ ਉਪਦੇਸ਼ ਦੇਂਦੇ ਹਨ । ਜਦੋ ਅਸੀਂ ਖੁਦ ਬਾਣੀ ਪੜਾਂਗੇ, ਸੁਣਾਂਗੇ ਤਦ ਹੀ ਸਿੱਖੀ ਜੰਮਣੀ ਹੈ। ਘਰਾਂ ਅੰਦਰ ਸ਼ਰਾਬ ਵਰਤਦੀ ਹੈ ਜਿਸ ਨੂੰ ਦੇਖ ਸਾਡੀ ਪੀੜੀ ਵੀ ਸ਼ਰਾਬ ਵਲ ਵਧਦੀ ਹੈ । ਇਸ ਲਈ ਸਾਡੇ ਘਰਾਂ ਅੰਦਰ ਵੱਡੇ ਵਡੇਰਿਆਂ ਨੂੰ ਖੁਦ ਬਾਣੀ ਨਾਲ ਜੁੜ ਕੇ ਆਪਣੀ ਪੀੜ੍ਹੀ ਨੂੰ ਗੁਰਬਾਣੀ ਨਾਲ ਜੋੜਨਾ ਚਾਹੀਦਾ ਹੈ। ਉਨ੍ਹਾਂ ਨੇ ਸਮੇਂ ਦੀਆਂ ਅੰਗਰੇਜ ਸਰਕਾਰਾਂ ਤੋਂ ਲੈ ਕੇ ਹੁਣ ਤਕ ਦੀਆਂ ਸਰਕਾਰਾਂ ਵਲੋਂ ਸਿੱਖਾਂ ਨਾਲ ਕੀਤੇ ਗਏ ਧੋਖੇ ਬਾਰੇ ਵੀ ਦੱਸਿਆ। ਉਨ੍ਹਾਂ ਨੇ ਕਿਹਾ ਕਿ ਨਸ਼ੇ ਦਾ ਵਪਾਰ ਪਹਿਲਾਂ ਸਾਡੇ ਰਾਜ ਅੰਦਰ ਆਇਆ ਫੇਰ ਪਿੰਡਾਂ ਵਿਚ ਪਹੁੰਚਦਾ ਹੋਇਆ ਹੁਣ ਸਾਡੇ ਘਰਾਂ ਦੇ ਚੁੱਲ੍ਹੀਆਂ ਤਕ ਪੁੱਜ ਚੁੱਕਾ ਹੈ ਇਹ ਸਭ ਸਿੱਖਾਂ ਨੂੰ ਬਰਬਾਦ ਕਰਣ ਲਈ ਹੈ ਜੋ ਕਿ ਸਾਡੇ ਨਾਲ ਕੀਤੇ ਗਏ ਧੋਖਿਆਂ ਵਿੱਚੋਂ ਇਕ ਹੈ। ਉਨ੍ਹਾਂ ਕਿਹਾ ਕਿ ਇਸ ਅੰਦਰ ਸਾਡਾ ਵੀ ਦੋਸ਼ ਹੈ ਕਿਉਂਕਿ ਅਸੀਂ ਅਕਾਲ ਪੁਰਖ ਦਾ ਆਸਰਾ ਛੱਡ ਕੇ ਬੰਦਿਆਂ ਮਗਰ ਤੁਰ ਪਏ ਹਾਂ। ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੀ ਟੇਕ ਸਿਰਫ ਗੁਰੂ ਸਾਹਿਬ ਤੇ ਰੱਖੀਏ ਫੇਰ ਸਾਨੂੰ ਕੋਈ ਵੀ ਧੋਖਾ ਨਹੀਂ ਦੇ ਸਕੇਗਾ। ਉਨ੍ਹਾਂ ਨੇ ਬੀਬੀ ਰਣਜੀਤ ਕੌਰ ਦਾ ਇਹ ਸਮਾਗਮ ਕਰਾਉਣ ਦੇ ਉਪਰਾਲੇ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਸਮਾਗਮ ਦੀ ਸਮਾਪਤੀ ਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਸਤਰੀ ਵਿੰਗ ਦੇ ਪ੍ਰਧਾਨ ਬੀਬੀ ਰਣਜੀਤ ਕੌਰ ਵਲੋਂ ਵੀ ਆਏ ਹੋਏ ਬੁਲਾਰੇਆਂ ਸਮੇਤ ਸਮੂਹ ਸੰਗਤਾਂ ਅਤੇ ਸਮਾਗਮ ਵਿਚ ਸਹਿਯੋਗ ਦੇਣ ਲਈ ਐਸਜੀਪੀਸੀ ਅਤੇ ਹੋਰ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ ।

Best Western®

Holiday Inn Express & Suites

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ


## ਲੱਖ-ਲੱਖ ਵਧਾਈ



ਸਿਟੀ ਆਫ਼ ਗਾਲਟ ਦੇ ਮੇਅਰ ਅਤੇ

ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਦੇ ਮੁੱਖ ਸੇਵਾਦਾਰ

# ਸ. ਪਰਗਟ ਸਿੰਘ ਸੰਧੂ






ਰੋਸ਼ਨੀਆਂ ਦੇ ਤਿਉਹਾਰ ਦੀਵਾਲੀ

ਦੀਆਂ

ਲੱਖ-ਲੱਖ ਵਧਾਈਆਂ

ਉਮੀਦ ਕਰਦੇ ਹਾਂ,
ਇਹ ਰੋਸ਼ਨੀ ਭਰਿਆ
ਤਿਉਹਾਰ
ਤੁਹਾਡੀ ਜ਼ਿੰਦਗੀ
ਵਿਚ ਖੁਸ਼ੀ ਨਾਲ ਭਰੀ
ਰੋਸ਼ਨੀ ਲਿਆਵੇ।

ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਦਹਾਕਿਆਂ ਤੋਂ ਕੌਮ ਦੀ ਸਮਾਜ ਦੀ ਸੇਵਾ ਕਰਦੇ ਆ ਰਹੇ ਅਮਰੀਕਾ ਦੇ ਉਘੇ ਬਿਜ਼ਨਸਮੈਨ

# ਸ੍ਰੀ ਰਾਮ ਮੂਰਤੀ ਸਰੋਏ ਤੇ ਸ੍ਰੀਮਤੀ ਸੱਤਿਆਵਤੀ ਸਰੋਏ

ਚੇਅਰਮੈਨ ਡਾਕਟਰ ਅੰਬੇਦਕਰ ਐਜੂਕੇਸ਼ਨ ਏਡ ਸੁਸਾਇਟੀ, ਸੀਨੀਅਰ ਸੁਪਰੀਮ ਕੌਂਸਲ ਮੈਂਬਰ
ਸ੍ਰੀ ਗੁਰੂ ਰਵੀਦਾਸ ਸਭਾ (ਯੂ.ਐਸ.ਏ) ਸਾਬਕਾ ਚੇਅਰਮੈਨ ਸ੍ਰੀ ਗੁਰੂ ਰਵੀਦਾਸ ਸਭਾ ਬੇ-ਏਰੀਆ ਕੈਲੀਫੋਰਨੀਆ


ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ
ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।
ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ
VANCO
TRUCK & AUTO PLAZA
TEL : 208-466-0833, FAX : 209-466-2740
ਬੋਪਾਰਾਏ ਬ੍ਰਦਰਜ਼
ਜਸਵਿੰਦਰ ਸਿੰਘ ਬੋਪਾਰਾਏ, ਗੁਰਦੇਵ ਸਿੰਘ ਬੋਪਾਰਾਏ
ਮਲਕੀਤ ਸਿੰਘ ਬੋਪਾਰਾਏ, ਦਲਬੀਰ ਸਿੰਘ ਬੋਪਰਾਏ
1033. W Charter Way Stockton CA 95206 (1-5 Hwy4)


ਰੱਬ ਕਰੇ ਦੀਵਾਲੀ ਦੇ ਦੀਵੇ ਦੀ ਲੋਅ ਹਰੇਕ ਘਰ 'ਚ ਖੁਸ਼ੀਆਂ,
ਤਰੱਕੀਆਂ ਤੇ ਤੰਦਰੁਸਤੀਆਂ ਲੈ ਕੇ ਆਵੇ....
ਸਭ ਦੇ ਮਨਾਂ ਵਿਚ ਸਾਂਝੀਵਾਲਤਾ ਤੇ ਭਾਈਚਾਰੇ ਦੀ ਭਾਵਨਾ ਚਮਕੇ
ਬੰਦੀ ਛੋੜ ਦਿਵਸ ਅਤੇ
ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ
ਸ: ਹਰਮਿੰਦਰ ਸਿੰਘ ਸਮਾਣਾ
ਅਮਰੀਕਾ ਦੇ ਉਘੇ ਸਿੱਖ ਆਗੂ ਅਤੇ ਕੈਲੀਫੋਰਨੀਆ ਤੋਂ ਪੰਥਕ ਆਵਾਜ਼
(209) 481-7750

# ਤਿਉਹਾਰਾਂ ਦੇ ਦਿਨਾਂ 'ਚ ਮਿੱਟੀ ਦੇ ਦੀਵੇ ਜਗਾਉਣੇ ਭੁੱਲਦੇ ਜਾ ਰਹੇ ਨੇ ਲੋਕ

## ਦੀਵੇ ਬਣਾਉਣ ਵਾਲੇ ਪਰਜਾਪਤ ਪਰਿਵਾਰਾਂ ਦਾ ਭਵਿੱਖ ਹੋ ਰਿਹਾ ਧੁੰਦਲਾ







ਭਾਰਤ 'ਚ ਯੁੱਗਾਂ ਤੋਂ ਮਨਾਇਆ ਜਾ ਰਿਹਾ ਰੋਸ਼ਨੀਆਂ ਦਾ ਤਿਉਹਾਰ ਦੀਵਾਲੀ ਹੁਣ ਦੋ ਦਹਾਕਿਆਂ ਤੋਂ ਵਿਗਿਆਨਕ ਸਮੇਂ ਦੇ ਪ੍ਰਭਾਵ ਹੇਠ ਆ ਕੇ ਜਿੱਥੇ ਨਵੀਆਂ ਰਾਹਾਂ 'ਤੇ ਚੱਲਣਾ ਸ਼ੁਰੂ ਹੋ ਗਿਆ ਹੈ, ਉੱਥੇ ਇਸ ਤਿਉਹਾਰ ਨਾਲ ਸਬੰਧਤ ਕੁਝ ਕਿੱਤੇਕਾਰਾਂ ਵਾਲੇ ਵਿਅਕਤੀਆਂ ਨੂੰ ਮੰਦੇ ਦੀ ਮਾਰ ਝੱਲਣੀ ਪੈ ਰਹੀ ਹੈ। ਦੀਵਾਲੀ ਦਾ ਸਿੱਧਾ ਅਰਥ 'ਦੀਵਿਆਂ ਵਾਲੀ' ਬਣਦਾ ਹੈ। ਇਸ ਦਿਨ ਲੋਕ ਆਪੋ-ਆਪਣੇ ਘਰਾਂ ਤੇ ਸਾਂਝੀਆਂ ਥਾਵਾਂ 'ਤੇ ਮਿੱਟੀ ਦੇ ਦੀਵਿਆਂ 'ਚ ਤੇਲ ਪਾ ਕੇ ਬਾਲਦੇ ਸਨ ਤੇ ਦੀਵਾਲੀ ਦੀ ਰਾਤ ਜਗਦੇ ਦੀਵੇ ਚਾਰ-ਚੁਫ਼ੇਰੇ ਜਗਮਗ-ਜਮਮਗ ਕਰਦੇ ਕਿਸੇ ਅਗੰਮੀ ਕੁਦਰਤੀ ਕਰਾਮਾਤ ਦੇ ਵਰਤਾਰੇ ਦਾ ਝਲਕਾਰਾ ਪਾਉਂਦੇ ਸਨ ਪਰ ਹੁਣ ਲੋਕ ਇਹ ਦੀਵਿਆਂ ਨੂੰ ਛੱਡ ਇਲੈਕਟ ?ਰੌਨਿਕ ਨਾਲ ਸਬੰਧਤ ਲਾਈਟਾਂ ਲਗਾ ਕੇ ਆਪਣੀ ਦੀਵਾਲੀ ਮਨਾਉਂਦੇ ਹਨ। ਜਿੱਥੇ ਹੁਣ ਇਲੈਕਟ੍ਰੋਨਿਕ ਸਾਮਾਨ ਵੇਚਣ ਵਾਲਿਆਂ ਦੀ ਇਨ੍ਹਾਂ ਦਿਨਾਂ 'ਚ ਚਾਂਦੀ ਬਣੀ ਹੋਈ ਹੈ, ਉੱਥੇ ਮਿੱਟੀ ਦੇ ਦੀਵੇ ਬਣਾਉਣ ਵਾਲੇ ਪਰਜਾਪਤ ਭਾਈਚਾਰੇ ਦੇ ਲੋਕਾਂ ਦਾ ਕਿੱਤਾ ਠੱਪ ਹੋ ਕੇ ਰਹਿ ਗਿਆ ਹੈ। ਦੀਵੇ ਬਣਾਉਣ ਵਾਲਾ ਘੁਮਿਆਰ ਭਾਈਚਾਰਾ ਇਨ੍ਹਾਂ ਖੇੜਿਆਂ ਭਰੇ ਤਿਉਹਾਰਾਂ ਦੇ ਦਿਨਾਂ 'ਚ ਉਦਾਸ ਨਜ਼ਰ ਆ ਰਿਹਾ ਹੈ। ਕੋਈ ਸਮਾਂ ਸੀ ਜਦੋਂ ਦੀਵਾਲੀ ਦੇ ਦਿਨ ਤੋਂ ਕਈ-ਕਈ ਦਿਨ ਪਹਿਲਾਂ ਹੀ ਇਨ੍ਹਾਂ ਦੇ ਘਰਾਂ 'ਚ ਦੀਵੇ, ਕੁੱਜੇ, ਚੁਮੁਖੀਏ ਦੀਵੇ ਤੇ ਹੋਰ ਮਿੱਟੀ ਦੇ ਬਰਤਨ ਲਿਜਾਣ ਵਾਲਿਆਂ ਦੀ ਹੋੜ ਲੱਗੀ ਰਹਿੰਦੀ ਸੀ ਪਰ ਵਿਗਿਆਨਕ ਯੁੱਗ 'ਚ ਬਿਜਲਈ ਉਪਕਰਨਾਂ ਦੇ ਆਉਣ ਨਾਲ ਇਨ੍ਹਾਂ ਦਾ ਜੱਦੀ ਪੇਸ਼ਾ ਰੁਜ਼ਗਾਰ ਠੁੱਸ ਹੋ ਕੇ ਰਹਿ ਗਿਆ ਹੈ।

ਭਾਰਤ 'ਚ ਜਿੱਥੇ ਹਿੰਦੂਆਂ ਵੱਲੋਂ ਦੀਵਾਲੀ ਤੇ ਸਿੱਖਾਂ ਵੱਲੋਂ ਬੰਦੀ ਛੋੜ ਦਿਵਸ ਦੇ ਨਾਂ ਨਾਲ ਇਹ ਦਿਨ ਦੀਵੇ ਬਾਲ ਕੇ ਮਨਾਇਆ ਜਾਂਦਾ ਹੈ, ਉੱਥੇ ਮੁਸਲਮਾਨ ਪੀਰਾਂ-ਫਕੀਰਾਂ ਦੀਆਂ ਮਜ਼ਾਰਾਂ 'ਤੇ ਵੀ ਦਿਨ-ਦਿਹਾੜਿਆਂ 'ਤੇ ਮਿੱਟੀ ਦੇ ਦੀਵੇ ਅਜੇ ਤੱਕ ਵੀ ਜਲਾਏ ਜਾਂਦੇ ਹਨ ਪਰ ਬਿਜਲਈ ਉਪਕਰਨਾਂ ਦੀ ਚਕਾਚੌਂਧ 'ਚ ਵਿਚਾਰੇ ਮਿੱਟੀ ਦੇ ਦੀਵਿਆਂ ਦੀ ਹੁਣ ਕੋਈ ਬਹੁਤੀ ਪੁੱਛ-ਪ੍ਰਤੀਤ ਨਹੀਂ ਰਹੀ।

ਇਤਿਹਾਸਿਕ ਸ਼ਹਿਰ ਮਾਛੀਵਾੜਾ ਸਾਹਿਬ ਵਿਖੇ ਲੰਮੇ ਸਮੇਂ ਤੋਂ ਆਪਣਾ ਜੱਦੀ ਪੇਸ਼ਾ ਕੰਮ ਕਰਨ ਵਾਲੇ ਪਰਜਾਪਤ ਮਹਿੰਦਰ ਸਿੰਘ ਨੇ ਦੱਸਿਆ ਕਿ ਸਮੇਂ ਦੇ ਦੌਰ ਕਾਰਨ ਹੁਣ ਕਿਸੇ ਵੀ ਕਿੱਤੇ ਦੇ ਲੋਕ ਆਪਣੇ ਜੱਦੀ ਪੇਸ਼ਾ ਕਿੱਤਿਆਂ ਨਾਲ ਨਹੀਂ ਜੁੜ ਕੇ ਰਹਿ ਰਹੇ ਸਗੋਂ ਇਕ-ਦੂਜੇ ਦੇ ਕਿੱਤਿਆਂ 'ਚ ਦਖ਼ਲ-ਅੰਦਾਜ਼ੀ ਕਰ ਕੇ ਵਰਣ ਵੰਡ ਦਾ ਭੋਗ ਪਾ ਦਿੱਤਾ ਹੈ। ਅੱਜ ਛੀਂਬਿਆਂ ਵਾਲਾ ਦਰਜੀ ਦਾ ਕਿੱਤਾ ਕੋਈ ਹੋਰ ਭਾਈਚਾਰੇ ਦੇ ਨੌਜਵਾਨ ਕਰ ਰਹੇ ਹਨ। ਨਾਈਆਂ ਵਾਲਾ ਕਿੱਤਾ ਵੀ ਹੋਰ ਜਾਤਾਂ ਨਾਲ ਸਬੰਧ ਰੱਖਣ ਵਾਲੇ ਨੌਜਵਾਨਾਂ ਨੇ ਅਪਣਾ ਲਿਆ ਹੈ। ਬਹੁਤ ਸਾਰੇ ਜੁਲਾਹੇ ਕਿੱਤੇ ਨਾਲ ਸਬੰਧਤ ਨੌਜਵਾਨ ਖੇਤੀਬਾੜੀ ਕਰ ਕੇ ਜ਼ਿਮੀਦਾਰ ਕਹਾਉਣ ਲੱਗ ਪਏ ਹਨ ਪਰ ਘੁਮਿਆਰ ਭਾਈਚਾਰੇ ਦਾ ਕਿੱਤਾ ਅਜੇ ਤੱਕ ਹੋਰ ਕਿਸੇ ਵੀ ਜਾਤੀ ਦੇ ਬੰਦੇ ਨੇ ਨਹੀਂ ਅਪਣਾਇਆ। ਉਨ੍ਹਾਂ ਕਿਹਾ ਕਿ ਭਾਂਡੇ ਬਣਾਉਣਾ ਬਹੁਤ ਹੀ ਧਿਆਨ ਯੋਗ ਤੇ ਤਕਨੀਕ ਨਾਲ ਕਰਨ ਵਾਲਾ ਕੰਮ ਹੈ। ਇਸ ਕੰਮ ਬਾਰੇ ਦੱਸਦਿਆਂ ਉਸ ਨੇ ਦੱਸਿਆ ਕਿ ਭਾਂਡੇ ਬਣਾਉਣ ਲਈ ਵਧੀਆ ਚੀਕਣੀ ਮਿੱਟੀ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਮਿੱਟੀ ਕਿਤੋਂ-ਕਿਤੋਂ ਹੀ ਮਿਲਦੀ ਹੈ ਜਿਸ ਨੂੰ ਕੁੱਟ ਕੇ ਘਰੇ ਲਿਆ ਕੇ ਸੁਕਾਇਆ ਜਾਂਦਾ ਹੈ ਤੇ ਫਿਰ ਕੱਪੜ-ਛਾਣ ਕਰ ਕੇ ਇਸ ਨੂੰ ਕਈ ਵਾਰ ਆਟੇ ਵਾਂਗ ਗੁੰਨਿਆ ਜਾਂਦਾ ਹੈ। ਫਿਰ ਇਸ ਨੂੰ ਚੱਕ 'ਤੇ ਰੱਖ ਕੇ ਵੱਖ-ਵੱਖ ਤਰ੍ਹਾਂ ਦੇ ਦੀਵੇ ਜਾਂ ਭਾਂਡੇ ਆਦਿ ਘੜੇ ਜਾਂਦੇ ਹਨ। ਫਿਰ ਇਨ੍ਹਾਂ ਨੂੰ ਕਈ ਦਿਨ ਮੀਂਹ-ਕਣੀ ਤੋਂ ਬਚਾਅ ਕੇ ਧੁੱਪੇ ਸੁਕਾਇਆ ਜਾਂਦਾ ਹੈ। ਇਸ ਤੋਂ ਬਾਅਦ ਸਾਰੇ ਛੋਟੇ-ਵੱਡੇ ਭਾਂਡਿਆਂ ਨੂੰ ਇਕ ਵੱਡੇ ਟੋਏ 'ਚ ਤਰਤੀਬ ਨਾਲ ਰੱਖ ਕੇ ਇਨ੍ਹਾਂ ਨੂੰ ਇੱਟਾਂ ਦੇ ਭੱਠਿਆਂ ਵਾਂਗ ਅੱਗ ਨਾਲ ਪਕਾਇਆ ਜਾਂਦਾ ਹੈ। ਜਿਵੇਂ ਇੱਟਾਂ ਪਕਾਉਣ ਵਾਲੇ ਵੱਡੇ ਭੱਠੇ ਹੁੰਦੇ ਹਨ, ਇਸੇ ਤਰ੍ਹਾਂ ਹੀ ਇਹ ਛੋਟੀਆਂ ਭੱਠੀਆਂ ਨੂੰ ਆਵੇ ਕਿਹਾ ਜਾਂਦਾ ਹੈ। ਕਈ ਤਰ੍ਹਾਂ ਦੀ ਅਗਨ ਪ੍ਰੀਖਿਆ ਤੋਂ ਬਾਅਦ ਭਾਂਡਿਆਂ ਨੂੰ ਠੰਢਾ ਕਰ ਕੇ ਬਾਹਰ ਕੱਢਿਆ ਜਾਂਦਾ ਹੈ। ਇਸ ਤੋਂ ਬਾਅਦ ਇਨ੍ਹਾਂ ਦੀ ਸਾਫ-ਸਫਾਈ ਕਰ ਕੇ ਵੇਚਣ ਲਈ ਲੈ ਕੇ ਜਾਣਾ ਪੈਂਦਾ ਹੈ।

ਮਹਿੰਦਰ ਸਿੰਘ ਨੇ ਦੱਸਿਆ ਕਿ ਕਿਸੇ ਸਮੇਂ ਇਨ੍ਹਾਂ ਦਿਨਾਂ 'ਚ ਦੀਵੇ ਵੇਚ ਕੇ ਸਾਡਾ ਘਰ ਦਾਣਿਆਂ ਨਾਲ ਭਰ ਜਾਂਦਾ ਸੀ ਕਿਉਂਕਿ ਪਹਿਲਾਂ ਪਹਿਲ ਲੋਕ ਭਾਂਡਿਆਂ ਵੱਟੇ ਪੈਸਿਆਂ ਦੀ ਥਾਂ 'ਤੇ ਦਾਣੇ ਹੀ ਦਿੰਦੇ ਸਨ ਪਰ ਹੁਣ ਸਮਾਂ ਬਦਲ ਗਿਆ ਹੈ, ਇਸ ਵਾਰ ਕਰਵਾ ਚੌਥ ਲਈ ਵਧੀਆ ਰੰਗ ਕਰ ਕੇ ਕੁੱਜੇ ਵੀ ਤਿਆਰ ਕੀਤੇ ਸਨ ਪਰ ਉਨ੍ਹਾਂ ਦੀ ਵਿਕਰੀ ਵੀ ਆਸ ਨਾਲੋਂ ਕਿਤੇ ਘੱਟ ਹੋਈ ਹੈ। ਦੀਵਾਲੀ 'ਤੇ ਲੋਕ ਦੀਵੇ ਬਾਲਣ ਦੀ ਵੀ ਖਾਨਾਪੂਰਤੀ ਹੀ ਕਰਦੇ ਹਨ ਜਾਂ ਫਿਰ ਤਿਉਹਾਰ ਦੇ ਦਿਨ ਸ਼ਗਨ ਵਜੋਂ ਪੰਜ, ਸੱਤ ਜਾਂ ਗਿਆਰਾਂ ਦੀਵੇ ਤੇਲ ਦੇ ਬਾਲ ਕੇ ਬਾਕੀ ਮੋਮਬੱਤੀਆਂ ਤੇ ਹੋਰ ਬਿਜਲੀ ਨਾਲ ਚੱਲਣ ਵਾਲੀਆਂ ਲਾਈਟਾਂ ਲਗਾ ਕੇ ਲੋਕ ਆਪਣੇ ਘਰਾਂ ਨੂੰ ਰੁਸ਼ਨਾਉਂਦੇ ਹਨ। ਹੁਣ ਸਾਨੂੰ ਕੋਈ ਨਹੀਂ ਪੁੱਛਦਾ, ਜਿਸ ਤਰ੍ਹਾਂ ਹੋਰ ਭਾਈਚਾਰੇ ਦੇ ਲੋਕਾਂ ਦੀ ਨਵੀਂ ਪੀੜ੍ਹੀ ਹੋਰ ਕਿੱਤਿਆਂ ਨੂੰ ਅਪਣਾ ਰਹੀ ਹੈ ਜਾਂ ਫਿਰ ਪੜ੍ਹ-ਲਿਖ ਕੇ ਸਰਕਾਰੀ ਨੌਕਰੀਆਂ ਕਰ ਰਹੀ ਹੈ ਤੇ ਫਿਰ ਜਾਂ ਵਿਦੇਸ਼ਾਂ ਵੱਲ ਨੂੰ ਦੌੜ ਰਹੀ ਹੈ, ਉਸ ਤਰ੍ਹਾਂ ਹੀ ਸਾਡੇ ਭਾਈਚਾਰੇ ਦੇ ਲੋਕ ਵੀ ਇਸ ਦੌੜ 'ਚ ਸ਼ਾਮਲ ਹਨ। ਉਸ ਨੇ ਕਿਹਾ ਕਿ ਜਿਵੇਂ ਕਿਸੇ ਬੀਜ ਦਾ ਨਾਸ਼ ਨਹੀਂ ਹੁੰਦਾ, ਉਸ ਤਰ੍ਹਾਂ ਹੀ ਇਹ ਕਿੱਤਾ ਵੀ ਕਿਸੇ ਨਾ ਕਿਸੇ ਰੂਪ 'ਚ ਆਪਣੀ ਹੋਂਦ ਦਾ ਪ੍ਰਗਟਾਵਾ ਕਰਦਾ ਰਹੇਗਾ ਪਰ ਤਿਉਹਾਰਾਂ ਦੇ ਦਿਨਾਂ 'ਚ ਖ਼ੁਦ ਉਦਾਸ ਨੇ ਮਿੱਟੀ ਦੇ ਦੀਵੇ।

ਮਹਿੰਦਰ ਸਿੰਘ ਨੇ ਦੱਸਿਆ ਕਿ ਹੁਣ ਉਸ ਨੇ ਹੱਥੀਂ ਕੰਮ ਕਰਨਾ ਬਹੁਤ ਘੱਟ ਕਰ ਦਿੱਤਾ ਹੈ। ਉਹ ਹੁਣ ਮਿੱਟੀ ਨਾਲ ਬਣੀਆਂ ਰੈਡੀਮੇਡ ਵਸਤਾਂ ਜਿਨ੍ਹਾਂ 'ਚ ਦੀਵੇ, ਕੁੱਜੇ, ਝੱਕਰੀਆਂ, ਤਵੇ, ਤਾਉੜੀਆਂ, ਗੱਲ੍ਹੇ, ਛਾਬੇ, ਕੌਲੀਆਂ, ਗਲਾਸ, ਬੋਤਲਾਂ, ਧਨ ਕੁਬੇਰ, ਅੰਗੀਠੀਆਂ ਤੇ ਹੋਰ ਕਈ ਤਰ੍ਹਾਂ ਦੀਆਂ ਰੰਗਦਾਰ ਚੀਜ਼ਾਂ ਰਾਜਸਥਾਨ, ਮੋਗਾ, ਬਨੂੜ, ਜ਼ੀਰਕਪੁਰ, ਅੰਬਾਲਾ ਆਦਿ ਸ਼ਹਿਰਾਂ ਤੋਂ ਲਿਆ ਕੇ ਵੇਚਦੇ ਹਨ। ਉਸ ਨੇ ਦੱਸਿਆ ਕਿ ਉਸ ਨਾਲ ਉਸ ਦਾ ਪੁੱਤਰ ਬੌਬੀ ਤੇ ਪੋਤਾ ਰਾਹੁਲ ਵੀ ਉਸ ਨਾਲ ਹੱਥ ਵਟਾਉਂਦੇ ਹਨ। ਉਸ ਨੇ ਦੱਸਿਆ ਕਿ ਅੱਜ ਵੀ ਮਿੱਟੀ ਦੇ ਬਰਤਨਾਂ 'ਚ ਬਣੀਆਂ ਦਾਲਾਂ, ਸਬਜ਼ੀਆਂ ਦੂਸਰੇ ਧਾਤਾਂ ਦੇ ਭਾਂਡਿਆਂ ਨਾਲੋਂ ਵੱਧ ਗੁਣਕਾਰੀ ਸਾਬਤ ਹੁੰਦੀਆਂ ਹਨ। ਇਸ ਤਰ੍ਹਾਂ ਮਿੱਟੀ ਦੇ ਤਵੇ 'ਤੇ ਬਣੀਆਂ ਰੋਟੀਆਂ ਵੀ ਸਰੀਰ ਲਈ ਲਾਭਦਾਇਕ ਸਿੱਧ ਹੁੰਦੀਆਂ ਹਨ। ਇਸ ਤੋਂ ਇਲਾਵਾ ਜਦੋਂ ਦੀਵਾਲੀ ਨੂੰ ਮਿੱਟੀ ਦੇ ਦੀਵਿਆਂ 'ਚ ਸਰ੍ਹੋਂ ਦਾ ਤੇਲ ਪਾ ਕੇ ਜਗਾਇਆ ਜਾਂਦਾ ਸੀ ਤਾਂ ਮੌਸਮ ਦੇ ਬਦਲਾਅ ਅਨੁਸਾਰ ਜ਼ਹਿਰੀਲੇ ਕੀੜੇ, ਮਕੌੜੇ ਦੀਵਿਆਂ ਦੀ ਲਪੇਟ 'ਚ ਆ ਕੇ ਮਰ ਜਾਂਦੇ ਸਨ ਤੇ ਵਾਤਾਵਰਨ ਵੀ ਸ਼ੁੱਧ ਹੁੰਦਾ ਸੀ। ਇਸ ਤੋਂ ਇਲਾਵਾ ਮਿੱਟੀ ਦੀਆਂ ਬੋਤਲਾਂ 'ਚ ਰੱਖਿਆ ਪਾਣੀ ਠੰਢਾ ਰਹਿੰਦਾ ਹੈ ਜਦਕਿ ਮਿੱਟੀ ਦੇ ਬਰਤਨਾਂ 'ਚ ਖਾਇਆ ਜਾਣ ਵਾਲਾ ਖਾਣਾ ਵੀ ਸਰੀਰ ਲਈ ਲਾਹੇਵੰਦ ਸਾਬਤ ਹੁੰਦਾ ਹੈ ਪਰ ਅਸੀਂ ਮਾਡਰਨ ਜ਼ਮਾਨੇ ਦੇ ਪਿੱਛੇ ਲੱਗ ਆਪਣੀ ਸਿਹਤ ਨੂੰ ਖ਼ਰਾਬ ਕਰਨ ਲਈ ਖ਼ੁਦ ਜ਼ਿੰਮੇਵਾਰ ਹਾਂ।















(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)




ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ

# SinghSigns

ELECTRICAL• GRAPHIC• ENGRAVING

Sales - Installation - Repair

WE FABRICATE & SERVICE ALL ELECTRICAL SIGNS
44279 FREMONT BLVD. UNIT P FREMONT, CA 94538

510-573-3162

COMMERCIAL SIGNS BANNERS REAL STATE
INDUSTRIAL SIGNS VEHICLE GRAPHICE LASER DESIGNS
3-D GRAPHICS ENGRAVING VINYL LETTERING

DESIGNED FOR QUALITY SIGH, ENGINEERED TO LAST !



ਹਰ ਤਰ੍ਹਾਂ ਦੇ ਸਾਈਨ ਬਣਾਉਣ ਜਾਂ ਮੁਰੰਮਤ ਕਰਵਾਉਣ ਲਈ ਸੰਪਰਕ ਕਰੋ



ਅਸੀਂ ਹਰ ਤਰ੍ਹਾਂ ਦੇ ਬੈਨਰ-ਸ਼ੀਲਡਾਂ-ਪਲੈਕਾਂ-ਸਾਈਨ ਬਣਾਉਂਦੇ ਹਾਂ • ਅਸੀਂ ਪਿਛਲੇ 20 ਸਾਲ ਤੋਂ ਆਪ ਜੀ ਦੀ ਸੇਵਾ ਕਰ ਰਹੇ ਹਾਂ •ਅਸੀਂ ਅਮਰੀਕਾ ਦੀਆਂ ਤਕਰੀਬਨ ਸਾਰੀਆਂ ਵੱਡੀਆਂ ਕਪੰਨੀਆਂ ਨੂੰ ਸਪਲਾਈ ਕਰਦੇ ਹਾਂ •ਕੁਆਲਟੀ ਅਤੇ ਪਰਾਈਸ ਵਿੱਚ ਸਾਡਾ ਕੋਈ ਮੁਕਾਬਲਾ ਨਹੀਂ• ਕਿਸੇ ਵੀ ਹੁਸੀਨ ਸਮੇਂ ਪਾਰਟੀ ਅਤੇ ਪ੍ਰੋਗਰਾਮ ਨੂੰ ਯਾਦਗਾਰੀ ਬਣਾਉਣ ਲਈ ਸਾਨੂੰ ਜ਼ਰੂਰ ਕਾਲ ਕਰੋ

www.singhsigns.com, e-mail : singhsigns@hotmail.com

ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਹਰ ਕੌਮੀ ਕੰਮ ਨੂੰ ਪਹਿਲ ਦੇ ਅਧਾਰ ਉਪਰ ਕਰਨ ਵਾਲੇ ਸੇਵਾਦਾਰ ਮਿਠੇ ਅਤੇ ਨਿਘੇ ਸੁਭਾਅ ਦੇ ਮਾਲਕ

ਸ. ਰਾਜਿੰਦਰ ਸਿੰਘ ਭੱਚੂ, ਛੋਟੇ ਭਾਈ ਸ. ਮਨਦੀਪ ਸਿੰਘ ਭੱਚੂ



ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

# ਲੱਖ-ਲੱਖ ਵਧਾਈ

ਕਮਿਊਨਟੀ ਦੇ ਨਿਸ਼ਕਾਮ ਸੇਵਕ,
ਨੌਜਵਾਨ ਸਿੱਖ ਆਗੂ ਅਤੇ
ਸ਼੍ਰੀ ਗੁਰੂ ਰਵੀਦਾਸ ਸਭਾ ਪਿਟਸਬਰਗ
ਕੈਲੀਫੋਰਨੀਆ ਦੇ
ਸਾਬਕਾ ਜਰਨਲ ਸਕੱਤਰ



# ਸ:ਸੰਤੋਖ ਸਿੰਘ ਝਿੰਗੜਾ

**ਹਿੰਦੂ ਲੈ ਗਏ ਹਿੰਦੁਸਤਾਨ ਮੁਸਲਿਮ ਲੈ ਗਏ ਪਾਕਿਸਤਾਨ ਹੁਣ ਸਾਡੀ ਮੰਜ਼ਿਲ ਖਾਲਿਸਤਾਨ**

ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ ਖਾਲਿਸਤਾਨ ਜ਼ਿੰਦਾਬਾਦ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੈਸਟ

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥**

## ਆਓ ਬੰਦੀ ਛੋੜ ਦਿਵਸ ਉਪਰ ਦਹਾਕਿਆਂ ਤੋਂ ਭਾਰਤ ਦੀਆਂ ਜੇਲ੍ਹਾਂ ਵਿਚ ਬੈਠੇ ਸਿੱਖਾਂ ਦੀ ਰਿਹਾਈ ਲਈ ਅਰਦਾਸ ਕਰੀਏ।




ਦੁਨੀਆ ਭਰ 'ਚ ਵਸਦੇ ਖਾਲਸਾ ਪੰਥ ਜੀ ਆਓ ਆਪਣੀ ਅਜ਼ਾਦ ਹਸਤੀ ਲਈ ਹੰਭਲਾ ਮਾਰੀਏ ਅਤੇ ਸਿੱਖ ਕੌਮ ਦੀ ਮੁਕੰਮਲ ਅਜ਼ਾਦੀ ਲਈ ਆਪਣਾ ਆਪਣਾ ਬਣਦਾ ਹਿੱਸਾ ਪਾਈਏ। ਆਪਣੇ ਸਾਰੇ ਗਿਲੇ-ਸ਼ਿਕਵੇ ਭੁਲਾ ਕੇ ਕੌਮ ਦੀ ਚੜ੍ਹਦੀਕਲਾ ਲਈ ਇਕੱਠੇ ਹੋ ਕੇ ਪੰਥ ਦੀ ਸੇਵਾ ਕਰੀਏ।

**ਵਾਹਿਗੁਰੂ ਖਾਲਸਾ ਪੰਥ ਨੂੰ ਆਪਣਾ ਅਜ਼ਾਦ ਘਰ ਖਾਲਿਸਤਾਨ ਬਖਸ਼ੇ।**

# ਸ. ਰੇਸ਼ਮ ਸਿੰਘ



## ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਅਮਰੀਕਾ ਵੈਸਟ

# (661) 209-0118



# ਦੀਵਾਲੀ ਕੀ ਰਾਤਿ ਦੀਵੇ ਬਾਲੀਅਨਿ




ਇਕਬਾਲ ਸਿੰਘ ਪੁੜੈਣ
ਲੈਕਚਰਾਰ ਕਮਰਸ


ਪ੍ਰਕਾਸ਼ ਖੁਸ਼ੀ ਤੇ ਹੁਲਾਸ ਦਾ ਪ੍ਰਤੀਕ ਹੈ। ਦੀਵਾਲੀ, ਗੁਰਪੁਰਬ, ਜਨਮ ਅਸ਼ਟਮੀ, ਵਿਆਹ ਸ਼ਾਦੀ ਤੇ ਹੋਰ ਧਾਰਮਿਕ ਸਮਾਗਮਾ ਆਦਿ ਖੁਸ਼ੀ ਦੇ ਮੌਕਿਆਂ ਤੇ ਦੀਵੇ ਤੇ ਲਾਈਟਸ ਵਿਸ਼ੇਸ਼ ਥਾਂ ਰੱਖਦੀਆਂ ਹਨ। ਹੁਣ ਦੀਵਿਆਂ, ਮੋਮਬੱਤੀਆਂ, ਲੈਂਪ, ਲਾਲਟੈਣ ਆਦਿ ਦੀ ਥਾਂ ਬਿਜਲਈ ਲਾਟੂਆਂ ਨੇ ਮੱਲ ਲਈ ਹੈ। ਦੇਸੀ ਘਿਓ ਜਾਂ ਤੇਲ ਦੇ ਦੀਵੇ ਪੂਜਾ ਕਰਨ ਤੇ ਜੋਤ ਜਗਾਉਣ ਤੱਕ ਸੀਮਿਤ ਹੋ ਗਏ ਹਨ। ਵਿਆਹ ਜਾਗੋ ਤੇ ਵੀ ਹਣ ਰੰਗ ਬਰੰਗੇ ਬਿਜਲਈ ਲਾਟੂ ਭਾਰੂ ਹੋ ਗਏ ਹਨ। ਡੀਜੇ ਦੇ ਰੰਗ ਵੀ ਬਿਜਲਈ ਲਾਟੂਆਂ ਬਿਨਾ ਫਿੱਕੇ ਲਗਦੇ ਹਨ।

ਦੀਵਾਲੀ ਨੂੰ ਦੀਵਿਆਂ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ। ਭਾਰਤ ਵਿੱਚ ਦੀਵਾਲੀ ਦਾ ਤਿਉਹਾਰ ਸਭ ਧਰਮਾਂ ਵਾਲੇ ਬੜੇ ਹੁਲਾਸ ਨਾਲ ਮਨਾਉਂਦੇ ਹਨ। ਭਾਵੇਂ ਕਿ ਧਾਰਮਿਕ ਪੂਜਾ, ਪਟਾਕੇ ਤੇ ਮਠਿਆਈਆਂ ਆਦਿ ਦਾ ਦੀਵਾਲੀ ਨਾਲ ਗਹਿਰਾ ਸੰਬੰਧ ਹੈ ਪਰ ਦੀਵਿਆਂ ਬਿਨਾਂ ਦੀਵਾਲੀ ਅਧੂਰੀ ਹੈ।

ਦੀਵਾਲੀ ਵਾਲੀ ਰਾਤ ਮੰਦਰ ਤੇ ਗੁਰੂਦੁਆਰੇ ਆਦਿ ਧਾਰਮਿਕ ਅਸਥਾਨ ਦੀਵਿਆਂ ਦੀ ਲੋਅ ਨਾਲ ਜਗਮਗਜਗ ਕਰਦੇ ਹਨ। ਦੀਵਾਲੀ ਨੂੰ ਗੁਰੂਦਵਾਰਿਆਂ ਵਿੱਚ ਇਕ ਸ਼ਬਦ ਸਾਜਾਂ ਦੀਆਂ ਧੁਨੀਆਂ ਤੇ ਵਾਰ ਵਾਰ ਪੜ੍ਹਿਆ ਜਾਂਦਾ ਹੈ ਜਿਸਦੀ ਇਕ ਸਤਰ ਤੇ ਰਾਗੀ ਸਿੰਘ ਵਾਰ ਵਾਰ ਜ਼ੋਰ ਦਿੰਦੇ ਹਨ ਉਹ ਹੈ -----

**ਦੀਵਾਲੀ ਕੀ ਰਾਤਿ ਦੀਵੇ ਬਾਲੀਅਨਿ॥**

ਇਹ ਪੰਗਤੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿੱਚ ਦਰਜ ਹੈ। ਭਾਈ ਗੁਰਦਾਸ ਜੀ ਦੁਆਰਾ ਸੰਗਤਾਂ ਨੂੰ ਸਮਝਾਉਣ ਦਾ ਢੰਗ ਬੜਾ ਨਿਰਾਲਾ ਹੈ। ਭਾਈ ਸਾਹਿਬ ਅਸਲੀ ਥੀਮ ਸਮਝਾਉਣ ਲਈ ਸਮੇਂ ਦੀਆਂ ਪ੍ਰਚੱਲਿਤ ਕਈ ਕਈ ਉਦਾਹਰਣਾਂ ਸੰਝੀਆਂ ਕਰਦੇ ਹਨ ਤਾਂ ਕਿ ਮਨ ਵਿੱਚ ਕੋਈ ਭਰਮ ਭੁਲੇਖਾ ਨ ਰਹਿ ਜਾਵੇ। ਜਦੋਂ ਰਾਗੀ ਸਿੰਘ ਵਾਰ ਵਾਰ ਇਸ ਇਸ ਪੰਗਤੀ ਤੇ ਜੋਰ ਦਿੰਦੇ ਆ ਤਾਂ ਸਾਨੂੰ ਇਉਂ ਲਗਦਾ ਜਿਵੇਂ ਸਾਨੂੰ ਉਪਦੇਸ਼ ਦਿੱਤਾ ਜਾ ਰਿਹਾ ਹੈ ਕਿ ਦੀਵਾਲੀ ਦੀ ਰਾਤ ਦੀਵੇ ਬਾਲੋ ਪਰ ਅਸਲ ਵਿੱਚ ਅਜਿਹਾ ਨਹੀਂ ਹੈ। ਆਓ ਭਾਈ ਗੁਰਦਾਸ ਜੀ ਦੀ ਵਾਰ ਉਨੀਂਵੀ ਦੀ ਪਉੜੀ ਛੇਵੀਂ ਗੁਰਮੁਖ ਦੀ ਜੀਵਨ - ਜੁਗਤਿ ਵੀਚਾਰੀਏ...

**ਦੀਵਾਲੀ ਕੀ ਰਾਤਿ ਦੀਵੇ ਬਾਲੀਅਨਿ।**
**ਤਾਰੇ ਜਾਤਿ ਸਨਾਤਿ ਅੰਬਰ ਭਾਲੀਅਨਿ।**
**ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲਿਅਨਿ।**
**ਤੀਰਥ ਜਾਤੀ ਜਾਤਿ ਨੈਣਿ ਨਿਹਾਲੀਅਨਿ।**
**ਹਰਿ ਚੰਦਉਰੀ ਝਾਤਿ ਵਸਾਇ ਉਚਾਲੀਅਨਿ।**
**ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮਾਲੀਅਨਿ॥**

(ਭਾਈ ਗੁਰਦਾਸ ਜੀ, ਵਾਰ ੧੯, ਪਉੜੀ ੬)

ਭਾਈ ਗੁਰਦਾਸ ਜੀ ਉਪਰੋਕਤ ਪਉੜੀ ਰਾਹੀਂ ਵੱਖ ਵੱਖ ਉਦਾਹਰਣਾਂ ਦੇ ਕੇ ਸਮਝਾਉਂਦੇ ਹਨ ਕਿ ਸੱਚੇ ਸ਼ਬਦ ਨਾਮ ਤੋਂ ਬਿਨਾ ਸੰਸਾਰ ਦੀ ਕੋਈ ਵੀ ਚੀਜ ਸਥਿਰ ਨਹੀਂ ਹੈ। ਅਸੀਂ ਦੀਵਾਲੀ ਦੀ ਰਾਤ ਨੂੰ ਜੋ ਦੀਵੇ ਜਗਾਉਂਦੇ ਹਾਂ ਉਹਨਾਂ ਦੀ ਰੌਸ਼ਨੀ ਥੋੜੇ ਸਮੇਂ ਲਈ ਹੀ ਹੁੰਦੀ ਹੈ, ਜਦੋਂ ਹੀ ਤੇਲ ਖਤਮ ਹੋਇਆ ਰੌਸ਼ਨੀ ਖਤਮ ਹੋ ਜਾਵੇਗੀ। ਦੀਵਾਲੀ ਦੇ ਦੀਵਿਆਂ ਦੀ ਖੁਸ਼ੀ ਥੋੜੇ ਸਮੇਂ ਲਈ ਹੁੰਦੀ ਹੈ। ਰਾਤ ਸਮੇਂ ਜੋ ਤਾਰੇ ਸਾਨੂੰ ਵਿਖਾਈ ਦਿੰਦੇ ਹਨ ਸਵੇਰੇ ਅਲੋਪ ਹੋ ਜਾਂਦੇ ਹਨ ਭਾਵ ਵਿਖਾਈ ਨਹੀਂ ਦਿੰਦੇ। ਫੁੱਲ ਦੇ ਬਾਗ ਬਗੀਚਿਆਂ ਵਿੱਚੋਂ ਮਾਲੀ ਚੁਣ ਚੁਣ ਕੇ ਵੱਡੇ ਸੋਹਣੇ ਫੁੱਲ ਤੋੜਦਾ ਹੈ ਜੋ ਥੋੜੇ ਸਮੇਂ ਬਾਅਦ ਮੁਰਝਾ ਜਾਂਦੇ ਹਨ। ਤੀਰਥ ਸਥਾਨਾਂ ਤੇ ਲਗਦੇ ਜੋੜ ਮੇਲਿਆਂ ਦੇ ਦਿਨਾਂ ਵਿੱਚ ਭਾਰੀ ਰੌਣਕ ਹੁੰਦੀ ਹੈ, ਇਹ ਖੁਸ਼ੀ ਤੇ ਇਕੱਠ ਵੀ ਥੋੜੇ ਸਮੇਂ ਲਈ ਹੈ। ਤੀਰਥ ਯਾਤਰੂ ਘਰ ਮੁੜ ਆਉਂਦੇ ਤੀਰਥਾਂ ਦੀ ਰੌਣਕ ਸੱਖਣੀ ਹੋ ਜਾਂਦੀ ਹੈ। ਉੱਚੇ ਅੰਬਰ ਤੇ ਬੱਦਲਾਂ ਦੇ ਵੱਡੇ ਵੱਡੇ ਮਹਿਲ ਵਿਖਾਈ ਦਿੰਦੇ ਹਨ ਜਿੰਨਾਂ ਦੀ ਕੋਈ ਹੱਦ ਜਾਂ ਹੋਂਦ ਨਹੀਂ ਹੁੰਦੀ। ਇਹਨਾਂ ਸਭ ਉਦਾਹਰਣਾਂ ਤੋਂ ਪਤਾ ਲਗਦਾ ਹੈ ਕਿ ਸੰਸਾਰ ਦੇ ਪਦਾਰਥ ਨਾਸ਼ਵਾਨ ਹਨ ਤੇ ਸੰਸਾਰੀ ਪਦਾਰਥਾਂ ਦੀ ਖੁਸ਼ੀ ਥੋੜੇ ਸਮੇਂ ਲਈ ਹੁੰਦੀ ਹੈ। ਗੁਰਮੁੱਖ ਪੂਰੇ ਗੁਰੂ ਜੀ ਦੀ ਸ਼ਰਨ ਵਿੱਚ ਸਤੋ ਗੁਣ ਧਾਰਨ ਕਰਦਿਆਂ ਨਾਮ ਸਿਮਰਨ ਨਾਲ ਸੱਚੇ ਸ਼ਬਦ ਨਾਲ ਜੁੜਦੇ ਹਨ ਤੇ ਜੀਵਨ ਦਾ ਲਾਹਾ ਪ੍ਰਾਪਤ ਕਰਦੇ ਹਨ। ਗੁਰਮੁੱਖ ਪਿਆਰੇ ਅਮੋਲਕ ਜੀਵਨ ਦਾ ਅਸਲ ਲਾਹਾ ਪ੍ਰਾਪਤ ਕਰਦੇ ਹਨ।

ਜਿਵੇਂ ਦੁਨਿਆਵੀ ਦੀਵਾ ਵੱਟੀ, ਤੇਲ ਜਾਂ ਘਿਓ ਤੇ ਅਗਨ ਬਿਨਾਂ ਨਹੀਂ ਜਗ ਸਕਦਾ, ਬਿਜਲਈ ਲਾਟੂ ਬਿਜਲੀ ਜਾਂ ਬੈਟਰੀ ਬਿਨਾਂ ਨਹੀਂ ਜਗ ਸਕਦੇ ਉਸੇ ਤਰਾਂ ਸਾਡਾ ਸਰੀਰ ਜੋ ਇਕ ਦੀਵਾ ਹੈ ਬਿਨਾਂ ਤੇਲ ਭਾਵ ਸਵਾਸ ਦੇ ਜਗਦਾ ਨਹੀਂ ਰਹਿ ਸਕਦਾ। ਪੂਰੇ ਗੁਰੂ ਜੀ ਦੀ ਬਖਸ਼ਿਸ਼ ਨਾਲ, ਗੁਰੂ ਜੀ ਦੇ ਉਪਦੇਸ਼ਾ ਨੂੰ ਗ੍ਰਹਿਣ ਕਰਕੇ, ਧਰਮ ਦੇ ਸੱਚੇ ਉਪਦੇਸ਼ਾਂ ਨੂੰ ਕਮਾ ਕੇ ਭਾਵ ਗੁਰਬਾਣੀ ਅਨੁਸਾਰ ਜੀਵਨ ਢਾਲ ਕੇ, ਪ੍ਰਭੂ ਸਿਮਰਨ ਕਰਦਿਆਂ ਪਰਮਾਤਮਾ ਦੇ ਭਉ ਦੀ ਵੱਟੀ ਸਰੀਰ ਰੂਪੀ ਦੀਵੇ ਵਿੱਚ ਰੱਖੀਏ। ਪਰਮਾਤਮਾ ਦੇ ਗਿਆਨ ਨੂੰ ਗ੍ਰਹਿਣ ਕਰਦਿਆਂ, ਸੱਚੇ ਗਿਆਨ ਦੀ ਅੱਗ ਨਾਲ ਤੇਲ (ਸਵਾਸਾਂ ਨੂੰ ਸਿਮਰਨ ਨਾਲ ਜੋੜਕੇ) ਨੂੰ ਜਲਾਈਏ। ਅਸਲ ਦੀਵਾ ਪੂਰੇ ਗੁਰੂ ਜੀ ਦੀ ਦਇਆ ਮਿਹਰ ਬਖਸ਼ਿਸ਼ ਨਾਲ ਸਤੋ ਗੁਣੀ ਧਾਰਨ ਕਰਦਿਆਂ ਸਿਮਰਨ ਸੇਵਾ ਬੰਦਗੀ ਨਾਲ ਜਗਦਾ ਹੈ। ਜਦੋਂ ਰੂਹਾਨੀਅਤ ਦੇ ਮਾਰਗ ਤੇ ਸਿਮਰਨ ਬੰਦਗੀ ਰੂਪੀ ਤੇਲ ਨਾਲ ਦੀਵਾ ਜਲੇਗਾ ਤਾਂ ਰੱਬੀ ਨੂਰ ਪ੍ਰਕਾਸ਼ ਦਾ ਚਾਨਣ ਹੋਵੇਗਾ ਜਿਸ ਨਾਲ ਪ੍ਰਭੂ ਮਿਲਾਪ ਦਾ ਸਦੀਵੀ ਸੁੱਖ ਪ੍ਰਾਪਤ ਹੋਵੇਗਾ...

**ਬਿਨੁ ਤੇਲੁ ਦੀਵਾ ਕਿਉ ਜਲੈ॥ ਰਹਾਉ॥**
**ਪੋਥੀ ਪੁਰਾਣ ਕਮਾਈਐ॥**
**ਭਉ ਵਟੀ ਇਤੁ ਤਨਿ ਪਾਈਐ॥**
**ਸਚੁ ਬੂਝਣੁ ਆਣਿ ਜਲਾਈਐ**
**ਇਹੁ ਤੇਲੁ ਦੀਵਾ ਇਉ ਜਲੈ॥**
**ਕਰਿ ਚਾਨਣੁ ਸਾਹਿਬ ਤਉ ਮਿਲੈ॥**

( ਮ ੧ , ਅੰਗ ੨੫)

ਜਦੋਂ ਅਕਾਲ ਪੁਰਖ ਜੀ ਦੀ ਦਇਆ ਮਿਹਰ ਨਾਲ ਸਿਮਰਨ ਕਰਦਿਆਂ ਮਨ ਤਨ ਸੱਚੀ ਬਾਣੀ ਨਾਲ ਜੁੜ ਜਾਂਦਾ ਹੈ
ਤਾਂ ਸੁੱਖ ਆਨੰਦ ਆਉਣਾ ਸੁਰੂ ਹੋ ਜਾਂਦਾ ਹੈ। ਇਹ ਦ੍ਰਿਸ਼ਟਮਾਨ ਸੰਸਾਰ ਨਾਸ਼ਵਾਨ ਹੈ , ਸਿਮਰਨ ਤੇ ਨਿਸ਼ਕਾਮ ਸੇਵਾ ਸਹਾਰੇ ਮਾਲਕ ਖੁਸ਼ ਹੋ ਕੇ ਦਰਗਾਹ ਦਾ ਸੁੱਖ ਬਖਸ ਦਿੰਦੇ ਹਨ। ਖੁਸ਼ੀ ਖੇੜੇ ਆਨੰਦ ਦੀ ਅਵਸਥਾ ਵਿੱਚ ਜੀਵ ਬਾਂਹ ਉਲਾਰਦਾ ਹੈ...

**ਇਤੁ ਤਨਿ ਲਾਗੈ ਬਾਣੀਆ॥**
**ਸੁਖੁ ਹੋਵੈ ਸੇਵ ਕਮਾਣੀਆ॥**
**ਸਭ ਦੁਨੀਆ ਆਵਣ ਜਾਣੀਆ॥**
**ਵਿਚਿ ਦੁਨੀਆ ਸੇਵ ਕਮਾਈਐ॥**
**ਤਾ ਦਰਗਹ ਬੈਸਣੁ ਪਾਈਐ॥**
**ਕਹੁ ਨਾਨਕ ਬਾਹ ਲੁਡਾਈਐ॥**

( ਮ ੧, ਅੰਗ ੨੫-੨੬ )

ਪਰਮਾਤਮਾ ਦਾ ਨਾਮ ਹੀ ਸੱਚਾ ਦੀਵਾ ਹੈ ਜੋ ਸੱਚੀ ਆਤਮਿਕ ਖੁਸ਼ੀ ਪ੍ਰਦਾਨ ਕਰਦਾ ਹੈ। ਸਿਮਰਨ ਬੰਦਗੀ ਰੂਹਾਨੀਅਤ ਦੇ ਮਾਰਗ ਤੇ ਸਰੀਰ ਰੂਪੀ ਦੀਵੇ ਵਿੱਚੋਂ ਦੁੱਖ ਰੂਪੀ ਤੇਲ ਮੱਚ ਜਾਂਦਾ ਹੈ, ਨਾਮ ਦੇ ਲੜ ਲੱਗ ਕੇ ਜਮਾਂ ਦੀ ਮਾਰ ਦਾ ਡਰ ਖਤਮ ਹੋ ਜਾਂਦਾ ਹੈ ਤੇ ਸੱਚਾ ਸੁੱਖ ਪ੍ਰਾਪਤ ਹੁੰਦਾ ਹੈ...

**ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥**
**ਉਨਿ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ॥**

( ਮ ੧ , ਅੰਗ ੩੫੮)

ਸਾਡੇ ਸਰੀਰ ਰੂਪੀ ਦੀਵੇ ਓਦੋਂ ਤੱਕ ਹੀ ਬੱਤੀ ਜਗੇਗੀ ਜਦੋਂ ਤੱਕ ਇਸ ਵਿੱਚ ਤੇਲ ਭਾਵ ਸਵਾਸ ਹਨ। ਜਿਵੇਂ ਹੀ ਤੇਲ ਭਾਵ ਸਵਾਸ ਮੁੱਕ ਗਏ ਇਹ ਸਰੀਰ ਰੂਪੀ ਦੀਵਾ ਬੁਝ ਜਾਵੇਗਾ। ਸਵਾਸ ਰੂਪੀ ਤੇਲ ਬਿਨਾਂ ਸਰੀਰ ਰੂਪੀ ਦੀਵਾ ਸੁੰਨਾਂ ਹੋ ਜਾਵੇਗਾ , ਸਾਰੇ ਇਸ ਤੋਂ ਡਰਨਗੇ ਤੇ ਛੇਤੀ ਤੋਂ ਛੇਤੀ ਫੂਕਣ ਲਈ ਕਾਹਲੇ ਪੈਣਗੇ। ਇਸ ਲਈ ਸਦਾ ਸਾਥ ਨਿਭਾਉਣ ਵਾਲੇ ਪਰਮਾਤਮਾ ਦਾ ਸਿਮਰਨ ਕਰੀਏ ਜੋ ਸਦੀਵੀ ਖੁਸ਼ੀ ਆਨੰਦ ਖੇੜਾ ਪ੍ਰਦਾਨ ਕਰੇਗਾ ....

**ਜਬ ਲਗੁ ਤੇਲੁ ਦੀਵੇ ਮੁਖਿ**
**ਬਾਤੀ ਤਬ ਸੂਝੈ ਸਭੁ ਕੋਈ॥**
**ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ॥**
**ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ॥**
**ਤੂੰ ਰਾਮ ਨਾਮੁ ਜਪਿ ਸੋਈ॥**

(ਭਗਤ ਕਬੀਰ ਜੀ, ਅੰਗ ੪੭੭ --੭੮)

ਸੋ ਜਦੋਂ ਹੀ ਸਵਾਸ ਨਿੱਕਲੇ ਸਾਡੇ ਸਭ ਦੁਨਿਆਵੀ ਰਿਸਤੇ ਸਾਥ ਛੱਡ ਜਾਣਗੇ, ਹਰ ਕੋਈ ਘਰੋਂ ਬਾਹਰ ਕੱਢਣ ਲਈ ਕਾਹਲਾ ਹੋਵੇਗਾ। ਆਪੋ ਆਪਣੇ ਰਿਸ਼ਤਿਆਂ ਮੁਤਾਬਕ ਮਾਂ, ਘਰਵਾਲੀ ਆਦਿ ਵਿਰਲਾਪ ਕਰਨਗੇ ਪਰ ਜਾਣਾ ਇਕੱਲੇ ਜੀਵ ਨੂੰ ਹੀ ਪਵੇਗਾ। ਸਾਨੂੰ ਆਪਣੇ ਕਰਮਾਂ ਦਾ ਹਿਸਾਬ ਆਪ ਹੀ ਦੇਣਾ ਪਵੇਗਾ। ਜੇ ਅਸੀਂ ਸਵਾਸ ਰਹਿੰਦਿਆ ਸਿਮਰਨ ਬੰਦਗੀ ਨਹੀਂ ਕਰਾਂਗੇ, ਮਾਇਆ ਦੇ ਚੁੰਗਲ ਕਾਲ ਜਾਲ ਵਿੱਚ ਫਸੇ ਰਹਾਂਗੇ ਤਾਂ ਜਮਾਂ ਦੀ ਮਾਰ ਦਾ ਭਾਰੀ ਦੁੱਖ ਸਹਾਰਨਾ ਪਵੇਗਾ...

**ਕਾ ਕੀ ਮਾਤ ਪਿਤਾ ਕਹੁ ਕਾ ਕੋ ਕਵਨ ਪੁਰਖ ਕੀ ਜੋਈ॥**
**ਘਟ ਫੂਟੇ ਕੋਊ ਬਾਤ ਨ ਪੂਛੈ ਕਾਢਹੁ ਕਾਢਹੁ ਹੋਈ॥**
**ਦੇਹੁਰੀ ਬੈਠੀ ਮਾਤਾ ਰੋਵੈ ਖਟੀਆ ਲੇ ਗਏ ਭਾਈ॥**
**ਲਟ ਛਿਟਕਾਏ ਤਿਰੀਆ ਰੋਵੈ ਹੰਸੁ ਇਕੇਲਾ ਜਾਈ॥**
**ਕਹਤ ਕਬੀਰ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ॥**
**ਇਸੁ ਬੰਦੇ ਸਿਰਿ ਜੁਲਮੁ ਹੋਤ ਹੈ ਜਮੁ ਨਹੀ ਹਟੈ ਗੁਸਾਈ।**

( ਭਗਤ ਕਬੀਰ ਜੀ , ਅੰਗ ੪੭੮ )

ਆਓ ਸੱਚੇ ਗੁਰੂ ਜੀ ਦੀ ਸ਼ਰਨ ਵਿੱਚ ਗੁਰੂ ਜੀ ਦੇ ਉਪਦੇਸ਼ਾਂ ਤੇ ਪਹਿਰਾ ਦਈਏ ਤੇ ਗੁਰਬਾਣੀ ਅਨੁਸਾਰ ਜੀਵਨ ਢਾਲਣ ਦੀ ਕੋਸ਼ਿਸ਼ ਕਰੀਏ। ਵਾਹਿਗੁਰੂ ਜੀ ਸੁਮੱਤ ਬਖਸ਼ਣ , ਸਾਡੇ ਔਗੁਣ ਨਾ ਚਿਤਾਰਦੇ ਹੋਏ ਨਾਮ ਬਾਣੀ ਨਾਲ ਜੋੜਨ ਦੀ ਕਿਰਪਾ ਕਰਨ।



# ਛੱਤੀਸਗੜ੍ਹ 'ਚ ਕਿਸਾਨਾਂ ਨਾਲ ਖੇਤਾਂ 'ਚ ਨਜ਼ਰ ਆਏ ਰਾਹੁਲ ਗਾਂਧੀ







ਰਾਏਪੁਰ: ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਛੱਤੀਸਗੜ੍ਹ ਵਿੱਚ ਕਿਸਾਨੀ ਕਰਜ਼ਿਆਂ ਨੂੰ ਮੁਆਫ ਕਰਨ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਜਾਤੀ ਜਨਗਣਨਾ 'ਤੇ ਪਾਰਟੀ ਦੇ ਸਟੈਂਡ ਦਾ ਜ਼ੋਰਦਾਰ ਬਚਾਅ ਕਰਦਿਆਂ ਕਿਹਾ ਕਿ ਇਸ ਦੇ ਨਤੀਜੇ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਤਰੱਕੀ ਅਤੇ ਵਿਕਾਸ ਦੇ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਕਰਨਗੇ। ਛੱਤੀਸਗੜ੍ਹ ਵਿੱਚ ਚੋਣ ਪ੍ਰਚਾਰ ਦੌਰਾਨ ਕਾਂਗਰਸੀ ਆਗੂ ਵੀ ਖੇਤਾਂ ਵਿੱਚ ਨਜ਼ਰ ਆਏ। ਛੱਤੀਸਗੜ੍ਹ ਦੇ ਰਾਜਨੰਦਗਾਓਂ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕਰਨਾਟਕ ਅਤੇ ਰਾਜਸਥਾਨ ਵਿੱਚ ਕਾਂਗਰਸ ਸਰਕਾਰਾਂ ਨੇ ਜਾਤੀ ਸਰਵੇਖਣ ਦੀ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਰਾਹੁਲ ਭਾਜਪਾ 'ਤੇ ਹਮਲਾਵਰ ਰਹੇ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਨੇ ਤੁਹਾਡੇ ਨਾਲ 15 ਲੱਖ ਰੁਪਏ ਦੇਣ ਅਤੇ ਕਾਲਾ ਧਨ ਵਾਪਸ ਲਿਆਉਣ ਦਾ ਵਾਅਦਾ ਕੀਤਾ ਸੀ ਪਰ ਉਨ੍ਹਾਂ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਮੈਂ ਤੁਹਾਡੇ ਨਾਲ ਵਾਅਦਾ ਕੀਤਾ ਸੀ ਕਿ ਛੱਤੀਸਗੜ੍ਹ ਦੇ ਕਿਸਾਨਾਂ ਦਾ ਕਰਜ਼ਾ ਮੁਆਫ਼ ਕੀਤਾ ਜਾਵੇਗਾ ਅਤੇ ਕਿਸਾਨਾਂ ਨੂੰ ਝੋਨੇ ਲਈ 2500 ਰੁਪਏ ਦਿੱਤੇ ਜਾਣਗੇ। ਰੁਪਏ ਪ੍ਰਤੀ ਕੁਇੰਟਲ ਦਿੱਤਾ ਜਾਵੇਗਾ। ਮੈਂ ਆਪਣੇ ਸਾਰੇ ਵਾਅਦੇ ਪੂਰੇ ਕੀਤੇ ਹਨ, ਇਹ ਸਾਰਾ ਛੱਤੀਸਗੜ੍ਹ ਜਾਣਦਾ ਹੈ।

ਰਾਹੁਲ ਨੇ ਕਿਹ ਕਿ ਜੇ ਤੁਸੀਂ ਕਮਲ ਦਾ ਬਟਨ ਦਬਾਓਗੇ, ਤਾਂ ਤੁਹਾਡੀਆਂ ਖਾਣਾਂ ਅਤੇ ਜ਼ਮੀਨਾਂ ਖੋਹ ਲਈਆਂ ਜਾਣਗੀਆਂ ਪਰ ਜੇਕਰ ਤੁਸੀਂ ਹੱਥ ਦਾ ਬਟਨ ਦਬਾਓਗੇ - ਕਾਂਗਰਸ ਦਾ ਚੋਣ ਨਿਸ਼ਾਨ - ਕਿਸਾਨਾਂ, ਮਜ਼ਦੂਰਾਂ ਅਤੇ ਛੋਟੇ ਵਪਾਰੀਆਂ ਦਾ ਕੰਮ ਸ਼ੁਰੂ ਹੋ ਜਾਵੇਗਾ। ਭਾਜਪਾ ਲੋਕਾਂ ਨੂੰ ਲੜਾਉਣ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਆਪਸ ਵਿੱਚ ਲੜੋ ਪਰ ਕਾਂਗਰਸ ਨਫਰਤ ਦੇ ਬਜ਼ਾਰ ਵਿੱਚ ਪਿਆਰ ਦੀ ਦੁਕਾਨ ਖੋਲ੍ਹਦੀ ਹੈ।

ਰਾਹੁਲ ਗਾਂਧੀ ਨੇ ਛੱਤੀਸਗੜ੍ਹ ਦੇ ਲੋਕਾਂ ਨਾਲ ਵਾਅਦਾ ਕੀਤਾ ਕਿ ਜੇਕਰ ਸੂਬੇ ਵਿੱਚ ਮੁੜ ਕਾਂਗਰਸ ਦੀ ਸਰਕਾਰ ਬਣੀ ਤਾਂ ਸਿਹਤ ਸਹਾਇਤਾ ਯੋਜਨਾ ਤਹਿਤ ਗਰੀਬ ਵਰਗ ਦੇ ਲੋਕਾਂ ਨੂੰ 10 ਲੱਖ ਰੁਪਏ ਤੱਕ ਮੁਫ਼ਤ ਇਲਾਜ ਦੀ ਸਹੂਲਤ ਦਿੱਤੀ ਜਾਵੇਗੀ। ਰਾਜਨੰਦਗਾਓਂ ਜ਼ਿਲ੍ਹਾ ਹੈੱਡਕੁਆਰਟਰ 'ਤੇ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਕਿਹਾ ਕਿ ਜੇਕਰ ਸਰਕਾਰ ਬਣਦੀ ਹੈ ਤਾਂ ਖੇਤ ਮਜ਼ਦੂਰਾਂ ਨੂੰ 7,000 ਰੁਪਏ ਦੀ ਬਜਾਏ 10,000 ਰੁਪਏ ਪ੍ਰਤੀ ਸਾਲ ਦਿੱਤੇ ਜਾਣਗੇ।

ਕਾਂਗਰਸੀ ਆਗੂ ਨੇ ਕਿਹਾ ਕਿ ਤੁਹਾਨੂੰ ਬੋਲਣ ਦੀ ਲੋੜ ਨਹੀਂ, ਅਸੀਂ ਤੁਹਾਡੇ ਦਿਲ ਦੀ ਆਵਾਜ਼ ਸੁਣਦੇ ਹਾਂ। ਅੱਜ ਸਵੇਰੇ ਬਘੇਲ ਜੀ ਅਤੇ ਮੈਂ ਕੁਝ ਕੰਮ ਕੀਤਾ ਅਤੇ ਕਿਸਾਨਾਂ-ਮਜ਼ਦੂਰਾਂ ਨਾਲ ਗੱਲਬਾਤ ਕੀਤੀ। ਕਿਸਾਨਾਂ ਨੇ ਸਾਡੇ ਨਾਲ ਗੱਲ ਕੀਤੀ। ਉਨ੍ਹਾਂ ਕਿਹਾ ਕਿ ਕੀ ਕਾਂਗਰਸ ਸਰਕਾਰ ਨੇ 5 ਸਾਲਾਂ ਵਿੱਚ ਉਨ੍ਹਾਂ ਲਈ ਜਿੰਨਾ ਕੰਮ ਕੀਤਾ ਹੈ, ਉਹ ਕਿਸੇ ਹੋਰ ਸਰਕਾਰ ਨੇ ਨਹੀਂ ਕੀਤਾ।

ਕਾਂਗਰਸ ਪਾਰਟੀ ਦੇ ਕੰਮ ਕਰਨ ਦਾ ਤਰੀਕਾ ਦੇਖੋ, ਅਸੀਂ ਕਿਸਾਨਾਂ ਅਤੇ ਮਜ਼ਦੂਰਾਂ ਨਾਲ ਗੱਲ ਕੀਤੀ, ਮਜ਼ਦੂਰਾਂ ਨੇ ਸਾਨੂੰ ਦੱਸਿਆ ਕਿ 7,000 ਰੁਪਏ (ਰਾਜੀਵ ਗਾਂਧੀ ਬੇਜ਼ਮੀਨੇ ਖੇਤ ਮਜ਼ਦੂਰ ਨਿਆਂ ਯੋਜਨਾ ਤਹਿਤ ਦਿੱਤੀ ਗਈ ਰਕਮ) ਘੱਟ ਹੈ। ਅਸੀਂ ਕਾਰ ਵਿੱਚ ਗੱਲ ਕੀਤੀ ਅਤੇ ਫੈਸਲਾ ਕੀਤਾ ਕਿ ਹੁਣ ਇਹ 10,000 ਰੁਪਏ ਹੋਵੇਗਾ।

# ਜੀਐੱਸਟੀ ਤੇ ਨੋਟਬੰਦੀ ਨੇ ਛੋਟੇ ਵਪਾਰੀਆਂ ਸਣੇ ਕਈਆਂ ਨੂੰ ਲਾਈ ਢਾਹ: ਪ੍ਰਿਯੰਕਾ



ਧਾਰ/ਇੰਦੌਰ : ਕਾਂਗਰਸ ਨੇਤਾ ਪ੍ਰਿਯੰਕਾ ਗਾਂਧੀ ਨੇ ਇੱਥੇ ਦੋਸ਼ ਲਾਇਆ ਕਿ ਜੀਐੱਸਟੀ ਅਤੇ ਨੋਟਬੰਦੀ ਨੇ ਛੋਟੇ ਵਪਾਰੀਆਂ ਅਤੇ ਹੋਰ ਲੋਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਤਿ ਕੀਤਾ ਹੈ। ਉਨ੍ਹਾਂ ਲੋਕਾਂ ਨੂੰ ਜਾਗਰੂਕ ਹੋਣ ਦਾ ਸੱਦਾ ਦਿੰਦਿਆਂ ਪਾਰਟੀ ਦੇ ਹੱਕ ਵਿੱਚ ਭੁਗਤਨ ਦੀ ਅਪੀਲ ਕੀਤੀ। ਮੱਧ ਪ੍ਰਦੇਸ਼ ਦੇ ਆਦਿਵਾਸੀ ਆਬਾਦੀ ਵਾਲੇ ਧਾਰ ਜ਼ਿਲ੍ਹੇ ਦੇ ਕੁਕਸ਼ੀ ਸ਼ਹਿਰ ਵਿੱਚ ਇੱਕ ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਿਯੰਕਾ ਨੇ ਵਪਾਰੀਆਂ ਨੂੰ ਲਾਭ ਪਹੁੰਚਾਉਣ ਲਈ ਸਰਕਾਰੀ ਇਕਾਈਆਂ ਦੇ ਨਿੱਜੀਕਰਨ ਸਣੇ ਸਰਕਾਰ ਦੀਆਂ ਆਰਥਿਕ ਨੀਤੀਆਂ ਲਈ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਦੀ ਆਲੋਚਨਾ ਕੀਤੀ।

ਉਨ੍ਹਾਂ ਕਿਹਾ, "ਕੇਂਦਰ ਸਰਕਾਰ ਨੇ ਸਮਾਜਿਕ ਖੇਤਰ ਦੇ ਉਦਯੋਗਾਂ ਨੂੰ ਬੰਦ ਕਰ ਦਿੱਤਾ, ਜਿਸ ਦੇ ਸਿੱਟੇ ਵਜੋਂ ਭਿਆਨਕ ਬੇਰੁਜ਼ਗਾਰੀ ਪੈਦਾ ਹੋਈ ਹੈ। ਇਸ ਮਗਰੋਂ ਉਨ੍ਹਾਂ ਨੋਟਬੰਦੀ ਲਾਗੂ ਕੀਤੀ ਅਤੇ ਫਿਰ ਜੀਐੱਸਟੀ ਥੋਪ ਦਿੱਤਾ। ਜੀਐੱਟੀ ਨੇ ਛੋਟੇ ਵਪਾਰੀਆਂ ਸਣੇ ਸਾਰਿਆਂ ਨੂੰ ਪ੍ਰੇਸ਼ਾਨ ਕੀਤਾ ਹੈ, ਜਿਸ ਦੇ ਕਾਰਨ ਮਹਿੰਗਾਈ ਵਧੀ ਹੈ।" ਪ੍ਰਿਯੰਕਾ ਨੇ ਦਾਅਵਾ ਕੀਤਾ, "ਜੀਐੱਸਟੀ ਹਰ ਚੀਜ਼ 'ਤੇ ਲਾਗੂ ਹੈ, ਜਿਸ ਕਾਰਨ ਛੋਟੇ ਵਪਾਰੀਆਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ ਹੈ। ਇਸ ਕਾਰਨ ਮਹਿੰਗਾਈ ਅਤੇ ਬੇਰੁਜ਼ਗਾਰੀ ਵਧੀ ਹੈ। ਲੋਕਾਂ ਨੂੰ ਹਰ ਚੀਜ਼ 'ਤੇ ਜੀਐੱਸਟੀ ਦੇਣਾ ਪੈ ਰਿਹਾ ਹੈ, ਇੱਥੋਂ ਤੱਕ ਕਿ ਤਿਉਹਾਰਾਂ ਦੌਰਾਨ ਛੋਟੀਆਂ-ਛੋਟੀਆਂ ਚੀਜ਼ਾਂ 'ਤੇ ਵੀ।" ਕੇਂਦਰ 'ਤੇ ਹਮਲਾ ਕਰਦਿਆਂ ਪ੍ਰਿਯੰਕਾ ਨੇ ਦੋਸ਼ ਲਾਇਆ ਕਿ ਜਨਤਕ ਖੇਤਰ ਦੀਆਂ ਕੰਪਨੀਆਂ ਨੂੰ ਮੁਫ਼ਤ ਵਿੱਚ ਉਦਯੋਗਪਤੀਆਂ ਹਵਾਲੇ ਕੀਤਾ ਜਾ ਰਿਹਾ ਹੈ, ਭਾਵੇਂ ਉਹ ਬੀਐੱਚਈਐੱਲ (ਭਾਰਤ ਹੈਵੀ ਇਲੈੱਕਟ ?ਰੀਕਲ ਲਿਮਟਿਡ), ਰੇਲਵੇ, ਹਵਾਈ ਅੱਡੇ ਅਤੇ ਬੰਦਰਗਾਹ ਹੀ ਕਿਉਂ ਹੋਣ, ਇਸ ਕਾਰਵਾਈ ਨਾਲ ਦੇਸ਼ ਵਿੱਚ ਬੇਰੁਜ਼ਗਾਰੀ ਪੈਦਾ ਹੋ ਰਹੀ ਹੈ।

ਪਿਆਜ਼ ਦੀਆਂ ਵਧਦੀਆਂ ਕੀਮਤਾਂ ਦੀ ਗੱਲ ਕਰਦਿਆਂ ਕਾਂਗਰਸ ਨੇਤਾ ਨੇ ਕਿਹਾ ਕਿ ਇੱਕ ਸਮੇਂ ਪ੍ਰਧਾਨ ਮੰਤਰੀ ਮੋਦੀ ਮਜ਼ਾਕ ਉਡਾਉਂਦੇ ਸੀ ਕਿ ਸਚਿਨ ਪਹਿਲਾਂ ਸੈਂਕੜਾ ਬਣਾਵੇਗਾ ਜਾਂ ਪਿਆਜ਼। ਉਨ੍ਹਾਂ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਸੇਧਦਿਆਂ ਕਿਹਾ, "ਹੁਣ ਵਿਰਾਟ ਕੋਹਲੀ ਅਤੇ ਪਿਆਜ਼ ਦੋਵਾਂ ਨੇ ਸੈਂਕੜਾ ਬਣਾਇਆ ਹੈ। ਹੁਣ ਤੁਸੀਂ ਕੀ ਕਹੋਗੇ।" ਪ੍ਰਿਯੰਕਾ ਨੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਯਾਤਰਾ ਲਈ ਕੁੱਲ ਮਿਲਾ ਕੇ 16,000 ਕਰੋੜ ਰੁਪਏ ਦੇ ਦੋ ਜਹਾਜ਼ ਵਰਤਦੇ ਹਨ ਅਤੇ ਮਹਿੰਗੇ ਕੱਪੜੇ ਪਾਉਂਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਜਿੱਥੇ ਕਿਸਾਨ ਪ੍ਰਤੀ ਦਿਨ ਸਿਰਫ਼ 27 ਰੁਪਏ ਕਮਾ ਰਹੇ ਹਨ, ਉੱਥੇ ਉਦਯੋਗਪਤੀ ਗੌਤਮ ਅਡਾਨੀ 'ਸਰਕਾਰ ਦੀ ਮਦਦ ਨਾਲ' ਪ੍ਰਤੀ ਦਿਨ 1600 ਕਰੋੜ ਰੁਪਏ ਕਮਾ ਰਹੇ ਹਨ। ਕਾਂਗਰਸ ਨੇਤਾ ਨੇ ਸਵਾਲ ਕੀਤਾ ਕਿ ਸਰਕਾਰ ਨੇ ਆਗਾਮੀ ਵਿਧਾਨ ਸਭਾ ਚੋਣਾਂ ਕਾਰਨ ਐੱਲਪੀਜੀ ਸਿਲੰਡਰ ਦੀਆਂ ਕੀਮਤਾਂ ਘੱਟ ਕੀਤੀਆਂ ਹਨ ਪਰ ਪਿਛਲੇ ਕਈ ਸਾਲਾਂ ਤੋਂ ਸੱਤਾ ਵਿੱਚ ਰਹਿਣ ਦੇ ਬਾਵਜੂਦ ਉਨ੍ਹਾਂ ਅਜਿਹਾ ਨਹੀਂ ਕੀਤਾ। ਪ੍ਰਿਯੰਕਾ ਨੇ ਇੰਦੌਰ ਵਿਧਾਨ ਸਭਾ ਹਲਕੇ ਵਿੱਚ ਵੀ ਰੈਲੀ ਨੂੰ ਸੰਬੋਧਨ ਕੀਤਾ।

# ਮੁੱਖ ਮੰਤਰੀ ਤੇ ਰਾਜਪਾਲ ਸੰਵਿਧਾਨ ਦੇ ਦਾਇਰੇ 'ਚ ਰਹਿਣ: ਚੰਨੀ



ਕੁਰਾਲੀ : ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੰਜਾਬ ਦੇ ਰਾਜਪਾਲ ਦੋਵਾਂ ਨੂੰ ਹੀ ਸੰਵਿਧਾਨ ਦੇ ਦਾਇਰੇ ਵਿੱਚ ਰਹਿ ਕੇ ਪੰਜਾਬ ਦੇ ਭਲੇ ਲਈ ਕੰਮ ਕਰਨਾ ਚਾਹੀਦਾ ਹੈ। ਅੱਜ ਇੱਥੇ ਸ਼ਹੀਦ ਭਗਤ ਸਿੰਘ ਖਾਲਸਾ ਗਰਲਜ਼ ਕਾਲਜ ਪਡਿਆਲਾ ਵਿਖੇ ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਪੁੱਜੇ ਸ੍ਰੀ ਚੰਨੀ ਨੇ ਕਿਹਾ ਕਿ ਮੁੱਖ ਮੰਤਰੀ ਅਤੇ ਰਾਜਪਾਲ ਵਿਚਕਾਰ ਚੱਲੀ ਆ ਰਹੀ ਖਿੱਚੋਤਾਣ ਪੰਜਾਬ ਦੇ ਹੱਕ ਵਿੱਚ ਨਹੀਂ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਭਲੇ ਅਤੇ ਸੰਵਿਧਾਨ ਦੀ ਪਾਲਣਾ ਹਿੱਤ ਦੋਵਾਂ ਦਾ ਹੀ ਸੰਵਿਧਾਨ ਦੇ ਦਾਇਰੇ ਵਿੱਚ ਰਹਿਣਾ ਜ਼ਰੂਰੀ ਹੈ। ਬਿੱਲਾਂ ਨੂੰ ਮਨਜ਼ੂਰੀ ਨਾ ਦਿੱਤੇ ਜਾਣ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਏ ਜਾਣ 'ਤੇ ਟਿੱਪਣੀ ਕਰਦਿਆਂ ਸ੍ਰੀ ਚੰਨੀ ਨੇ ਕਿਹਾ ਕਿ ਅਜਿਹੇ ਮਸਲਿਆਂ ਦਾ ਵਾਰ-ਵਾਰ ਅਦਾਲਤ ਤੱਕ ਪਹੁੰਚਣਾ ਕਿਸੇ ਵੀ ਸੂਰਤ ਵਿੱਚ ਪੰਜਾਬ ਤੇ ਦੇਸ਼ ਦੇ ਲੋਕਤੰਤਰਿਕ ਢਾਂਚੇ ਦੇ ਹਿਤ ਵਿੱਚ ਨਹੀਂ। ਸ੍ਰੀ ਚੰਨੀ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਫਰੰਟ 'ਤੇ ਫੇਲ੍ਹ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਅਸਲ ਵਿੱਚ ਆਮ ਆਦਮੀ ਪਾਰਟੀ ਕੋਲ ਪੰਜਾਬ ਦੇ ਮੁੱਦਿਆਂ ਦੇ ਹੱਲ ਲਈ ਨਾ ਕੋਈ ਸੁਝਾਅ ਹੈ ਤੇ ਨਾ ਹੀ ਸਮਝ ਹੈ। ਪਰਾਲੀ ਨੂੰ ਅੱਗ ਲਗਾਉਣ ਨੂੰ ਲੈ ਕੇ ਕਿਸਾਨਾਂ ਖ਼ਿਲਾਫ਼ ਕੀਤੀ ਜਾ ਰਹੀ ਸਖ਼ਤੀ ਦੀ ਨਿਖੇਧੀ ਕਰਦਿਆਂ ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਦੇ ਮੁੱਦੇ 'ਤੇ ਮੁੱਖ ਮੰਤਰੀ ਉੱਤੇ ਹੀ ਪਰਚਾ ਹੋਣਾ ਚਾਹੀਦਾ ਹੈ ਕਿਉਂਕਿ ਪਰਾਲੀ ਦੇ ਨਿਪਟਾਰੇ ਲਈ ਕਿਸਾਨਾਂ ਨੂੰ ਅੱਗ ਲਗਾ ਕੇ ਸਾੜਨ ਦੀ ਥਾਂ ਪਰਾਲੀ ਪ੍ਰਬੰਧਨ ਲਈ ਪ੍ਰਤੀ ਏਕੜ ਖਰਚਾ ਦੇਣ ਦਾ ਐਲਾਨ ਕਰਨ ਦੇ ਬਾਜਵੂਦ 'ਆਪ' ਸਰਕਾਰ ਖਰਚਾ ਦੇਣ ਵਿੱਚ ਅਸਫ਼ਲ ਰਹੀ ਹੈ। ਸ੍ਰੀ ਚੰਨੀ ਨੇ ਲੜਕੀਆਂ ਦੀ ਸਿੱਖਿਆ ਦੀ ਲੋੜ 'ਤੇ ਜ਼ੋਰ ਦਿੰਦਿਆਂ ਔਰਤਾਂ ਨੂੰ ਹਰ ਖੇਤਰ ਵਿੱਚ 50 ਫ਼ੀਸਦੀ ਕੋਟਾ ਦੇਣ ਦੀ ਲੋੜ 'ਤੇ ਜ਼ੋਰ ਦਿੱਤਾ। ਸ੍ਰੀ ਚੰਨੀ ਨੇ ਕਿਹਾ ਕਿ ਕੁੜੀਆਂ ਨੂੰ ਵਧੇਰੇ ਮੌਕੇ ਦੇਣੇ ਸਮਾਜ ਅਤੇ ਸਰਕਾਰਾਂ ਦਾ ਫਰਜ਼ ਹੈ।

# ਕ੍ਰਿਕਟ ਵਿਸ਼ਵ ਕੱਪ: ਭਾਰਤ 'ਅੱਠਵੇਂ' ਅਸਮਾਨ ਉੱਤੇ

## ਦੱਖਣੀ ਅਫਰੀਕਾ ਨੂੰ 243 ਦੌੜਾਂ ਨਾਲ ਹਰਾਇਆ; ਕੋਹਲੀ ਨੇ ਜਨਮ ਦਿਨ 'ਤੇ ਸੈਂਕੜਾ ਜੜ ਕੇ ਸਚਿਨ ਤੇਂਦੁਲਕਰ ਦੇ 49 ਸੈਂਕੜਿਆਂ ਦੀ ਬਰਾਬਰੀ ਕੀਤੀ

















ਵਿਸ਼ਵ ਕੱਪ 2023: ਈਡਨ ਗਾਰਡਨ 'ਤੇ ਭਾਰਤ ਦੀ ਜਿੱਤ ਤੋਂ ਬਾਅਦ 312 ਨੇ ਵਿਰਾਟ ਕੋਹਲੀ ਨੂੰ 35ਵੇਂ ਜਨਮ ਦਿਨ 'ਤੇ ਸੋਨੇ ਦਾ ਬੱਲਾ ਤੋਹਫਾ ਦਿੱਤਾ।

ਕੋਲਕਾਤਾ : ਆਪਣੇ ਜਨਮ ਦਿਨ 'ਤੇ ਸਚਿਨ ਤੇਂਦੁਲਕਰ ਦੇ 49 ਇੱਕ ਰੋਜ਼ਾ ਸੈਂਕੜਿਆਂ ਦੀ ਬਰਾਬਰੀ ਕਰਨ ਵਾਲੇ ਵਿਰਾਟ ਕੋਹਲੀ, ਪੰਜ ਵਿਕਟਾਂ ਲੈਣ ਵਾਲੇ ਰਵਿੰਦਰ ਜਡੇਜਾ ਅਤੇ ਬਾਕੀ ਗੇਂਦਬਾਜ਼ਾਂ ਦੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਭਾਰਤ ਨੇ ਇੱਥੇ 'ਫਾਈਨਲ ਦੀ ਡਰੈੱਸ ਰਿਹਰਸਲ' ਮੰਨੇ ਜਾ ਰਹੇ ਮੈਚ ਵਿੱਚ ਦੱਖਣੀ ਦੱਖਣੀ ਅਫਰੀਕਾ ਨੂੰ 243 ਦੌੜਾਂ ਨਾਲ ਹਰਾ ਕੇ ਵਿਸ਼ਵ ਕੱਪ ਵਿੱਚ ਲਗਾਤਾਰ ਅੱਠਵੀਂ ਜਿੱਤ ਦਰਜ ਕੀਤੀ। ਪੁਆਇੰਟਸ ਟੇਬਲ ਵਿੱਚ ਸਿਖਰਲੀਆਂ ਦੋ ਟੀਮਾਂ ਵਿਚਾਲੇ ਹੋਏ ਮੈਚ 'ਚ ਪਹਿਲਾਂ ਬੱਲੇਬਾਜ਼ੀ ਕਰਦਿਆਂ ਕੋਹਲੀ (ਨਾਬਾਦ 101 ਦੌੜਾਂ) ਅਤੇ ਸ਼੍ਰੇਅਸ ਅਈਅਰ (77) ਵਿਚਾਲੇ 134 ਦੌੜਾਂ ਦੀ ਭਾਈਵਾਲੀ ਦੀ ਬਦੌਲਤ ਭਾਰਤ ਨੇ ਪੰਜ ਵਿਕਟਾਂ 'ਤੇ 326 ਦੌੜਾਂ ਬਣਾਈਆਂ। ਟੀਚੇ ਦਾ ਪਿੱਛਾ ਕਰਦਿਆਂ ਦੱਖਣੀ ਅਫਰੀਕਾ ਦੀ ਟੀਮ 27.1 ਓਵਰਾਂ 'ਚ 83 ਦੌੜਾਂ 'ਤੇ ਹੀ ਸਿਮਟ ਗਈ। ਇਸ ਜਿੱਤ ਤੋਂ ਬਾਅਦ ਭਾਰਤ ਅੱਠ ਮੈਚਾਂ ਵਿੱਚ 16 ਅੰਕਾਂ ਨਾਲ ਸਿਖਰ 'ਤੇ ਹੈ। ਉਸ ਦਾ ਆਪਣਾ ਆਖਰੀ ਲੀਗ ਮੈਚ 12 ਨਵੰਬਰ ਨੂੰ ਬੰਗਲੂਰੂ ਵਿੱਚ ਨੈਦਰਲੈਂਡਜ਼ ਨਾਲ ਹੋਵੇਗਾ। ਦੱਖਣੀ ਅਫਰੀਕਾ ਅੱਠ ਮੈਚਾਂ ਵਿੱਚ 12 ਅੰਕਾਂ ਨਾਲ ਦੂਜੇ ਸਥਾਨ 'ਤੇ ਹੈ। ਟੂਰਨਾਮੈਂਟ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਕੁਇੰਟਨ ਡੀਕੌਕ (ਪੰਜ) ਨੂੰ ਮੁਹੰਮਦ ਸਿਰਾਜ ਨੇ ਦੂਜੇ ਹੀ ਓਵਰ ਵਿੱਚ ਬੋਲਡ ਕਰ ਦਿੱਤਾ। ਮਗਰੋਂ ਦੱਖਣੀ ਅਫ਼ਰੀਕਾ ਦੀ ਟੀਮ ਇਸ ਝਟਕੇ ਤੋਂ ਉਭਰ ਨਹੀਂ ਸਕੀ। ਸੱਤਵੇਂ ਨੰਬਰ 'ਤੇ ਬੱਲੇਬਾਜ਼ੀ ਕਰਨ ਆਇਆ ਮਾਰਕੋ ਜੇਨਸਨ 14 ਦੌੜਾਂ ਨਾਲ ਟੌਪ ਸਕੋਰਰ ਰਿਹਾ।

ਭਾਰਤ ਵੱਲੋਂ ਜਡੇਜਾ ਨੇ ਪੰਜ, ਮੁਹੰਮਦ ਸ਼ਮੀ ਅਤੇ ਕੁਲਦੀਪ ਯਾਦਵ ਨੇ ਦੋ-ਦੋ ਤੇ ਮੁਹੰਮਦ ਸਿਰਾਜ ਨੇ ਇੱਕ ਵਿਕਟ ਲਈ। ਇਸ ਤੋਂ ਪਹਿਲਾਂ ਸ੍ਰੀਲੰਕਾ ਖ਼ਿਲਾਫ਼ ਪਿਛਲੇ ਮੈਚ ਵਿੱਚ ਸੈਂਕੜੇ ਤੋਂ ਖੁੰਝਣ ਵਾਲੇ ਕੋਹਲੀ ਨੇ ਆਖਰਕਾਰ ਆਪਣੇ 289ਵੇਂ ਮੈਚ ਦੀਆਂ 277ਵੀਂ ਪਾਰੀ 'ਚ 49ਵਾਂ ਸੈਂਕੜਾ ਜੜ ਦਿੱਤਾ। ਤੇਂਦੁਲਕਰ ਨੇ 463 ਮੈਚਾਂ ਦੀਆਂ 452 ਪਾਰੀਆਂ ਵਿੱਚ 49 ਸੈਂਕੜੇ ਮਾਰੇ ਸਨ। ਸਚਿਨ ਦੇ ਨਾਮ 100 ਕੌਮਾਂਤਰੀ ਸੈਂਕੜੇ ਹਨ ਜਦਕਿ ਕੋਹਲੀ ਦਾ ਇਹ 79ਵਾਂ ਕੌਮਾਂਤਰੀ ਸੈਂਕੜਾ ਹੈ। ਕੋਹਲੀ ਨੇ ਟੈਸਟ ਵਿੱਚ 29 ਅਤੇ ਟੀ-20 ਵਿੱਚ ਵੀ ਇੱਕ ਸੈਂਕੜਾ ਲਗਾਇਆ ਹੈ। ਇਸ ਤੋਂ ਇਲਾਵਾ ਭਾਰਤ ਲਈ ਅਈਅਰ ਨੇ 77, ਕਪਤਾਨ ਰੋਹਿਤ ਸ਼ਰਮਾ ਨੇ 40, ਰਵਿੰਦਰ ਜਡੇਜਾ ਨੇ ਨਾਬਾਦ 29, ਸ਼ੁਭਮਨ ਗਿੱਲ ਨੇ 23 ਅਤੇ ਸੂਰਿਆਕੁਮਾਰ ਯਾਦਵ ਨੇ 22 ਦੌੜਾਂ ਦਾ ਯੋਗਦਾਨ ਪਾਇਆ।

# ਕ੍ਰਿਕਟ ਵਿਸ਼ਵ ਕੱਪ: ਮੈਕਸਵੈੱਲ ਦੀ ਪਾਰੀ ਅਫਗਾਨਿਸਤਾਨ 'ਤੇ ਭਾਰੀ










ਮੁੰਬਈ : ਗਲੈੱਨ ਮੈਕਸਵੈੱਲ ਦੇ ਕਰੀਅਰ ਦੀ ਸਰਬੋਤਮ ਪਾਰੀ ਅਤੇ ਕਪਤਾਨ ਪੈਟ ਕਮਿਨਸ ਨਾਲ ਉਸ ਦੀ ਰਿਕਾਰਡ ਦੀ 202 ਦੌੜਾਂ ਦੀ ਭਾਈਵਾਲੀ ਦੀ ਮਦਦ ਨਾਲ ਆਸਟਰੇਲੀਆ ਨੇ ਅੱਜ ਇੱਥੇ ਅਫਗਾਨਿਸਤਾਨ ਨੂੰ ਤਿੰਨ ਵਿਕਟਾਂ ਨਾਲ ਹਰਾ ਕੇ ਲਗਾਤਾਰ ਛੇਵੀਂ ਜਿੱਤ ਨਾਲ ਇੱਕ ਰੋਜ਼ਾ ਕ੍ਰਿਕਟ ਵਿਸ਼ਵ ਕੱਪ ਦੇ ਸੈਮੀਫਾਈਨਲ ਵਿੱਚ ਜਗ੍ਹਾ ਬਣਾ ਲਈ ਹੈ। ਅਫਗਾਨਿਸਤਾਨ ਵੱਲੋਂ ਦਿੱਤੇ 292 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਮੈਕਸਵੈੱਲ (128 ਗੇਂਦਾਂ 'ਚ ਨਾਬਾਦ 201 ਦੌੜਾਂ) ਨੇ ਦੋਹਰਾ ਸੈਂਕੜਾ ਲਗਾਇਆ, ਜਿਸ ਦੀ ਮਦਦ ਨਾਲ ਆਸਟਰੇਲੀਆ ਨੇ 91 ਦੌੜਾਂ 'ਤੇ ਸੱਤ ਵਿਕਟਾਂ ਗੁਆਉਣ ਦੇ ਬਾਵਜੂਦ 46.5 ਓਵਰਾਂ 'ਚ ਸੱਤ ਵਿਕਟਾਂ 'ਤੇ 293 ਦੌੜਾਂ ਬਣਾ ਕੇ ਜਿੱਤ ਦਰਜ ਕੀਤੀ। ਮੈਕਸਵੈੱਲ ਨੇ ਕਮਿਨਸ (68 ਗੇਂਦਾਂ 'ਤੇ ਨਾਬਾਦ 12 ਦੌੜਾਂ) ਨਾਲ ਅੱਠਵੀਂ ਵਿਕਟ ਲਈ 202 ਦੌੜਾਂ ਦੀ ਭਾਈਵਾਲੀ ਕੀਤੀ, ਜੋ ਇੱਕ ਰੋਜ਼ਾ ਕ੍ਰਿਕਟ ਦੇ ਇਤਿਹਾਸ 'ਚ ਆਖਰੀ ਤਿੰਨ ਵਿਕਟਾਂ ਲਈ ਸਭ ਤੋਂ ਵੱਡੀ ਭਾਈਵਾਲੀ ਹੈ। ਇਸ ਵਿੱਚ ਮੈਕਸਵੈੱਲ ਨੇ 179 ਦੌੜਾਂ ਦਾ ਯੋਗਦਾਨ ਪਾਇਆ। ਮੈਕਸਵੈੱਲ ਨੇ ਮੁਜੀਬ-ਉਰ-ਰਹਿਮਾਨ ਦੀਆਂ ਗੇਂਦਾਂ 'ਤੇ ਲਗਾਤਾਰ ਤਿੰਨ ਛੱਕੇ ਅਤੇ ਇੱਕ ਚੌਕਾ ਲਗਾ ਕੇ ਆਸਟਰੇਲੀਆ ਨੂੰ ਟੀਚੇ ਤੱਕ ਪਹੁੰਚਾਇਆ। ਇਸ ਤੋਂ ਪਹਿਲਾਂ ਮੁਜੀਬ ਨੇ ਉਸ ਦਾ ਕੈਚ ਛੱਡਿਆ ਸੀ। ਇਸ ਜਿੱਤ ਨਾਲ ਆਸਟਰੇਲੀਆ ਦੇ ਅੱਠ ਮੈਚਾਂ ਵਿੱਚ ਛੇ ਜਿੱਤਾਂ ਨਾਲ 12 ਅੰਕ ਹੋ ਗਏ ਹਨ ਤੇ ਟੀਮ ਤੀਜੇ ਸਥਾਨ 'ਤੇ ਹੈ। ਇਸ ਤੋਂ ਪਹਿਲਾਂ ਇਬਰਾਹਿਮ ਜ਼ਾਦਰਾਨ ਦੀਆਂ 129 ਦੌੜਾਂ ਦੀ ਨਾਬਾਦ ਪਾਰੀ ਦੀ ਬਦੌਲਤ ਅਫ਼ਗਾਨਿਸਤਾਨ ਨੇ ਪੰਜ ਵਿਕਟਾਂ 'ਤੇ 291 ਦੌੜਾਂ ਬਣਾਈਆਂ ਸਨ।




ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।
ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ
ਸ੍ਰ. ਸੁਖਚੈਨ ਸਿੰਘ ਬੱਚਾਜੀਵੀ ਬੇਗੋਵਾਲ,
ਸ੍ਰ. ਕੈਮੀ ਸਿੰਘ ਬੱਚਾਜੀਵੀ ਬੇਗੋਵਾਲ
ਅਤੇ ਸਮੂਹ ਬੱਚਾਜੀਵੀ ਪਰਿਵਾਰ
St. Louis State
Missouri USA


ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ
ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।
ਬੰਦੀ ਛੋੜ ਦਿਵਸ ਅਤੇ
ਪਵਿੱਤਰ ਦੀਵਾਲੀ ਦੀ
ਲੱਖ-ਲੱਖ
ਵਧਾਈ
ਪ੍ਰਧਾਨ ਸੁੱਚਾ ਸਿੰਘ
913 256 9498
ਗੁਰਦੁਆਰਾ ਨਾਨਕ ਦਰਬਾਰ ਸਾਹਿਬ ਉਲੇਥਾ ਕੈਨਸਾਸ
Gurdwara Nanak Darbar Sahib
126 S Cherry Street Olathe KS 66061

ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ
ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।




# ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ

# ਲੱਖ-ਲੱਖ ਵਧਾਈਆਂ

ਕਮਿਊਨਿਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ

ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ, ਬਿਜਨਸਮੈਨ



**ਸ: ਗੁਲਬੱਰਗ ਸਿੰਘ ਭੰਗੂ, ਸ: ਕੁਲਦੀਪ ਸਿੰਘ ਭੰਗੂ, ਸ: ਜੇ ਸਿੰਘ (JOE) ਭੰਗੂ**

**St. Louis State Missouri USA**

ਹਰ ਘਰ 'ਚ ਖ਼ੁਸ਼ੀ ਦੇ ਦੀਵੇ ਜਗਣ ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖ਼ੁਸ਼ੀਆਂ ਭਰੀ ਹੋਵੇ।




## ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ

# ਲੱਖ-ਲੱਖ ਵਧਾਈ



ਸ੍ਰ. ਗੁਰਮੇਜ ਸਿੰਘ ਗਿੱਲ, ਡਾ. ਬਲਜੀਤ ਸਿੰਘ ਗਿੱਲ,
ਸ੍ਰ. ਗੁਰਜੰਟ ਸਿੰਘ ਗਿੱਲ, ਸ੍ਰ. ਸੁਖਵੰਤ ਸਿੰਘ ਗਿੱਲ (ਸ਼ਾਨ ਗਿੱਲ)

# ਗਿੱਲ ਬ੍ਰਦਰਜ਼

# ਰਾਹੁਲ ਕੇਦਾਰਨਾਥ ਮੰਦਰ ਕੰਪਲੈਕਸ ’ਚ ਹੋਏ ਨਤਮਸਕ

ਨਵੀਂ ਦਿੱਲੀ : ਕਾਂਗਰਸੀ ਆਗੂ ਰਾਹੁਲ ਗਾਂਧੀ ਤੇ ਉਸ ਦੇ ਚਚੇਰਾ ਭਰਾ ਭਾਜਪਾ ਸੰਸਦ ਮੈਂਬਰ ਵਰੁਣ ਗਾਂਧੀ ਵਿਚਾਲੇ ਕੇਦਾਰਨਾਥ ਮੰਦਰ ਕੰਪਲੈਕਸ ’ਚ ਮੁਲਾਕਾਤ ਹੋਈ। ਦੋਵੇਂ ਜਣੇ ਉਥੇ ਪੂਜਾ ਅਰਚਨਾ ਲਈ ਪਹੁੰਚੇ ਹੋਏ ਸਨ। ਜ਼ਿਕਰਯੋਗ ਹੈ ਕਿ ਦੋਵੇਂ ਆਗੂ ਜਨਤਕ ਥਾਵਾਂ ’ਤੇ ਘੱਟ ਹੀ ਇਕੱਠੇ ਨਜ਼ਰ ਆਉਂਦੇ ਹਨ ਤੇ ਇਸ ਮੁਲਾਕਾਤ ਨਾਲ ਵਰੁਣ ਗਾਂਧੀ ਦੇ ਸਿਆਸੀ ਭਵਿੱਖ ਬਾਰੇ ਕਿਆਸਅਰਾਈਆਂ ਸ਼ੁਰੂ ਹੋ ਗਈਆਂ ਹਨ। ਵਰੁਣ ਬੀਤੇ ਕੁਝ ਮਹੀਨਿਆਂ ਤੋਂ ਭਾਜਪਾ ਦੀਆਂ ਅਹਿਮ ਮੀਟਿੰਗਾਂ ਵਿੱਚ ਵੀ ਨਜ਼ਰ ਨਹੀਂ ਆਇਆ ਤੇ ਕੁਝ ਖਾਸ ਮੁੱਦਿਆਂ ’ਤੇ ਉਸ ਦੇ ਵਿਚਾਰ ਭਾਜਪਾ ਨਾਲ ਮੇਲ ਨਹੀਂ ਖਾਂਦੇ। ਸੂਤਰਾਂ ਅਨੁਸਾਰ ਰਾਹੁਲ ਤੇ ਵਰੁਣ ਵਿਚਾਲੇ ਥੋੜ੍ਹੇ ਸਮੇਂ ਲਈ ਹੀ ਮੁਲਾਕਾਤ ਹੋਈ। ਰਾਹੁਲ ਗਾਂਧੀ ਬੀਤੇ ਤਿੰਨ ਦਿਨਾਂ ਤੋਂ ਉਤਰਾਖੰਡ ਦੇ ਦੌਰੇ ’ਤੇ ਹਨ ਜਦੋਂਕਿ ਵਰੁਣ ਗਾਂਧੀ ਨੇ ਅੱਜ ਪਰਿਵਾਰ ਸਣੇ ਕੇਦਾਰਨਾਥ ਮੰਦਰ ’ਚ ਮੱਥਾ ਟੇਕਿਆ।












(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)








ਮੀਰੀ ਪੀਰੀ ਦੇ ਮਾਲਕ ਸਾਹਿਬ ਸ਼੍ਰੀ ਗੁਰੂ ਹਰਗੋਬਿੰਦ ਜੀ ਦੇ
ਬੰਦੀਛੋੜ ਦਿਵਸ ਅਤੇ ਦੀਵਾਲੀ ਦੀ
ਲੱਖ-ਲੱਖ ਵਧਾਈ
ਸੰਤਾਂ ਮਾਹਾਪੁਰਸ਼ਾ ਦੀ ਛੋਹ ਪ੍ਰਾਪਤ ਪਰਿਵਾਰ ਹਮੇਸ਼ਾ ਹੀ ਗੁਰੂ ਦੇ ਭਾਣੇ ਵਿੱਚ
ਰਹਿਕੇ ਕਿਰਤ ਕਮਾਈ ਕਰਨ ਵਾਲੇ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਨ ਵਾਲੇ,
ਖਾਲਸਾ ਪੰਥ ਦੇ ਨਿਸ਼ਕਾਮ ਸੇਵਾਦਾਰ ਅਤੇ ਅਮਰੀਕਾ ਦੇ ਵੱਡੇ ਬਿਜ਼ਨਸਮੈਨ
ਸ੍ਰ. ਕੇਹਰ ਸਿੰਘ ਘੋਤੜਾ ਮਿਆਣੀ, ਸ੍ਰ. ਜੋਗਾ ਸਿੰਘ ਘੋਤੜਾ ਮਿਆਣੀ
ਅਤੇ ਸ. ਰਘਵਿੰਦਰ ਸਿੰਘ ਘੋਤੜਾ ਮਿਆਣੀ
Binghamton New York




# Sikh Foundation Of Milpitas

## 1180, Cadillac Ct Milpitas Ca 95035

ਧੰਨ ਧੰਨ ਬਾਬਾ ਵਿਸ਼ਵਕਰਮਾ ਜੀ ਜਿਨ੍ਹਾਂ ਨੇ ਇਸ ਸੰਸਾਰ ਨੂੰ ਨੇਕ ਕਮਾਈ ਕਰਨ ਲਈ ਕੰਮ ਕਿੱਤਾ ਦਿੱਤੇ ਉਥੇ ਇਨਸਾਨ ਨੂੰ ਔਜਾਰ ਵੀ ਦਿੱਤੇ। ਦੁਨੀਆ ਭਰ ਦੇ ਲੋਕ ਕੋਈ ਵੀ ਕੰਮ ਕਰਨ ਵਾਲੇ ਦੀਵਾਲੀ ਤੋਂ ਦੂਸਰੇ ਦਿਨ ਧੰਨ-ਧੰਨ ਬਾਬਾ ਵਿਸ਼ਵਕਰਮਾ ਜੀ ਨੂੰ ਯਾਦ ਕਰਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ। ਹਰ ਸਾਲ ਦੀ ਤਰ੍ਹਾਂ ਰਾਮਗੜ੍ਹੀਆ ਕਲਚਰਲ ਐਸੋਸੀਏਸ਼ਨ ਇਕ ਵਲੋਂ ਧੰਨ ਧੰਨ ਬਾਬਾ ਵਿਸ਼ਵਕਰਮਾ ਜੀ ਦੀ ਨਿੱਘੀ ਅਤੇ ਪਿਆਰੀ ਯਾਦ ਵਿਚ Sikh Foundation of Milpitas, 1180, Cadillac Ct Milpits CA 95035 ਵਿਖੇ 10, 11, 12 ਨਵੰਬਰ 2023 ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਸ਼ਰਧਾ ਅਤੇ ਸੇਵਾ ਨਾਲ ਧੰਨ ਧੰਨ ਬਾਬਾ ਵਿਸ਼ਵਕਰਮਾ ਡੇਅ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰੋ ਜੀ।



**ਆਰੰਭ ਸ੍ਰੀ ਅਖੰਡਪਾਠ ਸਾਹਿਬ**
**10 ਨਵੰਬਰ 2023 ਦਿਨ ਸ਼ੁੱਕਰਵਾਰ ਸਵੇਰੇ 10 ਵਜੇ**
**ਭੋਗ ਸ੍ਰੀ ਅਖੰਡ ਪਾਠ ਸਾਹਿਬ**
**12 ਨਵੰਬਰ 2023 ਦਿਨ ਐਤਵਾਰ ਸਵੇਰੇ 10 ਵਜੇ**

**ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ ਸਿੱਖ ਸਕਾਲਰ ਅਤੇ ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਪੰਥ ਦਰਦੀ ਹਾਜ਼ਰੀਆਂ ਭਰਨਗੇ।**

**ਜਾਣਕਾਰੀ ਲਈ ਕਾਲ ਕਰੋ**

| ਗੁਰਮੀਤ ਸਿੰਘ ਭੋਗਲ | ਦਵਿੰਦਰ ਸਿੰਘ ਚਾਨਾ | ਸੁਖਦੇਵ ਸਿੰਘ ਕਲਸੀ | ਗਿਆਨ ਸਿੰਘ ਸੈਂਬੀ |
|---|---|---|---|
| 510-386-2084 | 510-376-9428 | 510-304-5062 | 510-305-1694 |


ਬੰਦੀ ਛੋੜ ਦਿਵਸ ਅਤੇ ਰੌਸ਼ਨੀਆਂ ਦੇ ਪਵਿੱਤਰ
ਤਿਉਹਾਰ ਦੀਵਾਲੀ ਦੀਆਂ ਸੰਗਤਾਂ ਨੂੰ
ਲੱਖ-ਲੱਖ ਵਧਾਈ
ਕਮਿਊਨਿਟੀ ਦੇ ਨਿਸ਼ਕਾਮ ਸੇਵਕ ਅਤੇ ਉੱਘੇ ਸਿੱਖ ਆਗੂ
ਸ੍ਰ. ਜਗਜੀਤ ਸਿੰਘ ਰੱਕੜ


ਬੰਦੀ ਛੋੜ ਦਿਵਸ ਅਤੇ ਰੌਸ਼ਨੀਆਂ ਦੇ ਪਵਿੱਤਰ
ਤਿਉਹਾਰ ਦੀਵਾਲੀ ਦੀਆਂ ਸੰਗਤਾਂ ਨੂੰ
ਲੱਖ-ਲੱਖ ਵਧਾਈ
ਸਵਰਗਵਾਸੀ ਮਾਤਾ ਜਗੀਰ ਕੌਰ ਹੰਸਲਾ
ਸਵਰਗਵਾਸੀ ਪ੍ਰਿੰਸੀਪਲ ਬਲਬੀਰ ਸਿੰਘ ਹੰਸਲਾ
ਕਮਾਂਡਰ ਆਲਮਜੀਤ ਸਿੰਘ ਹੰਸਲਾ, ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੀਨੀਅਰ ਸੇਵਾਦਾਰ ਸ੍ਰ. ਬਲਜੀਤ ਸਿੰਘ ਹੰਸਲਾ,
ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸਾਬਕਾ ਸੀਨੀਅਰ ਸੁਪਰੀਮ ਕੌਂਸਲ ਮੈਂਬਰ ਸ੍ਰ. ਗੁਰਪਾਲ ਸਿੰਘ ਹੰਸਲਾ,
ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਸ੍ਰ. ਗੁਰਚਰਨ ਸਿੰਘ ਹੰਸਲਾ, ਨੌਜਵਾਨ ਸਿੱਖ ਆਗੂ ਸ੍ਰ. ਗੁਰਪ੍ਰੀਤ ਸਿੰਘ ਹੰਸਲਾ

# ਇਜ਼ਰਾਈਲ-ਫ਼ਲਸਤੀਨ ਮਸਲਾ ਤੇ ਆਲਮੀ ਸਿਆਸਤ

ਪ੍ਰੋ. ਪ੍ਰੀਤਮ ਸਿੰਘ



ਸੰਨ 1948 ਵਿਚ ਇਜ਼ਰਾਈਲ ਸਟੇਟ/ਰਿਆਸਤ ਦੀ ਸਥਾਪਨਾ ਅਤੇ ਇਸ ਨੂੰ ਦੁਨੀਆ ਭਰ ਵਿਚ ਵਸਦੇ ਯਹੂਦੀਆਂ ਦੇ ਵਤਨ ਦੇ ਤੌਰ 'ਤੇ ਪੇਸ਼ ਕੀਤੇ ਜਾਣ ਤੋਂ ਲੈ ਕੇ ਹੀ ਇਜ਼ਰਾਈਲ-ਫ਼ਲਸਤੀਨ ਟਕਰਾਅ ਦੁਨੀਆ ਦਾ ਸਭ ਤੋਂ ਜਟਿਲ ਟਕਰਾਅ ਬਣਿਆ ਹੋਇਆ ਹੈ। ਇਜ਼ਰਾਈਲੀ ਸਟੇਟ ਦੇ ਗਠਨ ਦੇ ਨਾਲ ਹੀ 7.5 ਲੱਖ ਫ਼ਲਸਤੀਨੀਆਂ ਦਾ ਉਜਾੜਾ ਹੋਇਆ ਸੀ ਜੋ ਇਸ ਖ਼ਿੱਤੇ ਦੇ ਮੂਲ ਵਾਸੀ ਸਨ। ਇੱਕੋ ਸਮੇਂ ਹੋਏ ਇਸ ਕਬਜ਼ੇ ਅਤੇ ਉਜਾੜੇ ਨੇ ਲੰਮੇ ਸਮੇਂ ਦੇ ਟਕਰਾਅ ਦੀਆਂ ਭੌਤਿਕ ਅਤੇ ਸਭਿਆਚਾਰਕ ਹਾਲਤਾਂ ਪੈਦਾ ਕਰ ਦਿੱਤੀਆਂ। ਉੱਜੜੇ ਫ਼ਲਸਤੀਨੀ ਆਪਣੇ ਵਤਨ ਨੂੰ ਇਜ਼ਰਾਈਲੀ ਬਸਤੀਆਂ ਤੋਂ ਮੁਕਤ ਕਰਾਉਣਾ ਚਾਹੁੰਦੇ ਹਨ। ਯਹੂਦੀ ਬਾਸ਼ਿੰਦੇ ਫ਼ਲਸਤੀਨੀ ਅਰਥਚਾਰੇ, ਰਾਜਨੀਤੀ ਅਤੇ ਸਭਿਆਚਾਰ ਨੂੰ ਆਪਣੇ ਕਬਜ਼ੇ ਵਾਲੇ ਖੇਤਰ ਦੀ ਸੁਰੱਖਿਆ ਲਈ ਨਿਰੰਤਰ ਖ਼ਤਰੇ ਦੀ ਨਿਗਾਹ ਤੋਂ ਦੇਖਦੇ ਹਨ।

ਸੰਭਾਵੀ ਤੌਰ 'ਤੇ ਇਸ ਟਕਰਾਅ ਦੀ ਉਲਝਣ ਭਰੀ ਗੁੱਥੀ ਦੋ ਇਖ਼ਲਾਕੀ ਅਤੇ ਆਰਥਿਕ ਭੂਗੋਲਕ ਸ਼ਕਤੀਆਂ ਤੋਂ ਉਪਜੀ ਹੈ। ਦੋਵੇਂ ਧਿਰਾਂ ਦਾ ਮੰਨਣਾ ਹੈ ਕਿ ਉਨ੍ਹਾਂ ਦਾ ਪੱਖ ਜ਼ਿਆਦਾ ਇਖ਼ਲਾਕੀ ਹੈ। ਯਹੂਦੀ ਖ਼ਾਸਕਰ ਇਸ ਦੇ ਜ਼ਾਇਨਿਸਟ ਕੱਟੜਪੰਥੀ ਵਿਸ਼ਵਾਸ ਪ੍ਰਤੀ ਵਚਨਬੱਧ ਹਨ, ਦਾਅਵਾ ਕਰਦੇ ਹਨ ਕਿ ਸਦੀਆਂ ਤੱਕ ਯਹੂਦੀਆਂ 'ਤੇ ਹੋਏ ਜ਼ੁਲਮ ਜਿਸ ਦਾ ਨਾਜ਼ੀ ਜਰਮਨੀ ਵੇਲੇ ਸੱਠ ਲੱਖ ਯਹੂਦੀਆਂ ਦਾ ਕਤਲੇਆਮ ਦੇ ਰੂਪ ਵਿਚ ਸਿਖਰ ਹੋਇਆ ਸੀ, ਕਰ ਕੇ ਉਨ੍ਹਾਂ ਨੂੰ ਅਜਿਹੀ ਸਟੇਟ/ਰਿਆਸਤ ਬਣਾਉਣ ਦਾ ਹੱਕ ਹੈ ਜਿੱਥੇ ਕੋਈ ਵੀ ਉਨ੍ਹਾਂ ਨਾਲ ਵਿਤਕਰਾ ਅਤੇ ਜ਼ੁਲਮ ਨਾ ਕਰ ਸਕੇ। ਗ਼ੈਰ-ਜ਼ਾਇਨਿਸਟ ਯਹੂਦੀ ਇਸ ਨੂੰ ਆਸਥਾ ਦੀ ਮਲੀਨਤਾ ਕਰਾਰ ਦਿੰਦੇ ਹਨ ਪਰ ਉਨ੍ਹਾਂ ਦੇ ਵਿਚਾਰਾਂ ਨੂੰ ਖ਼ਾਸਕਰ ਯਹੂਦੀ ਕਤਲੇਆਮ ਦੀ ਲੋਅ ਵਿਚ ਬਹੁਤੀ ਤਵੱਜੋ ਨਹੀਂ ਦਿੱਤੀ ਜਾਂਦੀ। ਫ਼ਲਸਤੀਨੀ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਵੀ ਯਹੂਦੀਆਂ ਉਪਰ ਅੱਤਿਆਚਾਰ ਨਹੀਂ ਕੀਤੇ ਸਗੋਂ ਉਹ ਫ਼ਲਸਤੀਨੀ ਯਹੂਦੀਆਂ ਨਾਲ ਅਮਨ ਅਮਾਨ ਨਾਲ ਰਹਿੰਦੇ ਹਨ, ਫਿਰ ਵੀ ਉਨ੍ਹਾਂ ਨੂੰ ਬੇਵਤਨ ਕੀਤਾ ਜਾ ਰਿਹਾ ਹੈ।

ਪੱਛਮੀ ਏਸ਼ੀਆ ਵਿਚ ਇਜ਼ਰਾਈਲ ਦੀ ਆਰਥਿਕ ਭੂਗੋਲਕ ਸਥਿਤੀ ਕਰਕੇ ਵੀ ਇਹ ਟਕਰਾਅ ਫ਼ੈਲਦਾ ਰਿਹਾ ਹੈ। ਔਕਸਫੋਰਡ ਦੇ ਇਕ ਭੂਗੋਲਕਾਰ ਨੇ ਭਾਵਪੂਰਤ ਟਿੱਪਣੀ ਕੀਤੀ ਸੀ ਜੋ ਬਹੁਤ ਮਸ਼ਹੂਰ ਹੋਈ ਸੀ। ਉਸ ਦੀ ਦਲੀਲ ਸੀ ਕਿ ਪੱਛਮੀ ਏਸ਼ੀਆ 'ਤੇ ਜਿਸ ਦਾ ਕਬਜ਼ਾ ਹੈ, ਉਸੇ ਦਾ ਤੇਲ 'ਤੇ ਕਬਜ਼ਾ ਹੁੰਦਾ ਹੈ ਅਤੇ ਜਿਸ ਦਾ ਤੇਲ 'ਤੇ ਕਬਜ਼ਾ ਹੈ, ਉਹੀ ਦੁਨੀਆ ਨੂੰ ਹਿਕਦਾ ਹੈ। ਪੱਛਮੀ ਏਸ਼ੀਆ ਦੁਨੀਆ ਦਾ ਸਭ ਤੋਂ ਵੱਧ ਤੇਲ ਸਰੋਤ ਭਰਪੂਰ ਖ਼ਿੱਤਾ ਹੈ ਅਤੇ ਜਦੋਂ 'ਤਰਲ ਸੋਨੇ' ਵਜੋਂ ਜਾਣੇ ਜਾਂਦੇ ਪੈਟਰੋਲੀਅਮ ਪਦਾਰਥ ਆਧੁਨਿਕ ਪੂੰਜੀਵਾਦੀ ਅਰਥਚਾਰਿਆਂ ਨੂੰ ਚਲਾਉਣ ਲਈ ਸਭ ਤੋਂ ਅਹਿਮ ਊਰਜਾ ਦਾ ਸਰੋਤ ਬਣ ਗਏ, ਉਦੋਂ ਤੋਂ ਅਮਰੀਕਾ, ਬਰਤਾਨੀਆ ਅਤੇ ਫਰਾਂਸ ਇਸ 'ਤਰਲ ਸੋਨੇ' ਦੇ ਸਰੋਤ ਤੱਕ ਰਸਾਈ ਪਾਉਣ ਲਈ ਇਸ ਖ਼ਿੱਤੇ ਵਿਚ ਦਾਖ਼ਲ ਹੋ ਗਏ ਸਨ। ਇਨ੍ਹਾਂ ਸ਼ਕਤੀਆਂ ਵਲੋਂ ਪੱਛਮੀ ਏਸ਼ੀਆ ਵਿਚ ਆਪਣੇ ਸਥਾਈ ਭਿਆਲ ਦੇ ਰੂਪ ਵਿਚ ਇਜ਼ਰਾਈਲ ਦੀ ਸਥਾਪਨਾ ਦਾ ਉਦੇਸ਼ ਇਸ ਸਰੋਤ ਭਰਪੂਰ ਖ਼ਿੱਤੇ ਅੰਦਰ ਆਪਣੀ ਮੌਜੂਦਗੀ ਬਣਾਉਣ ਵੱਲ ਸੇਧਤ ਸੀ। ਇਹੀ ਰਣਨੀਤਕ ਗੱਠਜੋੜ ਇਜ਼ਰਾਈਲ ਦੀ ਫ਼ੌਜੀ ਅਤੇ ਆਰਥਿਕ ਸ਼ਕਤੀ ਦਾ ਸਰੋਤ ਹੈ।

ਇਸ ਸ਼ਕਤੀਸ਼ਾਲੀ ਫ਼ੌਜੀ ਤੇ ਆਰਥਿਕ ਗੱਠਜੋੜ ਦੇ ਬਾਵਜੂਦ ਇਜ਼ਰਾਈਲ ਦੀ ਕਮਜ਼ੋਰੀ ਇਸ ਦੀ ਭੂਗੋਲਕ ਸਥਿਤੀ (ਲੋਕੇਸ਼ਨ) ਵਿਚ ਨਿਹਿਤ ਹੈ। ਇਸ ਦੇ ਆਲੇ ਦੁਆਲੇ ਮੁਸਲਿਮ ਦੇਸ਼ ਹਨ ਜਿਨ੍ਹਾਂ ਦੀ ਆਬਾਦੀ ਜੋ ਭਾਵੇਂ ਤਾਨਾਸ਼ਾਹ ਹਾਕਮਾਂ ਨਾਲ ਤਿਹੁ ਨਾ ਰੱਖਦੀ ਹੋਵੇ ਪਰ ਫ਼ਲਸਤੀਨੀਆਂ ਨਾਲ ਗਹਿਰੀ ਹਮਦਰਦੀ ਰੱਖਦੀ ਹੈ। ਹਾਲਾਂਕਿ ਫ਼ਲਸਤੀਨੀਆਂ ਦੀ ਕੁਝ ਕੁ ਆਬਾਦੀ ਈਸਾਈ (ਜਿਨ੍ਹਾਂ 'ਚ ਵਿਸ਼ਵ ਪ੍ਰਸਿੱਧ ਫ਼ਲਸਤੀਨੀ ਦਾਨਿਸ਼ਵਰ ਐਡਵਰਡ ਸਈਦ ਵੀ ਸ਼ਾਮਲ ਸਨ) ਹੈ ਪਰ ਬਹੁਤੀ ਆਬਾਦੀ ਮੁਸਲਿਮ ਹੈ। ਇਜ਼ਰਾਈਲ ਦੀ ਭੂਗੋਲਕ ਕਮਜ਼ੋਰੀ ਫ਼ਲਸਤੀਨੀਆਂ ਦੀ ਤਾਕਤ ਬਣ ਜਾਂਦੀ ਹੈ।

ਇਸ ਮਸਲੇ ਦੇ ਤਿੰਨ 'ਸੰਪੂਰਨ' ਹੱਲ ਸੋਚੇ ਗਏ ਸਨ ਜੋ ਅਮਲ ਯੋਗ ਨਾ ਹੋ ਸਕੇ। ਕੱਟੜਪੰਥੀ ਜ਼ਾਇਨਿਸਟ ਇਜ਼ਰਾਈਲੀਆਂ ਲਈ ਸੰਪੂਰਨ ਹੱਲ ਹਰ ਕਿਸਮ ਦੇ ਫ਼ਲਸਤੀਨੀ ਜੀਵਨ ਨੂੰ ਤਬਾਹ ਕਰ ਦੇਣਾ ਹੈ। ਇਹ ਬਿਲਕੁੱਲ ਸੰਭਵ ਨਹੀਂ ਹੈ ਕਿਉਂਕਿ ਇਸ ਵੇਲੇ ਇਜ਼ਰਾਈਲ ਵਲੋਂ ਗਾਜ਼ਾ ਇਲਾਕੇ 'ਤੇ ਕੀਤੀ ਜਾ ਰਹੀ ਬੰਬਾਰੀ ਖ਼ਿਲਾਫ਼ ਆਲਮੀ ਰੋਸ ਵਧ ਰਿਹਾ ਹੈ। ਪੁਰਾਣੇ ਸਾਮਰਾਜੀ ਮੁਲਕਾਂ ਦੀ ਫ਼ੌਜੀ ਅਤੇ ਆਰਥਿਕ ਸ਼ਕਤੀ ਘਟਣ ਅਤੇ ਨਵੇਂ ਉਭਰਦੇ ਅਰਥਚਾਰਿਆਂ ਦੀ ਵਧਦੀ ਫ਼ੌਜੀ ਤੇ ਆਰਥਿਕ ਤਾਕਤ ਕਰ ਕੇ ਆਲਮੀ ਨਿਜ਼ਾਮ ਵਿਚ ਆ ਰਹੀ ਤਬਦੀਲੀ ਸਦਕਾ ਇਜ਼ਰਾਈਲ ਲਈ ਫ਼ਲਸਤੀਨੀਆਂ ਦੇ ਸਮੂਲਨਾਸ਼ ਜਿਹੀ ਕਿਸੇ ਵੀ ਕਾਰਵਾਈ ਨੂੰ ਪੂਰ ਚਾੜ੍ਹਨਾ ਨਾਮੁਮਕਿਨ ਹੈ। ਇਸ ਦੇ ਨਾਲ ਹੀ ਇਜ਼ਰਾਈਲ ਦੇ ਮੁੱਦੇ 'ਤੇ ਯੂਰੋਪ ਵੀ ਅਮਰੀਕਾ ਅਤੇ ਬਰਤਾਨੀਆ ਦੀ ਖੁੱਲ੍ਹ ਕੇ ਹਮਾਇਤ ਨਹੀਂ ਕਰ ਰਿਹਾ ਜਿਸ ਕਰ ਕੇ ਇਹ ਦੋਵੇਂ ਤਾਕਤਾਂ ਇਸ ਵੇਲੇ ਆਲਮੀ ਤੌਰ 'ਤੇ ਅਲੱਗ ਥਲੱਗ ਦਿਖਾਈ ਦੇ ਰਹੀਆਂ ਹਨ।

ਕੱਟੜਪੰਥੀ ਫ਼ਲਸਤੀਨੀਆਂ ਲਈ 'ਸੰਪੂਰਨ' ਹੱਲ ਇਜ਼ਰਾਈਲੀ ਸਟੇਟ ਦਾ ਖ਼ਾਤਮਾ ਹੈ। ਲੰਘੀ ਸੱਤ ਅਕਤੂਬਰ ਨੂੰ ਘਾਤਕ ਹਮਲੇ ਕਰਨ ਵਾਲੀ ਜਥੇਬੰਦੀ ਹਮਾਸ ਇਸੇ ਉਦੇਸ਼ ਪ੍ਰਤੀ ਵਚਨਬੱਧ ਹੈ। ਇਜ਼ਰਾਈਲੀ ਸਟੇਟ ਦੀ ਸਥਾਪਨਾ ਭਾਵੇਂ ਕਿਸੇ ਵੀ ਫ਼ਲਸਤੀਨੀ ਜਾਂ ਗ਼ੈਰ-ਫ਼ਲਸਤੀਨੀ ਕੋਣ ਤੋਂ ਕਿੰਨੀ ਵੀ ਗ਼ੈਰ-ਵਾਜਬ ਕਿਉਂ ਨਾ ਹੋਵੇ ਪਰ ਇਸ ਦਾ ਖ਼ਾਤਮਾ ਸੰਭਵ ਨਹੀਂ; ਖ਼ਾਸਕਰ ਪਿਛਲੀਆਂ ਦੋ ਸਦੀਆਂ ਦੇ ਆਲਮੀ ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਇਕ ਵਾਰ ਕਾਇਮ ਹੋ ਚੁੱਕੀ ਕਿਸੇ ਵੀ ਸਟੇਟ/ਰਿਆਸਤ ਨੂੰ ਤਬਾਹ ਨਹੀਂ ਕੀਤਾ ਜਾ ਸਕਦਾ। ਕਿਸੇ ਸਟੇਟ ਦੇ ਕੁਝ ਹਿੱਸੇ ਵੱਖ ਹੋ ਜਾਣ ਨਾਲ ਉਹ ਖੁਰਦ ਬੁਰਦ ਨਹੀਂ ਹੋ ਜਾਂਦੀ। ਰੂਸ, ਸਰਬੀਆ, ਪਾਕਿਸਤਾਨ, ਇੰਡੋਨੇਸ਼ੀਆ ਅਤੇ ਇਥੋਪੀਆ ਇਸ ਦੀਆਂ ਕੁਝ ਮਿਸਾਲਾਂ ਹਨ। ਹਮਾਸ ਦਾ ਇਹ ਏਜੰਡਾ ਖ਼ਤਰਨਾਕ ਭਰਮਜਾਲ ਹੈ ਜਿਸ ਕਰ ਕੇ ਇਹ ਅਮਲ ਯੋਗ ਨਹੀਂ ਹੈ।

ਜਮਹੂਰੀ ਨਜ਼ਰੀਏ ਤੋਂ ਇਸ ਦਾ 'ਸੰਪੂਰਨ' ਹੱਲ ਇਕਜੁੱਟ ਇਜ਼ਰਾਈਲੀ-ਫ਼ਲਸਤੀਨੀ ਜਾਂ ਫ਼ਲਸਤੀਨ-ਇਜ਼ਰਾਈਲ ਸਟੇਟ ਦੀ ਕਾਇਮੀ ਹੋਵੇਗਾ ਜਿੱਥੇ ਯਹੂਦੀ, ਮੁਸਲਮਾਨ, ਈਸਾਈ ਜਾਂ ਨਾਸਤਿਕ ਆਦਿ ਸਭ ਤਰ੍ਹਾਂ ਦੇ ਨਾਗਰਿਕ ਮਿਲ ਜੁਲ ਕੇ ਰਹਿਣਗੇ ਅਤੇ ਉਨ੍ਹਾਂ ਨੂੰ ਜਮਹੂਰੀ ਪ੍ਰਕਿਰਿਆ ਤਹਿਤ ਆਪਣੀ ਪਸੰਦ ਦਾ ਪੂੰਜੀਵਾਦੀ, ਸਮਾਜਵਾਦੀ ਜਾਂ ਸਮਾਜੀ ਲੋਕਰਾਜੀ ਤਰਜ਼ ਦਾ ਸ਼ਾਸਨ ਚੁਣਨ ਦੇ ਬਰਾਬਰ ਦੇ ਹੱਕ ਹੋਣਗੇ। ਇਹ ਬਹੁਤ ਹੀ ਸਮਝਦਾਰੀ ਭਰਿਆ ਰਾਹ ਹੋ ਸਕਦਾ ਹੈ ਪਰ ਕਿਸੇ ਸੰਪੂਰਨ ਹੱਲ ਨੂੰ ਭਲਾਈ ਦਾ ਦੁਸ਼ਮਣ ਨਹੀਂ ਬਣਨ ਦੇਣਾ ਚਾਹੀਦਾ। ਮੌਜੂਦਾ ਧਰੁਵੀਕਰਨ ਦੇ ਪੇਸ਼ੇਨਜ਼ਰ, ਸਭ ਤੋਂ ਪਸੰਦੀਦਾ ਹੱਲ ਨੇੜ ਭਵਿੱਖ ਤਾਂ ਕੀ ਸਗੋਂ ਦਰਮਿਆਨੇ ਅਰਸੇ ਤੱਕ ਵੀ ਅਮਲ ਯੋਗ ਦਿਖਾਈ ਨਹੀਂ ਦੇ ਰਿਹਾ। ਉਂਝ, ਇਸ ਦਾ ਮਤਲਬ ਇਹ ਨਹੀਂ ਹੈ ਕਿ ਕਿਸੇ ਬਦਲਵੇਂ ਰਾਹ ਦਾ ਕਿਆਸ ਨਹੀਂ ਕੀਤਾ ਜਾ ਸਕਦਾ। ਬਦਲਵਾਂ ਰਾਹ ਦੋ ਦੇਸ਼ਾਂ (ਸਟੇਟਾਂ) ਦਾ ਹੱਲ ਹੈ ਜਿਸ ਤਹਿਤ ਇਜ਼ਰਾਈਲੀ ਸਟੇਟ ਦੇ ਨਾਲੋ-ਨਾਲ ਆਜ਼ਾਦ ਫ਼ਲਸਤੀਨੀ ਸਟੇਟ ਦਾ ਗਠਨ। ਇਹ ਪਾਏਦਾਰ ਹੱਲ ਹੈ ਪਰ ਓਸਲੋ ਸੰਧੀ ਜੋ ਕਿਸੇ ਸਮੇਂ ਇਸ ਦਿਸ਼ਾ ਵਿਚ ਪੇਸ਼ਕਦਮੀ ਦਾ ਸਭ ਤੋਂ ਪੁਰਉਮੀਦ ਸੰਕੇਤ ਬਣੀ ਸੀ, ਦੇ ਬਾਵਜੂਦ ਇਸ 'ਤੇ ਸੰਜੀਦਗੀ ਨਾਲ ਅਮਲ ਨਹੀਂ ਕੀਤਾ ਗਿਆ।

ਦੋਵੇਂ ਰਾਜਾਂ ਦੇ ਇਕ ਦੂਜੇ ਨਾਲ ਹੋਸ਼ਮੰਦੀ ਭਰੇ ਤਜਰਬੇ ਤੋਂ ਸਿੱਖਦੇ ਹੋਏ ਅੰਤ ਨੂੰ ਇਕਜੁੱਟ ਰਾਜ ਦਾ ਰਾਹ ਵੀ ਖੁੱਲ੍ਹ ਸਕਦਾ ਹੈ ਜੋ ਹਕੀਕੀ ਤੌਰ 'ਤੇ ਇਸ ਦਾ ਆਦਰਸ਼ ਹੱਲ ਹੋਵੇਗਾ। ਫੌਰੀ ਤੌਰ 'ਤੇ ਚਾਰ ਕਦਮਾਂ ਦੀ ਲੋੜ ਹੈ: ਗੋਲੀਬੰਦੀ, ਹਮਾਸ ਵਲੋਂ ਸਾਰੇ ਇਜ਼ਰਾਈਲੀ ਬੰਦੀਆਂ ਦੀ ਰਿਹਾਈ, ਗਾਜ਼ਾ ਵਿਚ ਬਿਨਾਂ ਕਿਸੇ ਰੋਕ ਟੋਕ ਤੋਂ ਕੌਮਾਂਤਰੀ ਮਾਨਵੀ ਇਮਦਾਦ ਦੀ ਪਹੁੰਚ ਅਤੇ ਗਾਜ਼ਾ 'ਤੇ ਸਾਰੇ ਇਜ਼ਰਾਈਲੀ ਹਵਾਈ ਤੇ ਜ਼ਮੀਨੀ ਹਮਲੇ ਬੰਦ ਕਰਨੇ। ਗਾਜ਼ਾ ਵਿਚ ਇਜ਼ਰਾਈਲੀ ਸਟੇਟ ਵਲੋਂ ਕੀਤੇ ਜਾ ਰਹੇ ਬੇਕਿਰਕ ਹਮਲਿਆਂ ਖ਼ਿਲਾਫ਼ ਅਮਰੀਕਾ ਅਤੇ ਬਰਤਾਨੀਆ ਵਿਚ ਉਠ ਰਹੀਆਂ ਯਹੂਦੀ ਆਵਾਜ਼ਾਂ ਖ਼ਾਸਕਰ ਇਜ਼ਰਾਈਲੀ ਜੰਗਬਾਜ਼ ਰਾਸ਼ਟਰਪਤੀ ਬੈਂਜਾਮਿਨ ਨੇਤਨਯਾਹੂ ਖ਼ਿਲਾਫ਼ ਜਿਸ ਤਰ੍ਹਾਂ ਨੌਜਵਾਨਾਂ ਅੰਦਰ ਰੋਸ ਇਸ ਨਾਉਮੀਦ ਹਾਲਾਤ ਵਿਚ ਆਸ ਦੀ ਕਿਰਨ ਬਣ ਕੇ ਉਭਰੇ ਹਨ।

ਭਾਰਤ ਅਤੇ ਕਈ ਹੋਰ ਦੇਸ਼ਾਂ ਦਾ ਹਿੱਤ ਪੱਛਮੀ ਏਸ਼ੀਆ ਵਿਚ ਸ਼ਾਂਤੀ ਨਾਲ ਜੁੜਿਆ ਹੋਇਆ ਹੈ ਕਿਉਂਕਿ ਇਸ ਖ਼ਿੱਤੇ ਵਿਚ ਅਤੀਤ ਦੇ ਸਾਰੇ ਫ਼ੌਜੀ ਟਕਰਾਵਾਂ ਕਰ ਕੇ ਤੇਲ ਕੀਮਤਾਂ, ਮਹਿੰਗਾਈ ਵਿਚ ਉਛਾਲ ਆਇਆ ਸੀ ਜਿਸ ਨਾਲ ਉਨ੍ਹਾਂ ਦੇ ਆਰਥਿਕ ਹਾਲਾਤ ਵਿਗੜ ਗਏ ਸਨ ਜਿਵੇਂ 1973 ਵਿਚ ਤੇਲ ਕੀਮਤਾਂ ਵਿਚ ਭਾਰੀ ਵਾਧਾ ਹੋਣ ਕਰ ਕੇ ਤੇਲ ਦੀ ਦਰਾਮਦ ਕਰਨ ਵਾਲੇ ਤੀਜੀ ਦੁਨੀਆ ਦੇ ਦੇਸ਼ਾਂ ਸਿਰ ਕਰਜ਼ਿਆਂ ਵਿਚ ਵਾਧਾ ਦੇਖਣ ਨੂੰ ਮਿਲਿਆ ਸੀ। ਇਸ ਸੰਘਰਸ਼ ਨੇ ਆਲਮੀ ਤੇਲ ਕਾਰੋਬਾਰ ਅਤੇ ਫ਼ੌਜੀ ਟਕਰਾਅ ਵਿਚ ਸੂਤਰ ਨੂੰ ਬਹੁਤ ਤਿੱਖੇ ਰੂਪ ਵਿਚ ਉਭਾਰ ਦਿੱਤਾ ਹੈ।

# ਪਰਾਲੀ ਸਾੜਨ ਕਾਰਨ ਬਹੁਤ ਵਧ ਗਿਆ ਹੈ ਹਵਾ ਪ੍ਰਦੂਸ਼ਣ

ਮੁਖ਼ਤਾਰ ਗਿੱਲ



ਭਾਰਤ ਦੇ 17 ਸ਼ਹਿਰਾਂ ਦਾ ਹਵਾ ਗੁਣਵੱਤਾ ਸੂਚਕ ਅੰਕ 300 ਤੋਂ 400 ਅਤੇ 29 ਸ਼ਹਿਰਾਂ ਦਾ 201 ਤੋਂ 300 ਵਿਚਾਲੇ ਖ਼ਰਾਬ ਸ਼੍ਰੇਣੀ ਦਾ ਹੈ। ਹਨੂਮਾਨਗੜ੍ਹ ਦਾ ਹਵਾ ਗੁਣਵੱਤਾ ਪੱਧਰ 438, ਫਤੇਹਾਬਾਦ ਦਾ 423, ਫਰੀਦਾਬਾਦ ਦਾ 407 ਹੈ। ਦੇਸ਼ ਦੀ ਕੌਮੀ ਰਾਜਧਾਨੀ ਦਿੱਲੀ, ਐੱਨਸੀਆਰ ਸਮੇਤ ਦੇਸ਼ ਦੇ 40 ਸ਼ਹਿਰਾਂ ਦੀ ਹਵਾ ਦੀ ਗੁਣਵੱਤਾ ਬੇਹੱਦ ਖ਼ਰਾਬ ਹੈ।

ਸੁਪਰੀਮ ਕੋਰਟ ਨੇ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ (ਸੀਏਕਿਊਐੱਮ) ਵੱਲੋਂ ਸਥਿਤੀ ਨੂੰ ਸੁਧਾਰਨ ਲਈ ਕਈ ਕਦਮ ਚੁੱਕੇ ਜਾਣ ਦੇ ਬਾਵਜੂਦ ਰਾਸ਼ਟਰੀ ਰਾਜਧਾਨੀ ਵਿਚ ਹਵਾ ਪ੍ਰਦੂਸ਼ਣ ਕਾਇਮ ਰਹਿਣ 'ਤੇ ਵਿਚਾਰ ਕਰਦਿਆਂ ਦਿੱਲੀ, ਪੰਜਾਬ, ਹਰਿਆਣਾ, ਰਾਜਸਥਾਨ ਤੇ ਉੱਤਰ ਪ੍ਰਦੇਸ਼ ਦੀਆਂ ਸਰਕਾਰਾਂ ਨੂੰ ਇਸ 'ਤੇ ਕਾਬੂ ਪਾਉਣ ਲਈ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਦਿੰਦੇ ਹਲਫ਼ਨਾਮੇ ਦਾਖ਼ਲ ਕਰਨ ਦਾ ਹੁਕਮ ਦਿੱਤਾ ਹੈ। ਦਿੱਲੀ ਵਿਚ ਪ੍ਰਦੂਸ਼ਣ ਦਾ ਔਸਤ ਪੱਧਰ 364 ਪੁਆਇੰਟ ਹੈ। ਬਠਿੰਡਾ ਦਾ 326 ਹੈ।

ਬਠਿੰਡਾ ਤੋਂ ਬਾਅਦ ਪਟਿਆਲਾ ਸਭ ਤੋਂ ਵੱਧ ਦੂਸ਼ਿਤ ਸ਼ਹਿਰ ਹੈ ਜਿੱਥੇ ਹਵਾ ਦੀ ਗੁਣਵੱਤਾ ਦਾ ਪੱਧਰ 251 ਹੈ। ਹਵਾ ਪ੍ਰਦੂਸ਼ਣ ਕਾਰਨ ਦਿੱਲੀ ਦੇ ਪ੍ਰਾਇਮਰੀ ਸਕੂਲ ਬੰਦ ਕੀਤੇ ਗਏ ਹਨ। ਕਈ ਤਰ੍ਹਾਂ ਦੇ ਨਿਰਮਾਣ ਕਾਰਜ ਬੰਦ ਕੀਤੇ ਗਏ ਹਨ। ਮੌਸਮ ਵਿਚ ਨਮੀ ਵਧਣ ਕਾਰਨ ਸਮੋਗ ਵਧਣਾ ਸ਼ੁਰੂ ਹੋ ਜਾਂਦਾ ਹੈ। ਹਵਾ ਪ੍ਰਦੂਸ਼ਣ ਨਾਲ ਨਿਪਟਣ ਲਈ ਦਿੱਲੀ ਸਰਕਾਰ ਬੇਵੱਸ ਨਜ਼ਰ ਆਉਂਦੀ ਹੈ। ਫਿਰ ਸ਼ੁਰੂ ਹੁੰਦਾ ਹੈ ਇਕ-ਦੂਸਰੇ 'ਤੇ ਦੋਸ਼ ਮੜ੍ਹਨ ਦਾ ਸਿਲਸਿਲਾ ਅਤੇ ਸਿਆਸੀ ਬਿਆਨਬਾਜ਼ੀਆਂ ਦਾ ਦੌਰ। ਹਾਲਾਂਕਿ ਸਿਖ਼ਰਲੀ ਅਦਾਲਤ ਹਰ ਸਾਲ ਹਵਾ ਪ੍ਰਦੂਸ਼ਣ ਨਾਲ ਨਿਪਟਣ ਲਈ ਸਥਾਈ ਬੰਦੋਬਸਤ ਕਰਨ ਦਾ ਹੁਕਮ ਦਿੰਦੀ ਹੈ। ਪ੍ਰੰਤੂ ਕੁਝ ਕਾਗਜ਼ੀ ਖ਼ਾਨਾਪੂਰਤੀਆਂ ਤੇ ਗ਼ੈਰ-ਵਿਵਹਾਰਕ ਉਪਾਵਾਂ ਤੋਂ ਇਲਾਵਾ ਇਸ ਦਾ ਕੋਈ ਸਾਰਥਕ ਹੱਲ ਅੱਜ ਤੱਕ ਨਹੀਂ ਤਲਾਸ਼ਿਆ ਜਾ ਸਕਿਆ। ਸਿਖ਼ਰਲੀ ਅਦਾਲਤ ਨੇ ਵੀ ਪੁੱਛਿਆ ਹੈ ਕਿ ਦਿੱਲੀ ਸਰਕਾਰ ਨੇ ਪ੍ਰਦੂਸ਼ਣ ਰੋਕਣ ਲਈ ਕਿਹੜੇ ਉਪਾਅ ਕੀਤੇ ਹਨ। ਜਦ ਵੀ ਦਿੱਲੀ ਅਤੇ ਇਸ ਦੇ ਆਸ-ਪਾਸ ਦੇ ਰਾਜਾਂ ਵਿਚ ਵਾਯੂ ਪ੍ਰਦੂਸ਼ਣ ਵਧਣ ਲੱਗਦਾ ਹੈ ਤਾਂ ਇਸ ਦੇ ਨਾਲ ਲੱਗਦੇ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਇਕ-ਦੂਸਰੇ 'ਤੇ ਦੋਸ਼ ਮੜ੍ਹਨ ਦੀਆਂ ਕੋਸ਼ਿਸ਼ਾਂ ਤੇਜ਼ ਹੋ ਜਾਂਦੀਆਂ ਹਨ। ਦਿੱਲੀ ਸਰਕਾਰ ਦਾ ਕਹਿਣਾ ਹੁੰਦਾ ਹੈ ਕਿ ਜਦੋਂ ਤਕ ਆਸ-ਪਾਸ ਦੇ ਸੂਬਿਆਂ ਵਿਚ ਪਰਾਲੀ ਸਾੜ੍ਹਨ 'ਤੇ ਰੋਕ ਨਹੀਂ ਲਗਾਈ ਜਾਂਦੀ ਤਦ ਤੱਕ ਦਿੱਲੀ ਦੀ ਹਵਾ 'ਚ ਜ਼ਹਿਰ ਘੁਲਦਾ ਰਹੇਗਾ। ਵਾਯੂ ਪ੍ਰਦੂਸ਼ਣ ਸਾਹ ਨਾਲ ਸਬੰਧਤ ਬਿਮਾਰੀਆਂ ਦੇ ਨਾਲ-ਨਾਲ ਚਮੜੀ ਤੇ ਦਿਲ ਦੀਆਂ ਬਿਮਾਰੀਆਂ ਵਿਚ ਵੀ ਵਾਧਾ ਕਰਦਾ ਹੈ। ਸ਼ਿਕਾਗੋ ਯੂਨੀਵਰਸਿਟੀ ਦੇ ਐਨਰਜੀ ਪਾਲਿਸੀ ਇੰਸਟੀਚਿਊਟ ਦੇ ਏਅਰ ਕੁਆਲਿਟੀ ਇੰਡੈਕਸ -2023 ਅਨੁਸਾਰ ਹਵਾ ਪ੍ਰਦੂਸ਼ਣ ਕਾਰਨ ਦਿੱਲੀ ਵਾਸੀਆਂ ਦੀ ਔਸਤ ਉਮਰ 11.9 ਸਾਲ ਘੱਟ ਹੋ ਰਹੀ ਹੈ। ਸੰਨ 2020 ਵਿਚ ਇਹ ਅੰਕੜਾ 10.1 ਸਾਲ ਸੀ। ਇਸ ਦੀ ਵਜ੍ਹਾ ਵੀ ਕੋਈ ਲੁਕੀ-ਛਿਪੀ ਨਹੀਂ। ਇਸ 'ਤੇ ਕਾਬੂ ਪਾਉਣ ਲਈ ਦਿੱਲੀ ਸਰਕਾਰ ਨੇ ਨਿੱਜੀ ਵਾਹਨਾਂ ਉੱਤੇ ਪਾਬੰਦੀ ਲਗਾਈ ਹੈ। ਸਰਕਾਰੀ ਬੱਸਾਂ ਆਦਿ 'ਤੇ ਜ਼ਿਆਦਾ ਸਫ਼ਰ ਕਰਨ ਲਈ ਕਿਹਾ ਗਿਆ ਹੈ। ਇਕ-ਦੋ ਥਾਈਂ ਸਮੋਗ ਟਾਵਰ ਖੜ੍ਹੇ ਕੀਤੇ ਗਏ ਹਨ। ਪਾਣੀ ਦੇ ਛਿੜਕਾਅ ਆਦਿ ਵਿਚ ਤੇਜ਼ੀ ਲਿਆਂਦੀ ਗਈ ਹੈ ਅਤੇ ਜ਼ਿਆਦਾ ਦੂਸ਼ਿਤ ਇਲਾਕਿਆਂ ਵਿਚ ਐਂਟੀ ਸਮੋਗ ਗੰਨ ਚਲਾਏ ਜਾਣ ਦੇ ਹੁਕਮ ਦਿੱਤੇ ਗਏ ਹਨ। ਸੜਕਾਂ ਦੇ ਕਿਨਾਰਿਆਂ 'ਤੇ ਫੁਆਰਿਆਂ ਵਾਲੀਆਂ ਮਸ਼ੀਨਾਂ ਲਗਾਈਆਂ ਗਈਆਂ ਹਨ। ਪਰਾਲੀ ਸਾੜਨ ਵਾਲਿਆਂ 'ਤੇ ਉਪਗ੍ਰਹਿਾਂ ਰਾਹੀਂ ਨਿਗਰਾਨੀ ਰੱਖੀ ਜਾ ਰਹੀ ਹੈ। ਡੀਜ਼ਲ ਵਾਹਨਾਂ ਦੀ ਜਾਂਚ ਲਈ ਟਰੈਫਿਕ ਪੁਲਿਸ ਦੀਆਂ 18 ਟੀਮਾਂ ਦਾ ਗਠਨ ਕੀਤਾ ਗਿਆ ਹੈ। ਦਿੱਲੀ ਵਿਚ ਗੁਆਂਢੀ ਸੂਬਿਆਂ ਦੀਆਂ ਬੱਸਾਂ ਦੇ ਦਾਖ਼ਲੇ 'ਤੇ ਪਾਬੰਦੀ ਲਗਾਈ ਗਈ ਹੈ। ਸਿਰਫ਼ ਸੀਐੱਨਜੀ, ਇਲੈਕਟ੍ਰਿਕ ਤੇ ਬੀਐੱਸ-6 ਸਟੈਂਡਰਡ ਦੇ ਮਾਪਦੰਡ ਪੂਰੇ ਕਰਨ ਵਾਲੀਆਂ ਬੱਸਾਂ ਹੀ ਦਾਖ਼ਲ ਹੋ ਸਕਣਗੀਆਂ। ਇਹ ਹੁਕਮ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੇ ਹੁਕਮ ਨਾਲ ਦਿੱਤੇ ਗਏ ਹਨ। ਊਰਜਾ ਲਈ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟ ਬੰਦ ਕਰਨ, ਕੂੜੇ-ਕਰਕਟ ਦੇ ਨਬੇੜੇ ਲਈ ਵਿਗਿਆਨਕ ਤਕਨੀਕਾਂ ਦੀ ਵਰਤੋਂ ਯਕੀਨੀ ਬਣਾਉਣੀ ਹੋਵੇਗੀ।

ਜਦੋਂ ਹਵਾ ਜ਼ਿਆਦਾ ਖ਼ਰਾਬ ਹੋ ਜਾਂਦੀ ਹੈ ਤਾਂ ਸਕੂਲ-ਕਾਲਜ ਬੰਦ ਕਰ ਦਿੱਤੇ ਜਾਂਦੇ ਹਨ ਤੇ ਲੋਕਾਂ ਨੂੰ ਘਰਾਂ ਤੋਂ ਬਾਹਰ ਨਾ ਨਿਕਲਣ ਦੀ ਚਿਤਾਵਨੀ ਦਿੱਤੀ ਜਾਂਦੀ ਹੈ। ਫਿਰ ਬਾਰਿਸ਼ ਦੀ ਉਡੀਕ ਕੀਤੀ ਜਾਣ ਲੱਗਦੀ ਹੈ ਤਾਂ ਕਿ ਮੀਂਹ ਕਾਰਨ ਹਵਾ ਸਾਫ਼ ਹੋ ਜਾਵੇ। ਦਿੱਲੀ ਦੇ ਹਵਾ ਪ੍ਰਦੂਸ਼ਣ ਦੇ ਸੰਗੀਨ ਹੋਣ ਦਾ ਵੱਡਾ ਕਾਰਨ ਵਾਹਨਾਂ 'ਚੋਂ ਨਿਕਲਣ ਵਾਲਾ ਜ਼ਹਿਰੀਲਾ ਧੂੰਆਂ ਹੈ। ਪਹਿਲਾਂ ਡੀਜ਼ਲ ਵਾਹਨਾਂ ਨੂੰ ਬੰਦ ਕਰਨ ਦਾ ਪ੍ਰਸਤਾਵ ਆਇਆ ਸੀ, ਹੁਣ ਬੈਟਰੀ ਨਾਲ ਚੱਲਣ ਵਾਲੇ ਵਾਹਨਾਂ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ।




# ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ

# ਲੱਖ-ਲੱਖ ਵਧਾਈਆਂ

ਕਮਿਉਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ
ਪੰਜਾਬੀ ਮਾਂ ਬੋਲੀ ਦੇ ਸੇਵਾਦਾਰ ਅਤੇ ਨਿਊ ਇੰਡੀਆ ਚਾਟ ਕਾਫੇ ਨਾਨ ਕਰੀ ਦੇ ਮਾਲਕ



# ਮਹਿੰਦਰ ਸਿੰਘ, ਸੁਖਵਿੰਦਰ ਸਿੰਘ ਅਤੇ ਵਿਜੈ ਸੈਣੀ


Happy Diwali
ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ
ਲੱਖ-ਲੱਖ ਵਧਾਈ
ਕਮਿਊਨਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ
ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ
ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ
ਸ੍ਰੀ ਪੰਕਜ ਆਂਸਲ
ਫਾਊਂਡਰ ਯੂਨਾਈਟਿਡ ਪੰਜਾਬ ਫਰੰਟ

# ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ

**510.487.3254**

**General Contractors**

# CHANA CONSTRUCTION

Residential & Commercial

Since 1989


**Custom Homes & Additions**

Licence No. 554005

ਸਾਡਾ 43+ ਸਾਲਾਂ ਦਾ ਤਜਰਬਾ ਹੈ ਅਸੀਂ ਅਮਰੀਕਾ ਵਿਚ ਆਪਣੀ ਕੰਪਨੀ ਰਾਹੀਂ ਤਿੰਨ ਦਹਾਕਿਆਂ ਤੋਂ ਸੇਵਾ ਕਰਦੇ ਆ ਰਹੇ ਹਾਂ।



*COMMERCIAL*






*RESIDENTIAL*

## COMMERCIAL

- New Homes
- Additon
- 2nd Story addition
- Kitchan Bath
- ADU

## RESIDENTIAL

- Shopping Centre
- Tenant Improvement
- Liqour Store
- Dental Office
- Restaurant
- Pharmacy

Google

FIVE STAR
CUSTOMER RATING

**Serving The Bay Area For Past More Then 43+ Years**

* Insurance Bonded*






Contact :

**Bhupinder S. Chana**
**Devinder S. Chana**

**FAX : 510-487-0804**

**dschana@chanacoustruction.com**
**www.chanacontruction.com**





ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।

# ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ

# ਲੱਖ-ਲੱਖ ਵਧਾਈਆਂ

ਕਮਿਊਨਿਟੀ ਦੇ ਨਿਸ਼ਕਾਮ ਸੇਵਕ ਅਮਰੀਕਾ ਦੇ ਉਘੇ ਨੌਜਵਾਨ ਆਗੂ ਗਦਰੀ ਬਾਬਿਆਂ ਨੂੰ ਸਮਰਪਿਤ ਪੰਜਾਬੀ ਮਾਂ ਬੋਲੀ ਦੇ ਸੇਵਾਦਾਰ, ਅਮਰੀਕਾ ਦੇ ਉਘੇ ਟਰਾਂਸਪੋਰਟਰ ਅਤੇ ਫਾਰਮ ਬਨਾਮਾਂ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ

# ਸ੍ਰ. ਚਰਨਜੀਤ ਸਿੰਘ ਸਹੋਤਾ

# ਮਨੀਪੁਰ: 'ਡਬਲ ਇੰਜਣ ਸਰਕਾਰ' ਦਾ ਇਮਤਿਹਾਨ

**ਰਾਮਚੰਦਰ ਗੁਹਾ**

ਪਿਛਲੇ 15 ਕੁ ਦਿਨਾਂ ਦੀਆਂ ਸੁਰਖੀਆਂ 'ਚ ਦੋ ਗੱਲਾਂ ਛਾਈਆਂ ਹੋਈਆਂ ਹਨ: ਕ੍ਰਿਕਟ ਵਿਸ਼ਵ ਕੱਪ ਦੇ ਮੈਚ ਅਤੇ ਇਜ਼ਰਾਈਲ ਵਲੋਂ ਗਾਜ਼ਾ 'ਤੇ ਵਹਿਸ਼ੀਆਨਾ ਬੰਬਾਰੀ ਜੋ ਉਸ ਨੇ ਆਪਣੀ ਸਰਜ਼ਮੀਨ 'ਤੇ ਹਮਾਸ ਦੇ ਦਹਿਸ਼ਤਗਰਦ ਹਮਲੇ ਦਾ ਬਦਲਾ ਲੈਣ ਦੇ ਨਾਂ 'ਤੇ ਵਿੱਢੀ ਹੈ। ਅਸੀਂ ਇਨ੍ਹਾਂ ਦੋਵਾਂ 'ਚੋਂ ਕਿਸੇ ਨਾਲ ਕਿਸੇ ਗੱਲ ਵਿਚ ਇਸ ਕਦਰ ਗਲਤਾਨ ਹੋਏ ਪਏ ਹਾਂ ਕਿ ਸਾਨੂੰ ਚਿੱਤ ਚੇਤਾ ਹੀ ਨਹੀਂ ਕਿ ਮਨੀਪੁਰ ਦੇ ਸੰਕਟ ਨੂੰ ਛੇ ਮਹੀਨੇ ਹੋ ਗਏ ਹਨ। ਉੱਥੇ ਹਿੰਸਾ ਭੜਕਣ ਤੋਂ ਕੁਝ ਹਫ਼ਤੇ ਬਾਅਦ ਮੈਂ ਅੰਗਰੇਜ਼ੀ ਦੀ ਇਕ ਅਖ਼ਬਾਰ ਵਿਚ ਲੇਖ ਲਿਖਿਆ ਸੀ ਤੇ ਇਕ ਵੈੱਬਸਾਈਟ ਨੂੰ ਇੰਟਰਵਿਊ ਦਿੱਤਾ ਸੀ ਅਤੇ ਸਥਿਤੀ ਦੀ ਗੰਭੀਰਤਾ ਸਮਝਣ 'ਤੇ ਜ਼ੋਰ ਦਿੱਤਾ ਸੀ। ਮੇਰੇ ਲੇਖ 'ਤੇ ਕਿਸੇ ਟਿੱਪਣੀਕਾਰ ਨੇ ਬੜਾ ਢੁਕਵਾਂ ਪ੍ਰਤੀਕਰਮ ਦਿੱਤਾ ਸੀ: "ਭਾਜਪਾ ਦੀ ਸਮੱਸਿਆ ਇਹ ਹੈ ਕਿ ਉਹ ਮਨੀਪੁਰ ਨੂੰ ਕੋਈ ਕੌਮੀ ਸੰਕਟ ਨਹੀਂ ਮੰਨਦੀ, ਉਨ੍ਹਾਂ ਦਾ ਖਿਆਲ ਹੈ ਕਿ ਫਰਾਂਸ ਦੀਆਂ ਸੜਕਾਂ 'ਤੇ ਹੋ ਰਹੇ ਪ੍ਰਦਰਸ਼ਨ ਕੌਮੀ ਸੰਕਟ ਹਨ, ਕਿਸੇ ਪਾਕਿਸਤਾਨੀ ਔਰਤ ਦਾ ਭਾਰਤੀ ਬੰਦੇ ਨਾਲ ਵਿਆਹ ਕਰਵਾਉਣਾ ਕੌਮੀ ਸੰਕਟ ਹੈ, ਕਿਸੇ ਛੋਟੇ ਜਿਹੇ ਪਿੰਡ ਵਿਚ ਇਕ ਮੁਸਲਮਾਨ ਦੀ ਕਿਸੇ ਹਿੰਦੂ ਨਾਲ ਸ਼ਾਦੀ ਹੋ ਜਾਵੇ ਤਾਂ ਇਹ ਕੌਮੀ ਸੰਕਟ ਬਣ ਜਾਂਦਾ ਹੈ।

ਹੋ ਸਕਦਾ ਹੈ, ਇਹ ਲੇਖ ਸਾਡਾ ਸਾਰਿਆਂ ਦਾ ਧਿਆਨ ਇਕ ਵਾਰ ਮੁੜ ਮਨੀਪੁਰ ਦੇ ਸੰਕਟ ਜੋ ਹੁਣ ਆਪਣੇ ਸੱਤਵੇਂ ਮਹੀਨੇ ਵਿਚ ਦਾਖ਼ਲ ਹੋ ਗਿਆ ਹੈ, ਵੱਲ ਖਿੱਚਣ ਵਿਚ ਸਫ਼ਲ ਨਾ ਵੀ ਹੋ ਸਕੇ। ਮਨੀਪੁਰ ਵਿਚ ਮੇਰੀ ਆਪਣੀ ਦਿਲਚਸਪੀ ਇਤਿਹਾਸਕਾਰ ਵਜੋਂ ਹੋਈ ਸੀ ਤਾਂ ਕਿ ਮੈਂ ਇਹ ਸਮਝ ਸਕਾਂ ਕਿ ਕਿਵੇਂ ਇਹ 1949 ਵਿਚ ਭਾਰਤੀ ਸਟੇਟ/ਰਿਆਸਤ ਦਾ ਹਿੱਸਾ ਬਣਿਆ ਅਤੇ ਉਦੋਂ ਤੋਂ ਇਸ ਦੀ ਕਾਰਗੁਜ਼ਾਰੀ ਕਿਹੋ ਜਿਹੀ ਹੈ। ਕੁਝ ਸਾਲ ਪਹਿਲਾਂ ਜਦੋਂ ਮਨੀਪੁਰ ਦਾ ਦੌਰਾ ਕੀਤਾ ਸੀ ਤਾਂ ਇਸ ਦੇ ਕੁਦਰਤੀ ਸੁਹੱਪਣ, ਸੰਗੀਤ ਅਤੇ ਨ?ਰਤਿ ਦੀਆਂ ਰਵਾਇਤਾਂ ਦੀ ਅਮੀਰੀ, ਔਰਤਾਂ ਦੀ ਆਜ਼ਾਦੀ ਅਤੇ ਇਸ ਦੇ ਨਾਲ ਹੀ ਇਸ ਦੇ ਤਿੰਨ ਮੁੱਖ ਨਸਲੀ ਸਮੂਹਾਂ ਮੈਤੇਈਆਂ, ਨਾਗਿਆਂ ਅਤੇ ਕੁਕੀਆਂ ਦੇ ਆਪਸੀ ਸਬੰਧ ਦੇਖ ਜਾਣ ਕੇ ਮੇਰੀ ਦਿਲਚਸਪੀ ਹੋਰ ਗਹਿਰੀ ਹੋ ਗਈ ਸੀ। ਹਾਲਾਂਕਿ ਇਕ ਇਤਿਹਾਸਕਾਰ ਅਤੇ ਮੁਸਾਫਿ?ਰ ਦੀ ਨਜ਼ਰ ਤੋਂ ਤਣਾਅ ਸਾਫ਼ ਨਜ਼ਰ ਆ ਰਿਹਾ ਸੀ ਪਰ ਜਿਸ ਪੈਮਾਨੇ ਅਤੇ ਸ਼ਿੱਦਤ ਨਾਲ ਮੌਜੂਦਾ ਟਕਰਾਅ ਸਾਹਮਣੇ ਆਇਆ, ਉਸ ਦੀ ਪਿੱਛੇ ਕਤਿ ਮਿਸਾਲ ਨਹੀਂ ਮਿਲਦੀ




**ਸਾਡੇ ਦੇਸ਼ ਅੰਦਰ ਵੱਖ ਵੱਖ ਨਸਲੀ ਅਤੇ ਧਾਰਮਿਕ ਸਮੂਹਾਂ ਦਰਮਿਆਨ ਟਕਰਾਅ ਨਵਾਂ ਵਰਤਾਰਾ ਨਹੀਂ। ਅਜਿਹੇ ਟਕਰਾਅ ਆਜ਼ਾਦ ਮੁਲਕ ਵਜੋਂ ਸਾਡੀ ਕਵਾਇਦ ਦਾ ਸਥਾਈ ਲੱਛਣ ਬਣੇ ਰਹੇ ਹਨ। ਇਸ ਗੜਬੜਜ਼ਦਾ ਇਤਿਹਾਸ ਦੇ ਬਾਵਜੂਦ ਮੈਤੇਈਆਂ ਅਤੇ ਕੁਕੀਆਂ ਦਰਮਿਆਨ ਚੱਲ ਰਹੇ ਟਕਰਾਅ ਹਿੰਸਾ ਦੇ ਪੈਮਾਨੇ ਤੇ ਖ਼ਾਸਕਰ ਮੁਕੰਮਲ ਧਰੁਵੀਕਰਨ ਦੇ ਲਿਹਾਜ਼ ਤੋਂ ਇਹ ਆਪਣੀ ਕਿਸਮ ਦਾ ਵਰਤਾਰਾ ਹੋ ਨਿੱਬੜਿਆ ਹੈ।**

ਅਤੇ ਸ਼ਾਇਦ ਕਿਸੇ ਨੇ ਇਸ ਦਾ ਕਿਆਸ ਵੀ ਨਹੀਂ ਕੀਤਾ ਸੀ। ਪਿਛਲੇ ਕੁਝ ਮਹੀਨਿਆਂ ਤੋਂ ਮੈਤੇਈ ਖਾੜਕੂਆਂ (ਮਿਲੀਟੈਂਟਾਂ) ਅਤੇ ਕੁਕੀ-ਜ਼ੋ ਖਾੜਕੂਆਂ ਨੇ ਇਕ ਦੂਜੇ ਨੂੰ ਸਿਰੇ ਦਾ ਦੁਸ਼ਮਣ ਮੰਨ ਲਿਆ ਹੈ। ਜ਼ਮੀਨ 'ਤੇ ਹਿੰਸਾ ਦਾ ਇਕ ਰੂਪ ਆਨਲਾਈਨ ਵੀ ਦੇਖਣ ਨੂੰ ਮਿਲ ਰਿਹਾ ਹੈ ਜਿੱਥੇ ਗਾਲੀ ਗਲੋਚ ਵਾਲੀਆਂ ਟਿੱਪਣੀਆਂ ਦਾ ਦੌਰ ਚੱਲਦਾ ਰਿਹਾ ਹੈ।

ਮਨੀਪੁਰ ਦੇ ਸੰਕਟ ਮੁਤੱਲਕ ਜੋ ਕੁਝ ਅਸੀਂ ਜਾਣਦੇ ਹਾਂ, ਗੋਦੀ ਮੀਡੀਆ ਨੇ ਉਹ ਸਭ ਕੁਝ ਲੁਕੋਅ ਲਿਆ ਜਾਂ ਨਜ਼ਰਅੰਦਾਜ਼ ਕਰ ਛੱਡਿਆ ਹੈ। ਚੰਗੇ ਭਾਗੀਂ, ਸਾਨੂੰ 'ਸਕਰੌਲ' ਅਤੇ 'ਦਿ ਵਾਇਰ' ਜਿਹੀਆਂ ਸੁਤੰਤਰ ਵੈੱਬਸਾਈਟਾਂ ਰਾਹੀਂ ਉੱਥੋਂ ਦੀਆਂ ਅਸਲ ਘਟਨਾਵਾਂ ਦਾ ਪਤਾ ਲੱਗ ਸਕਿਆ। 'ਸਕਰੌਲ' ਨੇ ਆਪਣਾ ਧਿਆਨ ਜ਼ਮੀਨੀ ਰਿਪੋਰਟਾਂ ਅਤੇ 'ਦਿ ਵਾਇਰ' ਨੇ ਮਸਲੇ ਨਾਲ ਜੁੜੇ ਵੱਖ ਵੱਖ ਸਮੂਹਾਂ ਦੇ ਨੁਮਾਇੰਦਿਆਂ ਨਾਲ ਮੁਲਾਕਾਤਾਂ ਉੱਪਰ ਕੇਂਦਰਤ ਕੀਤਾ। ਇਨ੍ਹਾਂ ਤੋਂ ਇਲਾਵਾ ਮੈਂ ਉਸ ਸੂਬੇ ਦੇ ਵੱਖੋ ਵੱਖਰੇ ਖੇਤਰਾਂ ਨਾਲ ਜੁੜੇ ਆਪਣੇ ਸਹਿਕਰਮੀਆਂ ਨਾਲ ਗੱਲ ਕਰ ਕੇ ਖ਼ੁਦ ਨੂੰ ਬਾਖ਼ਬਰ ਰੱਖਿਆ ਹੈ।

ਇਹ ਗੱਲ ਮੰਨਣਯੋਗ ਹੈ ਕਿ ਮਈ 2023 ਤੋਂ ਪਹਿਲਾਂ ਵੀ ਕੁਕੀ ਅਤੇ ਮੈਤੇਈ ਲੋਕਾਂ ਦਰਮਿਆਨ ਮੁਕੰਮਲ ਸਦਭਾਵਨਾ ਨਹੀਂ ਸੀ। ਉਨ੍ਹਾਂ ਦੇ ਧਰਮ ਵੱਖੋ ਵੱਖਰੇ ਸਨ, ਜਿ?ਆਦਾਤਰ ਕੁਕੀ ਈਸਾਈ ਹਨ ਅਤੇ ਬਹੁਤੇ ਮੈਤੇਈ ਹਿੰਦੂ ਹਨ। ਕੁਕੀ ਪਹਾੜੀ ਖੇਤਰਾਂ ਵਿਚ ਵਸਦੇ ਹਨ, ਮੈਤੇਈਆਂ ਦੀ ਬਹੁਗਿਣਤੀ ਇੰਫਾਲ ਵਾਦੀ ਵਿਚ ਹੈ। ਕੁਕੀ ਆਮ ਤੌਰ 'ਤੇ ਮੈਤੇਈ ਸਿਆਸਤਦਾਨਾਂ ਵਲੋਂ ਆਪਣੇ ਭਾਈਚਾਰੇ ਦੀ ਪੁਸ਼ਤਪਨਾਹੀ ਖਿਲਾਫ਼ ਰੋਸ ਜਤਾਉਂਦੇ ਸਨ; ਮੈਤੇਈਆਂ ਨੂੰ ਸ਼ਿਕਾਇਤ ਸੀ ਕਿ ਕੁਕੀਆਂ ਨੂੰ ਅਨੁਸੂਚਿਤ ਕਬੀਲੇ ਦਾ ਦਰਜਾ ਮਿਲਣ ਕਰ ਕੇ ਸਰਕਾਰੀ ਨੌਕਰੀਆਂ ਹਾਸਿਲ ਕਰਨ ਵਿਚ ਉਨ੍ਹਾਂ ਨੂੰ ਫ਼ਾਇਦਾ ਹੁੰਦਾ ਹੈ।

ਸਾਡੇ ਦੇਸ਼ ਅੰਦਰ ਵੱਖ ਵੱਖ ਨਸਲੀ ਅਤੇ ਧਾਰਮਿਕ ਸਮੂਹਾਂ ਦਰਮਿਆਨ ਟਕਰਾਅ ਨਵਾਂ ਵਰਤਾਰਾ ਨਹੀਂ। ਅਜਿਹੇ ਟਕਰਾਅ ਆਜ਼ਾਦ ਮੁਲਕ ਵਜੋਂ ਸਾਡੀ ਕਵਾਇਦ ਦਾ ਸਥਾਈ ਲੱਛਣ ਬਣੇ ਰਹੇ ਹਨ। ਇਸ ਗੜਬੜਜ਼ਦਾ ਇਤਿਹਾਸ ਦੇ ਬਾਵਜੂਦ ਮੈਤੇਈਆਂ ਅਤੇ ਕੁਕੀਆਂ ਦਰਮਿਆਨ ਚੱਲ ਰਹੇ ਟਕਰਾਅ ਹਿੰਸਾ ਦੇ ਪੈਮਾਨੇ ਤੇ ਖ਼ਾਸਕਰ ਮੁਕੰਮਲ ਧਰੁਵੀਕਰਨ ਦੇ ਲਿਹਾਜ਼ ਤੋਂ ਇਹ ਆਪਣੀ ਕਿਸਮ ਦਾ ਵਰਤਾਰਾ ਹੋ ਨਿੱਬੜਿਆ ਹੈ। ਸੁਤੰਤਰ ਸਮੀਖਿਅਕਾਂ ਦੇ ਇਕੱਤਰ ਸਬੂਤਾਂ ਤੋਂ ਪਤਾ ਲੱਗਿਆ ਹੈ ਕਿ ਟਕਰਾਅ ਵਿਚ ਕੁਕੀਆਂ ਨੂੰ ਨਿਸਬਤਨ ਜ਼ਿਆਦਾ ਨੁਕਸਾਨ ਝੱਲਣਾ ਪਿਆ ਕਿਉਂਕਿ ਰਾਜਕੀ ਸੱਤਾ 'ਤੇ ਮੈਤੇਈਆਂ ਦਾ ਕਬਜ਼ਾ ਹੈ ਅਤੇ ਪੁਲੀਸ ਤੇ ਨੌਕਰਸ਼ਾਹੀ ਮੈਤੇਈ ਸਿਆਸਤਦਾਨਾਂ ਨੂੰ ਰਿਪੋਰਟ ਕਰਦੀ ਹੈ।

ਮਈ 2023 ਤੋਂ ਪਹਿਲਾਂ ਵੀ ਮੈਤੇਈਆਂ ਅਤੇ ਕੁਕੀਆਂ ਦਰਮਿਆਨ ਇਕ ਹੱਦ ਤੱਕ ਬੇਵਿਸਾਹੀ ਦਾ ਮਾਹੌਲ ਸੀ; ਉਸ ਤੋਂ ਬਾਅਦ ਤਾਂ ਰਿਸ਼ਤੇ ਜ਼ਹਿਰੀਲੇ ਹੋ ਗਏ। ਕਿਸੇ ਵੇਲੇ ਇੰਨੀ ਕੁ ਸਹਿਣਸ਼ੀਲਤਾ ਸੀ ਕਿ ਬਹੁਤ ਸਾਰੇ ਕੁਕੀ ਇੰਫਾਲ ਵਾਦੀ ਅਤੇ ਮੈਤੇਈ ਪਹਾੜੀ ਖੇਤਰਾਂ ਵਿਚ ਰਹਿ ਸਕਦੇ ਸਨ ਪਰ ਹੁਣ ਨਸਲੀ ਵਖਰੇਵਾਂ ਹੈ; ਕੁਕੀ ਇੰਫਾਲ ਵਾਦੀ ਛੱਡ ਗਏ ਹਨ ਅਤੇ ਮੈਤੇਈ ਪਹਾੜੀ ਖੇਤਰਾਂ 'ਚੋਂ ਜਾ ਚੁੱਕੇ ਹਨ।

ਇਹ ਜੋ ਤਰਾਸਦਿਕ ਹਾਲਾਤ ਬਣੇ ਹਨ, ਉਨ੍ਹਾਂ ਲਈ ਮੁੱਖ ਤੌਰ 'ਤੇ ਤਿੰਨ ਸ਼ਖ਼ਸ ਜ਼ਿੰਮੇਵਾਰ ਹਨ। ਪਹਿਲਾ ਹੈ ਮਨੀਪੁਰ ਦਾ ਮੁੱਖ ਮੰਤਰੀ ਬਿਰੇਨ ਸਿੰਘ ਜਿਸ ਨੇ ਨੰਗੇ ਚਿੱਟੇ ਰੂਪ ਵਿਚ ਮੈਤੇਈਆਂ ਦਾ ਪੱਖ ਪੂਰਿਆ। ਬਿਰੇਨ ਸਿੰਘ ਸਰਕਾਰ ਜਿੰਨੀ ਵਿਚਾਰਧਾਰਕ ਪੱਖਪਾਤੀ ਰਹੀ ਹੈ, ਉਸੇ ਹਿਸਾਬ ਨਾਲ ਇਸ ਦੀ ਪ੍ਰਸ਼ਾਸਕੀ ਨਾ-ਅਹਿਲੀਅਤ ਸਾਬਤਿ ਹੋਈ ਹੈ। 'ਇੰਡੀਅਨ ਐਕਸਪ੍ਰੈਸ' ਦੀ ਦਸਤਾਵੇਜ਼ੀ ਰਿਪੋਰਟ ਵਿਚ ਕਿਹਾ ਗਿਆ ਸੀ ਕਿ ਟਕਰਾਅ ਪੈਦਾ ਹੋਣ ਤੋਂ ਤੁਰੰਤ ਬਾਅਦ ਮਿਲੀਟੈਂਟ ਗਰੁੱਪਾਂ ਵਲੋਂ ਵੱਡੇ ਪੱਧਰ 'ਤੇ ਹਥਿਆਰਾਂ ਦੀ ਲੁੱਟ ਖੋਹ ਨੂੰ ਨਾ ਕੇਵਲ ਸੂਬਾ ਸਰਕਾਰ ਦੀ ਸਹਿਮਤੀ ਹਾਸਲ ਸੀ ਸਗੋਂ ਸ਼ਾਇਦ ਇਸ ਲਈ ਹੱਲਾਸ਼ੇਰੀ ਵੀ ਦਿੱਤੀ ਗਈ। ਲੁੱਟੇ ਗਏ ਹਥਿਆਰਾਂ ਦਾ ਮਾਮੂਲੀ ਹਿੱਸਾ ਹੀ ਅਜੇ ਤੱਕ ਬਰਾਮਦ ਕੀਤਾ ਜਾ ਸਕਿਆ ਹੈ। ਮਨੀਪੁਰ ਵਿਚ ਚੱਲ ਰਹੀ ਤਰਾਸਦੀ ਦੀ ਦੂਜੀ ਵਿਅਕਤੀਗਤ ਜ਼ਿੰਮੇਵਾਰੀ ਕੇਂਦਰੀ ਗ੍ਰਹਿ ਮੰਤਰੀ ਦੀ ਹੈ ਜਿਨ੍ਹਾਂ ਸੂਬੇ ਦਾ ਦੌਰਾ ਕਰਨ ਤੋਂ ਬਾਅਦ ਹਿੰਸਾ ਨੂੰ ਠੱਲ੍ਹ ਪਾਉਣ ਲਈ ਕੋਈ ਤਰੱਦਦ ਨਹੀਂ ਕੀਤਾ ਸਗੋਂ ਉਹ ਹੋਰਨਾਂ ਸੂਬਿਆਂ ਵਿਚ ਅਸੈਂਬਲੀ ਚੋਣਾਂ ਮੌਕੇ ਆਪਣਾ ਸਮਾਂ ਤੇ ਊਰਜਾ ਵੋਟਰਾਂ ਦੇ ਧਰੁਵੀਕਰਨ 'ਤੇ ਲਾ ਰਹੇ ਹਨ। ਤੀਜੇ ਹਨ ਪ੍ਰਧਾਨ ਮੰਤਰੀ ਜੋ ਉਦੋਂ ਤੋਂ ਲੈ ਕੇ ਹੁਣ ਤੱਕ ਇਕ ਵਾਰ ਵੀ ਮਨੀਪੁਰ ਨਹੀਂ ਗਏ ਅਤੇ ਸਾਰਾ ਜ਼ਿੰਮਾ ਮੁੱਖ ਮੰਤਰੀ ਅਤੇ ਆਪਣੇ ਗ੍ਰਹਿ ਮੰਤਰੀ ਨੂੰ ਸੌਂਪ ਰੱਖਿਆ ਹੈ ਜਿਨ੍ਹਾਂ ਨੇ ਸੰਕਟ ਨੂੰ ਸੁਲਝਾਉਣ ਲਈ ਕੋਈ ਕਦਮ ਨਹੀਂ ਪੁੱਟਿਆ। ਪਤਾ ਨਹੀਂ ਇਹ ਸੰਵੇਦਨਹੀਣਤਾ ਹੈ ਜਾਂ ਹੰਕਾਰ ਪਰ ਮਨੀਪੁਰ ਦੇ ਲੋਕਾਂ ਨੂੰ ਉਨ੍ਹਾਂ ਦੇ ਹਾਲ 'ਤੇ ਇੰਝ ਛੱਡ ਦੇਣਾ, ਪ੍ਰਧਾਨ ਮੰਤਰੀ ਨੂੰ ਸੋਭਾ ਨਹੀਂ ਦਿੰਦਾ। ਜੇ ਨਰਿੰਦਰ ਮੋਦੀ ਸੂਬੇ ਦਾ ਦੌਰਾ ਕਰਦੇ ਅਤੇ ਵਾਦੀ ਤੇ ਪਹਾੜੀ ਖੇਤਰਾਂ ਦਾ ਜਾਇਜ਼ਾ ਲੈਂਦੇ ਤਾਂ ਇਸ ਨਾਲ ਸੰਕੇਤ ਜਾਣਾ ਸੀ ਕਿ ਮੈਤੇਈ ਹੋਣ ਜਾਂ ਕੁਕੀ ਜਾਂ ਕੋਈ ਹੋਰ, ਉਹ ਸਾਰੇ ਮਨੀਪੁਰੀ ਲੋਕਾਂ ਦੀ ਫਿ?ਕਰ ਕਰਦੇ ਹਨ। ਇਸ ਨਾਲ ਟਕਰਾਅ ਵਿਚ ਸ਼ਾਮਿਲ ਦੋਵੇਂ ਭਾਈਚਾਰਿਆਂ ਦੇ ਆਗੂਆਂ ਵਿਚਕਾਰ ਗੱਲਬਾਤ ਸ਼ੁਰੂ ਹੋ ਸਕਦੀ ਸੀ।

ਮੁੱਖ ਮੰਤਰੀ ਬਿਰੇਨ ਸਿੰਘ ਨੇ ਉਹੀ ਕੀਤਾ ਜਿਸ ਵਿਚ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਮੈਤੇਈ ਨਸਲੀ ਸ਼੍ਰੇਸਠਤਾ ਨੂੰ ਸ਼ਹਿ ਦੇਣ ਨਾਲ ਉਨ੍ਹਾਂ ਨੂੰ ਅਹੁਦੇ 'ਤੇ ਬਣੇ ਰਹਿਣ ਵਿਚ ਮਦਦ ਮਿਲ ਸਕਦੀ ਹੈ ਪਰ ਅਮਤਿ ਸ਼ਾਹ ਅਤੇ ਨਰਿੰਦਰ ਮੋਦੀ ਨੇ ਮਨੀਪੁਰ ਅਤੇ ਉੱਥੋਂ ਦੇ ਲੋਕਾਂ ਨੂੰ ਇੰਝ ਅਣਡਿੱਠ ਕਿਉਂ ਕੀਤਾ? ਕੀ ਇਸ ਦਾ ਕਾਰਨ ਇਹ ਸੀ ਕਿ ਇਸ ਦੇ ਪਹਿਲੇ ਕਦਮ ਵਜੋਂ ਬਿਰੇਨ ਸਿੰਘ ਦੀ ਬਰਤਰਫ਼ੀ ਨਾਲ ਕਮਜ਼ੋਰੀ 'ਤੇ ਮੋਹਰ ਲੱਗ ਜਾਣੀ ਸੀ? ਕੀ ਇਸ ਲਈ ਕਿ ਉਹ ਇਹ ਸੋਚਦੇ ਹਨ ਕਿ ਕੁਕੀਆਂ ਨੂੰ ਬਦਨਾਮ ਕਰਨ ਨਾਲ ਉਨ੍ਹਾਂ ਨੂੰ ਅਗਲੀਆਂ ਲੋਕ ਸਭਾ ਚੋਣਾਂ ਵਿਚ ਹਿੰਦੂ ਵੋਟਾਂ ਨੂੰ ਇਕਜੁੱਟ ਕਰਨ ਵਿਚ ਮਦਦ ਮਿਲ ਸਕਦੀ ਹੈ? ਪਿਛਲੇ ਕੁਝ ਮਹੀਨਿਆਂ ਤੋਂ ਗ੍ਰਹਿ ਮੰਤਰੀ ਅਤੇ ਪ੍ਰਧਾਨ ਮੰਤਰੀ ਨੇ ਮਨੀਪੁਰ ਬਾਰੇ ਚੁੱਪ ਵੱਟੀ ਹੋਈ ਹੈ; ਰਾਜਸਥਾਨ, ਤਿਲੰਗਾਨਾ ਅਤੇ ਹੋਰ ਸੂਬਿਆਂ ਦੇ ਚੋਣ ਪ੍ਰਚਾਰ ਦੌਰਾਨ ਦੌਰਾਨ ਉਹ ਹੋਰ ਮੁੱਦਿਆਂ 'ਤੇ ਬਥੇਰਾ ਬੋਲ ਰਹੇ ਹਨ। ਦਿਲਚਸਪ ਗੱਲ ਹੈ ਕਿ ਆਰਐੱਸਐੱਸ ਦੇ ਮੁਖੀ ਨੇ ਵਜਿੈ ਦਸ਼ਮੀ ਸਮਾਗਮ ਮੌਕੇ ਆਪਣੇ ਭਾਸ਼ਣ ਵਿਚ ਮਨੀਪੁਰ ਦਾ ਮੁੱਦਾ ਛੋਹਿਆ ਸੀ ਜਿਸ ਵਿਚ ਉਨ੍ਹਾਂ ਆਖਿਆ- "ਲੰਮੇ ਸਮੇਂ ਤੋਂ ਇਕੱਠੇ ਰਹਿੰਦੇ ਮੈਤੇਈਆਂ ਅਤੇ ਕੁਕੀਆਂ ਵਿਚਕਾਰ ਐਨਾ ਟਕਰਾਅ ਕਿਉਂ ਪੈਦਾ ਹੋਇਆ? ਇਸ ਤੋਂ ਕਿਸ ਨੂੰ ਲਾਭ ਹੋ ਰਿਹਾ ਹੈ? ਕੀ ਕੋਈ ਬਾਹਰੀ ਸ਼ਕਤੀਆਂ ਸਨ? ਉੱਥੇ ਮਜ਼ਬੂਤ ਸਰਕਾਰ ਮੌਜੂਦ ਹੈ। ਕੇਂਦਰੀ ਗ੍ਰਹਿ ਮੰਤਰੀ ਨੇ ਸੂਬੇ ਦਾ ਦੌਰਾ ਕੀਤਾ ਸੀ ਪਰ ਜਦੋਂ ਵੀ ਮਾਮਲਾ ਸ਼ਾਂਤ ਹੋਣ ਲੱਗਦਾ ਹੈ ਤਾਂ ਕੋਈ ਨਾ ਕੋਈ ਤਰਾਸਦੀ ਵਾਪਰ ਜਾਂਦੀ ਹੈ ਇਹ ਲੋਕ ਕੌਣ ਹਨ? ਇਸ ਨੂੰ ਭੜਕਾਇਆ ਜਾ ਰਿਹਾ ਹੈ। ਮੋਹਨ ਭਾਗਵਤ ਦੇ ਇਸ ਭਾਸ਼ਣ ਤੋਂ ਪਹਿਲਾਂ ਅਤੇ ਬਾਅਦ ਵਿਚ ਮਨੀਪੁਰ ਦੇ ਸੰਕਟ ਲਈ ਵਿਦੇਸ਼ੀ ਹੱਥ ਜ਼ਿੰਮੇਵਾਰ ਹੋਣ ਦੇ ਦੋਸ਼ ਨੂੰ ਸੋਸ਼ਲ ਮੀਡੀਆ 'ਤੇ ਖ਼ੂਬ ਪ੍ਰਚਾਰਿਆ ਗਿਆ। ਇਹ ਇਸ਼ਾਰਾ ਵੀ ਕੀਤਾ ਜਾ ਰਿਹਾ ਹੈ ਕਿ ਕੁਕੀ ਜ਼ਿਆਦਾਤਰ ਈਸਾਈ ਹਨ; ਮੈਤੇਈ ਜ਼ਿਆਦਾਤਰ ਹਿੰਦੂ ਹਨ ਜਿਸ ਕਰ ਕੇ ਉਹ ਪੱਕੇ ਤੇ ਪੂਰੀ ਤਰ੍ਹਾਂ ਦੇਸ਼ਭਗਤ ਹਨ। ਇਹ ਦਾਅਵੇ ਨਿਰੇ ਝੂਠੇ ਤੇ ਬੇਬੁਨਿਆਦ ਹਨ। ਫਿਲਹਾਲ ਮਨੀਪੁਰ ਸੰਕਟ ਦੀ ਸ਼ਿੱਦਤ ਵਿਚ ਕਮੀ ਆਉਣ ਦੇ ਕੋਈ ਸੰਕੇਤ ਨਹੀਂ ਜੋ 'ਡਬਲ ਇੰਜਣ ਸਰਕਾਰ' ਦੀ ਸਿਰੇ ਦੀ ਨਾਕਾਮੀ ਹੈ। ਕੇਂਦਰ ਅਤੇ ਸੂਬੇ ਵਿਚ ਆਪਣੇ ਬਹੁਮਤ ਦੇ ਬਾਵਜੂਦ ਪੁਲੀਸ ਤੇ ਨੀਮ ਫ਼ੌਜੀ ਦਸਤਿਆਂ ਅਤੇ ਕਾਨੂੰਨ ਵਿਵਸਥਾ ਉਪਰ ਕੰਟਰੋਲ ਹੋਣ ਦੇ ਬਾਵਜੂਦ ਮੋਦੀ-ਸ਼ਾਹ ਸਰਕਾਰ ਨੇ ਮਨੀਪੁਰ ਅਤੇ ਮਨੀਪੁਰ ਦੀ ਅਵਾਮ ਨੂੰ ਇਸ ਨੌਬਤ ਨੂੰ ਪਹੁੰਚਾ ਦਿੱਤਾ ਹੈ। ਮੋਹਨ ਭਾਗਵਤ ਦਾ ਦਾਅਵਾ ਹੈ ਕਿ ਆਰਐੱਸਐੱਸ ਦੇ ਪ੍ਰਚਾਰਕ ਵਲੋਂ ਚਲਾਈ ਜਾ ਰਹੀ ਸਰਕਾਰ ਮਜ਼ਬੂਤ ਹੈ; ਹਾਲਾਂਕਿ ਜੇ ਸਹੀ ਢੰਗ ਨਾਲ ਆਖਣਾ ਹੋਵੇ ਤਾਂ ਇਹ ਨਾ-ਅਹਿਲ ਅਤੇ ਦੁਸ਼ਟ ਸਰਕਾਰ ਜਾਪਦੀ ਹੈ। ਸਰਕਾਰ ਦੀ ਨਾ-ਅਹਿਲੀਅਤ ਉਦੋਂ ਜ਼ਾਹਿਰ ਹੋਈ ਜਦੋਂ ਇਸ ਨੇ ਅਮਨ ਕਾਨੂੰਨ ਦਾ ਆਪਣਾ ਜ਼ਿੰਮਾ ਪ੍ਰਾਈਵੇਟ ਅਦਾਕਾਰਾਂ ਦੇ ਸਪੁਰਦ ਕਰ ਦਿੱਤਾ; ਇਸ ਦੀ ਦੁਸ਼ਟਤਾ ਉਦੋਂ ਉਜਾਗਰ ਹੋਈ ਜਦੋਂ ਇਸ ਨੇ ਅਗਲੀਆਂ ਆਮ ਚੋਣਾਂ ਵਿਚ ਆਪਣੇ ਜਿੱਤ ਦੇ ਆਸਾਰ ਵਧਾਉਣ ਲਈ ਸਰਹੱਦੀ ਸੂਬੇ ਅੰਦਰ ਆਪਣੇ ਬਹੁਗਿਣਤੀਵਾਦੀ ਏਜੰਡੇ ਨੂੰ ਹੱਲਾਸ਼ੇਰੀ ਦਿੱਤੀ।










ਰੱਬ ਕਰੇ ਦੀਵਾਲੀ ਦੇ ਦੀਵੇ ਦੀ ਲੋਅ ਹਰੇਕ ਘਰ 'ਚ ਖੁਸ਼ੀਆਂ,
ਤਰੱਕੀਆਂ ਤੇ ਤੰਦਰੁਸਤੀਆਂ ਲੈ ਕੇ ਆਵੇ....
ਸਭ ਦੇ ਮਨਾਂ ਵਿਚ ਸਾਂਝੀਵਾਲਤਾ ਤੇ ਭਾਈਚਾਰੇ ਦੀ ਭਾਵਨਾ ਚਮਕੇ

# ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ
# ਲੱਖ-ਲੱਖ ਵਧਾਈਆਂ



ਕਮਿਉਨਟੀ ਦੇ ਨਿਸ਼ਕਾਮ ਸੇਵਾਦਾਰ

**ਡਾ.ਜਸਪਾਲ ਸਿੰਘ ਸੈਣੀ ਨਾਰਥ ਰਿਜ਼ ਕੈਲੀਫੋਰਨੀਆ**

## ਦੂਜਿਆਂ ਨੂੰ ਪ੍ਰਕਾਸ਼ ਵੰਡਣ ਦਾ ਤਿਉਹਾਰ

# ਦੀਵਾਲੀ



ਭਾਰਤ ਨੂੰ ਤਿਉਹਾਰਾਂ ਦਾ ਦੇਸ਼ ਕਿਹਾ ਜਾਂਦਾ ਹੈ, ਕਿਉਂਕਿ ਇਥੇ ਧਰਮ, ਇਤਿਹਾਸ ਅਤੇ ਮੌਸਮ ਨਾਲ ਸੰਬੰਧਿਤ ਬਹੁਤ ਸਾਰੇ ਤਿਉਹਾਰ ਮਨਾਏ ਜਾਂਦੇ ਹਨ। ਅਕਤੂਬਰ ਅਤੇ ਨਵੰਬਰ ਮਹੀਨੇ 'ਚ ਠੰਢ ਦੀ ਦਸਤਕ ਦੇ ਨਾਲ ਤਿਉਹਾਰਾਂ ਦੀਆਂ ਰੌਣਕਾਂ ਸ਼ੁਰੂ ਹੋ ਜਾਂਦੀਆਂ ਹਨ। ਦੀਵਾਲੀ ਭਾਰਤ ਦਾ ਕੌਮੀ ਤਿਉਹਾਰ ਹੈ, ਜੋ ਪੰਜਾਬ 'ਚ ਨਹੀਂ ਸਗੋਂ ਪੂਰੇ ਭਾਰਤ 'ਚ ਬੜੀ ਸ਼ਰਧਾ ਅਤੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਂਦਾ ਹੈ। ਹਿੰਦੂਆਂ ਅਤੇ ਸਿੱਖਾਂ ਵਲੋਂ ਸਾਂਝੇ ਤੌਰ 'ਤੇ ਮਨਾਇਆ ਜਾਣ ਵਾਲਾ ਤਿਉਹਾਰ ਦੀਵਾਲੀ ਸਾਰੇ ਭਾਰਤ ਵਾਸੀਆਂ 'ਚ ਕੌਮੀ ਏਕਤਾ ਅਤੇ ਸਦਭਾਵਨਾ ਨੂੰ ਪ੍ਰਚੰਡ ਕਰਦਾ ਹੈ। ਰੌਸ਼ਨੀਆਂ ਦੇ ਇਸ ਤਿਉਹਾਰ ਦਾ ਉਤਸ਼ਾਹ ਵੇਖਿਆਂ ਹੀ ਬਣਦਾ ਹੈ।

ਦੀਵਾਲੀ ਦਾ ਤਿਉਹਾਰ ਹਿੰਦੂ ਧਰਮ 'ਚ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ 14 ਸਾਲ ਦਾ ਬਨਵਾਸ ਕੱਟ ਕੇ ਪਤਨੀ ਸੀਤਾ ਅਤੇ ਭਰਾ ਲਕਸ਼ਮਣ ਨਾਲ ਅਯੁੱਧਿਆ ਤੋਂ ਵਾਪਸ ਆਉਣ ਦੀ ਖੁਸ਼ੀ 'ਚ ਮਨਾਇਆ ਜਾਂਦਾ ਹੈ। ਉਨ੍ਹਾਂ ਦੇ ਘਰ ਵਾਪਸ ਆਉਣ 'ਤੇ ਅਯੁੱਧਿਆ ਵਾਸੀਆਂ ਨੇ ਘਿਓ ਦੇ ਦੀਵੇ ਬਾਲ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਸੀ। ਦੀਵਾਲੀ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ। ਇਸ ਦਿਨ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਮੁਗ਼ਲ ਬਾਦਸ਼ਾਹ ਜਹਾਂਗੀਰ ਦੀ ਕੈਦ 'ਚੋਂ ਗਵਾਲੀਅਰ ਦੇ ਕਿਲੇ 'ਚੋਂ 52 ਰਾਜਿਆਂ ਨਾਲ ਰਿਹਾਅ ਹੋ ਕੇ ਅੰਮ੍ਰਿਤਸਰ ਪਹੁੰਚੇ ਸਨ। ਉਨ੍ਹਾਂ ਦੇ ਘਰ ਆਉਣ ਦੀ ਖੁਸ਼ੀ 'ਚ ਚਾਰੇ ਪਾਸੇ ਦੀਵੇ ਬਾਲ ਕੇ ਰੌਸ਼ਨੀ ਕੀਤੀ ਗਈ ਸੀ ਅਤੇ ਨਿਆਂ ਦੀ ਜਿੱਤ ਦਾ ਜਸ਼ਨ ਮਨਾਇਆ ਗਿਆ ਸੀ। 20ਵੀਂ ਸਦੀ ਦੇ ਅੰਤ 'ਚ ਕੁਝ ਸਿੱਖ ਵਿਦਵਾਨਾਂ ਦੇ ਜ਼ੋਰ ਪਾਉਣ ਤੋਂ ਬਾਅਦ ਸਾਲ 2003 'ਚ ਇਸ ਦਿਨ ਨੂੰ 'ਬੰਦੀ ਛੋੜ ਦਿਵਸ' ਦੇ ਨਾਂ ਵਜੋਂ ਮਾਨਤਾ ਦਿੱਤੀ ਗਈ। ਦੀਵਾਲੀ ਦੇ ਤਿਉਹਾਰ ਮੌਕੇ ਲਕਛਮੀ ਮਾਤਾ ਦੀ ਪੂਜਾ ਵਿਸ਼ੇਸ਼ ਤੌਰ 'ਤੇ ਕੀਤੀ ਜਾਂਦੀ ਹੈ, ਕਿਉਂਕਿ ਲੋਕਾਂ ਦਾ ਮੰਨਣਾ ਹੈ ਇਸ ਰਾਤ ਲਕਛਮੀ ਮਾਤਾ ਭਗਤਾਂ ਦੇ ਘਰਾਂ 'ਚ ਜ਼ਰੂਰ ਪ੍ਰਵੇਸ਼ ਕਰਦੀ ਹੈ, ਜਿਸ ਕਰਕੇ ਕਈ ਲੋਕ ਘਰਾਂ ਦੇ ਦਰਵਾਜ਼ੇ ਖੋਲ ਕੇ ਰੱਖਦੇ ਹਨ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵਲੋਂ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨ ਕੇ ਭਗਤੀ ਦੇ ਨਾਲ-ਨਾਲ ਸ਼ਕਤੀ ਦੇ ਮਾਰਗ 'ਤੇ ਤੋਰੀ ਸਿੱਖ ਕੌਮ ਦੇ 'ਬੰਦੀ ਛੋਡ ਦਿਵਸ' ਪ੍ਰਤੀ ਉਤਸ਼ਾਹ ਨੂੰ ਹਕੂਮਤਾਂ ਦਾ ਜ਼ੁਲਮ ਕਦੇ ਘਟਾ ਨਹੀਂ ਸਕਿਆ। ਸਿੱਖ ਹਰ ਵਰ੍ਹੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪੁੱਜ ਕੇ ਦੀਵਾਲੀ ਮੌਕੇ ਇੰਨ੍ਹੇ ਸ਼ਾਨਦਾਰ ਤਰੀਕੇ ਨਾਲ 'ਬੰਦੀ ਛੋਡ ਦਿਵਸ' ਮਨਾਉਂਦੇ ਹਨ, ਕਿਉਂਕਿ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਦੀਵਾਲੀ 'ਦਾਲ ਰੋਟੀ ਘਰ ਦੀ ਦੀਵਾਲੀ ਅੰਮ੍ਰਿਤਸਰ ਦੀ' ਕਹਾਵਤ ਨਾਲ ਵਿਸ਼ਵ ਪ੍ਰਸਿੱਧ ਦਰਜਾ ਪ੍ਰਾਪਤ ਕਰ ਗਈ। ਦੀਵਾਲੀ ਮੌਕੇ ਸ੍ਰੀ ਦਰਬਾਰ ਸਾਹਿਬ ਨੂੰ ਇੰਨ੍ਹੇ ਜ਼ਿਆਦਾ ਸ਼ਾਨਦਾਰ ਤਰੀਕੇ ਦੀ ਦੀਪਮਾਲਾ ਨਾਲ ਸਜਾਇਆ ਜਾਂਦਾ ਹੈ ਕਿ ਪਵਿੱਤਰ ਸਰੋਵਾਰ 'ਚ ਬਣਦਾ ਰੌਸ਼ਨੀਆਂ ਦਾ ਦ੍ਰਿਸ਼ ਹਰ ਇਕ ਨੂੰ ਆਪਣੇ ਵੱਲ ਖਿੱਚਦਾ ਹੈ। ਰੌਸ਼ਨੀਆਂ ਦੇ ਨਾਲ-ਨਾਲ ਇਸ ਮੌਕੇ ਕੀਤੀ ਜਾਂਦੀ ਆਤਿਸ਼ਬਾਜ਼ੀ ਬੜਾ ਅਲੌਕਿਕ ਨਜ਼ਾਰਾ ਪੇਸ਼ ਕਰਦੀ ਹੈ।

ਸ੍ਰੀ ਅੰਮ੍ਰਿਤਸਰ ਦੀ ਦੀਵਾਲੀ ਜਗਤ ਪ੍ਰਸਿੱਧ ਹੈ। ਇਸ ਮੌਕੇ ਇਥੇ ਲੱਖਾਂ ਦਾ ਵਪਾਰ ਹੁੰਦਾ ਹੈ। ਦੀਵਾਲੀ ਤੋਂ ਪਹਿਲਾਂ ਲੋਕ, ਦੁਕਾਨਦਾਰ ਤੇ ਕਾਰਖਾਨੇਦਾਰ ਘਰਾਂ, ਦੁਕਾਨਾਂ ਤੇ ਫੈਕਟਰੀਆਂ ਦੀ ਸਫਾਈ ਅਤੇ ਨਵਾਂ ਰੰਗ ਰੋਗਨ ਕਰਵਾਇਆ ਜਾਂਦਾ ਹੈ। ਨਗਰ ਨਿਵਾਸੀ ਆਪਣੇ ਰਿਸ਼ਤੇਦਾਰ ਅਤੇ ਸਾਕ ਸਬੰਧੀਆਂ ਨੂੰ ਮਠਿਆਈਆਂ ਅਤੇ ਤੋਹਫੇ ਭੇਟ ਕਰਦੇ ਹਨ। ਦੀਵਾਲੀ ਦੇ ਮੌਕੇ ਸ਼ਹਿਰ 'ਚ ਵਿਸ਼ੇਸ਼ ਰੌਣਕਾਂ ਦੇਖਣ ਨੂੰ ਮਿਲਦੀਆਂ ਹਨ। ਦੁਕਾਨਦਾਰ ਤੇ ਹਲਵਾਈ ਆਪੋ-ਆਪਣੀਆਂ ਦੁਕਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਜਾਉਂਦੇ ਹਨ। ਦੀਵਾਲੀ ਦੇ ਮੌਕੇ ਗੁਰਦੁਆਰੇ, ਮੰਦਰ ਤੇ ਨਿੱਜੀ ਇਮਾਰਤਾਂ 'ਤੇ ਰੋਸ਼ਨੀਆਂ ਦਾ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਰਾਤ ਨੂੰ ਆਤਿਸ਼ਬਾਜ਼ੀ ਕੀਤੀ ਜਾਂਦੀ ਹੈ।

ਦੱਸ ਦੇਈਏ ਕਿ ਬੇਸ਼ੱਕ ਸਰਕਾਰ ਤੇ ਪ੍ਰਸ਼ਾਸਨ ਵਲੋਂ ਆਤਿਸ਼ਬਾਜ਼ੀ ਵੇਚਣ ਅਤੇ ਚਲਾਉਣ ਵਾਲਿਆ 'ਤੇ ਪਾਬੰਦੀ ਲਗਾਈ ਜਾਂਦੀ ਹੈ ਪਰ ਇਸ ਦੇ ਬਾਵਜੂਦ ਲੋਕ ਖੁਸ਼ੀਆਂ ਮਨਾਉਣ ਲਈ ਰਾਤ ਨੂੰ ਘਰਾਂ ਦੀਆਂ ਛੱਤਾਂ 'ਤੇ ਜਾ ਕੇ ਆਤਿਸ਼ਬਾਜ਼ੀ, ਹਵਾਈਆਂ, ਅਨਾਰ, ਫੁਲਝੜੀਆਂ, ਪਟਾਕੇ ਆਦਿ ਚਲਾਉਂਦੇ ਹਨ। ਦੀਵਾਲੀ ਦਾ ਮਾੜਾ ਪੱਖ ਇਸ ਰਾਤ ਖੇਡੇ ਜਾਂਦੇ ਜੂਏ ਦਾ ਹੈ । ਲੋਕ ਪੈਸੇ ਦੀ ਹਵਸ 'ਚ ਇਸ ਦਿਨ ਜੂਆ ਖੇਡਦੇ ਹਨ ਅਤੇ ਸ਼ਰਾਬ ਦਾ ਸੇਵਨ ਕਰਦੇ ਹਨ, ਜੋ ਧਰਮ ਦੇ ਖਿਲਾਫ ਹੈ। ਸਾਨੂੰ ਇਹੋ ਜਿਹੀਆਂ ਸਮਾਜ ਵਿਰੋਧੀ ਗਤੀ ਵਿਧੀਆਂ ਤੋਂ ਦੂਰ ਰਹਿਣਾ ਚਾਹੀਦਾ ਹੈ।



# ਲੰਗਰ ਪ੍ਰਥਾ ਦੀ ਅਸਲ ਮਹਾਨਤਾ ਨੂੰ ਪਛਾਨਣ ਦੀ ਜ਼ਰੂਰਤ





*ਲੰਗਰ ਦੀ ਮਾਣ ਮਰਿਯਾਦਾ ਕਾਇਮ ਰੱਖਣ ਲਈ ਸਾਰੇ ਲੰਗਰ ਹੀ ਸਾਦੇ ਭੋਜਨ ਦੇ ਅਤੇ ਢੁਕਵੀਂ ਦੂਰੀ 'ਤੇ ਹੋਣ, ਜਿਥੋਂ ਹਰ ਲੋੜਵੰਦ ਬਗ਼ੈਰ ਕਿਸੇ ਝਿਜਕਦੇ ਖ਼ੁਦ ਲੋੜ ਅਨੁਸਾਰ ਜੀਅ ਭਰ ਕੇ ਛਕ ਸਕੇ ਅਤੇ ਰੱਜਿਆਂ ਨੂੰ ਹੋਰ ਰਜਾਉਣ ਲਈ ਵੱਖ-ਵੱਖ ਸਵਾਦਿਸ਼ਟ ਪਦਾਰਥਾਂ ਦੇ ਨਾਂਅ ਲੈ-ਲੈ ਕੇ ਹੋਰ ਬੇਨਤੀਆਂ ਆਦਿ ਨਾ ਕਰਨੀਆਂ ਪੈਣ।*

ਲੋੜਵੰਦਾਂ ਦੀ ਭੁੱਖ/ਪਿਆਸ ਨੂੰ ਮਿਟਾਉਣ ਲਈ ਸਾਡੇ ਪੁਰਖਿਆਂ ਖ਼ਾਸ ਕਰਕੇ ਸਿੱਖ ਗੁਰੂ ਸਾਹਿਬਾਨ ਨੇ ਲੰਗਰ ਪ੍ਰਥਾ ਦਾ ਆਗਾਜ਼ ਕੀਤਾ। ਸਮੇਂ ਦੀ ਲੋੜ ਵੀ ਸੀ ਕਿ ਦੂਰੋਂ ਨੇੜਿਉਂ ਆਉਂਦੀ ਸੰਗਤ ਦੇ ਜੀਵਨ ਦੀ ਮੁੱਖ ਲੋੜ (ਖਾਣ-ਪੀਣ) ਦੀ ਪੂਰਤੀ ਕੀਤੀ ਜਾ ਸਕੇ। ਇਸ ਦੇ ਨਾਲ-ਨਾਲ ਇਹ ਵੀ ਮਕਸਦ ਸੀ ਕਿ ਮਨੁੱਖਤਾ ਵਿਚ ਪਈ ਊਚ-ਨੀਚ, ਜਾਤ-ਪਾਤ ਦੀ ਮੇਰ-ਤੇਰ ਦੇ ਦਵੈਤ ਭਾਵ ਨੂੰ ਵੀ ਘਟਾਉਣਾ/ਮਿਟਾਉਣਾ। ਇਸ ਲਈ ਬਿਨਾਂ ਭੇਦਭਾਵ ਪੰਗਤ ਵਿਚ ਹੀ ਲੰਗਰ ਪ੍ਰਸ਼ਾਦਿ ਛਕਣ-ਛਕਾਉਣ ਦਾ ਸਿਧਾਂਤ ਵੀ ਦਿੱਤਾ ਗਿਆ, ਜੋ ਨਿਰੰਤਰ ਜਾਰੀ ਹੈ।

ਲੰਗਰ ਆਮ ਕਰਕੇ ਧਾਰਮਿਕ ਸਥਾਨਾਂਦੀ ਹਦੂਦ ਅੰਦਰ ਹੀ ਜਾਂਫਿਰ ਬਿਲਕੁਲ ਨੇੜੇ ਕਿਸੇ ਢੁਕਵੀਂ ਥਾਂ 'ਤੇ ਚਲਾਉਣ ਦਾ ਸੇਵਾ ਭਾਵਨਾ ਨਾਲ ਪ੍ਰਬੰਧ ਕੀਤਾ ਜਾਂਦਾ ਆ ਰਿਹਾ ਹੈ। ਸੰਗਤਾਂ ਵਲੋਂ ਭੇਟ ਕੀਤੇ ਤਿਲ ਫੁੱਲ ਨਾਲ ਜਾਂ ਸੁੱਕੇ ਰਸਦ ਪਾਣੀ ਨੂੰ ਰਿੰਨਿਆ/ਪਕਾਇਆ ਤੇ ਵਰਤਾਇਆ ਜਾਂਦਾ ਹੈ। ਕਈ ਵਾਰ ਸੰਗਤਾਂ ਵਲੋਂ ਵੀ ਭੇਟ ਕੀਤਾ ਪਕਿਆ ਪਕਾਇਆ ਲੰਗਰ ਵੀ ਲੰਗਰਾਂ ਵਿਚ ਵਰਤਾਇਆ ਜਾਂਦਾ ਰਿਹਾ ਹੈ। ਰਾਹੀਆਂ ਵਾਸਤੇ ਆਮ ਦੂਰ ਦਰਾਡਿਆਂ ਰਾਹਾਂ ਵਿਚ ਪੁੰਨ ਖਾਤੇ ਵਿਚ ਜਲ ਸੇਵਾ ਲਈ ਖੂਹ/ਖੂਹੀਆਂ/ਨਲਕੇ ਜਾਂ ਸਮੇਂ ਅਨੁਸਾਰ ਹੋਰ ਉਪਲੱਬਧ ਸਾਧਨਾਂ ਦਾ ਪ੍ਰਬੰਧ ਵੀ ਕੀਤਾ ਜਾਂਦਾ ਆ ਰਿਹਾ ਹੈ। ਕਹਿਣ ਦਾ ਭਾਵ ਆਪਣੀ ਆਰਥਿਕ ਸਮਰੱਥਾ ਤੇ ਆਸਥਾ ਅਨੁਸਾਰ ਮਨੁੱਖਪੁੰਨ ਦਾਨ ਵਜੋਂ ਲੋੜਵੰਦ ਭੁੱਖੇ ਪਿਆਸੇ ਨੂੰ ਪ੍ਰਸ਼ਾਦਾ ਪਾਣੀ ਛਕਾ ਕੇ ਉਸ ਦੀ ਭੁੱਖ ਤ੍ਰੇਹ ਨੂੰਤ੍ਰਿਪਤ ਕਰਨ ਦੀ ਸੇਵਾ ਨੂੰ ਮੁੱਖ ਸੇਵਾ ਸਮਝ ਕੇ ਤਨੋਂ ਮਨੋਂ ਤੇ ਧਨੋਂ ਕਰਦਾ ਆ ਰਿਹਾ ਹੈ। ਇਹ ਸੇਵਾ ਭਾਵਨਾਹੁਣ ਵੀ ਸਿਖਰਾਂ 'ਤੇ ਹੈ। ਹੁਣ ਤਾਂ ਆਰਥਿਕਤਾ ਵਿਚ ਸੁਧਾਰ ਹੋਣ ਕਰਕੇ ਲੰਗਰਾਂ ਦੇ ਖਾਣਿਆਂ ਵਿਚ ਵੀ ਵੰਨ-ਸੁਵੰਨੇ ਪਦਾਰਥਾਂ ਦੀ ਭਰਮਾਰ ਹੋਣੀਵੀ ਸ਼ੁਰੂ ਹੋ ਗਈ ਹੈ। ਨਾਲ-ਨਾਲ ਇਹ ਵੀ ਕਿ ਲੰਗਰ ਧਾਰਮਿਕ ਸਥਾਨਾਂ ਦੀਆਂ ਹੱਦਾਂ ਤੱਕ ਸੀਮਤ ਵੀ ਨਹੀਂ ਰਹੇ। ਸਗੋਂ ਲੰਗਰ ਪ੍ਰਥਾ ਤਾਂ ਪਿੰਡ-ਪਿੰਡ/ ਸ਼ਹਿਰ-ਸ਼ਹਿਰਤੇ ਇਸ ਤੋਂ ਵੀ ਅੱਗੇ ਵੱਧ ਕੇ ਗਲੀਆਂ-ਮੁਹੱਲਿਆਂ ਤੱਕ ਪਹੁੰਚ ਚੁੱਕੀ ਹੈ। ਖ਼ਾਸ ਕਰਕੇ ਵਿਸ਼ੇਸ਼ ਦਿਨ-ਦਿਹਾੜਿਆਂ (ਮੱਸਿਆ/ਮੇਲਿਆਂ) ਦੌਰਾਨ ਥਾਂ-ਥਾਂ ਲੰਗਰ ਲਾ ਕੇ ਸੰਗਤਾਂ ਆਪਣੀ ਸ਼ਰਧਾ/ਆਸਥਾਦਾ ਇਜ਼ਹਾਰ ਕਰ ਰਹੀਆਂ ਹੁੰਦੀਆਂ ਹਨ। ਕੁਝ ਲੰਗਰ ਕੁਝ ਵਾਟ (ਵਿੱਥ) 'ਤੇ ਹੀ ਹਟਵੇਂ ਹੁੰਦੇ ਹਨ, ਕੁਝ ਆਹਮੋ-ਸਾਹਮਣੇ ਤੇ ਕਈਆਂ ਦੀ ਹੱਦਾਂ ਵੀ ਇਕ-ਦੂਜੇ ਨਾਲ ਹੀ ਜੁੜੀਆਂ ਹੁੰਦੀਆਂ ਹਨ।ਰੀਸੋ-ਰੀਸੀ ਵੱਡੇ-ਵੱਡੇ ਲਾਊਡ ਸਪੀਕਰਾਂ ਨਾਲ ਸ਼ਬਦ ਭਜਨ ਵੀ ਗੂੰਜ ਰਹੇ ਹੁੰਦੇ ਹਨ ਤੇ ਨਾਲੋ-ਨਾਲ ਵੰਨ-ਸਵੰਨੇ ਸਵਾਦਿਸ਼ਟ ਖਾਧ ਪਦਾਰਥਾਂ ਦਾ ਨਾਂਅ ਲੈ-ਲੈ ਕੇਲੰਗਰ ਛਕਣ ਲਈ ਹੱਥ ਬੰਨ੍ਹ-ਬੰਨ੍ਹ (ਜੋੜ-ਜੋੜ) ਕੇ ਬੇਨਤੀਆਂ/ਜੋਦੜੀਆਂ ਵੀ ਕੀਤੀਆਂ ਜਾਂਦੀਆਂ ਹਨ। ਇਹ ਸਭ ਕੁਝ ਇੰਝ ਲੱਗਦਾ ਹੁੰਦਾ ਹੈ, ਜਿਵੇਂ ਸ਼ਰਧਾ ਦੀ ਇਸ ਮੁਕਾਬਲੇਬਾਜ਼ੀ ਵਿਚ ਸੰਗਤਾਂ ਨੂੰ ਬਦੋਬਦੀ ਲੰਗਰ ਛਕਣ ਲਈ ਮਜਬੂਰ ਕੀਤਾ ਜਾ ਰਿਹਾ ਹੋਵੇ। ਵੈਸੇ ਵੀ ਆਵਾਜਾਈ ਦੇ ਤੇਜ਼ ਤਰਾਰ ਸਾਧਨ ਹੋਣ ਕਰਕੇ ਵਾਟਾਂ ਲੰਮੇਰੀਆਂ ਨਹੀਂ ਰਹੀਆਂ ਅਤੇ ਕਿਤੇ ਵੀ ਪਹੁੰਚ ਕਾਫ਼ੀ ਸੁਖਾਲੀ ਵੀ ਹੋ ਗਈ ਹੈ। ਸ਼ਾਇਦ ਹੀ ਕਿਸੇ ਨੂੰ ਰਾਹ ਵਿਚ ਏਡੀ ਛੇਤੀ ਪ੍ਰਸ਼ਾਦਾ ਛਕਣ ਦੀ ਲੋੜ ਪੈਂਦੀ ਹੋਵੇਗੀ ਪਰ ਫਿਰ ਵੀ ਕਈ ਥਾਈਂ ਬਦੋਬਦੀ ਲੰਗਰ ਛਕਾਉਣ ਲਈ ਆਰਜ਼ੀ ਰੋਕਾਂ ਵੀ ਲਾਈਆਂਹੁੰਦੀਆਂ ਹਨ।



ਲੰਗਰਾਂ ਵਿਚ ਪ੍ਰਸ਼ਾਦਾ ਪਾਣੀਵੀ ਖੁੱਲ੍ਹੇ ਰੂਪ ਵਿਚ ਤਿਆਰ ਕੀਤਾ ਜਾਂਦਾ ਹੈ ਤਾਂਕਿ ਲੰਗਰ ਮਸਤਾਨੇ (ਥੁੜ੍ਹ) ਨਾ ਜਾਣ, ਜਿਸ ਕਰਕੇ ਨੇੜੇ-ਨੇੜੇ ਜਾਂ ਕੁਝ ਦੂਰੀ 'ਤੇ ਚਲਦੇ ਲੰਗਰਾਂ ਵਿਚ ਬੇਹਿਸਾਬੇ ਤਿਆਰ ਲੰਗਰ ਦਾ ਇਕ ਵੱਡਾ ਹਿੱਸਾ ਅਣਵੰਡਿਆ (ਅਣਵਰਤਾਇਆ) ਵੀ ਰਹਿ ਜਾਂਦਾ ਹੋਵੇਗਾ। ਅਣਜਾਣੇ'ਚ ਸੁੱਤੇ ਸਿਧ ਹੁੰਦੀ ਇਹ ਅੰਨ੍ਹ ਬਰਬਾਦੀਪੁੰਨ ਦਾਨ/ਸੇਵਾ ਦੀ ਸ਼ਰਧਾ/ਆਸਥਾ ਨੂੰ ਇਕਵਾਰ ਤਾਂ ਜ਼ਰੂਰ ਢਾਹ ਲਾਉਂਦੀ ਹੈ ਅਤੇ ਸਵਾਲ ਵੀ ਖੜ੍ਹੇ ਕਰਦੀ ਹੈ ਕਿ ਲੰਗਰ ਲੋੜਵੰਦਾਂ ਦੇ ਢਿੱਡ ਭਰਨਲਈ ਹੁੰਦੇ ਨੇ।

ਲੰਗਰ ਛਕਣ ਵਾਲਿਆਂ ਵਿਚ ਵੀ ਕੁਝ ਜ਼ਬਾਨ ਦੇ ਚਸਕੇ ਵਾਲੇ ਆਪਣੀ ਪਸੰਦੀਦਾ ਲੰਗਰ ਦੀ ਭਾਲ ਵਿਚ ਲੰਗਰਾਂ ਦੀ ਟੋਹ ਲਾ ਕੇ ਇਥੋਂ-ਉਥੋਂ ਦੀ ਛਕਣ ਦੇ ਰਉਂਵਿਚ ਹੁੰਦੇ ਹਨ। ਇਹ ਰਉਂ ਵੀ ਲੰਗਰ ਦੀ ਮਾਣ ਮਰਿਆਦਾ ਨੂੰ ਭੰਗ ਕਰਦਾ ਹੈ।

ਸੋ, ਲੰਗਰ ਦੀ ਮਾਣ ਮਰਿਯਾਦਾ ਕਾਇਮ ਰੱਖਣ ਲਈ ਸਾਰੇ ਲੰਗਰ ਹੀ ਸਾਦੇ ਭੋਜਨ ਦੇ ਅਤੇ ਢੁਕਵੀਂ ਦੂਰੀ 'ਤੇ ਹੋਣ, ਜਿਥੋਂ ਹਰ ਲੋੜਵੰਦ ਬਗ਼ੈਰ ਕਿਸੇ ਝਿਜਕਦੇ ਖ਼ੁਦ ਲੋੜ ਅਨੁਸਾਰ ਜੀਅ ਭਰ ਕੇ ਛਕ ਸਕੇ ਅਤੇ ਰੱਜਿਆਂ ਨੂੰ ਹੋਰ ਰਜਾਉਣ ਲਈ ਵੱਖ-ਵੱਖ ਸਵਾਦਿਸ਼ਟ ਪਦਾਰਥਾਂ ਦੇ ਨਾਂਅ ਲੈ-ਲੈ ਕੇ ਹੋਰ ਬੇਨਤੀਆਂ ਆਦਿ ਨਾ ਕਰਨੀਆਂ ਪੈਣ। 'ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥ ਅਕਲੀ ਪੜਿ੍ ਕੈ ਬੁਝੀਐ ਅਕਲੀ ਕੀਚੈ ਦਾਨੁ॥ ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥' (ਅੰਗ 1245) ਅਨੁਸਾਰ ਚਲਦਿਆਂਭੁੱਖ ਤ੍ਰੇਹ ਨੂੰ ਤ੍ਰਿਪਤ ਕਰਨ ਵਾਲੇ ਲੰਗਰਾਂ ਦੇ ਨਾਲ ਹੋਰ ਲੰਗਰ ਅਭਿਆਨ ਜਿਵੇਂ ਸਾਹਾਂ ਦੇ ਲੰਗਰ (ਧਰਤੀ ਸੁਹਾਵੀ ਬਣਾਉਣ ਲਈ ਰੁੱਖ ਲਾਉਣੇ ਪਾਲਣੇ), ਵਿੱਦਿਆ ਦੇ ਪਸਾਰ ਦੇ ਲੰਗਰ ਤੇ ਹੋਰ ਜ਼ਰੂਰੀ ਜ਼ਰੂਰਤਾਂ ਦੀ ਪੂਰਤੀ ਕਰਨ ਦੇ ਲੰਗਰ ਆਦਿ) ਵੱਲਵੀ ਧਿਆਨ ਦੇਣ ਦੀ ਲੋੜ ਹੈ।

ਇੱਥੇ ਇਕ ਹੋਰ ਗੱਲਸੋਚਣ/ਵਿਚਾਰਨ ਦੀ ਹੈ ਕਿ ਖ਼ਾਸ ਦਿਨ-ਦਿਹਾੜਿਆਂ ਸਮੇਂ ਬੇਸ਼ੁਮਾਰ ਚਲਦੇ ਲੰਗਰਾਂ 'ਚ ਬਹੁਤ ਸਾਰੇ ਖ਼ਾਸ ਲੋੜਵੰਦਾਂ ਦੀ ਭੁੱਖ ਤ੍ਰੇਹਜ਼ਰੂਰ ਹੀ ਸ਼ਾਂਤ ਹੋ ਜਾਂਦੀ ਹੋਵੇਗੀ ਪਰ ਦਿਨ ਦਿਹਾੜਿਆਂ ਦਾ ਸਮਾਂ ਲੰਘਣ ਤੋਂ ਬਾਅਦ ਲੋੜਵੰਦਾਂ ਦੀ ਪੇਟ ਪੂਜਾ ਕਿਵੇਂ ਹੁੰਦੀ ਹੋਵੇਗੀ ?ਗੁਰਧਾਮਾਂ ਤੋਂ ਬਗ਼ੈਰ ਉਨ੍ਹਾਂ ਵਾਸਤੇ ਥਾਂ-ਥਾਂ ਸਦਾ ਬਹਾਰ ਲੰਗਰਚਲਦੇ ਰੱਖਣੇ ਵੀ ਸੰਭਵ ਨਹੀਂ। ਓਧਰ ਹਮੇਸ਼ਾ ਲੰਗਰਾਂ 'ਤੇ ਟੇਕ ਰੱਖਣੀ ਮੁਫ਼ਤਖੋਰੀ ਵਿਹਲੜਪਨ ਨੂੰ ਵੀ ਉਤਸ਼ਾਹਿਤ ਕਰਨਤੇ ਕਿਰਤੀ ਬਿਰਤੀ ਤੋਂ ਵੀ ਪਾਸਾ ਵੱਟਣ (ਦੂਰ ਕਰਨ) ਦਾ ਸਬੱਬ ਵੀ ਬਣਦੀ ਹੈ।

'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥'(ਅੰਗ 1245) ਅਜਿਹੇ ਨਿਵੇਕਲੇਮਾਰਗ ਨੂੰ ਪਛਾਣਦਿਆਂ ਦਾਨ ਪੁੰਨ ਦੀ ਬਿਰਤੀ ਵਾਲੇ ਪਰਉਪਕਾਰੀ ਜਨਾਂ ਅਤੇ ਨੇੜਲੇ ਆਲੇ-ਦੁਆਲੇ ਦੇ ਇਲਾਕਿਆਂ ਦੀਆਂ ਲੰਗਰ ਕਮੇਟੀਆਂ/ ਸੰਪਰਦਾਵਾਂ ਨੂੰ ਸਿਰ ਜੋੜ ਕੇ ਸੋਚ ਵਿਚਾਰ ਕਰਨੀ ਚਾਹੀਦੀ ਹੈ ਕਿ ਖ਼ਾਸ ਮੌਕਿਆਂ 'ਤੇ ਲੰਗਰਾਂ ਦੀ ਬਹੁਤਾਤ ਮਚਾਉਣ ਦੀ ਹੋੜ ਦਾ ਤਿਆਗ ਕਰ ਕੇ ਲੰਗਰ ਚਲਾਉਣ ਦੀ ਸਰਬਸਾਂਝ ਕਾਇਮ ਕਰਨੀ ਬੜਾ ਜ਼ਰੂਰੀ ਐ।ਸਲਾਹ ਮਸ਼ਵਰੇ ਨਾਲ ਢੁੱਕਵੀਂ ਦੂਰੀ ਉਤੇ ਸਾਦੇ ਲੰਗਰ ਹੀ ਚਲਾਏਜਾਣ ਦੀ ਪਰੰਪਰਾ ਕਾਇਮਕੀਤੀ ਜਾਣੀ ਚਾਹੀਦੀ ਹੈ। ਜਿੱਥੋਂ ਲੋੜਵੰਦ ਰਾਹੀਂ ਖ਼ੁਦ ਲੋੜ ਅਨੁਸਾਰਪ੍ਰਸ਼ਾਦ ਪਾਣੀ ਛਕਣ ਲਈ ਸਰਬਸਾਂਝੇ ਚਲਦੇ ਲੰਗਰਾਂ ਵਿਚ ਉਚੇਚੀ ਸ਼ਿਰਕਤ ਕਰਨ। ਭੁੱਖ ਲੱਗਣ 'ਤੇਸਾਦਾ ਅੰਨ੍ਹ ਪਾਣੀ ਛਕਣ ਦਾ ਜੋ ਆਨੰਦ ਆਉਂਦਾ ਹੈ, ਉਹ ਵਰਨਣ ਤੋਂ ਬਾਹਰਾ ਹੀ ਹੁੰਦਾ ਹੈ। ਅਸਲ ਵਿਚ ਭੁੱਖ ਲੱਗਣ 'ਤੇ ਹੀ ਅੰਨ੍ਹ ਪਾਣੀ ਦੀ ਕਦਰ ਪੈਂਦੀਹੈ, ਜਿਸ ਨਾਲ ਬਹੁਤਸਾਰਾ ਰਿਜ਼ਕ ਜਾਂ ਭੇਟ ਹੋਏ ਤਿਲ ਫੁੱਲ ਰਸਦ ਪਾਣੀਵਿਚ ਵੀ ਬੱਚਤ ਹੋਣ ਦੀ ਸੰਭਾਵਨਾ ਵੀ ਬਣ ਜਾਂਦੀ ਹੈ।

'ਗ਼ਰੀਬ ਦਾ ਮੂੰਹ, ਗੁਰੂ ਦੀ ਗੋਲਕ' ਅਨੁਸਾਰ ਚਲਦੀ ਮਾਣਯੋਗ ਲੰਗਰ ਪ੍ਰਥਾ ਵਿਚ ਇਕ ਹੋਰ ਨਿਵੇਕਲੀ ਪਰਉਪਕਾਰੀ ਪ੍ਰਥਾ ਵੀ ਜੋੜੀ ਜਾ ਸਕਦੀ ਹੈ, ਜਿਸ ਨਾਲ ਲੋੜਵੰਦ ਗ਼ਰੀਬ ਕਿਰਤੀਆਂਦਾਦੋ ਵਕਤਦਾ ਚੁੱਲਾ ਤੱਪਦਾ ਰੱਖਣ ਦੀਆਂ ਯੋਜਨਾਵਾਂ ਨੂੰ ਅਮਲੀ ਰੂਪ ਦਿੱਤਾ ਜਾ ਸਕਦਾ ਹੈ, ਜਿਸ ਲਈ ਸੁੱਕੀ ਰਸਦ ਦੇ ਲੰਗਰ ਸਟੋਰਾਂ ਨੂੰ 'ਬਾਬੇ ਨਾਨਕ ਦਾ ਹੱਟ' ਵਜੋਂ ਵੀ ਬਣਾਇਆ ਜਾ ਸਕਦਾ ਹੈ, ਜਿੱਥੋਂ ਸਿਰਫ਼ ਤੇ ਸਿਰਫ਼ ਕਿਰਤੀ ਗ਼ਰੀਬ ਲੋਕਾਂ ਨੂੰ ਹੀਬਹੁਤ ਹੀ ਸਸਤੇ ਰੇਟ ਵਿਚ 'ਆਟਾ ਦਾਲ' ਆਦਿ ਮੁਹੱਈਆ ਕਰਵਾ ਕੇਇਕ ਅਨੋਖਾ ਪੁੰਨ ਖੱਟਣਦਾ ਉਪਰਾਲਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਨਾਲ 'ਮੋਕਉ ਦੋਨਉ ਵਖਤ ਜਿਵਾਲੇ॥' (ਭਗਤ ਕਬੀਰ)ਅਨੁਸਾਰ ਹਰੇਕ ਗ਼ਰੀਬ ਕਿਰਤੀ ਦਾ ਚੁੱਲ੍ਹਾ ਤਪਦਾ ਰਹਿ ਸਕੇ। ਸਸਤੇਪਨ ਦੀ ਇਸਸੇਵਾ ਰੂਪੀ ਵਣਜ ਨਾਲ ਲਾਲੋਆਂ ਦੀ ਕਿਰਤ ਨੂੰਵੀ ਇਕ ਵੱਡਾ ਹੁਲਾਰਾ ਮਿਲੇਗਾ।

ਇਸ ਤੋਂ ਇਲਾਵਾ ਇਸ ਰਸਦ ਪਾਣੀ ਦੀ ਬੱਚਤ ਨੂੰ ਕਿਤੇ ਕਿਸੇ ਸੰਕਟਕਾਲ ਵਿਚ ਫਸੇ ਲੋਕਾਂ ਦੀ ਸਹਾਇਤਾ ਲਈ ਵੀ ਵਰਤਿਆ ਜਾ ਸਕਦਾ ਹੈ। ਸੋ, ਇਸ ਤਰ੍ਹਾਂ ਸੂਝ ਸਿਆਣਪ ਨਾਲ ਸਰਬਸਾਂਝੇ ਚਲਾਏ ਲੰਗਰਾਂ ਦੇ ਸੁਚੱਜੇ ਪ੍ਰਬੰਧ ਨਾਲ ਲੰਗਰ ਚਲਾ ਕੇ ਲੰਗਰ ਦੀ ਸ਼ਾਨਾਂਮੱਤੀ ਪ੍ਰਥਾ ਦੀ ਮਹਾਨਤਾ ਨੂੰ ਹੋਰ ਵੀ ਮਹਾਨ ਤੇ ਸਾਜ਼ਗਾਰ ਬਣਾਇਆ ਜਾ ਸਕਦਾ ਹੈ।


ਮੀਰੀ ਪੀਰੀ ਦੇ ਮਾਲਕ ਸਾਹਿਬ
ਸ੍ਰੀ ਗੁਰੂ ਹਰਗੋਬਿੰਦ ਜੀ ਦੇ ਬੰਦੀਛੋੜ ਦਿਵਸ ਅਤੇ ਦੀਵਾਲੀ ਦੀ
ਲੱਖ-ਲੱਖ ਵਧਾਈ
ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ
ਇਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਐਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ,ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ,ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।
ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ।
ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ
Get more BENEFITS at No Cost $0 Premium
Rakhra Tax & Immigration
3073 W Ashlan Ave <> Fresno, CA 93722
Ph. (559) 243-9200
Fax (559) 549-6211
or visit
www.rakhrataxservice.com
or avtar06@gmail.com


ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ।
ਬੰਦੀ ਛੋੜ ਦਿਵਸ ਅਤੇ
ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ
ਬੇਨਤੀ ਕਰਤਾ
ਸ. ਕਸ਼ਮੀਰ ਸਿੰਘ ਧਾਮੀ
ਅਤੇ ਸਮੂਹ ਪਰਿਵਾਰ,ਯੂਬਾ ਸਿਟੀ

# ਸਾਲ ਭਰ ‘ਡਿਗਣ’ ਤੋਂ ਬਚੋ

*''ਡਿਗਣ ਤੋਂ ਬਚਾਅ ਮਹੀਨੇ ਦਾ ਥੀਮ ਹੈ - ਸਰੀਰ ਦਾ ਸਹੀ ਬੈਲੇਂਸ ਬਣਾ ਕੇ ਸਾਲ ਭਰ ਸੱਟਾਂ ਤੋਂ ਬਚੋ'' ਸੱਟਾਂ ਲੱਗਣ ਤੋਂ ਬਾਅਦ ਕਈ ਇਨਸ਼ਿਉਰੈਂਸ ਕੰਪਨੀਆਂ ਦੇ ਅਡਜਸਟਰਾਂ ਦੇ ਗਲਤ ਫੈਸਲੇ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੇ ਹਨ। ਪੀੜਿਤਾਂ ਨੂੰ ਕਲੇਮ ਨਾ ਦੇਣਾ ਪਵੇ ਵਾਲੀ ਸੋਚ ਬਿਮਾਰੀ ਦੀ ਸ਼ਕਲ ਲੈ ਰਹੀ ਹੈ। ਅੱਜ ਹਰ ਨਾਗਰਿਕ ਨੂੰ ਜਾਗਰੁਕ ਹੋਣ ਦੀ ਲੋੜ ਹੈ''– ਅਨਿਲ ਧੀਰ ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*

ਹੈਲਥ ਮੀਡੀਆ ਕੈਨੇਡਾ : ਨਵੰਬਰ 2023 ਦਾ ਮਹੀਨਾ ਨੂੰ ਨੈਸ਼ਨਲ ਫਾਲ (ਡਿਗਣ) ਸਬੰਧੀ ਰੋਕਥਾਮ ਦੇ ਤੌਰ ’ਤੇ ਹਰ ਨਾਗਰਿਕ ਨੂੰ ਜਾਗਰੁਕ ਕਰਕੇ ਮਨਾਇਆ ਜਾ ਰਿਹਾ ਹੈ। ਕਈ ਮਿਲੀਅਨ ਕਰੀਬਨ 78% ਲੋਕ, ਰੋਕਥਾਮ ਵਾਲੀ ਸੱਟ ਨਾਲ ਕਿਸੇ ਬਿਮਾਰੀ ਨਾਲੋਂ ਜਿਆਦਾ ਮੌਤ ਦਾ ਸ਼ਿਕਾਰ ਹੋ ਰਹੇ ਹਨ। 10 ਤੋਂ 19 ਸਾਲ ਦੀ ਉਮਰ ਵਿਚ ਬੱਚਿਆਂ ਨੂੰ ਖੇਡਣ ਦੌਰਾਣ ਸਿਰ ਦੀਆਂ ਸੱਟਾਂ ਲੱਗਦੀਆਂ ਹਨ। ਨੌਜਵਾਨ ਡਰਾਈਵਰ ਲਾਪ੍ਰਵਾਹੀ ਨਾਲ ਡਰਾਈਵਿੰਗ ਕਰਕੇ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਦਿਨ ਲੋਕਾਂ ਨੂੰ ਰੋਕਥਾਮ ਵਾਲੀਆਂ ਸੱਟਾਂ ਦੇ ਕਾਰਨ ਹੋਣ ਵਾਲੇ ਮਾੜੇ ਅਸਰ ਬਾਰੇ ਜਾਗਰੁਕ ਕੀਤਾ ਜਾਂਦਾ ਹੈ। ਅਚਾਨਕ ਲੱਗ ਜਾਣ ਵਾਲੀਆਂ ਸੱਟਾਂ ਘਰ, ਆਫਿਸ, ਬੇਅਰਹਾਉਸ ’ਚ ਕੰਮ ਦੌਰਾਣ, ਸੈਰ ਕਰਦੇ ਹੋਏ, ਪਾਰਕ ਵਿਚ, ਡਰਾਈਵਿੰਗ ਦੌਰਾਨ ਅਪਾਹਜ਼, ਤਿਲਕਣ ਨਾਲ, ਖੇਡਾਂ ਖੇਡਦੇ ਹੋਏ, ਕਸਰਤ ਦੌਰਾਨ, ਵਗੈਰਾ ਤੋਂ ਖੁਦ ਨੂੰ ਬਚਾਇਆ ਜਾ ਸਕਦਾ ਹੈ ਸਾਵਧਾਨੀ ਵਰਤ ਕੇ।

**ਸਾਵਧਾਨੀ ਵਰਤੋ :**

ਕਸਰਤ ਦੌਰਾਣ ਸੱਟ ਕਿਸੇ ਨੂੰ ਵੀ ਲੱਗ ਸਕਦੀ ਹੈ। ਤਜ਼ਰਬਾ ਘੱਟ ਹੋਣ ਵੇਲੇ ਵਰਕਆਓਟ ਦੀ ਸ਼ੁਰੂਆਤ ਟ੍ਰੇਨਰ ਦੀ ਨਿਗਰਾਨੀ ਹੇਠ ਕਰੋ ਤਾਕਿ ਸੱਟ ਤੋਂ ਬਚਾਅ ਹੋ ਸਕੇ। ਹਰ ਵਰਕਆਉਟ ਦੀ ਸ਼ੁਰੂਆਤ ਵਾਰਪ-ਅਪ ਤੋਂ ਹੁੰਦੀ ਹੈ। ਕਿਓਂਕਿ ਵਾਰਮ-ਅਪ ਹੌਲੀ-ਹੌਲੀ ਦਿਲ ਦੀ ਧੜਕਨ ਵਧਾ ਕੇ ਸਰੀਰ ਦੈ ਜੋੜਾਂ ਤੇ ਮਾਸਪੇਸ਼ੀਆਂ ਦੀ ਕ੍ਰਿਆ ਟੀਕ ਕਰਦਾ ਹੈ। 45 ਸਾਲ ਤੋਂ ਵੱਧ ਉਮਰ ਵਾਲੇ ਬਿਮਾਰੀ ਦੀ ਹਾਲਤ ਵਿਚ ਮਾਹਿਰ ਦੀ ਸਲਾਹ ਨਾਲ ਵਰਕਆਉਟ ਕਰਨ। ਲੋੜ ਤੋਂ ਵੱਧ ਵਰਕਆਉਟ ਜੋੜਾਂ ਦੀ ਬਿਮਾਰੀ ਦੇ ਸਕਦਾ ਹੈ। ਇਨਸਾਨ ਸਰੀਰ ਦੇ ਨਾਲ-ਨਾਲ ਲਗਾਤਾਰ ਕਲੇਸ਼ ਕਰਕੇ ਸਟ੍ਰੈਸ ਰਹਿਣਾ, ਲੋੜ ਤੋਂ ਵੱਧ ਗੁੱਸਾ, ਅੰਦਰੂਨੀ ਕਮਜ਼ੋਰੀ ਤੇ ਨਪੁੰਸਕਤਾ, ਕੋਈ ਸਦਮਾ, ਉਦਾਸੀ, ਫੋਬੀਆ, ਵਗੈਰਾ ਇੱਕ ਕਿਸਮ ਦੀ ਮਨੋਵਿਗਿਆਨਕ ਸੱਟ ਹੀ ਹੈ। ਮਾਨਸਿਕ ਸੱਟ ਦੇ ਮਾੜੇ ਅਸਰ ਨੂੰ ਘੱਟ ਜਾਂ ਖਤਮ ਕਰਨ ਵਿਚ ਪਰਿਵਾਰ ਦੇ ਮੈਂਬਰਾਂ, ਦੋਸਤ, ਸਹਿਕਰਮੀ ਅਤੇ ਪ੍ਰੋਫੈਸ਼ਨਲ ਮਦਦ ਕਰਦੇ ਹਨ।



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਜੇ ਘਰ ਵਿਚ ਛੋਟੇ ਬੱਚੇ ਹਨ ਤਾਂ ਘਰੇਲੂ ਕਲੀਨਰ ਜਿਵੇਂ ਲਾਂਡਰੀ-ਡਿਟਰਜੈਂਟ, ਬਲੀਚ, ਦਵਾਈਆਂ ਉਨ੍ਹਾਂ ਦੀ ਪਹੁੰਚ ਤੋਂ ਦੂਰ ਰੱਖੋ। ਬੱਚਿਆਂ ਨੂੰ ਉਮਰ ਦੇ ਮੁਤਾਬਿਕ ਸੇਫ ਖਿਡੌਣੇ ਦਿਓ ਤਾਂਕਿ ਅਣਚਾਹੀ ਸੱਟ, ਦਮ ਘੁਟਨ ਦੀ ਘਟਨਾ ਤੋਂ ਬਚਾਇਆ ਜਾ ਸਕੇ।

ਵਜ਼ਨ ਘਟਾਉਣ ਲਈ ਕੋਈ ਵੀ ਗਤੀਵਿਧੀ ਜਾਂ ਕਸਰਤ ਦਾ ਪੱਧਰ ਹੌਲੀ ਹੌਲੀ ਵਧਾਓ। ਲੋੜ ਤੋਂ ਵੱਧ ਗਤੀਵਿਧੀ ਸਰੀਰ ਨੂੰ ਥਕਾਵਟ ਤੇ ਕਮਜ਼ੋਰੀ ਦੇ ਸਕਦੀ ਹੈ। ਕਮਜ਼ੋਰੀ ਦੀ ਹਾਲਤ ਵਿਚ ਸੱਟ ਲੱਗਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਆਪਣੀਆਂ ਸੀਮਾਵਾਂ ਨੂੰ ਜਾਣਕੇ ਹੀ ਅੱਗੇ ਵਧੋ।

ਰੋਜ਼ ਦੀਆਂ ਅਣਚਾਹੀ ਸੱਟਾਂ ਤੋਂ ਬਚਾਅ ਲਈ ਬੱਚਿਆਂ ਨੂੰ ਹੈਲਮੇਟ, ਸਾਈਕਲ, ਸਕੂਟਰ, ਸਕੇਟ ਬੋਰਡ ਦੇਣ ਤੋਂ ਪਹਿਲਾਂ ਸੁਰੱਖਿਆ ਦੇ ਲਿਹਾਜ ਨਾਲ ਪੂਰੀ ਟ੍ਰੇਨਿੰਗ ਜਰੂਰ ਦਿਓ। ਮਾਂ-ਬਾਪ ਨੂੰ ਆਪਣੇ ਬੱਚਿਆਂ ਦੀ ਉਮਰ ਮੁਤਾਬਿਕ ਸੀਟ ਬੈਲਟ ਅਤੇ ਕਾਰ ਸੀਟਾਂ ਦੀ ਵਰਤੋਂ ਕਰਨੀ ਚਾਹੀਦੀ ਹੈ।

ਬਜ਼ੁਰਗ ਜ਼ਿਆਦਾਤਰ ਸ਼ਾਵਰ ਲੈਣ ਵੇਲੇ, ਤਿਲਕਮੇ ਫਲੋਰ ਅਤੇ ਪੌੜੀਆਂ ਉਤਰਦੇ-ਚੜਦੇ ਹੋਏ ਅਣਚਾਹੀ ਸੱਟਾਂ ਦੇ ਸ਼ਿਕਾਰ ਹੋ ਜਾਂਦੇ ਹਨ। ਨਤੀਜੇ ਵੱਜੋਂ ਹਿੱਪ ਦਾ ਟੁੱਟ ਜਾਣਾ ਅਤੇ ਸਿਰ ਤੇ ਦਿਮਾਗ ਦੀਆਂ ਗੰਭੀਰ ਸੱਟਾਂ ਲੱਗ ਜਾਂਦੀਆਂ ਹਨ। ਬਜ਼ੁਰਗਾਂ ਨੂੰ ਘਰ ਅੰਦਰ ਸੱਟਾਂ ਤੋਂ ਬਚਾਉਣ ਲਈ ਟਾਇਲੇਟ ਸੀਟ ਦੇ ਨੇੜੇ ਅਤੇ ਸ਼ਾਵਰ ਲੈਣ ਵੇਲੇ ਪ੍ਰੋਪਰ ਰੇਲਿੰਗ ਸੁਪੋਰਟ ਲੱਗੀ ਹੋਣੀ ਚਾਹੀਦੀ ਹੈ। ਸੇਫਟੀ ਲਈ ਤਿਲਕਣ ਵਾਲੀ ਟਾਈਲਜ਼ ਨਾ ਲਗਵਾਓ।

ਗਰਭਵਤੀ ਔਰਤਾਂ ਨੂੰ ਤੰਦਰੁਸਤ ਬੱਚੇ ਦੇ ਜਨਮ ਲਈ ਖੁਦ ਨੂੰ ਅਣਚਾਹੀ ਸੱਟਾਂ ਤੋਂ ਬਚਾਅ ਲਈ ਘਰ ਅੰਦਰ ਤੇ ਬਾਹਰ ਉਠਣ-ਬੈਠਣ, ਚਲਣ-ਫਿਰਨ ਅਤੇ ਡਰਾਈਵਿੰਗ ਦੌਰਾਨ ਆਪਣਾ ਖਾਸ ਖਿਆਲ ਰੱਖਣ।

ਗਰਭਵਤੀ ਔਰਤਾਂ ਦੀ ਸੱਟ ਬੱਚੇ ਲਈ ਖਤਰਾ ਪੈਦਾ ਕਰ ਸਕਦੀਆਂ ਹਨ। ਭਵਿੱਖ ਵਿਚ ਆਮ ਸੱਟ ਦੇ ਮਾੜੇ ਅਸਰ ਤੋਂ ਬਚਣ ਲਈ ਲਾਪ੍ਰਵਾਹੀ ਨਾ ਕਰਕੇ ਤੁਰੰਤ ਹਸਪਤਾਲ ਜਾਂ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

ਨੋਟ : ਸਨੋ ਦੌਰਾਨ, ਘਰ ਜਾਂ ਬਾਹਰ, ਵਰਕ-ਪਲੇਸ ਜਾਂ ਸੜਕ ਹਾਦਸੇ ਵਿੱਚ ਅਣਚਾਹੀਆਂ ਡਿਗਣ ਕਾਰਨ ਲੱਗ ਜਾਣ ਵਾਲੀਆਂ ਸੱਟਾਂ ਤੋਂ ਸਾਵਧਾਨੀ ਦੁਆਰਾ ਹਮੇਸ਼ਾ ਬਚਣ ਦੀ ਕੋਸ਼ਿਸ਼ ਕਰੋ। ਸੱਟਾਂ ਲੱਗ ਜਾਣ ਤੋਂ ਬਾਅਦ ਇਸ਼ੋਉਰੈਂਸ ਕੰਪਨੀ ਦੀ ਗੇਮ ਸ਼ੁਰੂ ਹੁੰਦੀ ਹੈ। ਕੁੱਝ ਅਡਜਸਟਰਾਂ ਦਾ ਮਕਸਦ ਬੱਸ ਇੱਕ ਹੀ ਹੁੰਦਾ ਹੈ ਕਿ ਬੇਕਸੂਰ ਸੱਟਾਂ ਦੇ ਸ਼ਿਕਾਰ ਲੋਕਾਂ ਨੂੰ ਕੋਈ ਪੈਸਾ ਨਾ ਦੇਣਾ ਪੈ ਜਾਵੇ। ਸਹੀ ਕਲੇਮਾਂ ਨੂੰ ਲਟਕਾਇਆ ਜਾਂਦਾ ਹੈ। ਇਹ ਬਿਮਾਰੀ ਤੇਜ਼ੀ ਨਾਲ ਵੱਧ ਰਹੀ ਹੈ। ਅੱਜ ਲੋੜ ਹੈ ਇਸ ਗੇਮ ਨੂੰ ਠੱਲ ਪਾਉਣ ਦੀ। ਹਰ ਪੱਧਰ ’ਤੇ ਲੋਕਾਂ ਨੂੰ ਜਾਗਰੂਕ ਕਰਨ ਦੀ।




# ਸਿਹਤਮੰਦ ਬਣੇ ਰਹੋ ਦਫ਼ਤਰ ਵਿਚ

ਦਫ਼ਤਰ ਵਿਚ ਕੰਮ ਕਰਨ ਵਾਲੇ ਲੋਕਾਂ ਦਾ ਕੁਝ ਸਮੇਂ ਬਾਅਦ ਭਾਰ ਵਧਣ ਲਗਦਾ ਹੈ ਕਿਉਂਕਿ ਉਨ੍ਹਾਂ ਦਾ ਤੋਰਾ-ਫੇਰਾ ਬਹੁਤ ਘਟ ਜਾਂਦਾ ਹੈ। ਦਫ਼ਤਰਾਂ ਵਿਚ ਕੰਮ ਘੱਟ ਹੁੰਦਾ ਹੈ। ਲੋਕ ਸਮਾਂ ਬਿਤਾਉਣ ਲਈ ਕੁਝ ਨਾ ਕੁਝ ਖਾਂਦੇ-ਪੀਂਦੇ ਰਹਿੰਦੇ ਹਨ। ਪ੍ਰਾਈਵੇਟ ਦਫ਼ਤਰਾਂ ਵਿਚ ਕੰਮ ਜ਼ਿਆਦਾ ਹੁੰਦਾ ਹੈ ਪਰ ਇਸ ਲਈ ਕੁਰਸੀ ’ਤੇ ਜ਼ਿਆਦਾ ਦੇਰ ਬੈਠੇ ਰਹਿਣਾ ਪੈਂਦਾ ਹੈ। ਦੋਵੇਂ ਹੀ ਕਾਰਨਾਂ ਕਰਕੇ ਭਾਰ ਵਧਦਾ ਹੈ। ਜੇਕਰ ਤੁਸੀਂ ਸਮੇਂ ਸਿਰ ਸੁਚੇਤ ਹੋ ਜਾਵੋਂਗੇ ਤਾਂ ਆਪਣੇ-ਆਪ ਵਧਦੇ ਵਜ਼ਨ ’ਤੇ ਕਾਬੂ ਪਾ ਸਕੋਂਗੇ। ਜੇਕਰ ਤੁਹਾਡਾ ਦਫ਼ਤਰ ਪਹਿਲੀ, ਦੂਸਰੀ ਜਾਂ ਤੀਸਰੀ ਮੰਜ਼ਿਲ ’ਤੇ ਹੈ ਤਾਂ ਇਸ ਲਈ ਲਿਫਟ ਦੀ ਵਰਤੋਂ ਨਾ ਕਰਦੇ ਹੋਏ ਪੌੜੀਆਂ ਦੀ ਵਰਤੋਂ ਕਰੋ। ਜੇਕਰ ਬਹੁਮੰਜ਼ਿਲਾ ਇਮਾਰਤ ਹੈ ਤਾਂ ਵੀ ਕੁਝ ਮੰਜ਼ਿਲਾਂ ਪੌੜੀਆਂ ਚੜ੍ਹ ਕੇ ਜਾਉ। ਫਿਰ ਲਿਫਟ ਲਵੋ।


ਦਫ਼ਤਰ ਜਾਂਦੇ ਸਮੇਂ ਲੰਚ ਘਰ ਤੋਂ ਹੀ ਬਣਵਾ ਕੇ ਲੈ ਕੇ ਜਾਉ ਜਿਸ ’ਚ ਘੱਟ ਤੇਲ ਹੋਵੇ। ਜੇਕਰ ਤੁਸੀ ਘਰ ਦਾ ਲੰਚ-ਬਾਕਸ ਛੱਡ ਦਿੱਤਾ ਹੈ ਅਤੇ ਦਫ਼ਤਰ ਕੈਂਟੀਨ ਦਾ ਖਾਣਾ ਖਾ ਰਹੇ ਹੋ ਤਾਂ ਇਸ ਵਿਚ ਜਲਦੀ ਤਬਦੀਲੀ ਕਰੋ। ਜੇਕਰ ਤੁਸੀ ਇਕੱਲੇ ਸ਼ਹਿਰ ਵਿਚ ਹੋ ਤਾਂ ਪੀ ਜੀ ਬਣਨ ਨੂੰ ਪਹਿਲ ਦੇਵੋ ਤਾਂ ਕਿ ਤੁਹਾਨੂੰ ਘਰ ਦਾ ਬਣਿਆ ਭੋਜਨ ਮਿਲ ਸਕੇ। ਕੰਟੀਨ ਤੋਂ ਆਪ ਚਾਹ ਜਾਂ ਕਾਫੀ ਲੈ ਕੇ ਪੀਂਦੇ ਹੋ ਤਾਂ ਇਸ ਨਾਲ ਬਿਸਕੁਟ ਕੇਕ ਜਾਂ ਚਿਪਸ ਨਾ ਖਾਉ।



ਘਰ ਦੇ ਭੁੰਨੇ ਹੋਏ ਛੋਲੇ, ਕੁਝ ਭੁੰਨਿਆ ਹੋਇਆ ਨਮਕੀਨ ਜਾਂ ਸਪਰਾਊਟ ਆਦਿ ਲੈ ਕੇ ਜਾਉ ਜਿਸ ਨੂੰ ਚਾਹ ਜਾਂ ਕਾਫੀ ਦੇ ਨਾਲ ਲਵੋ ਤਾਂ ਕਿ ਜ਼ਿਆਦਾ ਕੈਲਰੀ ਸਰੀਰ ’ਚ ਨਾ ਜਾ ਸਕੇ। ਜੇਕਰ ਕੰਟੀਨ ਵਿਚ ਕੁਝ ਆਰਾਮ ਕਰਨ ਦੀ ਸੁਵਿਧਾ ਹੋਵੇ ਤਾਂ ਇਸ ਦਾ ਇਸਤੇਮਾਲ ਜ਼ਰੂਰ ਕਰੋ। ਜੇਕਰ ਆਸ ਪਾਸ ਕੋਈ ਫਿਟਨੈਸ ਕੇਂਦਰ ਹੋਵੇ ਤਾਂ ਸਵੇਰੇ ਜਲਦੀ ਦਫ਼ਤਰ ਪਹੁੰਚ ਕੇ ਕਸਰਤ ਲਈ ਜਾਉ ਜਾਂ ਦਫਤਰੀ ਸਮੇਂ ਤੋਂ ਬਾਅਦ ਜਿਮ ਜੁਆਇਨ ਕਰੋ। ਲੰਚ ਸਮੇਂ ’ਚ ਖਾਣਾ ਖਾਣ ਤੋਂ ਬਾਅਦ ਕੰਪਿਊਟਰ ’ਤੇ ਗੇਮ ਨਾ ਖੇਡੋ, ਨਾ ਹੀ ਦੋਸਤਾਂ ਦੇ ਨਾਲ ਗੱਪਾਂ ਮਾਰੋ। ਹੋ ਸਕੇ ਤਾਂ ਬਾਹਰ ਥੋੜ੍ਹਾ ਟਹਿਲ ਕੇ ਆਉ।

ਜ਼ਿਆਦਾ ਕੈਲਰੀ ਵਾਲੇ ਖਾਣੇ ਦਾ ਸੇਵਨ ਘੱਟ ਤੋਂ ਘੱਟ ਕਰੋ। ਜਿਸ ਦਿਨ ਸਵੇਰੇ ਕੈਲਰੀ ਵਾਲਾ ਖਾਣਾ ਖਾਣਾ ਪਵੇ ਤਾਂ ਉਸ ਦਿਨ ਅਗਲੇ ਵਕਤ ਦੇ ਖਾਣੇ ਵਿਚ ਉਸ ਨੂੰ ਬਰਾਬਰ ਕਰਨ ਦਾ ਯਤਨ ਕਰੋ। ਜਿਸ ਤਰ੍ਹਾਂ ਦੁੱਧ ਦੇ ਨਾਲ ਫਲ ਲਵੋ, ਸਬਜ਼ੀਆਂ ਦੇ ਸੂਪ ਦੇ ਨਾਲ ਸਿਰਫ਼ ਦੋ ਬਰਾਊਨ ਬ੍ਰੈਡ ਦੇ ਸਲਾਇਸ ਗਰਮ ਕਰ ਕੇ ਖਾਉ।

ਪਾਣੀ ਪੀਣਾ ਹੈ ਤਾਂ ਖੁਦ ਵਾਟਰ ਫਿਲਟਰ ਦੇ ਕੋਲ ਜਾ ਕੇ ਪਾਣੀ ਲੈ ਕੇ ਆਉ। ਵੈਸੇ ਇਕ ਗਿਲਾਸ ਪਾਣੀ ਭਰ ਕੇ ਟੇਬਲ ’ਤੇ ਰੱਖੋ ਤਾਂ ਕਿ ਥੋੜ੍ਹੀ-ਥੋੜ੍ਹੀ ਦੇਰ ਬਾਅਦ ਘੁੱਟ-ਘੁੱਟ ਕਰਕੇ ਪਾਣੀ ਪੀਂਦੇ ਰਹੋ। ਇਸ ਤਰ੍ਹਾਂ ਕਰਨ ਨਾਲ ਭੁੱਖ ਥੋੜ੍ਹੀ ਘੱਟ ਲਗਦੀ ਹੈ ਜਾਂ ਭੁੱਖ ਵੱਲ ਧਿਆਨ ਘੱਟ ਜਾਂਦਾ ਹੈ।



ਜੇਕਰ ਸਾਥੀ ਦੂਸਰੀ ਮੰਜ਼ਿਲ ’ਤੇ ਹੈ ਅਤੇ ਤੁਸੀਂ ਗੱਲ ਕਰਨੀ ਹੈ ਤਾਂ ਮੋਬਾਈਲ ਫੋਨ ਜਾਂ ਐਕਸਟੈਂਸ਼ਨ ਫੋਨ ਦੀ ਵਰਤੋਂ ਨਾ ਕਰ ਕੇ ਖੁਦ ਉਸ ਕੋਲ ਜਾਉ, ਜਿਸ ਨਾਲ ਮੂਵਮੈਂਟ ਬਣੀ ਰਹਿੰਦੀ ਹੈ। ਆਪਣੀ ਕੁਰਸੀ ਤੇ ਬੈਠੇ ਬੈਠੇ ਕੁਝ ਸਟਰੈਚਿੰਗ ਕਸਰਤਾਂ ਕਰ ਸਕਦੇ ਹੋ ਜਿਸ ਨਾਲ ਸਰੀਰ ਵਿਚ ਚੁਸਤੀ ਬਣੀ ਰਹਿੰਦੀ ਹੈ। ਅੱਖਾਂ, ਗਰਦਨ ਅਤੇ ਪੈਰਾਂ ਦੀਆਂ ਸੂਖਮ ਕਿਰਿਆਵਾਂ ਕਰਦੇ ਰਹੋ ਤਾਂ ਕਿ ਸਰੀਰ ਹਰਕਤ ਵਿਚ ਬਣਿਆ ਰਹੇ।

CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
Capital services
*ਇੰਡੀਅਨ ਪਾਸਪੋਰਟ
*ਇੰਡੀਅਨ ਵੀਜ਼ਾ, OCI
*ਮੁਖਤਿਆਰਨਾਮਾ
*ਇਮੀਗਰੇਸ਼ਨ ਸਰਵਿਸਜ
*ਸਿਟੀਜਨ, ਗਰੀਨ ਕਾਰਡ
*ਫੈਮਲੀ ਪਟੀਸ਼ਨ
- ਹੋਰ ਸੇਵਾਵਾਂ -
*ਕਾਰ ਟਰਾਂਸਫਰ/ਸਟਿੱਕਰ, *ਇੰਸ਼ੋਰੈਂਸ: ਕਾਰ, ਘਰ ਤੇ ਬਿਜਨਸ
*ਲਾਈਵ ਸਕੈਨ/ਫਿੰਗਰ ਪ੍ਰਿੰਟ, *ਨੋਟਰੀ ਪਬਲਿਕ *ਮੇਲ ਬੌਕਸ
*ਫੈਕਸ, ਕਾਪੀ, ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ।
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ।
Call, Banga (916) 427-4321, Fax (916) 258-0441
email: sacramento99@yahoo.com, website: capitalservices.us

# ਨਾਨਕ ਨਿਰਮਲ ਪੰਥ ਚਲਾਇਆ...

ਇਸ ਸੰਸਾਰ ਵਿੱਚ ਲੱਖਾਂ ਕਰੋੜਾਂ ਸਾਲਾਂ ਤੋਂ ਜੀਵਨ ਦੀ ਧਾਰਾ ਵਹਿੰਦੀ ਆ ਰਹੀ ਏ, ਪਰ ਜੋ ਜੀਵਨ ਜਾਚ ਬਾਬੇ ਨਾਨਕ ਨੇ ਦੱਸੀ, ਸਿਰਫ ਦੱਸੀ ਹੀ ਨਹੀਂ, ਖੁਦ ਜਿਉਂ ਕੇ ਦਿਖਾਈ, ਉਸ ਦੀ ਮਿਸਾਲ ਸਾਰੇ ਸੰਸਾਰ ਵਿੱਚ ਨਾ ਹੀ ਮਿਲੀ ਹੈ ਅਤੇ ਨਾ ਹੀ ਭਵਿੱਖ ਵਿੱਚ ਮਿਲਨ ਦੀ ਸੰਭਾਵਨਾ ਹੈ। ਸ਼ਬਦ-ਰੂਪ ਪਾਰਬ੍ਰਹਮ ਨੂੰ ਪਹਿਚਾਣ ਕੇ, ਸ਼ਬਦ ਵਿੱਚ ਸੁਰਤਿ ਲਗਾ ਕੇ ਉਸ ਦੀ ਪ੍ਰਾਪਤੀ ਅਤੇ ਇਸੇ ਸ਼ਬਦ ਦੇ ਗਿਆਨ ਨਾਲ ਮਨੁਖੀ ਮਨ ਨੂੰ ਵਿਕਾਰਾਂ ਤੋਂ ਮੋੜ ਕੇ, ਉਸ ਇੱਕ ਨਿਰਾਕਾਰ ਦੇ ਨਾਮ ਵਿੱਚ ਲੀਨ ਹੋ ਕੇ ਅਸਲ ਅਨੰਦ ਦੀ ਵਿਆਖਿਆ ਕਰਨਾ ਸਿਰਫ ਅਤੇ ਸਿਰਫ ਗੁਰੂ ਨਾਨਕ ਦੇ ਹਿੱਸੇ ਆਇਆ। ਭਾਈ ਸਾਹਿਬ ਗੁਰਦਾਸ ਜੀ ਇਸੇ ਜੀਵਨ-ਜੁਗਤਿ ਨੂੰ "ਨਾਨਕ ਨਿਰਮਲ ਪੰਥ ਚਲਾਇਆ" ਆਖਦੇ ਹਨ ਅਤੇ ਇਸੇ ਨੂੰ ਨਿਰਾਲਾ ਪੰਥ ਆਖ ਕੇ ਵਡਿਆਉਂਦੇ ਹਨ। ਆਓ ਇਸ ਨਿਰਾਲੇਪਣ ਦੇ ਸਿਧਾਂਤ ਨੂੰ ਸਮਝਣ ਦੀ ਕੋਸ਼ਿਸ਼ ਕਰੀਏ।

ਨਾਨਕ ਦੇ ਦੱਸੇ ਮਾਰਗ ਨੂੰ ਇੱਕ ਮਜਹਬ ਮੰਨ ਲੈਣਾ ਅਤੇ ਦੂਸਰੇ ਮਜਹਬਾਂ ਵਾਂਗ ਦੇਖਣਾ ਸਾਡੀ ਸਭ ਤੋ ਵੱਡੀ ਭੁੱਲ ਹੈ। ਜਦੋ ਕਦੇ ਧਰਮਾਂ ਦੇ ਜਿਕਰ ਕਰਦਿਆਂ ਹਿੰਦੂ, ਸਿੱਖ, ਮੁਸਲਮਾਨ, ਇਸਾਈ ਆਦਿ ਦੀ ਗੱਲ ਹੁੰਦੀ ਵੇਖਦਾ ਸੁਣਦਾ ਹਾਂ, ਤਾਂ ਬੜਾ ਦੁੱਖ ਲਗਦਾ ਹੈ, ਕਿ ਅਸੀਂ ਨਾਨਕ-ਨਾਮ-ਲੇਵਾ ਸਿੱਖਾਂ ਨੇ ਵੀ ਨਾਨਕ-ਵਿਚਾਰਧਾਰਾ ਨੂੰ ਨਹੀਂ ਸਮਝਿਆ। ਸਿੱਖ ਕਿਸੇ ਧਰਮ ਜਾਂ ਮਜਹਬ ਦਾ ਨਾਂ ਨਹੀਂ ਹੈ, ਇਹ ਤਾਂ ਸਮੁਚੀ ਲੋਕਾਈ ਨੂੰ, ਮਨੁਖਤਾ ਨੂੰ ਦੱਸੀ ਗਈ ਇੱਕ ਜੀਵਨ-ਜਾਚ ਹੈ। ਜੇ ਅੱਜ ਸਿੱਖ ਵੀ ਬਾਕੀ ਧਰਮਾਂ ਨਿਆਈਂ ਹੀ ਕੁੱਝ ਕਰਮ-ਕਾਂਡ ਕਰਕੇ ਆਪਣੇ ਆਪ ਨੂੰ ਸਿੱਖ ਕਹਾ ਕੇ ਖੁਸ਼ ਹੁੰਦਾ ਹੈ, ਤਾਂ ਮੁਆਫ ਕਰਨਾ, ਇਹ ਕਹਿਣ ਵਿੱਚ ਮੈਨੂੰ ਕੋਈ ਝਿਜਕ ਨਹੀਂ ਕਿ ਉਸ ਨੇ ਅਜੇ ਨਾਨਕ-ਵਾਦ ਨੂੰ ਸਮਝਿਆ ਹੀ ਨਹੀਂ। ਬਾਬਾ ਨਾਨਕ ਤਾਂ ਹੋਕਾ ਦੇ ਕੇ ਅਖਦਾ ਹੈ-

**"ਏਕੋ ਧਰਮੁ ਦ੍ਰਿੜੈ ਸਚੁ ਕੋਈ।।**
**ਗੁਰਮਤਿ ਪੂਰਾ ਜੁਗਿ ਜੁਗਿ ਸੋਈ।।**
(**ਬਸੰਤ ਮਹਲਾ** 1, **ਪੰਨਾ** 1188)

ਇਸੇ ਸੱਚ ਦੇ ਧਰਮ ਨੂੰ ਪੰਜਵੇਂ ਨਾਨਕ ਨੇ ਇਸ ਤਰਾਂ ਬਿਆਨਿਆ ਹੈ-

**"ਸਰਬ ਧਰਮ ਮਹਿ ਸ੍ਰੇਸ਼ਟ ਧਰਮੁ॥**
**ਹਰਿ ਕੋ ਨਾਮੁ ਜਪਿ, ਨਿਰਮਲ ਕਰਮੁ॥**
(**ਸੁਖਮਨੀ, ਪੰਨਾ** 266)

ਇਸ ਤਰ੍ਹਾਂ ਨਾਨਕ ਅਨੁਸਾਰ ਧਰਮ ਤਾਂ ਸਿਰਫ ਅਤੇ ਸਿਰਫ ਇੱਕ ਹੀ ਹੈ। ਜਿਸ ਵਿੱਚ ਉਸ ਸੱਚੇ ਦਾ ਨਾਮ ਸਿਮਰਿਆ ਜਾਵੇ ਅਤੇ ਆਪਣੇ ਜੀਵਨ ਵਿੱਚ ਨਿਰਮਲ ਕਰਮ ਕੀਤੇ ਜਾਣ। ਸਾਰੀ ਗੁਰਬਾਣੀ ਇਸ ਧਰਮ ਦੀ ਹੀ ਵਿਆਖਿਆ ਹੈ।

ਸਾਰਾ ਧਾਰਮਿਕ ਜਗਤ ਉਸ ਪਾਰਬ੍ਰਹਮ ਨੂੰ ਜਾਨਣ, ਲਭਣ ਅਤੇ ਪ੍ਰਾਪਤ ਕਰਨ ਦੀ ਦੌੜ ਵਿੱਚ ਸੀ, ਕੋਈ ਜੰਗਲਾਂ ਵਿੱਚ ਫਿਰਦਾ ਸੀ, ਪਿੰਡੇ ਤੇ ਬਿਭੂਤ ਲਗਾ ਕੇ, ਤੇ ਕੋਈ ਗ੍ਰਹਿਸਥੀ ਛੱਡ ਕੇ ਜੰਗਲਾਂ ਵਿੱਚ ਜਾ ਕੇ ਤਪੱਸਿਆ ਕਰ ਰਿਹਾ ਸੀ। ਕੁੱਝ ਲੋਕ ਧਰਮਾਂ ਦੇ ਨਾਂ ਤੇ ਭੋਲੀ ਜਨਤਾ ਨੂੰ ਲੁੱਟ ਕੇ ਖਾ ਰਹੇ ਸਨ। ਰਾਜੇ ਨਿਆਂਕਾਰੀ ਨਹੀਂ ਸਨ ਅਤੇ ਧਾਰਮਿਕ ਆਗੂ ਖੁਦ ਭੁਲੇ ਭਟਕੇ ਹੋਏ ਸਨ। ਲੋਕਾਈ ਅਗਿਆਨਤਾ, ਅੰਧਵਿਸ਼ਵਾਸ਼, ਕਰਮ-ਕਾਂਡਾਂ ਵਿੱਚ ਫਸੀ ਹੋਈ ਸੀ ਅਤੇ ਸ਼ਾਸ਼ਕ ਵਰਗ ਅਤੇ ਪੁਜਾਰੀ ਵਰਗ ਜਨਤਾ ਦੀ ਅਗਿਆਨਤਾ ਅਤੇ ਭੋਲੇਪਣ ਦਾ ਫਾਇਦਾ ਉਠਾ ਰਹੇ ਸਨ। ਅਜਿਹੇ ਕੂੜ ਦੇ ਵਰਤਾਰੇ ਸਮੇਂ ਗੁਰੂ ਨਾਨਕ ਜੀ ਪਰਗਟ ਹੋਏ ਸਨ, ਉਨਾਂ ਪ੍ਰਿਥਵੀ ਨੂੰ ਜਲਦਿਆਂ, ਤੇ ਲੋਕਾਈ ਨੂੰ ਹਾਇ ਹਾਇ ਕਰਦਿਆਂ ਤੱਕਿਆ ਤੇ ਦਰਦ ਭਿੱਜੀ ਰੂਹ ਧਰਤੀ ਸੋਧਣਿ ਲਈ ਚੱਲ ਪਈ। ਪਹਿਲਾ ਕ੍ਰਾਂਤੀਕਾਰੀ ਕਦਮ ਬਾਬੇ ਨੇ ਚੱਕਿਆ ਕਿ ਨੀਵੀਂ ਜਾਤ ਵਜੋਂ ਜਾਣੇ ਜਾਂਦੇ ਰਬਾਬੀ ਮਰਦਾਨੇ ਨੂੰ ਆਪਣਾ ਪੱਕਾ ਸਾਥੀ ਬਣਾਇਆ।

ਬਾਬੇ ਨੇ ਅਪਣੀਆਂ ਉਦਾਸੀਆਂ ਰਾਹੀਂ ਵੱਖ ਵੱਖ ਮੱਤਾਂ ਦੇ ਆਗੂਆਂ ਕੋਲ ਜਾ ਜਾ ਕੇ ਉਨਾਂ ਨਾਲ ਸੰਵਾਦ ਰਚਾਇਆ। ਪ੍ਰਮਾਤਮਾ ਦੇ ਇੱਕ ਹੋਣ, ਸਰਬ ਕਾਲਕ, ਸਰਬ ਸਾਂਝਾਂ ਪਾਲਕ ਹੋਣ, ਲੋਕਾਈ ਨੂੰ ਮੁਹੱਬਤ ਕਰਨ, ਆਪਣਾ ਆਪ ਪਹਿਚਾਨਣ, ਸਭ ਵਿੱਚ ਉਸ ਇੱਕ ਨੂੰ ਦੇਖਦੇ ਹੋਏ ਕਿਸੇ ਨੂੰ ਵੀ ਉਚਾ ਨੀਵਾਂ ਨਾ ਸਮਝਣ ਦਾ ਸਰਬ-ਸਾਂਝਾ ਉਪਦੇਸ਼ ਲੋਕਾਂ ਦੀ ਜਬਾਨ ਵਿੱਚ ਦਿੱਤਾ। ਨਾਨਕ ਦਾ ਸਿਧਾਂਤ ਘਰ ਬਾਰ ਛੱਡਣ ਨੂੰ ਮਾਣ ਨਹੀਂ ਦਿੰਦਾ ਸਗੋ ਦੁਨੀਆਂ ਵਿੱਚ ਰਹਿੰਦਿਆਂ, ਕਿਰਤ ਕਰਦਿਆਂ, ਅਪਣੇ ਪਰਿਵਾਰ ਪ੍ਰਤੀ ਅਤੇ ਸਮਾਜ ਪ੍ਰਤੀ ਆਪਣੀ ਜਿੰਮੇਵਾਰੀ ਨਿਭਾਉਂਦਿਆਂ ਖਲਕਤ ਦੀ ਸੇਵਾ ਚੋਂ ਖਾਲਕ ਦੀ ਪ੍ਰਾਪਤੀ ਕਰਨੀ ਦੱਸਦਾ ਹੈ॥ ਬਾਬੇ ਦੇ ਬੋਲ ਹਨ-

**"ਘਾਲਿ ਖਾਇ ਕਿਛੁ ਹਥਹੁ ਦੇਇ॥**
**ਨਾਨਕ ਰਾਹੁ ਪਛਾਣਹਿ ਸੇਇ॥**
(**ਗੁਰੂ ਨਾਨਕ, ਪੰਨਾ** 1245)

ਗੁਰਮਤਿ ਗਾਡੀ ਰਾਹ ਦਾ ਪਾਂਧੀ ਪਰਮਾਤਮਾ ਨੂੰ ਲੱਭਣ ਲਈ ਕਿਸੇ ਯੋਗ ਵਿੱਚ ਨਹੀਂ ਜਾਂਦਾ, ਸਮਾਧੀਆਂ ਨਹੀ ਲਗਾਂਦਾ, ਮਾਲਾ ਨਹੀਂ ਫੇਰਦਾ, ਕੋਈ ਖਾਸ ਵਰਤ ਨਹੀਂ ਰਖਦਾ, ਅਪਣੇ ਸਰੀਰ ਨੂੰ ਦੁੱਖ ਨਹੀਂ ਦਿੰਦਾ ਅਤੇ ਨਾ ਹੀ ਵਿਸ਼ੇਸ਼ ਕਰਮ ਕਾਂਡ ਕਰਦਾ ਹੈ।

ਉਹ ਤਾਂ ਦੁਨੀਆਂ ਵਿੱਚ ਵਿਚਰਦਿਆਂ ਹੋਇਆ, ਕਿਰਤ ਕਰਦਿਆਂ ਹੋਇਆਂ, ਮਾਇਆ ਕਮਾਂਦਿਆਂ ਹੋਇਆਂ ਵੀ "ਜੈਸੇ ਜਲ ਮਹਿ ਕਮਲ ਨਿਰਾਲਮ, ਮੁਰਗਾਈ ਨੈਸਾਣੈ"ਅਨੁਸਾਰ ਇਸ ਮਾਇਆ ਦਾ ਗੁਲਾਮ ਨਹੀਂ ਬਣਦਾ। ਮਾਇਆ ਗੁਰਸਿੱਖ ਲਈ ਗੁਜਰਾਨ ਮਾਤਰ ਹੈ.। ਉਹ ਇਸ ਵਿਚੋਂ ਲੋੜਵੰਦ ਦੀ ਲੋੜ ਪੂਰੀ ਕਰਨ ਲਈ ਵਚਨਬੱਧ ਹੈ। ਹੋਰ ਧਰਮਾਂ ਦੀ ਤਰਾਂ ਉਹ ਦਾਨ ਦੇ ਕੇ ਹਉਮੈ ਨਹੀਂ ਪਾਲਦਾ। ਦਾਨ ਦੇਣ ਵਾਲਾ ਅਪਣੇ ਆਪ ਨੂੰ ਵੱਡਾ ਸਮਝਦਾ ਹੈ, ਜਦ ਕਿ ਗੁਰਸਿੱਖ ਲੋੜਵੰਦ ਦੀ ਲੋੜ ਆਪਣਾ ਭਰਾ ਸਮਝ ਕੇ ਕਰਦਾ ਹੈ ਅਤੇ ਉਸ ਦਾ ਧੰਨਵਾਦੀ ਹੁੰਦਾ ਹੈ, ਜੋ ਉਸ ਕਾਰਨ ਗੁਰਸਿੱਖ ਨੂੰ ਸੇਵਾ ਦਾ ਮੌਕਾ ਮਿਲਿਆ ਹੈ।)

ਉਹ ਧਰਮ ਜਾਂ ਵਿਚਾਰਧਾਰਾ ਕਿਸ ਕੰਮ, ਜੋ ਲੋਕਾਂ ਦਾ ਜੀਵਨ ਨਾ ਬਦਲੇ? ਗੁਰਮਤਿ ਅਸਲ ਵਿੱਚ ਇੱਕ ਇਨਕਲਾਬ ਦਾ ਨਾਂ ਹੈ, ਇੱਕ ਰਾਜਨਤਿਕ ਅਤੇ ਸਮਾਜਿਕ ਇਨਕਲਾਬ ਹੈ ਇਹ। ਪਰ ਇਹ ਇਨਕਲਾਬ ਤਦ ਹੀ ਆ ਸਕੇਗਾ ਜੇ ਪਹਿਲਾਂ ਆਪਣੇ ਮਨ ਨੂੰ ਵਿਕਾਰਾਂ



ਜਸਵਿੰਦਰ ਸਿੰਘ
'ਰੁਪਾਲ'
9814715796

ਤੋਂ ਰੋਕ ਕੇ ਉਸ ਇੱਕ ਦੀ ਜੋਤ ਨੂੰ ਸਭ ਵਿੱਚ ਰਮੀ ਹੋਈ ਮਹਿਸੂਸ ਕੀਤਾ ਜਾਵੇ। ਇੱਕ ਗੁਰਸਿੱਖ ਨੇ ਸਭ ਤੋ ਪਹਿਲਾਂ ਅਪਨੇ ਆਪ ਨੂੰ ਬਦਲਣਾ ਹੈ। ਜੀਵਨ ਮਨੋਰਥ ਨੂੰ ਜਾਣ ਲੈਣ ਨਾਲ ਉਹ ਆਪਣੇ ਆਪੇ ਨੂੰ ਪਹਿਚਾਣਦਾ ਹੈ। ਜਦੋਂ ਉਸ ਇੱਕ ਦੀ ਜੋਤ ਦਾ ਅਹਿਸਾਸ ਹੁੰਦਾ ਹੈ, ਤਾਂ ਇਸ ਜੋਤ ਨੂੰ ਸਰਬ ਵਿੱਚ ਪਸਰੀ ਤੇ ਰਮੀ ਹੋਈ ਦੇਖਦਾ ਹੈ। ਉਦੋਂ "ਸਭ ਕੋ ਮੀਤ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ" ਗੁਰਵਾਕ ਅਨੁਸਾਰ ਸਭਨਾਂ ਨੂੰ ਆਪਣਾ ਸਮਝਦਾ ਹੈ। ਇਸ ਸਮਾਨਤਾ ਅਤੇ ਬ੍ਰਹਿਮੰਡੀ ਮੁਹੱਬਤ ਦੀ ਚਿਣਗ ਪੂਰੇ ਜਲੌਅ ਨਾਲ ਉਸ ਦੇ ਹਿਰਦੇ ਵਿੱਚ ਜਗਦੀ ਹੈ। ਇਸ ਪ੍ਰੇਮ ਦੀ ਗਲੀ ਆਣ ਲਈ ਹੀ ਗੁਰੂ ਨਾਨਕ ਸਾਹਿਬ ਸੀਸ ਤਲੀ ਤੇ ਟਿਕਾਉਣ ਦੀ ਗੱਲ ਕਰਦੇ ਹਨ-

**"ਜਉ ਤਉ ਪ੍ਰੇਮ ਖੇਲਣ ਕਾ ਚਾਉ॥**
**ਸਿਰੁ ਧਰਿ ਤਲੀ ਗਲੀ ਮੇਰੀ ਆਉ॥**
(**ਸਲੋਕ ਵਾਰਾਂ ਤੇ ਵਧੀਕ, ਪੰਨਾ** 1412)

ਜਦੋਂ ਨਿਸ਼ਾਨੇ ਅਤੇ ਮੰਜਲ ਦੀ ਸੋਝੀ ਆ ਜਾਂਦੀ ਹੈ, ਤਾਂ ਗੁਰਸਿੱਖ ਗੁਰੂ ਦੀ ਚਾਲ ਤੇ ਤੁਰਦਾ ਹੈ। ਉਹ ਨਿਰਭਉ ਅਤੇ ਨਿਰਵੈਰ ਬਣਕੇ ਵਿਚਰਦਾ ਹੈ। ਉਹ ਆਪਣੇ ਗੁਰੂ ਦੇ ਦੱਸੇ ਇਸ ਮਾਰਗ ਤੇ ਤੁਰਨ ਲਈ ਹੋਰਾਂ ਨੂੰ ਵੀ ਪ੍ਰੇਰਦਾ ਹੈ, ਪਰ ਕਦੀ ਵੀ ਧੱਕਾ ਨਹੀਂ ਕਰਦਾ। ਆਪਣੇ ਨਿਸ਼ਚੇ ਤੇ ਦ੍ਰਿੜ ਹੈ, ਪਰ ਕਿਸੇ ਨੂੰ ਵੀ ਇਸ ਪੰਥ ਵਿੱਚ ਸ਼ਾਮਿਲ ਹੋਣ ਲਈ ਕਿਸੇ ਤਰਾਂ ਦਾ ਸ਼ਬਦੀ- ਜੁਲਮ ਵੀ ਨਹੀਂ ਕਰਦਾ। ਤੇ ਹਾਂ, ਉਹ ਖੁਦ ਇਸ ਮਾਰਗ ਤੋਂ ਕਿਸੇ ਵੀ ਤਰਾਂ ਦੇ ਲਾਲਚ, ਸਵਾਰਥ ਜਾਂ ਜੁਲਮ ਦੇ ਬਾਵਜੂਦ ਪਿੱਛੇ ਨਹੀਂ ਹਟਦਾ। ਉਸ ਦਾ ਨਿਸ਼ਚਾ ਦ੍ਰਿੜ ਹੈ ਕਿ ਸੱਚ ਦੇ ਮਾਰਗ ਤੇ ਚੱਲਦਿਆਂ ਗੁਰੂ ਆਪ ਸਹਾਈ ਹੁੰਦਾ ਹੈ। ਇਸੇ ਲਈ ਅੱਜ ਤੱਕ ਕੋਈ ਜੇਲ, ਤੱਤੀ ਤਵੀ, ਆਰਾ, ਚਰਖੜੀ, ਰੰਬੀ, ਕੋਈ ਤਲਵਾਰ ਗੁਰਸਿੱਖ ਨੂੰ ਉਸਦੇ ਸਿਦਕ ਤੋਂ ਨਹੀਂ ਡੁਲਾ ਸਕੀ। ਗੁਰਸਿੱਖ ਨੇ ਆਪਣੇ ਫਰਜ ਵੀ ਪੂਰੇ ਕਰਨੇ ਹਨ, ਪਰ ਆਪਣੈ ਅਧਿਕਾਰਾ ਲਈ ਲੜਨਾ ਵੀ ਹੈ। ਆਜਾਦੀ ਸਾਡਾ ਪਹਿਲਾ ਮੁਢਲਾ ਅਧਿਕਾਰ ਹੈ। ਆਪਣੀ ਅਣਖ, ਇੱਜਤ, ਮਾਣ-ਸਨਮਾਨ ਨੂੰ ਬਣਾਈ ਰੱਖਣ ਦੀ ਗੁੜਤੀ ਵੀ ਸਾਨੂੰ ਦਿੱਤੀ ਗਈ ਹੈ। ਗੁਰਵਾਕ ਹੈ-

**"ਜੇ ਜੀਵੈ ਪਤਿ ਲੱਥੀ ਜਾਇ॥**
**ਸਭੁ ਹਰਾਮੁ ਜੇਤਾ ਕਿਛੁ ਖਾਇ॥**
(**ਗੁਰੂ ਨਾਨਕ, ਪੰਨਾ** 142)

ਗੁਰਸਿੱਖ ਦੀ ਸਿਧਾਂਤਕ ਦ੍ਰਿੜਤਾ ਏਨੀ ਪੱਕੀ ਹੈ ਕਿ ਉਸ ਨੂੰ ਪੂਰਨ ਗਿਆਨ ਹੈ ਕਿ ਨਾਨਕ ਕਿਸੇ ਵਿਅਕਤੀ ਦਾ ਨਾਂ ਨਹੀਂ, ਸਗੋਂ ਨਾਨਕ ਤਾਂ ਇੱਕ ਵਿਚਾਰਧਾਰਾ ਅਤੇ ਇੱਕ ਸ਼ਕਤੀ ਦਾ ਨਾਂ ਹੈ ਅਤੇ ਸ਼ਬਦ-ਗੁਰੂ ਤੋਂ ਸੇਧ ਲੈਕੇ ਧਾਰਨ ਕੀਤੀ ਹੋਈ ਵਿਵੇਕ ਬੁਧੀ ਕਦੇ ਵੀ ਕਿਸੇ ਦੇਹ ਜਾਂ ਡੇਰੇ ਵਾਲੇ ਦੀ ਮੁਰੀਦ ਨਹੀਂ ਹੋ ਸਕਦੀ। ਇਹ ਵਿਵੇਕ ਹੀ ਉਸਨੂੰ ਰਾਜਿਆਂ, ਮਾਹਾਰਾਜਿਆਂ, ਅਮੀਰਾਂ ਤੇ ਸਰਮਾਏਦਾਰਾਂ ਦੀ ਦੁਨਿਆਵੀ ਚਕਾਚੌਂਧ ਤੋਂ ਬਚਾਈ ਰਖਦਾ ਹੈ। ਇਹ ਗਿਆਨ ਦੀ ਕਿਰਪਾਂਨ ਦੇ ਹੁੰਦਿਆਂ ਕੋਈ ਅੰਧਵਿਸ਼ਵਾਸ਼, ਕਰਮਕਾਂਡ ਆਦਿ ਉਸ ਨੂੰ ਆਪਣੇ ਵੱਲ ਨਹੀਂ ਖਿੱਚ ਸਕਦਾ। ਸ਼ਬਦ ਦੀ ਵਿਚਾਰ ਹੀ ਉਸ ਦਾ ਆਧਾਰ ਹੈ।

"ਸਿੱਖੀ ਸਿੱਖਿਆ ਗੁਰ ਵੀਚਾਰਿ। ਗੁਰਸਿੱਖ ਦੀ ਪਹਿਲੀ ਕਸਵੱਟੀ ਗੁਰਬਾਣੀ ਹੈ। ਉਸ ਨੇ ਇਤਿਹਾਸ ਨੂੰ ਵੀ ਗੁਰਬਾਣੀ ਦੀ ਕਸਵੱਟੀ ਤੇ ਪਰਖਣਾ ਹੈ। ਕਿਉਂਕਿ ਇਤਿਹਾਸ ਵਿੱਚ ਸਰਧਾਲੂਆਂ ਨੇ ਭੋਲੇਪਣ ਅਤੇ ਅਗਿਆਨਤਾ ਵਿੱਚ ਅਤੇ ਵਿਰੋਧੀਆਂ ਨੇ ਸਾਜਿਸ਼ ਅਧੀਨ ਸੋਚ ਸਮਝ ਕੇ ਵਿਗਾੜ ਪਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ ਅਤੇ ਇਹ ਕੋਸ਼ਿਸ਼ਾਂ ਹੁਣ ਵੀ ਹੋ ਰਹੀਆਂ ਹਨ। ਕਿਧਰੇ ਗੁਰੂ ਸਾਹਿਬਾਨ ਨੂੰ ਕਰਾਮਾਤੀ ਬਣਾਇਆ ਜਾ ਰਿਹਾ ਏ, ਕਿਧਰੇ ਗੁਰਬਾਣੀ ਨੂੰ ਵੀ ਮੰਤਰਾਂ ਨਿਆਈਂ ਪ੍ਰਚਾਰਿਆ ਜਾ ਰਿਹਾ ਏ। ਕਿਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਅਤੇ ਬੁੱਤਾਂ ਨੂੰ ਸਥਾਪਿਤ ਕੀਤਾ ਜਾ ਰਿਹਾ ਹੈ। ਕਿਧਰੇ ਭਗਤ ਬਾਣੀ ਉਤੇ ਗੁਰੂ ਬਾਣੀ ਵਿੱਚ ਵੱਖਰਾਪਣ ਦਿਖਾਇਆ ਜਾ ਰਿਹਾ ਏ ਅਤੇ ਕਿਧਰੇ ਗੁਰੂ ਗੋਬਿੰਦ ਸਿੰਘ ਜੀ ਦੀ ਸੋਚ ਨੂੰ ਗੁਰੂ ਨਾਨਕ ਤੋਂ ਵੱਖਰਾ ਦੱਸਿਆ ਜਾ ਰਿਹਾ ਏ। ਸਿੱਖੀ ਸਿਧਾਂਤਾਂ ਤੇ ਕੀਤੇ ਜਾ ਰਹੇ ਇਨਾਂ ਅਣਗਿਣਤ ਹਮਲਿਆਂ ਦਾ ਕਾਰਨ ਜਿੱਥੇ ਈਰਖਾ ਹੈ, ਉਥੇ ਇਸ ਦੀ ਸਰਬ-ਸਾਂਝੀਵਾਲਤਾ ਅਤੇ ਨੀਵਿਆਂ ਨੂੰ ਗਲ ਲਾਉਣ ਦੀ ਨੀਤੀ, ਸਦੀਆਂ ਤੋਂ ਉਚੇ ਹੋਣ ਦਾ ਵਹਿਮ ਪਾਲ ਕੇ ਜਨਤਾ ਦਾ ਸ਼ੋਸ਼ਣ ਕਰ ਰਹੇ ਪੁਜਾਰੀਵਾਦ ਅਤੇ ਬ੍ਰਾਹਮਣਵਾਦ ਨੂੰ ਸਿੱਧੀ ਚੁਣੌਤੀ ਹੈ। ਪਰ ਘਬਰਾਉਣ ਦੀ ਲੋੜ ਨਹੀ, ਇੱਟਾਂ ਉਸੇ ਬੇਰੀ ਨੂੰ ਪੈਂਦੀਆਂ ਨੇ, ਜਿਸ ਨੂੰ ਬੇਰ ਲੱਗੇ ਹੋਏ ਹੋਣ। ਸਮੇਂ ਦੀ ਲੋੜ ਹੈ ਕਿ ਗੁਰਬਾਣੀ ਦਾ ਅਧਿਐਨ ਹੋਰ ਡੂੰਘਾ ਕੀਤਾ ਜਾਵੇ। ਸਿਧਾਂਤਕ ਪਕਿਆਈ ਲਿਆ ਕੇ ਆਪਸੀ ਮੱਤਭੇਦ ਦੂਰ ਕੀਤੇ ਜਾਣ।

ਦੁਨਿਆਵੀ ਪਦਾਰਥਵਾਦ, ਦਿਖਾਵਿਆਂ ਤੋਂ ਬਚ ਕੇ ਸ਼ਬਦ-ਸੰਦੇਸ਼ ਨੂੰ ਜੀਵਨ ਵਿੱਚ ਅਮਲੀ ਰੂਪ ਵਿੱਚ ਢਾਲਿਆ ਜਾਵੇ। ਪ੍ਰੇਮ ਦੀ ਵਰਖਾ ਮਨਾਂ ਚੋ ਅੰਧਕਾਰ ਅਤੇ ਕੁੜੱਤਣ ਦੂਰ ਕਰੇ ਅਤੇ ਅਰਦਾਸ ਅਤੇ ਵਿਸ਼ਵਾਸ ਹੈ ਕਿ ਗੁਰੂ ਕਿਰਪਾ ਨਾਲ ਇਸ ਮਾਰਗ ਤੋਂ ਭੁਲੇ ਵੀ ਮੁੜ ਇਸ ਪੰਥ ਦਾ ਅੰਗ ਬਣਨ ਅਤੇ ਆਪਣਾ ਨਿਰਾਲਾਪਣ ਕਾਇਮ ਰੱਖ ਸਕਣ।

ਨਾਨਕ ਦਾ ਪੰਥ, ਦੂਜੇ ਮੱਤਾਂ ਦਾ ਸਤਿਕਾਰ ਕਰਦਾ ਹੈ, ਪਰ ਉਸ ਵਿੱਚ ਦਿਖਾਵਾ, ਕਰਮ-ਕਾਂਡ ਆਦਿ ਨਾ ਹੋਣ। ਨਿਰਮਲ ਭਉ ਤੇ ਭਾਉ ਵਿੱਚ ਵਿਚਰਦਿਆਂ ਉਹ ਪ੍ਰਭੂ ਦੇ ਗੁਣ ਗਾਣ ਕਰਨ ਵਾਲੇ ਹਰ ਵਿਅਕਤੀ ਤੋਂ ਬਲਿਹਾਰ ਜਾਂਦਾ ਹੈ। ਗੁਰੂ ਨਾਨਕ ਜੀ ਦਾ ਕਥਨ ਹੈ-

**"ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥**
**ਸੋ ਘਰੁ ਰਾਖੁ ਵਡਾਈ ਤੋਇ॥**
(**ਰਾਗ ਆਸਾ ਮਹਲਾ** 1, **ਪੰਨਾ** 12)

ਇਸ ਤਰਾਂ ਇਸ ਨਿਰਾਲੇ ਪੰਥ ਦਾ ਪਾਂਧੀ "ਦੂਖ ਨਾ ਦੇਈ ਕਿਸੈ ਜੀਅ, ਪਾਰਬ੍ਰਹਮ ਚਿਤਾਰੇ" ਦੀ ਸੋਚ ਲੈ ਕੇ,"ਵਿੱਚ ਦੁਨੀਆਂ ਸੇਵਿ ਕਮਾਈਐ" ਦਾ ਧਾਰਨੀ ਹੋ ਕੇ ਆਪਣੇ ਨਿਜ-ਘਰ ਨੂੰ ਪਹਿਚਾਣਦਾ ਹੋਇਆ "ਗੁਰਮੁਖਿ ਮਾਰਗ ਚਲਣਾ, ਛੱਡ ਖੱਬੇ ਸੱਜੇ" ਅਨੁਸਾਰ ਲਗਾਤਾਰ ਚਲਦਾ ਰਹਿੰਦਾ ਹੈ। ਪਰ ਉਹ ਕਿਸੇ ਹੋਰ ਘਰ ਵੱਲ ਨਹੀਂ ਤੱਕਦਾ।

**ਜਾ ਕਾ ਠਾਕਰਿ ਊਚਾ ਹੋਈ।**
**ਤਾ ਕਉ ਪਰ ਘਰ ਜਾਤ ਨਾ ਸੋਹੀ।**

ਆਓ ਮਿਲ ਕੇ ਅਰਦਾਸ ਕਰੀਏ ਕਿ ਨਾਨਕ - ਸੋਚ ਨਾਲ ਜੁੜ ਸਕੀਏ ਅਤੇ ਇਸ ਨਿਰਾਲੀ ਚਾਲ ਨਾਲ ਚਲਦੀ ਜੀਵਨ ਮੰਜਲ ਹਾਸਲ ਕਰ ਸਕੀਏ।

# ਸੁਪਰੀਮ ਕੋਰਟ ਦਾ ਪਰਾਲ਼ੀ ਸਾੜਨ ਵਾਲੇ ਸੂਬਿਆਂ ਪ੍ਰਤੀ ਸਖ਼ਤ ਰੌਅ

ਦੇਸ਼ ਦੀ ਰਾਜਧਾਨੀ ਦਿੱਲੀ 'ਚ ਧੁਆਂਖੀ ਧੁੰਦ ਭਾਵ ਸਮੌਗ ਤੋਂ ਪਰੇਸ਼ਾਨ ਸੁਪਰੀਮ ਕੋਰਟ ਦੀ ਤਿੱਖੀ ਟਿੱਪਣੀ ਨੇ ਸਭ ਦਾ ਧਿਆਨ ਖਿੱਚਿਆ ਹੈ। ਧੂੰਏਂ ਦੇ ਸੰਘਣੇ ਬੱਦਲ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼, ਰਾਜਸਥਾਨ ਤੇ ਰਾਸ਼ਟਰੀ ਰਾਜਧਾਨੀ ਖੇਤਰ ਦੇ ਹੋਰ ਬਹੁਤ ਸਾਰੇ ਇਲਾਕਿਆਂ 'ਚ ਸੜਕੀ, ਰੇਲ ਤੇ ਹਵਾਈ ਆਵਾਜਾਈ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦਿਆਂ ਭਿਆਨਕ ਹਾਦਸਿਆਂ ਦਾ ਕਾਰਨ ਬਣ ਰਹੇ ਹਨ।





ਇਸ ਦੇ ਨਾਲ ਹੀ ਭਾਰੀ ਪ੍ਰਦੂਸ਼ਣ ਨੇ ਦਮਾ, ਤਪੇਦਿਕ ਤੇ ਸਾਹ ਦੇ ਹੋਰ ਰੋਗਾਂ ਤੋਂ ਪ੍ਰਭਾਵਤ ਮਰੀਜ਼ਾਂ ਨੂੰ ਔਖੇ ਕੀਤਾ ਹੋਇਆ ਹੈ। ਦਿੱਲੀ 'ਚ ਹਵਾ ਦਾ ਮਿਆਰ ਗੰਭੀਰ ਹੱਦ ਤੱਕ ਮਾੜਾ ਹੈ ਜਿਸ ਕਾਰਨ ਅਜਿਹੇ ਰੋਗੀਆਂ ਦਾ ਸਾਹ ਘੁਟਦਾ ਹੈ। ਅਜਿਹੇ ਹਾਲਾਤ ਕਾਰਨ ਗਰਭਵਤੀਆਂ ਤੇ ਨਵ-ਜਨਮੇ ਬੱਚਿਆਂ ਲਈ ਵੱਖਰੀਆਂ ਸਿਹਤ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਇਸੇ ਲਈ ਹੁਣ ਦੇਸ਼ ਦੀ ਸਰਬਉੱਚ ਅਦਾਲਤ ਨੇ ਇਸ ਮਾਮਲੇ 'ਚ ਸਖ਼ਤ ਸਟੈਂਡ ਲੈਂਦਿਆਂ ਪੰਜਾਬ ਸਰਕਾਰ ਨੂੰ ਕਿਹਾ ਹੈ ਕਿ ਕਿਸੇ ਵੀ ਤਰੀਕੇ ਪਰਾਲ਼ੀ ਸਾੜਨ ਦੀਆਂ ਘਟਨਾਵਾਂ ਤੁਰੰਤ ਬੰਦ ਹੋਣੀਆਂ ਚਾਹੀਦੀਆਂ ਹਨ।

ਇਕੱਲੇ ਸੋਮਵਾਰ ਨੂੰ ਹੀ ਪੰਜਾਬ 'ਚ ਪਰਾਲ਼ੀ ਨੂੰ ਅੱਗ ਲਾਉਣ ਦੀਆਂ 2,000 ਘਟਨਾਵਾਂ ਨੋਟ ਕੀਤੀਆਂ ਗਈਆਂ ਅਤੇ ਹੁਣ ਤੱਕ ਅਜਿਹੇ 19,463 ਮਾਮਲੇ ਸਾਹਮਣੇ ਆ ਚੁੱਕੇ ਹਨ। ਅਜਿਹੇ ਹਾਲਾਤ ਕਾਰਨ ਹੀ ਅਦਾਲਤ ਨੇ ਸਪਸ਼ਟ ਕਿਹਾ ਹੈ ਕਿ ਹੁਣ ਜੇ ਕਿਤੇ ਵੀ ਅਜਿਹੀ ਘਟਨਾ ਵਾਪਰਦੀ ਹੈ ਤਾਂ ਉਸ ਲਈ ਸਬੰਧਤ ਸੂਬੇ ਦੇ ਮੁੱਖ ਸਕੱਤਰ ਤੇ ਡੀਜੀਪੀ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਜਾਵੇਗਾ। ਇਸੇ ਲਈ ਪੰਜਾਬ 'ਚ ਜੇ ਹੁਣ ਕਿਤੇ ਕਿਸੇ ਖੇਤ 'ਚੋਂ ਧੂੰਆਂ ਨਿਕਲਦਾ ਵਿਖਾਈ ਦੇਵੇਗਾ ਤਾਂ ਉਸ ਵਾਸਤੇ ਮੁੱਖ ਸਕੱਤਰ ਨੂੰ ਬਾਅਦ 'ਚ, ਪਹਿਲਾਂ ਸਬੰਧਤ ਇਲਾਕੇ ਦੇ ਐੱਸਐੱਚਓ ਤੇ ਚੌਕੀ ਇੰਚਾਰਜ ਨੂੰ ਜ਼ਿੰਮੇਵਾਰ ਮੰਨਿਆ ਜਾਵੇਗਾ।

ਅਦਾਲਤ ਨੇ ਇਹ ਬੁਨਿਆਦੀ ਸਵਾਲ ਵੀ ਕੀਤਾ ਕਿ ਜੇ ਕਿਸੇ ਫ਼ਸਲ ਤੋਂ ਕੋਈ ਸਮੱਸਿਆ ਪੈਦਾ ਹੋ ਰਹੀ ਹੈ ਤਾਂ ਉਸ ਨੂੰ ਤਿਆਗ ਕੇ ਜੌਂ ਤੇ ਬਾਜਰੇ ਨੂੰ ਕਿਉਂ ਨਹੀਂ ਅਪਣਾਇਆ ਜਾ ਰਿਹਾ? ਇਹ ਵੀ ਇਕ ਕੌੜੀ ਸੱਚਾਈ ਹੈ ਕਿ ਪੰਜਾਬ ਦਿਵਸ (1 ਨਵੰਬਰ) ਤੋਂ ਲੈ ਕੇ 6 ਨਵੰਬਰ ਤੱਕ ਇਸ ਸੀਜ਼ਨ ਦੌਰਾਨ ਪਰਾਲ਼ੀ ਨੂੰ ਅੱਗ ਲਾਉਣ ਦੀਆਂ 61% ਘਟਨਾਵਾਂ ਵਾਪਰ ਗਈਆਂ ਹਨ। ਇੰਨੀ ਵੱਡੀ ਗਿਣਤੀ 'ਚ ਗ਼ੈਰ-ਕਾਨੂੰਨੀ ਢੰਗ ਨਾਲ ਧੂੰਆਂ ਪੈਦਾ ਕਰਨ ਵਾਲਿਆਂ ਵਿਰੁੱਧ ਅਦਾਲਤ ਦਾ ਸਖ਼ਤ ਰਵੱਈਆ ਸੁਭਾਵਕ ਹੈ। ਪ੍ਰਦੂਸ਼ਣ ਦੇ ਉੱਚ-ਪੱਧਰਾਂ ਕਾਰਨ ਹੀ ਦਿੱਲੀ ਸਰਕਾਰ ਨੂੰ ਵਾਹਨਾਂ ਲਈ ਇਕ ਵਾਰ ਫਿਰ 'ਔਡ-ਈਵਨ' ਪ੍ਰਣਾਲੀ ਲਾਗੂ ਕਰਨੀ ਪਈ ਹੈ। ਸੁਪਰੀਮ ਕੋਰਟ ਨੇ ਇਸ ਪ੍ਰਣਾਲੀ 'ਤੇ ਵੀ ਇਤਰਾਜ਼ ਭਰਪੂਰ ਸਵਾਲ ਉਠਾਏ ਹਨ।

ਅਦਾਲਤ ਦਾ ਕਹਿਣਾ ਹੈ ਕਿ ਕੀ ਪਿਛਲੇ ਸਾਲਾਂ ਦੌਰਾਨ ਲਾਗੂ ਕੀਤੀ ਇਸ ਪ੍ਰਣਾਲੀ ਦੌਰਾਨ ਸਾਹਮਣੇ ਆਏ ਫ਼ਾਇਦਿਆਂ ਦਾ ਕਦੇ ਕੋਈ ਮੁਲਾਂਕਣ ਕੀਤਾ ਗਿਆ ਹੈ? ਅਜਿਹੀਆਂ ਯੋਜਨਾਵਾਂ ਐਲਾਨ ਕਰਨ ਲਈ ਤਾਂ ਵਧੀਆ ਜਾਪਦੀਆਂ ਹਨ ਪਰ ਕੀ ਇਨ੍ਹਾਂ ਦਾ ਸੱਚਮੁੱਚ ਕੋਈ ਲਾਭ ਹੁੰਦਾ ਹੈ? ਮੌਜੂਦਾ ਹਾਲਾਤ ਵੀ ਇਹੋ ਮੰਗ ਕਰਦੇ ਹਨ ਕਿ ਹੁਣ ਫੋਕੀ ਨਾਅਰੇਬਾਜ਼ੀ ਕਰਨ ਦੀ ਥਾਂ ਅਸਲ ਸਮੱਸਿਆ ਨੂੰ ਹੱਲ ਕੀਤਾ ਜਾਵੇ।

ਇਸ ਧਰਤੀ ਦੀ ਪੂਰੀ ਖ਼ਲਕਤ ਇਸ ਵੇਲੇ ਜਲਵਾਯੂ ਤਬਦੀਲੀ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਨਾਲ ਜੂਝ ਰਹੀ ਹੈ। ਇਹ ਸਾਰੇ ਮਸਲੇ ਕੁਦਰਤ ਨਾਲ ਛੇੜਖਾਨੀ ਤੇ ਵਧਦੇ ਪ੍ਰਦੂਸ਼ਣ ਕਾਰਨ ਹੀ ਪੈਦਾ ਹੋਏ ਹਨ। ਇਸ ਲਈ ਸਿਰਫ਼ ਸਰਕਾਰਾਂ ਦੇ ਉੱਦਮਾਂ ਦੀ ਨਹੀਂ, ਆਮ ਲੋਕਾਂ ਦੇ ਸਹਿਯੋਗ ਦੀ ਵੀ ਡਾਢੀ ਲੋੜ ਹੈ। ਤਦ ਹੀ ਇਸ ਸਮੱਸਿਆ ਨੂੰ ਜੜ੍ਹੋਂ ਖ਼ਤਮ ਕੀਤਾ ਜਾ ਸਕਦਾ ਹੈ। ਕਿਸਾਨਾਂ ਨੂੰ ਪਰਾਲ਼ੀ ਸਾੜਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।


ਹਰ ਘਰ 'ਚ ਖੁਸ਼ੀ ਦੇ ਦੀਵੇ ਜਗਣ
ਹਰ ਘਰ ਦੀ ਤਰ੍ਹਾਂ ਹਰ ਇਕ ਦੀ ਜ਼ਿੰਦਗੀ ਵੀ ਖੁਸ਼ੀਆਂ ਭਰੀ ਹੋਵੇ ।
ਬੰਦੀ ਛੋੜ ਦਿਵਸ ਅਤੇ ਪਵਿੱਤਰ ਦੀਵਾਲੀ ਦੀ
ਲੱਖ-ਲੱਖ ਵਧਾਈ
Singh
Semiconductors
Semiconductors, Inc, 1501 Fulton Place, Fremont, CA 94539
Tel. : 510-490-4900

# ਔਰਤ ਹੁੰਦੀ ਹੈ ਜ਼ਿੰਦਗੀ ਦੇ ਗੂੜ੍ਹੇ ਰੰਗਾਂ ਦੀ ਸਿਰਜਕ

ਗੁਰਬਿੰਦਰ ਸਿੰਘ ਮਾਣਕ

ਧਰਤੀ ਉੱਤੇ ਜੀਵਨ ਕਦੇ ਵੀ ਏਨਾ ਖ਼ੁਸ਼ਗਵਾਰ, ਅਨੰਦ-ਭਰਪੂਰ ਤੇ ਜਿਊਣ-ਯੋਗ ਨਾ ਹੁੰਦਾ ਜੇ ਔਰਤ ਇਸ ਦਾ ਹਿੱਸਾ ਨਾ ਹੁੰਦੀ। ਜਿਵੇਂ ਰੁੱਖਾਂ ਬੂਟਿਆਂ ਤੇ ਹਰਿਆਵਲ ਤੋਂ ਸੱਖਣੀ ਧਰਤੀ ਬੇਜਾਨ ਤੇ ਵਿਰਾਨ ਦਿਖਾਈ ਦਿੰਦੀ ਹੈ ਤੇ ਕਿਸੇ ਦੇ ਵੀ ਮਨ ਨੂੰ ਨਹੀਂ ਭਾਉਂਦੀ, ਬਿਲਕੁਲ ਇੰਜ ਹੀ ਔਰਤ ਇਸ ਧਰਤੀ ਦਾ ਸ਼ਿੰਗਾਰ ਹੈ ਤੇ ਇਸ ਦੀ ਹੋਂਦ ਸਦਕਾ ਹੀ ਮਨੁੱਖੀ ਜੀਵਨ ਭਰਪੂਰ ਹੁਲਾਸ, ਅਹਿਸਾਸਾਂ, ਵਲਵਲਿਆਂ, ਉਮੰਗਾਂ, ਨਵੀਆਂ ਉਮੀਦਾਂ ਦੇ ਰਾਹ ਤੁਰਦਾ ਹਰ ਦਿਨ ਨਵੇਂ ਦਿਸਹੱਦਿਆਂ ਨੂੰ ਛੂਹ ਰਿਹਾ ਹੈ। ਇਸ ਗੱਲ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਔਰਤ ਤੇ ਮਰਦ ਮਨੁੱਖੀ ਜੀਵਨ ਦੀ ਗੱਡੀ ਦੇ ਦੋ ਪਹੀਏ ਹਨ ਤੇ ਇਨ੍ਹਾਂ ਵਿਚ ਸੰਤੁਲਨ ਬਣਾ ਕੇ ਰੱਖਣ ਨਾਲ ਹੀ, ਜੀਵਨ-ਰੂਪੀ ਗੱਡੀ ਸਹਿਜ ਨਾਲ ਤੇ ਨਿਰਵਿਘਨ ਚੱਲਦੀ ਰੱਖੀ ਜਾ ਸਕਦੀ ਹੈ। ਪਰ ਇਹ ਮਾਣ ਔਰਤ ਨੂੰ ਹੀ ਜਾਂਦਾ ਹੈ ਕਿ ਉਹ ਮਨੁੱਖੀ ਜੀਵਨ ਦੀ ਧਰੋਹਰ ਹੈ। ਕੇਵਲ ਜਨਨੀ ਦੇ ਰੂਪ ਵਿਚ ਹੀ ਨਹੀਂ, ਸਗੋਂ ਜ਼ਿੰਦਗੀ ਦੇ ਹਰ ਕਦਮ 'ਤੇ ਔਰਤ ਦੀ ਹੋਂਦ ਤੋਂ ਬਿਨਾਂ, ਜੀਵਨ ਦਾ ਕਿਆਸ ਕਰਨਾ ਵੀ ਔਖਾ ਜਾਪਦਾ ਹੈ।



ਮਕਾਨ ਕਿੰਨਾ ਵੀ ਵਿਸ਼ਾਲ, ਮਹਿੰਗਾ ਤੇ ਮਹਿਲ-ਨੁਮਾ ਕਿਉਂ ਨਾ ਹੋਵੇ, ਘਰ, ਉਹ ਔਰਤ ਦੀ ਛੋਹ ਨਾਲ ਹੀ ਬਣਦਾ ਹੈ। ਧਰਤੀ ਉੱਤੇ ਔਰਤ ਤੋਂ ਬਿਨਾਂ ਜੀਵਨ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ, ਇਸ ਕਾਰਨ ਹੀ ਔਰਤ ਨੂੰ ਜ਼ਿੰਦਗੀ ਦੀ ਸਿਰਜਣਹਾਰ ਕਹਿਣਾ ਬਹੁਤ ਅਰਥਪੂਰਨ ਹੈ। ਕੁਦਰਤ ਨੇ ਔਰਤ ਨੂੰ ਏਨੀ ਸ਼ਕਤੀ, ਸਹਿਣਸ਼ੀਲਤਾ, ਸੁਹਜ ਤੇ ਸਿਦਕ ਦੀ ਦਾਤ ਬਖ਼ਸ਼ੀ ਹੋਈ ਹੈ ਕਿ ਉਹ ਆਪਣੇ ਘਰ-ਪਰਿਵਾਰ ਵਿਚ ਵਿਚਰਦਿਆਂ ਮੋਹਰੀ ਹੋ ਕੇ ਆਪਣੀ ਭੂਮਿਕਾ ਤਾਂ ਨਿਭਾਉਂਦੀ ਹੀ ਹੈ, ਸਗੋਂ ਜ਼ਿੰਦਗੀ ਵਿਚ ਖ਼ੁਸ਼ੀਆਂ ਦੇ ਅਨੇਕਾਂ ਰੰਗ ਵੀ ਭਰਦੀ ਹੈ। ਕੁਦਰਤ ਨੇ ਔਰਤ ਨੂੰ ਸੁਹਜ ਤੇ ਸੁਚੱਜਤਾ ਦੀ ਦਾਤ ਬਖ਼ਸ਼ੀ ਹੋਈ ਹੈ, ਉਸ ਦੇ ਹੱਥ ਲੱਗਦਿਆਂ ਹੀ ਸਾਦ-ਮੁਰਾਦੇ ਘਰ ਦੀ ਹਰ ਚੀਜ਼ ਬੋਲਣ ਲੱਗ ਜਾਂਦੀ ਹੈ। ਪੁਰਾਣੇ ਸਮਿਆਂ ਵਿਚ ਕੱਚੇ ਘਰਾਂ ਨੂੰ ਵੀ ਸੁਆਣੀਆਂ ਆਪਣੀ ਸੂਝ-ਸਿਆਣਪ ਨਾਲ ਇਸ ਤਰ੍ਹਾਂ ਲਿੰਬ-ਪੋਚ ਕੇ ਸ਼ਿੰਗਾਰ ਦਿੰਦੀਆਂ ਸਨ ਕਿ ਘਰਾਂ ਵਿਚੋਂ ਸੁਹੱਪਣ ਝਲਕਦਾ ਨਜ਼ਰ ਆਉਂਦਾ ਸੀ। ਘਰ ਦੀ ਕੱਚੀ ਸਵਾਤ ਤੇ ਚੌਂਕੇ-ਚੁੱਲ੍ਹੇ ਨੂੰ ਹਰ ਰੋਜ਼ ਪੋਚਾ ਮਾਰ ਕੇ ਸੁੱਚਾ ਕਰਨ ਉਪਰੰਤ ਹੀ ਰੋਟੀ-ਪਾਣੀ ਕੀਤਾ ਜਾਂਦਾ ਸੀ। ਘਰਾਂ ਵਿਚ ਲਵੇਰੀਆਂ ਦੀ ਸਾਂਭ-ਸੰਭਾਲ ਕਰਨੀ, ਗੋਹਾ-ਕੂੜਾ ਸਾਂਭਣਾ, ਸਵੇਰੇ ਤੜਕੇ ਹੀ ਝਾੜੂ ਮਾਰ ਕੇ ਸਾਫ਼-ਸਫ਼ਾਈ ਕਰਨੀ ਤੇ ਹੋਰ ਅਨੇਕਾਂ ਕੰਮਾਂ ਵਿਚ ਘਰਾਂ ਦੀਆਂ ਸੁਆਣੀਆਂ ਦੀ ਭੂਮਿਕਾ ਵਧੇਰੇ ਹੁੰਦੀ ਸੀ/ਹੈ। ਕੱਚੇ ਘਰਾਂ ਨੂੰ ਵੀ ਸੁਆਣੀਆਂ ਲਿਸ਼ਕਾ ਦਿੰਦੀਆਂ ਸਨ।

ਸਮਾਂ ਭਾਵੇਂ ਬਹੁਤ ਬਦਲ ਗਿਆ ਹੈ, ਪਰ ਘਰ-ਪਰਿਵਾਰ ਦੀ ਸਿਰਜਣਾ ਦਾ ਬਹੁਤਾ ਦਾਰੋ-ਮਦਾਰ ਔਰਤਾਂ ਦੇ ਮੋਢਿਆਂ 'ਤੇ ਹੀ ਹੈ ਤੇ ਸ਼ਾਇਦ ਹਮੇਸ਼ਾ ਰਹੇਗਾ। ਆਪਣੀ ਕੁੱਖ ਵਿਚ ਪਲ ਰਹੇ ਬੱਚੇ ਨੂੰ ਆਪਣੇ ਖ਼ੂਨ ਨਾਲ ਪਾਲਦੀ, ਘਰ ਦੇ ਅਨੇਕਾਂ ਕੰਮਾਕਾਰਾਂ ਵਿਚ ਰੁੱਝੀ, ਕਈ ਤਰ੍ਹਾਂ ਦੇ ਸਰੀਰਕ ਤੇ ਮਾਨਸਿਕ ਕਸ਼ਟਾਂ ਵਿਚੋਂ ਗੁਜ਼ਰਦੀ ਔਰਤ, ਆਪਣੇ ਮਾਂ ਹੋਣ ਦੇ ਗੌਰਵ ਵਿਚ ਬੱਚੇ ਦੀ ਖਾਤਰ, ਅੰਤਾਂ ਦੀਆਂ ਦਰਦਮਈ ਜੰਮਣ-ਪੀੜਾਂ ਵੀ ਸਹਿ ਲੈਂਦੀ ਹੈ। ਜਨਮ ਉਪਰੰਤ ਆਪਣੇ ਬੱਚੇ ਨੂੰ ਛਾਤੀ ਨਾਲ ਲਾ ਕੇ, ਜਿਹੜੀ ਅਸੀਮ ਪ੍ਰਸੰਨਤਾ ਦਾ ਅਹਿਸਾਸ ਮਾਂ ਨੂੰ ਹੁੰਦਾ ਹੈ, ਕੁਝ ਪਲਾਂ ਲਈ ਉਹ ਮਾਂ ਨੂੰ ਜੰਮਣ-ਪੀੜਾਂ ਦੇ ਸਾਰੇ ਕਸ਼ਟ ਭੁਲਾ ਦਿੰਦਾ ਹੈ। ਬੱਚੇ ਦੇ ਪਾਲਣ-ਪੋਸ਼ਣ ਵਿਚ ਭਾਵੇਂ ਪਰਿਵਾਰ ਦੇ ਹੋਰ ਜੀਆਂ ਦਾ ਵੀ ਸਹਿਯੋਗ ਹੁੰਦਾ ਹੈ, ਪਰ ਜਿਹੜੀਆਂ ਦੁਸ਼ਵਾਰੀਆਂ ਮਾਂ ਝੱਲਦੀ ਹੈ, ਉਹਦਾ ਕਰਜ਼ ਨਹੀਂ ਕੋਈ ਉਤਾਰ ਸਕਦਾ। ਅਸਲ ਵਿਚ ਹਰ ਮਾਂ ਆਪਣਾ ਸੁੱਖ-ਆਰਾਮ, ਸਰੀਰਕ ਕਸ਼ਟ ਭੁੱਲ ਕੇ ਆਪਣੀ ਜ਼ਿੰਦਗੀ ਬੱਚੇ ਨੂੰ ਅਰਪਿਤ ਕਰ ਦਿੰਦੀ ਹੈ। ਉਹਦੇ ਉੱਠਣ ਬੈਠਣ, ਜਾਗਣ-ਸੌਣ, ਖਾਣ-ਪੀਣ, ਕੰਮ-ਕਾਰ ਸਮੇਂ ਵੀ ਉਹਦੀ ਸੁਰਤੀ ਆਪਣੇ ਬੱਚੇ ਵਿਚ ਹੀ ਲੱਗੀ ਰਹਿੰਦੀ ਹੈ। ਆਪਣੇ ਘਰ-ਪਰਿਵਾਰ ਤੇ ਬੱਚਿਆਂ ਲਈ ਜਿਹੜਾ ਤਿਆਗ ਤੇ ਕੁਰਬਾਨੀ ਕੋਈ ਔਰਤ ਕਰਦੀ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਈ। ਸਭ ਕੁਝ ਕਰਦਿਆਂ ਵੀ ਮਾਂ ਕਦੇ ਜਤਾਉਂਦੀ ਨਹੀਂ ਕਿ ਮੈਂ ਇਹ ਕੁਝ ਕੀਤਾ। ਜੇ ਪਰਿਵਾਰ ਦਾ ਸਹਿਯੋਗ ਮਿਲਦਾ ਰਹੇ, ਘਰ ਵਿਚ ਸੁੱਖ-ਸ਼ਾਂਤੀ, ਆਪਸੀ ਪਿਆਰ ਇਤਫ਼ਾਕ ਤੇ ਖ਼ੁਸ਼ੀਆਂ ਤੇ ਅਪਣੱਤ ਭਰਿਆ ਮਹੌਲ ਬਣਿਆ ਰਹੇ ਤਾਂ ਕਿਸੇ ਔਰਤ ਲਈ ਵੀ ਇਸ ਤੋਂ ਵੱਡੀ ਕੋਈ ਖ਼ੁਸ਼ੀ ਨਹੀਂ ਹੁੰਦੀ। ਸਾਰਾ ਦਿਨ ਕੰਮਾਂਕਾਰਾਂ ਵਿਚ ਥੱਕੀ-ਟੁੱਟੀ ਸੁਆਣੀ ਨੂੰ ਜੇ ਕੋਈ ਪਿਆਰ ਨਾਲ ਇਹ ਹੀ ਕਹਿ ਦੇਵੇ ਕਿ ਤੂੰ ਬਹੁਤ ਕੰਮ ਕੀਤਾ ਅੱਜ, ਹੁਣ ਆਰਾਮ ਕਰ ਲਾ, ਤਾਂ ਉਸ ਦੀ ਸਾਰੀ ਥਕਾਵਟ ਲੱਥ ਜਾਂਦੀ ਹੈ।



ਔਰਤ ਕਿਸੇ ਵੀ ਰਿਸ਼ਤੇ ਵਿਚ ਹੋਵੇ, ਉਹਦੇ ਅੰਦਰ ਇਕ ਮਮਤਾਮਈ ਦਿਲ ਹੁੰਦਾ ਹੈ, ਜਿਸ ਨਾਲ ਉਹ ਸਾਰਿਆਂ ਨੂੰ ਮੋਹ ਲੈਂਦੀ ਹੈ। ਮਾਂ, ਭੈਣ, ਧੀ, ਪਤਨੀ ਜਾਂ ਕਿਸੇ ਵੀ ਹੋਰ ਰਿਸ਼ਤੇ ਵਿਚ ਔਰਤ ਹੀ ਘਰਾਂ ਦੀ ਸਿਰਜਣਾ ਕਰਦੀ ਹੈ। ਹਰ ਧੀ ਵਿਆਹ ਹੋਣ ਤੱਕ ਆਪਣੇ ਪੇਕਿਆਂ ਦੇ ਘਰ ਨੂੰ ਸਵਾਰਦੀ ਸਜਾਉਂਦੀ ਰਹਿੰਦੀ ਹੈ। ਇਕ ਦਿਨ ਅਜਿਹਾ ਆ ਜਾਂਦਾ ਹੈ ਕਿ ਮਾਪੇ ਸਮਾਜਿਕ ਰੀਤਾਂ 'ਚ ਬੱਝੇ, ਸ਼ਗਨਾਂ ਨਾਲ ਧੀ ਨੂੰ ਕਿਸੇ ਹੋਰ ਘਰ-ਪਰਿਵਾਰ ਦੀ ਸਿਰਜਣਾ ਲਈ ਅੱਗੇ ਤੋਰ ਦਿੰਦੇ ਹਨ। ਸਮਾਜ ਅਕਸਰ ਹੀ ਇਹ ਤਵੱਕੋ ਕਰਦਾ ਹੈ ਕਿ ਨਵੇਂ ਘਰ-ਪਰਿਵਾਰ ਵਿਚ ਜਾ ਕੇ ਨਵੀਂ ਮੁਟਿਆਰ, ਉੱਥੋਂ ਦੇ ਤੌਰ-ਤਰੀਕੇ ਸਿੱਖ ਕੇ ਆਪਣੇ ਆਪ ਨੂੰ ਉਸ ਪਰਿਵਾਰ ਦੇ ਜੀਆਂ ਸੰਗ ਵਿਚਰਨ ਲਈ ਢਾਲ ਲਏ। ਹੋਣਾਂ ਤਾਂ ਇਹ ਚਾਹੀਦਾ ਹੈ ਕਿ ਜਿਸ ਘਰ ਵਿਚ ਉਹ ਵਿਆਹੀ ਗਈ ਹੈ, ਉਸ ਘਰ ਦੇ ਜੀਅ ਉਸ ਨਾਲ ਪਿਆਰ, ਦੁਲਾਰ, ਸਨੇਹ ਸਤਿਕਾਰ ਤੇ ਹਲੀਮੀ ਦਾ ਇਸ ਕਦਰ ਪ੍ਰਗਟਾਵਾ ਕਰਨ ਕਿ ਨਵੀਂ ਵਿਆਹੀ ਮੁਟਿਆਰ ਨੂੰ ਆਪਣੇ ਪੇਕੇ ਘਰ ਦੇ ਜੀਆਂ ਦੀ ਯਾਦ ਵੀ ਨਾ ਸਤਾਵੇ ਤੇ ਉਹ ਛੇਤੀ ਛੇਤੀ ਸਹੁਰੇ ਘਰ ਵਿਚ ਰਚ ਮਿਚ ਜਾਵੇ। ਜਿਨ੍ਹਾਂ ਘਰਾਂ ਵਿਚ ਘਰ ਦੀ ਸੁਆਣੀ ਨਾਲ ਪਿਆਰ ਤੇ ਸਤਿਕਾਰ ਨਾਲ ਪੇਸ਼ ਆਇਆ ਜਾਂਦਾ ਹੈ ਤੇ ਦੁੱਖ-ਸੁੱਖ ਸਮੇਂ ਉਸ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ ਜਾਂਦੀ ਹੈ, ਉੱਥੇ ਔਰਤਾਂ ਘਰ-ਪਰਿਵਾਰ ਦੀਆਂ ਜ਼ਿੰਮੇਵਾਰੀਆਂ ਸੰਭਾਲਦੀਆਂ, ਸਾਰਾ ਸਾਰਾ ਦਿਨ ਕੰਮ ਵਿਚ ਰੁੱਝੀਆਂ, ਦੁਸ਼ਵਾਰੀਆਂ ਝੱਲਦੀਆਂ, ਘਰਾਂ ਦੀ ਸਿਰਜਣਾ ਵਿਚ ਜੁਟੀਆਂ ਕਦੇ ਅੱਕਦੀਆਂ-ਥੱਕਦੀਆਂ ਨਹੀਂ। ਜਿੰਨੀ ਸੂਝ, ਸਲੀਕੇ, ਮਿਹਨਤ ਤੇ ਸਿਰੜ ਨਾਲ ਕੋਈ ਔਰਤ ਆਪਣੇ ਪਰਿਵਾਰ ਨੂੰ ਪਾਲਦੀ, ਸੰਭਾਲਦੀ ਤੇ ਉਸ ਦੀ ਸਿਰਜਣਾ ਵਿਚ ਸੇਵਾ ਭਾਵਨਾ ਨਾਲ ਜੁਟੀ ਰਹਿੰਦੀ ਹੈ, ਉਹ ਸ਼ਾਇਦ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਸਵੇਰੇ ਸਭ ਤੋਂ ਪਹਿਲਾਂ ਜਾਗਣਾ ਤੇ ਰਾਤ ਨੂੰ ਸਭ ਤੋਂ ਬਾਅਦ ਵਿਚ ਸੌਣਾ ਤੇ ਘਰ ਦੇ ਜੀਆਂ ਦੀ ਹਰ ਲੋੜ ਪੂਰੀ ਕਰਦਿਆਂ ਕਦੇ ਮੱਥੇ ਵੱਟ ਨਾ ਪਾਉਣਾ ਘਰ ਦੀ ਸੁਆਣੀ ਦੀ ਆਪਾ ਵਾਰੂ ਭਾਵਨਾ ਦਾ ਪ੍ਰਤੀਕ ਹੈ। ਅਕਸਰ ਹੀ ਇਹ ਦੇਖਿਆ ਗਿਆ ਹੈ ਕਿ ਔਰਤਾਂ ਦੇ ਘਰ ਦੇ ਕੰਮਾਂ ਨੂੰ ਕੰਮ ਹੀ ਨਹੀਂ ਸਮਝਿਆ ਜਾਂਦਾ। ਹਾਲਾਂਕਿ ਘਰ ਦੀਆਂ ਔਰਤਾਂ ਸਵੇਰੇ ਮੂੰਹ ਹਨੇਰੇ ਤੋਂ ਲੈ ਕੇ ਰਾਤ ਪੈਣ ਤੱਕ ਕੰਮਾਂ ਵਿਚ ਜੁਟੀਆਂ ਰਹਿੰਦੀਆਂ ਹਨ। ਬਦਲ ਰਹੇ ਸਮਿਆਂ ਨਾਲ ਤਾਂ ਔਰਤਾਂ ਦੋਹਰੀ ਭੂਮਿਕਾ ਨਿਭਾਅ ਰਹੀਆਂ ਹਨ। ਕੰਮਕਾਜੀ ਔਰਤਾਂ ਆਪਣੀ ਡਿਊਟੀ ਵੀ ਕਰਦੀਆਂ ਹਨ ਤੇ ਘਰ-ਪਰਿਵਾਰ ਸੰਭਾਲਣ ਦੀ ਜ਼ਿੰਮੇਵਾਰੀ ਵੀ ਨਿਭਾਉਂਦੀਆਂ ਹਨ।

ਹੁਣ ਔਰਤਾਂ ਉੱਚ-ਵਿੱਦਿਆ ਪ੍ਰਾਪਤ ਕਰਕੇ, ਆਪਣੀ ਸੂਝ ਤੇ ਲਿਆਕਤ ਨਾਲ ਵੱਡੇ-ਵੱਡੇ ਅਹੁਦਿਆਂ ਦਾ ਮਾਣ ਵਧਾ ਰਹੀਆਂ ਹਨ। ਅਜੋਕੀ ਔਰਤ ਨੇ ਇਹ ਦਰਸਾ ਦਿੱਤਾ ਹੈ ਕਿ ਕੇਵਲ ਘਰ-ਪਰਿਵਾਰ ਨੂੰ ਸੰਭਾਲਣ ਤੱਕ ਹੀ ਉਹ ਸੀਮਤ ਨਹੀਂ ਹੈ, ਜੇ ਮੌਕੇ ਮਿਲਣ ਤਾਂ ਉਹ ਜ਼ਿੰਦਗੀ ਦੇ ਹਰ ਖੇਤਰ ਵਿਚ ਹੀ ਉੱਚੀਆਂ ਉਡਾਰੀਆਂ ਭਰਨ ਦੀ ਸਮਰੱਥਾ ਰੱਖਦੀ ਹੈ। ਪਰ ਬਹੁਤ ਦੁਖਦਾਈ ਸਥਿਤੀ ਹੈ ਕਿ ਅੱਜ ਵੀ ਸਮਾਜ ਵਿਚ ਔਰਤ ਵਿਰੋਧੀ ਮਾਨਸਿਕਤਾ ਭਾਰੂ ਹੈ। ਜ਼ਿੰਦਗੀ ਦੀ ਸਿਰਜਣਹਾਰੀ ਨੂੰ ਜੀਵਨ ਵਿਚ ਵਿਚਰਦਿਆਂ ਅਨੇਕਾਂ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਔਰਤਾਂ/ਕੁੜੀਆਂ ਆਪਣੇ ਘਰ, ਸਕੂਲ, ਕਾਲਜ, ਦਫਤਰ, ਅਦਾਰੇ, ਬੱਸ, ਰੇਲ, ਸੜਕ , ਬਾਜ਼ਾਰ ਜਾਂ ਕਿਤੇ ਵੀ ਸੁਰੱਖਿਅਤ ਨਹੀਂ ਹਨ ਤਾਂ ਅਸੀਂ ਕਿਹੜੀ ਗੱਲ ਦਾ ਮਾਣ ਕਰਦੇ ਹਾਂ। ਛੇੜ-ਛਾੜ ਤੇ ਜਬਰਜਨਾਹ ਦੀਆਂ ਸ਼ਰਮਨਾਕ ਘਟਨਾਵਾਂ ਦਾ ਵਾਪਰਨਾ ਅਜੋਕੇ ਸਮਾਜ ਦੇ ਮੱਥੇ 'ਤੇ ਕਲੰਕ ਹੈ। ਅਜਿਹੀ ਮਾਨਸਿਕਤਾ ਵਾਲੇ ਲੋਕ ਕੋਈ ਅਸਮਾਨੋਂ ਨਹੀਂ ਉਤਰਦੇ, ਸਗੋਂ ਸਾਡੇ ਆਲੇ-ਦੁਆਲੇ ਹੀ ਵਸਦੇ ਹਨ। ਕੇਵਲ ਕਾਨੂੰਨ ਹੀ ਨਹੀਂ ਸਮਾਜ ਵੀ ਆਪਣੀ ਜ਼ਿੰਮੇਵਾਰੀ ਸਮਝੇ। ਜੇ ਸਮਾਜ ਅਜਿਹੇ ਬਿਮਾਰ ਮਾਨਸਿਕਤਾ ਵਾਲੇ ਲੋਕਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰੇ ਤਾਂ ਅਸੀਂ ਮਾਵਾਂ, ਭੈਣਾਂ, ਧੀਆਂ ਨੂੰ ਸੁਰੱਖਿਅਤ ਮਾਹੌਲ ਦੇ ਸਕਦੇ ਹਾਂ। ਜਿੱਥੇ ਔਰਤਾਂ ਖ਼ੁਸ਼ ਹੋਣ ਤੇ ਆਦਰ ਸਨਮਾਨ ਨਾਲ ਨਿਵਾਜੀਆਂ ਜਾਣ, ਉਸ ਘਰ ਦੇ ਵਿਹੜੇ ਵਿਚ ਖ਼ੁਸ਼ੀਆਂ, ਪਿਆਰ, ਮਿਲਵਰਤਣ ਤੇ ਆਪਸੀ ਸਾਂਝਾਂ ਦੇ ਗੁਲਾਬਾਂ ਦੀ ਮਹਿਕ ਪਸਰੀ ਰਹਿੰਦੀ ਹੈ।

ਕੇਵਲ ਘਰ ਹੀ ਨਹੀਂ, ਸਗੋਂ ਜ਼ਿੰਦਗੀ ਦੇ ਹਰ ਕੋਨੇ ਵਿਚੋਂ ਔਰਤ ਦੇ ਸੁਹਜ, ਸਲੀਕੇ ਦੀ ਝਲਕ ਦੇਖੀ ਜਾ ਸਕਦੀ ਹੈ। ਔਰਤਾਂ ਦੀ ਅਣਹੋਂਦ ਨਾਲ ਘਰ ਦੇ ਜੀਅ ਹੀ ਨਹੀਂ, ਸਗੋਂ ਸਾਰਾ ਘਰ ਹੀ ਉਦਾਸ ਤੇ ਵਿਰਾਨ ਜਾਪਣ ਲੱਗਦਾ ਹੈ। ਜਦੋਂ ਘਰ ਦੇ ਵਿਹੜੇ ਵਿਚ ਔਰਤ ਦੇ ਪੈਰਾਂ ਦੀ ਥਾਪ ਪੈਂਦੀ ਹੈ ਤਾਂ ਸੁੰਨੇ ਤੇ ਉਦਾਸ ਘਰ ਵੀ ਚਹਿਕ ਉੱਠਦੇ ਹਨ।

ਸਿਰਜਣਹਾਰੀ ਦੇ ਹੱਥਾਂ ਦਾ ਕਮਾਲ ਹੀ ਇਹ ਹੈ ਕਿ ਉਸ ਦੀ ਛੋਹ ਨਾਲ ਘਰ ਦੀ ਹਰ ਨੁੱਕਰ ਤੇ ਹਰ ਚੀਜ਼ ਖੇੜੇ ਨਾਲ ਮਹਿਕ ਉੱਠਦੀ ਹੈ। ਸਵਰਗ ਕਿਸੇ ਨੇ ਦੇਖਿਆ ਨਹੀਂ, ਸਗੋਂ ਕਿਆਸ ਅਰਾਈਆਂ ਹੀ ਹਨ ਕਿ ਉਹ ਬਹੁਤ ਸੰਦਰ ਹੋਵੇਗਾ। ਪਰ ਔਰਤ ਘਰ ਨੂੰ ਆਪਣੇ ਸੁਹਜ ਕਾਰਜਾਂ ਨਾਲ ਸਵਰਗ ਬਣਾਉਣ ਦੀ ਸਮਰੱਥਾ ਰੱਖਦੀ ਹੈ। ਜ਼ਿੰਦਗੀ ਰੂਪੀ ਫੁਲਵਾੜੀ ਵਿਚ ਰਿਸ਼ਤਿਆਂ ਦੇ ਅਨੇਕਾਂ ਰੰਗ-ਬਰੰਗੇ ਫੁੱਲ, ਔਰਤ ਦੀ ਹੋਂਦ ਨਾਲ ਹੀ ਜੁੜੇ ਹੋਏ ਹਨ।



# ਤਿਉਹਾਰ ਦੇ ਦੌਰਾਨ ਖਰੀਦਦਾਰੀ ਕਰਦੇ ਸਮੇਂ ਸਾਵਧਾਨ ਰਹੋ





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਇੰਟਰਨੈੱਟ ਨਾਲ ਚੱਲਣ ਵਾਲੀਆਂ ਈ-ਕਾਮਰਸ ਕੰਪਨੀਆਂ ਹੌਲੀ-ਹੌਲੀ ਸਸਤੇ ਅਤੇ ਆਕਰਸ਼ਕ ਲਾਲਚ ਦੇ ਕੇ ਸਾਡੇ ਰਵਾਇਤੀ ਬਾਜ਼ਾਰਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਨ੍ਹਾਂ ਨੇ ਅੱਧੇ ਤੋਂ ਵੱਧ ਬਾਜ਼ਾਰ 'ਤੇ ਕਬਜ਼ਾ ਕਰ ਲਿਆ ਹੈ। ਈ-ਕਾਮਰਸ ਕੰਪਨੀਆਂ ਨੇ ਵਸਤੂਆਂ ਅਤੇ ਸੇਵਾਵਾਂ ਦੀ ਖਰੀਦੋ-ਫਰੋਖਤ 'ਚ ਭਾਰਤੀ ਖਪਤਕਾਰਾਂ 'ਤੇ ਅਜਿਹੀ ਛਾਪ ਛੱਡੀ ਹੈ ਕਿ ਉਹ ਗਾਹਕਾਂ ਨੂੰ ਆਪਣੇ ਵੱਲ ਆਕਰਸ਼ਿਤ ਕਰ ਰਹੀਆਂ ਹਨ, ਪਰ ਹੁਣ ਗਾਹਕ ਸਸਤੇ ਭਾਅ ਦੇ ਗਣਿਤ ਨੂੰ ਸਮਝਣ ਲੱਗ ਪਏ ਹਨ। ਭਾਰਤ ਵਿੱਚ ਤਿਉਹਾਰਾਂ ਦਾ ਮੌਜੂਦਾ ਸੀਜ਼ਨ ਹੈ ਇਸ ਲਈ ਇਹ ਕੰਪਨੀਆਂ ਬਹੁਤ ਸਰਗਰਮ ਹਨ। ਗਾਹਕਾਂ ਨੂੰਇਸ ਨੇ ਤੁਹਾਨੂੰ ਫਸਾਉਣ ਲਈ ਹਰ ਪਾਸੇ ਆਪਣਾ ਜਾਲ ਵਿਛਾ ਦਿੱਤਾ ਹੈ। ਈ-ਕਾਮਰਸ ਸੈਕਟਰ ਦੀਆਂ ਦੋ ਪ੍ਰਮੁੱਖ ਔਨਲਾਈਨ ਕੰਪਨੀਆਂ ਫਲਿੱਪਕਾਰਟ ਅਤੇ ਐਮਾਜ਼ਾਨ ਨੇ ਗਾਹਕਾਂ ਨੂੰ ਪ੍ਰਸਿੱਧ ਅਤੇ ਲਾਲਚੀ ਪੇਸ਼ਕਸ਼ਾਂ ਦਿੱਤੀਆਂ ਹਨ। ਇਹ ਆਫਰ ਬਾਜ਼ਾਰ 'ਚ ਉਪਲੱਬਧ ਲਗਭਗ ਸਾਰੀਆਂ ਚੀਜ਼ਾਂ 'ਤੇ ਹਨ, ਜੋ ਕਿ ਬਾਜ਼ਾਰ ਦੀਆਂ ਚੀਜ਼ਾਂ ਤੋਂ ਕਾਫੀ ਸਸਤੀਆਂ ਹਨ, ਪਰ ਇਸ ਦੇ ਪਿੱਛੇ ਕੰਪਨੀਆਂ ਦੀ ਚਲਾਕੀ ਅਤੇ ਧੋਖਾਧੜੀ ਛੁਪੀ ਹੋਈ ਹੈ, ਜਿਸ ਨੂੰ ਖਰੀਦਦੇ ਸਮੇਂ ਗਾਹਕ ਸਮਝ ਨਹੀਂ ਪਾਉਂਦੇ ਹਨ। ਕੰਪਨੀਆਂ ਗਾਹਕਾਂ ਨੂੰ ਦੋ ਤਰੀਕਿਆਂ ਨਾਲ ਠੱਗਦੀਆਂ ਹਨ। ਇਕ ਤਾਂ ਉਹ ਸਸਤੇ ਆਫਰ ਦੇ ਕੇ ਕਬਾੜ ਦਾ ਸਾਮਾਨ ਦੇ ਦਿੰਦੇ ਹਨ, ਜਦਕਿ ਦੂਜਾ ਡਿਜੀਟਲ ਸਾਧਨਾਂ ਰਾਹੀਂ ਗਾਹਕਾਂ ਤੋਂ ਪੈਸੇ ਲੈ ਰਹੇ ਹਨ। ਇਸ ਨੂੰ ਲੈਂਦਾ ਹੈ, ਭਾਵ ਔਨਲਾਈਨ ? ਜਿਸ ਕਾਰਨ ਕੰਪਨੀਆਂ ਉਨ੍ਹਾਂ ਦੀ ਪ੍ਰਾਈਵੇਸੀ 'ਤੇ ਵੀ ਗੁਪਤ ਹਮਲਾ ਕਰਦੀਆਂ ਹਨ। ਇਸ ਕਾਰਨ ਗਾਹਕਾਂ ਦਾ ਡਾਟਾ ਆਸਾਨੀ ਨਾਲ ਚੋਰੀ ਹੋ ਜਾਂਦਾ ਹੈ। ਡਾਟਾ ਚੋਰੀ ਦਾ ਮਾਮਲਾ ਵੀ ਇਸ ਸਮੇਂ ਗਰਮ ਹੈ। ਕਈ ਵਾਰ ਅਜਿਹਾ ਲੱਗਦਾ ਹੈ ਕਿ ਡਾਟਾ ਚੋਰੀ ਨੂੰ ਲੈ ਕੇ ਈ-ਕਾਮਰਸ ਕੰਪਨੀਆਂ ਅਤੇ ਸਾਈਬਰ ਠੱਗਾਂ ਵਿਚਕਾਰ ਗਠਜੋੜ ਹੈ। ਹਾਲਾਂਕਿ, ਈ-ਕਾਮਰਸ ਕੰਪਨੀਆਂ ਨੇ ਹੁਣ ਹੋਰ ਵਿਸਥਾਰ ਕੀਤਾ ਹੈ। ਸਿਰਫ਼ ਖਰੀਦਣ-ਵੇਚਣ ਤੱਕ ਹੀ ਸੀਮਤ ਨਹੀਂ ਸੀ। ਈ-ਕਾਮਰਸ ਕੰਪਨੀਆਂ ਨੇ ਈ-ਬੈਂਕਿੰਗ, ਈ-ਸ਼ਾਪਿੰਗ ਅਤੇ ਈ-ਬਿਜ਼ਨਸ ਆਦਿ ਵਰਗੇ ਖੇਤਰਾਂ 'ਤੇ ਵੀ ਕਬਜ਼ਾ ਕਰ ਲਿਆ ਹੈ। ਹਾਲਾਂਕਿ, ਇਹ ਉਤਪਾਦਕਾਂ ਨੂੰ ਪ੍ਰਭਾਵਿਤ ਕਰੇਗਾ ਅਤੇਮਾਲ ਅਤੇ ਸੇਵਾਵਾਂ ਲਈ ਗਲੋਬਲ ਬਾਜ਼ਾਰ ਜ਼ਰੂਰ ਲੱਭੇ ਹਨ, ਪਰ ਵਪਾਰਕ ਜਾਣਕਾਰੀ ਦੇ ਅਦਾਨ-ਪ੍ਰਦਾਨ ਅਤੇ ਗੁਣਵੱਤਾ ਵਿੱਚ ਵੀ ਭਾਰੀ ਕਮੀ ਆਈ ਹੈ। ਦੁੱਖ ਦੀ ਗੱਲ ਇਹ ਹੈ ਕਿ ਈ-ਕਾਮਰਸ ਸੈਕਟਰ ਵਿੱਚ ਹੌਲੀ-ਹੌਲੀ ਵਾਧੇ ਦੇ ਨਾਲ, ਈ-ਕਾਮਰਸ ਕੰਪਨੀਆਂ ਵਿੱਚ ਧੋਖਾਧੜੀ ਦਾ ਖ਼ਤਰਾ ਤੇਜ਼ੀ ਨਾਲ ਵਧਿਆ ਹੈ। ਇਨ੍ਹਾਂ ਕੰਪਨੀਆਂ ਨੂੰ ਨੱਥ ਪਾਉਣਾ ਸਮੇਂ ਦੀ ਲੋੜ ਹੈ। ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੂੰ ਬਿਨਾਂ ਕਿਸੇ ਦੇਰੀ ਦੇ ਆਨਲਾਈਨ ਸੰਸਥਾਵਾਂ ਦੇ ਧੋਖੇਬਾਜ਼ਾਂ 'ਤੇ ਸ਼ਿਕੰਜਾ ਕੱਸਣਾ ਚਾਹੀਦਾ ਹੈ। ਇਨ੍ਹਾਂ ਦੀਆਂ ਭੈੜੀਆਂ ਗਤੀਵਿਧੀਆਂ ਨੂੰ ਰੋਕਣ ਲਈ ਠੋਸ ਹੱਲ ਅਤੇ ਰਣਨੀਤੀ ਬਣਾਉਣ ਦੀ ਲੋੜ ਹੈ। ਫਿਲਹਾਕੇਂਦਰ ਸਰਕਾਰ ਨੇ ਡਾਰਕ ਪੈਟਰਨ ਅਪਣਾਉਣ ਵਾਲੀਆਂ ਈ-ਕਾਮਰਸ ਕੰਪਨੀਆਂ ਲਈ ਇੱਕ ਗਾਈਡਲਾਈਨ ਜਾਰੀ ਕੀਤੀ ਹੈ। ਜਿਸ ਕਾਰਨ ਉਨ੍ਹਾਂ 'ਤੇ ਨੱਥ ਪਾਈ ਜਾਵੇਗੀ। ਡਾਰਕ ਪੈਟਰਨ ਦਾ ਮਤਲਬ ਹੈ 'ਅਣਉਚਿਤ ਵਪਾਰਕ ਅਭਿਆਸ' ਯਾਨੀ ਕਿ ਇੰਟਰਨੈੱਟ 'ਤੇ ਡਿਜੀਟਲ ਮਾਧਿਅਮ ਦੀ ਵਰਤੋਂ ਕਰਕੇ ਗਾਹਕਾਂ ਨੂੰ ਗਲਤ ਤਰੀਕਿਆਂ ਨਾਲ ਪ੍ਰਭਾਵਿਤ ਕਰਨਾ ਅਤੇ ਅਜਿਹਾ ਕਰਨ 'ਤੇ 10 ਲੱਖ ਰੁਪਏ ਦੇ ਜੁਰਮਾਨੇ ਦੀ ਵਿਵਸਥਾ ਹੈ ? ਸਰਕਾਰ ਅਜਿਹਾ ਨਿਯਮ ਬਣਾਉਣ ਜਾ ਰਹੀ ਹੈ ਜਿਸ ਨਾਲ ਕੰਪਨੀਆਂ ਗਾਹਕਾਂ ਨੂੰ ਮੂਰਖ ਨਹੀਂ ਬਣਾ ਸਕਣਗੀਆਂ। ਜਦੋਂ ਈ-ਕਾਮਰਸ ਕੰਪਨੀਆਂ ਭਾਰਤ ਵਿੱਚ ਆਈਆਂ, ਤਾਂ ਅਜਿਹਾ ਲੱਗ ਰਿਹਾ ਸੀ ਕਿ ਉਨ੍ਹਾਂ ਨੇ ਮੁਸ਼ਕਲਾਂ ਨੂੰ ਘਟਾ ਦਿੱਤਾ ਹੈ। ਹਲਚਲ ਨਾਲ ਭਰਿਆ ਹੋਇਆਖਰੀਦਦਾਰੀ ਕਰਨ ਦੀਆਂ ਪਰੇਸ਼ਾਨੀਆਂ ਤੋਂ ਛੁਟਕਾਰਾ ਮਿਲ ਗਿਆ, ਪਰ ਬਾਅਦ 'ਚ ਪਤਾ ਲੱਗਾ ਕਿ ਸ਼ੁਰੂ 'ਚ ਇਹ ਕੰਪਨੀਆਂ ਸਿਰਫ ਆਪਣੇ ਪੈਰ ਜਮਾਉਂਦੀਆਂ ਸਨ। ਜ਼ਮੀਨ ਤਿਆਰ ਕੀਤੀ ਜਾ ਰਹੀ ਸੀ ਪਰ ਹੁਣ ਇਨ੍ਹਾਂ ਦਾ ਅਸਲੀ ਰੂਪ ਸਾਹਮਣੇ ਆਉਣ ਲੱਗਾ ਹੈ। ਕੁਝ ਦਿਨ ਪਹਿਲਾਂ ਹੀ ਦਿੱਲੀ ਦੇ ਬੁਰਾੜੀ ਇਲਾਕੇ 'ਚ ਰਹਿਣ ਵਾਲੇ ਇਕ ਗਾਹਕ ਨੇ ਐਮਾਜ਼ਾਨ ਤੋਂ ਫ਼ੋਨ ਸਸਤਾ ਸਮਝ ਕੇ ਖਰੀਦਿਆ, ਜਦੋਂ ਡਿਲੀਵਰੀ ਘਰ ਪਹੁੰਚੀ ਤਾਂ ਫ਼ੋਨ ਦੀ ਥਾਂ ਉਸ 'ਚ ਇੱਟ ਦਾ ਟੁਕੜਾ ਮਿਲਿਆ। ਪੀੜਤ ਨੇ ਸਥਾਨਕ ਪੁਲਿਸ ਸਟੇਸ਼ਨ 'ਚ ਸ਼ਿਕਾਇਤ ਵੀ ਕੀਤੀ ਪਰ ਕੋਈ ਹੱਲ ਨਹੀਂ ਨਿਕਲਿਆ ? ਪਿਛਲੇ ਹਫ਼ਤੇ ਪੰਜਾਬ ਦੇ ਬਠਿੰਡਾ ਵਿੱਚ ਵੀ ਅਜਿਹਾ ਹੀ ਹੋਇਆ। ਅਧਿਆਪਕ ਨਹੀਂ ਉਸ ਨੇ ਫਲਿੱਪਕਾਰਟ ਰਾਹੀਂ ਕੁਝ ਆਰਡਰ ਕੀਤਾ, ਔਨਲਾਈਨ ਭੁਗਤਾਨ ਕੀਤਾ, ਪਰ ਅਗਲੇ ਦਿਨ ਚੋਰਾਂ ਨੇ ਉਸ ਦਾ ਸਾਰਾ ਬੈਂਕ ਖਾਤਾ ਮਿਟਾਇਆ। ਇਸ ਸਮੇਂ ਭਾਰਤ ਵਿੱਚ ਦੋ ਈ-ਕਾਮਰਸ ਕੰਪਨੀਆਂ ਸਭ ਤੋਂ ਵੱਧ ਸਰਗਰਮ ਹਨ। ਪਹਿਲੀ, ਜੇਕਰ ਅਸੀਂ ਫਲਿੱਪਕਾਰਟ ਨੂੰ ਮਾਪਦੇ ਹਾਂ ਅਤੇ ਦੂਜਾ ਐਮਾਜ਼ਾਨ, ਤਾਂ ਫਲਿੱਪਕਾਰਟ ਭਾਰਤ ਵਿੱਚ ਸਿਖਰ 'ਤੇ ਹੈ। ਜਦੋਂ ਕਿ ਐਮਾਜ਼ਾਨ ਦੇਸ਼ ਲੰਬੇ ਸਮੇਂ ਤੋਂ ਦੂਜੇ ਸਥਾਨ 'ਤੇ ਕਾਬਜ਼ ਹੈ। ਪਿਛਲੇ ਸਾਲਾਂ 'ਚ ਕੁਝ ਹੋਰ ਕੰਪਨੀਆਂ ਵੀ ਸਰਗਰਮ ਹੋ ਗਈਆਂ ਸਨ ਪਰ ਇਨ੍ਹਾਂ ਦੋਵਾਂ ਨੇ ਬਾਜ਼ਾਰ 'ਚ ਕਿਸੇ ਨੂੰ ਟਿਕਣ ਨਹੀਂ ਦਿੱਤਾ। ਐਮਾਜ਼ਾਨ ਨੇ ਬਾਅਦ ਵਿੱਚ ਕਈ ਈ-ਕਾਮਰਸ ਕੰਪਨੀਆਂ ਨੂੰ ਹਾਸਲ ਕੀਤਾ। ਐਮਾਜ਼ਾਨ ਅਤੇ ਫਲਿੱਪਕਾਰਟ ਵੀ ਸਰਕਾਰ ਦਾ ਖਜ਼ਾਨਾ ਕਾਫੀ ਭਰ ਰਿਹਾ ਹੈ। ਜੀਐਸਟੀ ਤੋਂ ਲੈ ਕੇ ਹੋਰ ਕਿਸਮ ਦੇ ਟੈਕਸਾਂ ਤੱਕ, ਉਹ ਬਿਨਾਂ ਪੁੱਛੇ ਭੁਗਤਾਨ ਕਰਦੀ ਹੈ। ਸਰਕਾਰ ਵੱਲੋਂ ਉਨ੍ਹਾਂ 'ਤੇ ਕਾਰਵਾਈ ਨਾ ਕਰਨ ਦਾ ਇਹ ਵੀ ਇੱਕ ਕਾਰਨ ਹੋ ਸਕਦਾ ਹੈ। ਫਲਿੱਪਕਾਰਟ ਅਤੇ ਐਮਾਜ਼ਾਨ ਦੋਵਾਂ ਕੰਪਨੀਆਂ ਨੇ ਇੱਕ ਵਾਰ ਆਨਲਾਈਨ ਬੁੱਕ ਸਟੋਰਾਂ ਨਾਲ ਸ਼ੁਰੂਆਤ ਕੀਤੀ ਸੀ। ਕੁਝ ਹੀ ਸਮੇਂ ਵਿੱਚ, ਐਮਾਜ਼ਾਨ ਅਮਰੀਕਾ ਦੀ ਸਭ ਤੋਂ ਵੱਡੀ ਈ-ਕਾਮਰਸ ਕੰਪਨੀ ਬਣ ਗਈ ਅਤੇ ਫਲਿੱਪਕਾਰਟ ਭਾਰਤ ਦੀ ਸਭ ਤੋਂ ਵੱਡੀ ਈ-ਕਾਮਰਸ ਕੰਪਨੀ ਬਣ ਗਈ। ਦੋਵਾਂ ਦੀ ਇੱਕ ਨਿਵੇਸ਼ਕ ਕੰਪਨੀ, ਟਾਈਗਰ ਗਲੋਬਲ ਸਾਂਝੀ ਹੈ। ਵਾਲਮਾਰਟ ਤੋਂ ਪਹਿਲਾਂ ਐਮਾਜ਼ਾਨ ਵੀ ਫਲਿੱਪਕਾਰਟ ਨੂੰ ਖਰੀਦਣ ਦੀ ਦੌੜ 'ਚ ਸੀ। ਉਸਨੇ ਤਿੰਨ ਵਾਰ ਫਲਿੱਪਕਾਰਟ ਖਰੀਦਣ ਦੀ ਕੋਸ਼ਿਸ਼ ਕੀਤੀਪਰ ਕਾਮਯਾਬ ਨਹੀਂ ਹੋ ਸਕੇ। ਹਾਲਾਂਕਿ, ਗਾਹਕਾਂ ਨੂੰ ਇਨ੍ਹਾਂ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ। ਤੁਹਾਨੂੰ ਆਪਣੇ ਲਈ ਜਾਂਚ ਕਰਨੀ ਪਵੇਗੀ। ਨਹੀਂ ਤਾਂ, ਸਸਤੇ ਲਾਲਚ ਕਾਰਨ, ਤੁਹਾਨੂੰ ਦੇਣਾ ਅਤੇ ਲੈਣਾ ਪੈ ਸਕਦਾ ਹੈ। ਈ-ਕਾਮਰਸ ਕੰਪਨੀਆਂ ਜਿੰਨੀ ਮਰਜ਼ੀ ਵਿਸਤਾਰ ਕਰਨ, ਉਹ ਰਵਾਇਤੀ ਬਾਜ਼ਾਰਾਂ ਦੀ ਭਰੋਸੇਯੋਗਤਾ ਨੂੰ ਕਮਜ਼ੋਰ ਨਹੀਂ ਕਰ ਸਕਣਗੀਆਂ। ਲੋਕਾਂ ਦਾ ਇੱਕ ਵੱਡਾ ਵਰਗ ਅਜੇ ਵੀ ਬਾਜ਼ਾਰਾਂ ਤੋਂ ਖਰੀਦਦਾਰੀ ਨੂੰ ਤਰਜੀਹ ਦਿੰਦਾ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
e-file
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic: 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
1050 N Carpenter RD STE C, Modesto, CA 95351
TRUCK INSURANCE
TRUCK TAX
IFTA
Amarjit S Bir
amarjit@uscipp.org
Lic#0I15593CA
Ph: (925)318-1247

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

## ਇਜ਼ਹਾਰ ਜ਼ਰੂਰੀ ਨਹੀਂ

ਉਸ ਦਾ ਦੀਦਾਰ ਹੋ ਗਿਆ ਆਬ-ਏ-ਹਯਾਤ ਮੇਰੇ ਲਈ।
ਉਸਦਾ ਨਜ਼ਰ ਉਠਾ ਤੱਕਣਾ ਖ਼ੁਦਾ ਦੀ ਕੋਈ ਕਰਾਮਾਤ ਮੇਰੇ ਲਈ।

ਚਲਦਾ ਰਹਿੰਦਾ ਹੈ ਮੁਸੱਲਸਲ ਹੀ ਹੁਣ ਤਾਂ ਯਾਦਾਂ ਦਾ ਸਿਲਸਿਲਾ
ਜਦ ਤੋਂ ਵੇਖਿਆ ਉਹ ਮਾਸੂਮ ਚਿਹਰਾ ਹੋ ਗਿਆ ਕਾਇਨਾਤ ਮੇਰੇ ਲਈ।

ਇਕੋ-ਇੱਕ ਹਰਫ਼ ਯਾਦ ਹੈ ਮੈਨੂੰ ਖ਼ੁਦਾ ਦੇ ਪੈਗ਼ਾਮ ਵਾਂਗ
ਉਸ ਦਾ ਇਕ-ਇਕ ਬੋਲ ਹੋ ਗਿਆ ਆਇਤ ਮੇਰੇ ਲਈ।

ਉਲਫ਼ਤ ਕਾ ਇਜ਼ਹਾਰ ਜ਼ਰੂਰੀ ਨਹੀਂ,ਅਦਾਬ ਬਦਲੇ ਸਿਰ ਝੁਕਾ ਦੇ
ਬਸ ਯਾਰੋ ਉਸਦੀ ਇੰਨ੍ਹੀ ਹੀ ਕਾਫ਼ੀ ਹੈ ਹਮਾਇਤ ਮੇਰੇ ਲਈ।

ਉਹਦੇ ਸੰਗ ਨਿੱਤ ਖ਼ ਿਆਲਾਂ ਦੇ ਖੇਤ ਵਾਹ ਸੋਹਣੇ ਸੁਪਨੇ ਬੀਜਾਂ
ਬੜੀ ਹੀ ਪਿਆਰੀ ਹੈ ਮੁਹੱਬਤ ਦੀ ਇਹ ਜ਼ਰਾਇਤ ਮੇਰੇ ਲਈ।

ਜੇ ਸਿਰਫ਼ ਜਾਨ ਦੇ ਬਦਲੇ ਵੀ ਮਿਲੇ ਇਕ ਮੁਸਕਾਨ ਉਸਦੀ
ਇਸ ਤੋਂ ਵੱਧ ਕੇ ਕੀ ਹੋ ਸਕਦੀ ਹੈ ਕਫ਼ਾਇਤ ਮੇਰੇ ਲਈ।



ਉਸ ਅੱਖਾਂ ਦੀ ਘੂਰੀ ਵੱਟੀ ਮੇਰੇ ਵੱਲ,ਚੁੱਪ ਕਹਿਣ ਲਈ
ਬਸ ਫਿਰ ਮੈਂ ਮੋਨ ਹੋ ਗਿਆ
ਇਸ ਤੋਂ ਵੱਡੀ ਕੀ ਹੋ ਸਕਦੀ ਸੀ ਹਦਾਇਤ ਮੇਰੇ ਲਈ।

ਜ..ਦੀਪ ਸਿੰਘ 'ਦੀਪ'
9876004714

## ਮਿਰਜ਼ਾ

ਚੱਲਣ ਲੱਗੀ ਸਹਿਬਾਂ ਆਖਦੀ, ਤੇਰੀ ਚੜੀ ਬੱਕੀ ਦੀ ਵੇਲ੍ਹ।
ਵੇ ਰੁਲੀ ਗਲੀਆਂ ਵਿੱਚ ਬਾਰਾਤ ਮੇਰੀ, ਨਾਲੇ ਵਿੱਚੇ ਰੁਲ ਗਏ ਮੇਲ।

ਮਹਿੰਗੀਆਂ ਘਰੇ, ਪੋਸ਼ਾਕਾਂ ਰਹਿ ਗਈਆ, ਵਿਚੇ ਚੂੜਾ ਨੱਥ ਹਮੇਲ।
ਛੱਡੇ ਗਹਿਣੇ ਵਿੱਚ ਅਲਮਾਰੀਆਂ, ਸ਼ੀਸ਼ਿਆਂ ਵਿੱਚ ਰਹੇ ਇਤਰ ਫੁਲੇਲ।

ਡੋਲੀ ਪਈ ਸ਼ਿੰਗਾਰੀ ਮਿਰਜ਼ਿਆ, ਰਹਿ ਗਿਆ ਨਾਲ ਛੁਹਾਉਣੋ ਤੇਲ।
ਵੇ ਮੈਂ ਤੋੜ ਤੇਰੇ ਨਾਲ ਆ ਗਈ, ਘਰ ਖੀਵੇ ਖ਼ਾਨ ਦਾ ਜੇਲ੍ਹ।

ਕਾਜ਼ੀ ਸੱਦੇ ਨਿਕਾਹ ਲਈ ਰਹਿ ਗਏ, ਨਾਹੀ ਲੱਗੀ ਪੜਨ ਦੀ ਵਿਹਲ।
ਵੇ ਤੂੰ ਸਿਰੇ ਚੜਾਈਂ ਆਸ਼ਕਾ, ਮੇਰਾ ਇਸ਼ਕ ਨਾ ਸਮਝੀਂ ਖੇਲ

ਤੇਰੀ ਟੈਰ ਵਿਚਾਲੇ ਡੋਬਣਾ, ਘੋੜੇ ਚੰਧੜ ਵਾਂਗ ਨੇਂ ਰੇਲ।
ਜੇਕਰ ਘੇਰਾ ਸਾਨੂੰ ਪੈ ਗਿਆ, ਸਾਰੀ ਵਿਉਂਤ ਹੋ ਜਾਣੀ ਫੇਲ।

ਯਾਰੋ ਅੱਗਿਓਂ ਮਿਰਜ਼ਾ ਬੋਲਦਾ ਸਹਿਬਾਂ ਭੋਰਾ ਨਾ ਘਬਰਾ।
ਤੈਨੂੰ ਕੌਣ ਮੇਰੇ ਤੋਂ ਖੋਹ ਲਊ, ਨੀਂ ਤੂੰ ਬਖਸ਼ੀ ਧੁਰ ਦਰਗਾਹ।

ਨਾ ਹੈ ਸੌਖਾ ਮੈਨੂੰ ਘੇਰਨਾ, ਭਾਵੇਂ ਸਾਰੀ ਲਾ ਲੈਣ ਵਾਹ।
ਜਿਹਨੂੰ ਟੈਰ ਫਿਰੇ ਤੂੰ ਸਮਝਦੀ, ਇਹਨੇ ਉੱਡਣਾ ਵਿੱਚ ਹਵਾ।

ਤੇਰਾ ਬੀਰ ਸ਼ਮੀਰ ਤੇ ਚੰਧੜ ਨੀਂ ਮੈਂ ਦੇਣੇ ਮਾਰ ਮੁਕਾ
ਜੱਟ ਤੋਂ ਚੜ੍ਹਦਾ ਸੂਰਜ ਪੁੱਛਕੇ, ਨਾ ਕਰ ਸਕਦਾ ਨ੍ਹੇਰ ਖ਼ੁਦਾ।

ਤੇਰਾ ਮੇਰਾ ਆਣ ਫਰਿਸ਼ਤਿਆਂ ਵੇਖੀਂ ਪੜਨਾਂ ਆਪ ਨਿਕਾਹ।
ਚੰਨ ਤੇ ਤਾਰਿਆਂ ਦੀ ਵਿੱਚ ਹਾਜ਼ਰੀ 'ਕਾਮੀ ਵਾਲਾ' ਹੋਊ ਗਵਾਹ।

ਸੁਕਰ ਦੀਨ
9592384396

## ਜੰਗ

ਜਦੋਂ ਬਾਦਸ਼ਾਹਾਂ ਦੇ ਘਰ ਜੰਮੇ
ਮਾਲਕ ਬਣ ਕਿਸੇ ਸਲਤਨਤ ਦੇ
ਝੋਕ ਦਿੰਦੇ ਸੀ ਜੰਗਾਂ ਵਿੱਚ
ਫੌਜਾਂ ਨੂੰ
ਤਾਂ ਸਿਰਫ ਫੌਜਾਂ ਨਹੀਂ ਸੀ ਮਰਦੀਆਂ
ਹਾਥੀ ਘੋੜੇ ਵੀ ਮਰਦੇ ਸਨ
ਪਰ ਉਹ ਬਹਾਦਰ ਯੋਧੇ
ਇਸਤਰੀਆਂ ਤੇ ਬਾਲਾਂ ਤੇ ਵਾਰ ਨਹੀਂ ਸੀ ਕਰਦੇ
ਉਦੋਂ ਮਨੁੱਖ ਨੇ ਤਰੱਕੀ ਨਹੀਂ ਸੀ ਕੀਤੀ

ਅੱਜ ਦਾ ਤਰੱਕੀ ਯਾਫਤਾ ਮਨੁੱਖ
ਜੋ ਕੁਦਰਤ ਨੂੰ ਕਾਬੂ ਕਰਨ ਦੇ ਦਾਵੇ ਕਰਦਾ
ਗਾਹ ਲਿਆ ਹੈ ਜਿਸ ਨੇ ਆਕਾਸ਼
ਸਭ ਕੁਝ ਜਾਣਦਾ ਹੈ ਬ੍ਰਹਮੰਡ ਦੇ ਬਾਰੇ

ਇਹਨਾਂ ਮੁਲਕਾਂ ਦੇ ਚੁਣੇ ਹੋਏ ਨੁਮਾਇੰਦੇ
ਝੋਕਦੇ ਹਨ ਸੈਨਿਕਾਂ ਨੂੰ ਯੁੱਧ ਦੀ ਅੱਗ ਵਿੱਚ
ਤਾਂ ਬਖਸ਼ਦੇ ਨਹੀਂ
ਰੈਣ ਬਸੇਰਿਆਂ ਨੂੰ, ਆਰਜੀ ਕੈਂਪਾਂ ਨੂੰ
ਹਸਪਤਾਲਾਂ ਨੂੰ
ਔਰਤਾਂ ਤੇ ਮਾਸੂਮ ਬਾਲਾਂ ਨੂੰ
ਇਨਸਾਨੀਅਤ ਦਾ ਖੁਰਾ ਖੋਜ ਮਿਟਾ ਦੇਣ ਵਾਲੇ
ਹਥਿਆਰ
ਬਣਾ ਚੁੱਕੇ
ਕੁਝ ਤਾਕਤਵਰ ਮੁਲਕ
ਆਪਣੀ ਪ੍ਰਭੂ ਸੱਤਾ ਕਾਇਮ ਕਰਨ ਦੀ
ਲਾਲਸਾ ਵਿੱਚ
ਦਰ ਕਿਨਾਰ ਦਿੰਦੇ
ਦਇਆ ਤੇ ਸਬਰ ਨੂੰ

ਕਿਸੇ ਭਾਰੇ ਸੰਦੂਕ ਵਿੱਚ ਪਾ
ਇਨਸਾਨੀਅਤ ਨੂੰ
ਰੋੜ ਚੁੱਕੇ ਹਨ ਕਿਸੇ ਸਮੁੰਦਰ ਵਿੱਚ
ਇਹਨਾਂ ਕੋਲ ਬਚੀ ਹੈ ਤਾਂ ਸਿਰਫ
ਦੂਜੇ ਨੂੰ ਕਾਬੂ ਕਰਨ ਦੀ ਹੋੜ
ਫਿਰ ਬੇਸ਼ਕ ਉਹ ਦੇਸ਼
ਲਾਸ਼ਾਂ ਦਾ ਢੇਰ ਹੋਵੇ
ਤਰੱਕੀ ਜੋ ਕਰ ਲਈ ਹੈ
ਮਨੁੱਖ ਨੇ!!



ਹਰਪ੍ਰੀਤ ਕੌਰ ਸੰਧੂ

## ਕਵਿਤਾ-

ਇਸ਼ਕ ਸਮੁੰਦਰ ਵਰਗਾ ਹੁੰਦਾ ਲਹਿਰਾਂ ਬਣਕੇ ਵਹਿ ਜਾਂਦਾ ਏ
ਬੈਠ ਕਿਨਾਰੇ ਵੇਖੇ ਜਿਹੜਾ ਉਹ ਬੈਠਾ ਹੀ ਰਹਿ ਜਾਂਦਾ ਏ

ਕੌੜੇ ਬੋਲ ਦੀ ਕੌੜੀ ਰੰਗਤ ਫਿੱਕਾ ਕਰ ਜਾਏ ਪਿਆਰਾਂ ਨੂੰ
ਮਹਿਰਮ ਜੇਕਰ ਮਿੱਠਾ ਬੋਲੇ ਧੁਰ ਅੰਦਰ ਤੱਕ ਲਹਿ ਜਾਂਦਾ ਏ

ਜਿਹੜਾ ਕਹਿੰਦਾ ਤੇਰੇ ਤੋਂ ਹੁਣ, ਦੂਰ ਕਦੇ ਨਹੀਂ ਹੋ ਸਕਦਾ ਮੈਂ
ਪਲ ਛਿਣ ਦੇ ਵਿਚ ਹੀ ਉਮਰਾਂ ਜਿਹੀ ਦੂਰੀ ਪਾ ਕੇ ਬਹਿ ਜਾਂਦਾ ਏ

ਉਹ ਕਹਿੰਦਾ ਸੀ ਤੇਰੇ ਸਾਹਵੇਂ ਉੱਚਾ ਬੋਲ ਨਹੀਂ ਬੋਲਾਂਗਾ
ਗੁੱਸੇ ਦੇ ਵਿਚ ਪਤਾ ਨਹੀਂ ਲੱਗਦਾ ਮੈਨੂੰ ਕੀ ਕੁਝ ਕਹਿ ਜਾਂਦਾ ਏ

ਮੈਂ ਤਾਂ ਮੇਰੇ ਦਿਲ ਨੂੰ ਪੁੱਛਾਂ ਤੂੰ ਤਾਂ ਗ਼ੈਰਤ ਵਾਲਾ ਸੀ
ਹੁਣ ਦੱਸ ਕਿੱਥੇ ਗ਼ੈਰਤ ਤੇਰੀ ਕਿਉਂ ਇਹ ਸਭ ਕੁਝ ਸਹਿ ਜਾਂਦਾ ਏ



ਜੋਬਨਰੂਪ ਛੀਨਾ

## ਅੰਗਰੇਜੀ ਦਾ ਭੂਤ!

ਢਾਈ ਸਾਲ ਦਾ ਬੱਚਾ ਅੱਜਕੱਲ੍ਹ ਜਾਂਦਾ ਪੜ੍ਹਨ ਸਕੂਲੇ।
ਸਕੂਲ-ਵੈਨ ਵਿੱਚ ਪਹਿਲਾਂ ਤਾਂ ਕਈਂ ਮੀਲ ਲੈਂਦਾ ਏ ਝੂਲੇ।
ਪੋਹ-ਮਾਘ ਦੀ ਸਰਦੀ ਦੇ ਵਿੱਚ ਠਰ ਜਾਂਦੇ ਅੰਗ ਕੂਲ੍ਹੇ।
ਪਰ ਬਣਦੀ ਵੱਡੀ ਟੋਹਰ ਮਾਪਿਆਂ ਦੀ ਕਿਵੇਂ ਨਾ ਹੁਕਮ ਕਬੂਲੇ।
ਹੱਥੀਂ ਨੇ ਉਜਾੜੀ ਜਾਂਦੇ, ਮਾਲੀ ਵੇਖੋ ਬਾਗ ਨੂੰ....।
ਚਿੰਬੜ ਗਿਆ ਭੂਤ ਅੰਗਰੇਜ਼ੀ ਦਾ ਦਿਮਾਗ ਨੂੰ।

ਗੁਰਸਿਮਰਨ, ਗੁਰਵਾਕ ਜਿਹੇ ਨਾਂ ਉਝ ਤਾਂ ਰੱਖਦੇ ਘਰਦੇ।
ਪਰ ਪਹੁੰਚਣ ਸਾਰ ਸਕੂਲ ਨੇ ਪਹਿਲਾਂ 'ਪਰੇਅਰ ਮੌਰਨਿੰਗ' ਕਰਦੇ।
ਉੜਾ, ਆੜਾ, ਈੜੀ ਤਾਈਂ ਸਕੂਲ ਵਾਲੇ ਨਾ ਜਰਦੇ।
ਪੰਜਾਬੀਅਤ ਦੇ ਵਾਰਸ ਪਹਿਲਾਂ ਏ. ਬੀ. ਸੀ. ਨੇ ਪੜ੍ਹਦੇ।
ਭੁੱਲੀ ਜਾਣ 'ਸੋਈ ਸੋਈ ਦੇਵੈ' ਵਾਲੇ ਰਾਗ ਨੂੰ....।
ਚਿੰਬੜ ਗਿਆ ਭੂਤ ਅੰਗਰੇਜ਼ੀ ਦਾ ਦਿਮਾਗ ਨੂੰ।

ਬਚਪਨ-ਸ਼ਚਪਨ, ਲੋਰੀਆਂ-ਬਾਤਾਂ, ਲਾਡ-ਪਿਆਰ ਸਭ ਖੋਏ।
ਬੈਠਾ ਵਿੱਚ ਤਣਾਅ ਦੇ ਬੱਚਾ ਪੜ੍ਹੀ ਜਾਵੇ ਨਾਲੇ ਰੋਏ।
ਨਾ ਰੱਜ ਨਾਲ ਖੇਡੇ ਬੱਚਾ ਨਾ ਖਾਵੇ ਨਾ ਸੋਏ।
ਹਰਦਮ ਸੋਚੇ ਕੀ ਬਣੂੰ 'ਪ੍ਰਸੈਂਟ' ਘੱਟ ਜੇ ਹੋਏ।
ਜੰਮਣਾ ਕੀ 'ਦਹੀਂ' ਜੇ 'ਤੇਜ਼ਾਬ' ਲਾਉਣਾ 'ਜਾਗ' ਨੂੰ....।
ਚਿੰਬੜ ਗਿਆ ਭੂਤ ਅੰਗਰੇਜ਼ੀ ਦਾ ਦਿਮਾਗ ਨੂੰ।

ਗਰਮੀ ਦੇ ਮੌਸਮ ਵਿੱਚ ਬੱਚਾ ਜਾਪੇ ਫ਼ਸਿਆ ਫ਼ਸਿਆ।
ਬੂਟ, ਜੁਰਾਬਾਂ, ਬੈਲਟਾਂ ਤੇ ਟਾਈਆਂ ਦੇ ਵਿੱਚ ਰਹਿੰਦਾ ਕਸਿਆ।
ਮਾਪੇ ਕਹਿਣ ਤਕੜਾ ਨਈ ਹੁੰਦਾ ਨਿੱਤ ਜਾਂਦਾ ਏ ਘਸਿਆ।
ਪਰ ਕੀ ਰੋਗ ਬਾਲ-ਮਨ ਨੂੰ ਨਾ ਉਹਨੇ ਬੋਲ ਕੇ ਦੱਸਿਆ।
ਵਿੱਚੋਂ-ਵਿੱਚ ਦੱਬੀ ਜਾਂਦੀ ਨੰਨ੍ਹੀ ਜਾਨ ਹੈ ਵੈਰਾਗ ਨੂੰ....।
ਚਿੰਬੜ ਗਿਆ ਭੂਤ ਅੰਗਰੇਜ਼ੀ ਦਾ ਦਿਮਾਗ ਨੂੰ।

ਪਿੰਡ 'ਘੜਾਮੇ' ਆਖੇ 'ਰੋਮੀ' ਕੁੱਝ ਤਾਂ ਸੋਚ ਵਿਚਾਰੋ।
ਭੇਡ-ਚਾਲ ਵਿੱਚ ਨਵੀਂ 'ਨਸਲ' ਨਾ ਕਿਸ਼ਤਾਂ ਵਿੱਚ ਉਜਾੜੋ।
ਨਾਮਵਾਰ, ਪ੍ਰਸਿੱਧ ਬੰਦਿਆਂ ਵੱਲ ਨਜ਼ਰ ਜਰਾ ਇੱਕ ਮਾਰੋ।
ਬਹੁਤੇ ਪੜ੍ਹੇ ਨੇ 'ਮਾਂ-ਬੋਲੀ' ਵਿੱਚ ਉਹਨਾਂ ਤਾਈਂ ਚਿਤਾਰੋ।
ਧੋ ਲਵੋ ਜੇ ਧੋ ਹੁੰਦਾ ਬੇਦਾਵੇ ਵਾਲੇ ਦਾਗ ਨੂੰ....।
ਚਿੰਬੜ ਗਿਆ ਭੂਤ ਅੰਗਰੇਜ਼ੀ ਦਾ ਦਿਮਾਗ ਨੂੰ।
ਚਿੰਬੜ ਗਿਆ ਭੂਤ ਅੰਗਰੇਜ਼ੀ ਦਾ ਦਿਮਾਗ ਨੂੰ।



ਰੋਮੀ ਘੜਾਮੇਂ ਵਾਲਾ

## ਅਜੋਕੇ ਹਲਾਤ

ਬੱਚੇ ਦੇਸ਼ ਦਾ ਸਰਮਾਇਆ ਗਾਣੇ ਸੁਣ ਸੁਣ ਵਿਗੜ ਗਏ,
ਨੌਜਵਾਨਾਂ ਦੇ ਚਰਿੱਤਰ ਵੀ ਇਨਾ ਕਾਰਨ ਹੀ ਲਿੱਬੜ ਗਏ।

ਭਗਤ ਸਿੰਘ ਤੇ ਉਧਮ ਸਿੰਘ ਜਿਹੇ ਜਿੱਥੇ ਸੀ ਜੰਮਦੇ ਹੁੰਦੇ,
ਹੁਣ ਦੇ ਕਈ ਪੀਣ ਸ਼ਰਾਬਾਂ ਕਈ ਤੇ ਲੱਭਦੇ ਭੰਗ ਮਲਦੇ ਹੁੰਦੇ।

ਇੰਨਾਂ ਤਿਉਹਾਰਾਂ ਨੂੰ ਦੇਸ਼ 'ਚ ਮਨਾਣ ਦਾ ਮਤਲਬ ਹੀ ਤਾਂ ਹੋਊ,
ਜੇ ਕਿਧਰੇ ਭਗਤ ਸਿੰਘ, ਬਾਬਾ ਸਾਹਿਬ ਦੇ ਸੋਚੇ ਹੋਏ ਬਦਲਾਅ ਹੋਊ।

ਮੇਰੇ ਮਹਾਨ ਦੇਸ਼ ਦੀ ਖ਼ਾਤਰ ਤਾਂ ਸ਼ਹੀਦ ਕਈ ਵੀਰ ਹੋ ਜਾਂਦੇ,
ਰਾਜਨੇਤਾਵਾਂ ਦੇ ਕਾਲੇ ਕਾਰੇ ਆਪਣੇ ਲਹੂ ਨਾਲ ਧੋ ਜਾਂਦੇ।

ਇਹ ਨੇਤਾ ਤੇ ਇੱਥੇ ਦੇ ਰਾਖਸ਼ ਜਦੋਂ ਵੀ ਕੋਈ ਕੁਕਰਮ ਕਰ ਗਏ,
ਭਗਤ ਸਿੰਘ ਸੋਚਦੇ ਹੋਣੇ ਅਸੀਂ ਵੀ ਕਿਨ੍ਹਾਂ ਸਾਲਿਆਂ ਦੇ ਲਈ ਮਰ ਗਏ।

ਇਨਸਾਨੀਅਤ ਵੀ ਮਰ ਰਹੀ ਹੈਵਾਨੀਅਤ ਤਾਂ ਜਾਗ ਚੁੱਕੀ,
ਸਰਕਾਰ ਵੀ ਜ਼ੁਲਮਾਂ ਦੇ ਗੋਲੇ ਦੇਸ਼ ਮੇਰੇ ਤੇ ਦਾਗ ਚੁੱਕੀ।

ਬੱਚਿਆ ਦੀ ਸੋਚ ਬਦਲ ਦਿਓ ਜੇ ਬਦਲਾਅ ਹੋ ਚਾਹੁੰਦੇ,
ਬੰਦ ਕਰ ਦਿਓ ਉਹ ਗਾਣੇ ਜਿਹੜੇ ਮੂੰਹੋਂ ਨੇ ਉਹ ਗਾਉਂਦੇ।

23 ਮਾਰਚ ਨੂੰ ਚੁੰਮ ਲਿਆ ਸੀ ਉਨਾਂ ਆਪਣੀ ਫਾਂਸੀ ਨੂੰ,
ਉਹ ਕਾਹਦੇ ਨੌਜਵਾਨ ਜੋ ਅੱਜ ਚੁੰਮੀ ਜਾਂਦੇ ਗਲਾਸੀ ਨੂੰ।

ਮਾਣ ਹੀ ਰੱਖ ਲਈਏ ਹੁਣ ਤਾਂ ਉਨਾਂ ਦੀ ਸ਼ਹੀਦੀ ਦਾ,
ਨਵਨੂਰ ਅੱਜ ਕਰ ਲਈਏ ਧਿਆਨ ਜ਼ਰਾ ਦੇਸ਼ ਦੀ ਗਰੀਬੀ ਦਾ।



ਨਵਨੂਰ 'ਨੂਰ'

## ਉਦਾਸੀ

ਧੋਖਾ ਛਲ ਨੇ ਕਿਤਾ ਹੈ ਏਸ ਸੰਸਾਰ ਦੇ ਅੰਦਰ
ਏਥੇ ਸਭ ਵਿਕਦਾ ਏ ਭਰੇ ਬਾਜ਼ਾਰ ਦੇ ਅੰਦਰ
ਭਰੋਸਾ ਉੱਠ ਗਿਆ! ਕਿਉਂ ਟੁੱਟੇ ਵਿਸ਼ਵਾਸ ਨੂੰ ਪੁੱਛੀਂ
ਉਦਾਸੀ ਦੀ ਵਜ੍ਹਾ ਹੈ ਕੀ ਕਿਸੇ ਉਦਾਸ ਨੂੰ ਪੁੱਛੀਂ

ਦੂਰੀ ਲਈ ਚਿਣ ਦਿੰਦੇਏਥੇ ਦੀਵਾਰ ਵੀ ਅਪਣੇ
ਅਪਣਾ ਬਣਕੇ ਤੋੜ ਦਿੰਦੇ ਨੇਇਤਵਾਰ ਵੀ ਅਪਣੇ
ਕਿਤਾ ਇਨਕਾਰ ਕਿਉਂ ਓਸਨੇਤੂੰ ਲਾਈ ਆਸ ਨੂੰ ਪੁੱਛੀਂ
ਉਦਾਸੀ ਦੀ ਵਜਾਹ ਹੈ ਕੀਕਿਸੇ ਉਦਾਸ ਨੂੰ ਪੁੱਛੀਂ

ਓ ਜ਼ਖ਼ਮ ਜਿਸ ਨੇ ਦਿੱਤੇ ਨੇਓਹ ਦੋਸ਼ੀ ਕੱਚ ਵੀ ਤਾਂ ਹੈ
ਨਾ ਧੈਨਿਆਂ ਬਣ ਏਨਾਂ ਸੱਚਾਤੇ ਚੁਭਦਾ ਸੱਚ ਵੀ ਤਾਂ ਹੈ
ਖ਼ਿਆਲਾਂ ਨਾਲ ਕਿਉਂ ਖੇਡੇਂਜਾਂ ਏਹ ਅਹਿਸਾਸ ਨੂੰ ਪੁੱਛੀਂ
ਉਦਾਸੀ ਦੀ ਵਜ੍ਹਾ ਹੈ ਕੀਕਿਸੇ ਉਦਾਸ ਨੂੰ ਪੁੱਛੀਂ



ਧੈਨਾ ਧਾਲੀਵਾਲ

## ਪਿਆਰੇ ਨੇ

ਦਿਲ ਹੈ ਮਾਸੂਮ ਮੇਰਾ, ਉਹਦੇ ਗ਼ਮ ਬੜੇ ਭਾਰੇ ਨੇ,
ਕੀ ਦੱਸਾਂ ਮੈਂ ਸੱਜਣਾਂ ਬਾਝੋਂ, ਕਿਵੇਂ ਦਿਨ ਗੁਜ਼ਾਰੇ ਨੇ।

ਮੈਨੂੰ ਤੁਹਾਡੇ ਦਿਲਾਸਿਆਂ ਦੀ, ਲੋੜ ਨਹੀਂ ਹੈ ਦੋਸਤੋ,
ਮੈਂ ਤਾਂ ਆਪਣੇ ਜਿਗਰ ਵਿੱਚ, ਹੱਸਕੇ ਖ਼ੰਜਰ ਉਤਾਰੇ ਨੇ।

ਲਹਿਰਾਂ ਜੋ ਡੋਬਦੀਆਂ, ਤਾਂ ਸੁਆਦ ਆਉਣਾ ਸੀ ਮਰਨ ਦਾ,
ਮੇਰੀ ਕਸ਼ਤੀ ਡੋਬੀ ਵੀ ਤਾਂ, ਡੋਬੀ ਹੈ ਕਿਨਾਰੇ ਨੇ।

ਤੇਰੇ ਗ਼ਮਾਂ ਦਾ ਹਾਰ ਬਣਾ ਕੇ, ਗਲੇ ਵਿੱਚ ਪਾ ਲਿਆ,
ਤੇਰੇ ਦਿੱਤੇ ਤੋਹਫ਼ੇ ਮੈਨੂੰ, ਜਾਨ ਤੋਂ ਵੱਧ ਪਿਆਰੇ ਨੇ।

ਸਮੇ ਨੂੰ ਬੰਨ੍ਹ ਦਿੱਤੈ, ਤੂੰ ਆਪਣੇ ਦੀਦਾਰ ਨਾਲ, ਲੱਗਦੈ,
ਮੇਰੀ ਬੁੱਕਲ ਵਿੱਚ, ਉਤਰ ਆਏ ਚੰਨ ਤੇ ਸਿਤਾਰੇ ਨੇ।

ਆਖ ਦਿਓ 'ਤੇਜਿੰਦਰ' ਨੂੰ, ਸਾਥੋਂ ਰੁੱਸਿਆ ਨਾ ਕਰੇ ਇੰਜ,
ਉਹਦੇ ਇਕ ਰੁੱਸਣ ਨਾਲ, ਰੁੱਸ ਜਾਂਦੇ ਸਭ ਨਜ਼ਾਰੇ ਨੇ।



ਡਾ. ਤੇਜਿੰਦਰ

## ਗ਼ਜ਼ਲ

ਭਾਵੇਂ ਇੱਥੇ ਸਾਡੇ ਯਾਰ ਬੜੇ ਨੇ,
ਪਰ ਔਕੜ ਵੇਲੇ ਨਾ ਨਾਲ ਖੜ੍ਹੇ ਨੇ।
ਜਾਨ ਕਿਸਾਨਾਂ ਦੀ ਮੁੱਠ 'ਚ ਆ ਜਾਵੇ,
ਪੱਕੀਆਂ ਫ਼ਸਲਾਂ ਤੇ ਜਦ ਪੈਂਦੇ ਗੜ੍ਹੇ ਨੇ।
ਉਹ ਬੰਦੇ ਉਹਨਾਂ ਦੇ ਦਿਲਾਂ 'ਚ ਵਸੇ ਨੇ,
ਲੋਕਾਂ ਦੇ ਹੱਕਾਂ ਖ਼ਾਤਰ ਜੋ ਲੜੇ ਨੇ।
ਉਹਨਾਂ ਨੂੰ ਆਪਣੀ ਸਿਹਤ ਦੀ ਚਿੰਤਾ ਹੈ,
ਜਿਹਨਾਂ ਨੇ ਪਾਣੀ ਲਈ ਰੱਖੇ ਘੜੇ ਨੇ।
ਨੇਤਾਵਾਂ ਨੂੰ ਲਾਭ ਹੋਇਆ ਹੈ ਬਹੁਤਾ,
ਜਦ ਤੋਂ ਲੋਕਾਂ ਦੇ ਵਿੱਚ ਬਣੇ ਧੜੇ ਨੇ।
ਇਕ ਦਿਨ ਰਲ ਕੇ ਵੀ ਬੈਠਣਗੇ ਸਾਰੇ,
ਜੋ ਭਾਈ, ਭਾਈ ਆਪਸ 'ਚ ਲੜੇ ਨੇ।
ਛੇਤੀ ਹੀ ਉਹਨਾਂ ਹੋ ਜਾਣਾ ਹਰੇ ਭਰੇ,
ਜਿਹਨਾਂ ਰੁੱਖਾਂ ਦੇ ਹੁਣ ਪੱਤੇ ਝੜੇ ਨੇ।



ਮਹਿੰਦਰ ਸਿੰਘ ਮਾਨ
9915803554

## ਗੱਲ ਸਮਝੋਂ ਪਰੇ

ਬਦਲਦੇ ਦੌਰ ਦੀ ਮੈਨੂੰ ਅਦਾਕਾਰੀ ਨਹੀਂ ਆਉਂਦੀ।
ਹਮੇਸ਼ਾ ਰੰਗ ਬਦਲਣ ਦੀ ਕਲਾਕਾਰੀ ਨਹੀਂ ਆਉਂਦੀਂ।
ਜਿਸ ਨੂੰ ਅਕਲ ਕਹਿੰਦੇ ਨੇ,ਉਹ ਸਭ ਦੇ ਨਹੀਂ ਪੱਲੇ,
ਸੱਚੀ ਕਮਾਈ ਦੇ ਬਲਬੂਤੇ ਰਵਾਦਾਰੀ ਨਹੀਂ ਆਉਂਦੀ।
ਜਿੰਨੇ ਮਰਜ਼ੀ ਮਹਿਲ-
ਮਨਾਰੇ ਖੜ੍ਹੇ ਕਰਲੋ ਏਥੇ,
ਜੇ ਕਿਰਦਾਰ ਬੌਨਾ ਹੈ ਤਾਂ ਵਫ਼ਾਦਾਰੀ ਨਹੀਂ ਆਉਂਦੀ।
ਕਦੇ ਘਨਘੋਰ ਹਨੇਰਾ ਵੀ ਜੀਵਨ ਵਿੱਚ ਜ਼ਰੂਰੀ ਹੈ,
ਸੂਰਜ-ਚੰਦ ਬਿਨਾਂ ਧਰਤੀ ਤੇ ਰੰਗਦਾਰੀ ਨਹੀਂ ਆਉਂਦੀ।
ਅੱਖਾਂ 'ਚ ਅੱਖਾਂ ਪਾ ਕੇ ਮੈਨੂੰ, ਸੱਚ ਕਹਿਣ ਦੀ ਆਦਤ,
ਜ਼ਮਾਨੇ ਦੀ ਤਰਾਂ ਹੰਕਾਰ ਦੀ ਖ਼ੁਮਾਰੀ ਨਹੀਂ ਆਉਂਦੀ।
ਬੁਢਾਪਾ ਹਰਇਕ ਤੇ ਆਉਂਦਾ ਤੇ ਸਭਤੇ ਆਵੇਗਾ,
ਸਿਆਣੇ ਹੋਣ ਜੇ ਬੱਚੇ, ਤਾਂ ਕਦੇ ਲਾਚਾਰੀ ਨਹੀਂ ਆਉਂਦੀ।
ਚੁੱਪ-ਚਾਪ ਕੋਈ ਦਿਲ 'ਚ ਆ ਕੇ ਬੈਠ ਜਾਵੇ,
ਕਦੇ ਵੀ ਸੂਚਨਾ ਦੇ ਕੇ, ਬਿਮਾਰੀ ਨਹੀਂ ਆਉਂਦੀ।
ਤੇਰਾ ਮਾਰਿਆ ਤਾਹਨਾ ਦਿਲ ਨੂੰ ਦਰਦ ਦਿੰਦਾ ਹੈ ਕਈ ਦਿਨ,
ਜੇ ਨਾ ਹੋਵੇ ਅੱਗ ਤਾਂ ਸ਼ਬਦਾਂ 'ਚ ਚਿੰਗਾਰੀ ਨਹੀਂ ਆਉਂਦੀ।
ਕਲਮ ਦੇ ਨਾਲ 'ਪੱਤੋ' ਦੇ ਹੱਥਾਂ 'ਚ ਜੋਸ਼ ਹੈ ਆਇਆ,
ਪਰ ਘਰ ਨੂੰ ਬਿਹਤਰ ਬਣਾਉਣ ਦੀ ਕਬੀਲਦਾਰੀ ਨਹੀਂ ਆਉਂਦੀ।

ਪ੍ਰਸ਼ੋਤਮ ਪੱਤੋ, ਮੋਗਾ

Dosanjh Family
AUTO GROUP

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
SEASIDE CHRYSLER DODGE JEEP RAM
SEASIDE CADILLAC
SEASIDE VOLKSWAGEN

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD